*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-8, ਅੰਕ-3, ਮਾਰਚ 2018 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਟਰੂਡੋ ਦੀ ਭਾਰਤੀ ਫੇਰੀ-ਮੋਦੀ ਵਲੋਂ ਬੇਕਦਰੀ




ਹਾਲ ਹੀ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੇ ਪਰਿਵਾਰ ਸਮੇਤ ਭਾਰਤ ਦਾ ਦੌਰਾ ਕਰਕੇ ਗਏ ਹਨ। ਆਮ ਤੌਰ 'ਤੇ ਇਕ ਮੁਲਕ ਦੇ ਮੁਖੀ ਵਲੋਂ ਦੂਜੇ ਮੁਲਕ ਦੇ ਦੌਰੇ ਨੂੰ ਬਹੁਤ ਮਹੱਤਵਪੂਰਨ ਸਮਝਿਆ ਜਾਂਦਾ ਹੈ। ਇਸ ਨਾਲ ਜਿਥੇ ਇਹ ਪਤਾ ਲੱਗਦਾ ਹੈ ਕਿ ਸਬੰਧਤ ਮੁਲਕਾਂ ਦੇ ਦੁਵੱਲੇ ਸਬੰਧ ਕਿਹੋ ਜਹੇ ਹਨ, ਉੱਥੇ ਇਸ ਨੂੰ ਦੋਨਾਂ ਮੁਲਕਾਂ ਦੇ ਕੂਟਨੀਤਕ ਰਿਸ਼ਤੇ ਸੁਧਾਰਨ ਦੇ ਨਜ਼ਰੀਏ ਨਾਲ ਅਤੇ ਵਪਾਰਕ ਹਿਤਾਂ ਲਈ ਵੀ ਫ਼ਾਇਦੇਮੰਦ ਮੰਨਿਆ ਜਾਂਦਾ ਹੈ। ਲੇਕਿਨ ਜਸਟਿਨ ਟਰੂਡੋ ਦੇ ਦੌਰੇ ਨੂੰ ਭਾਰਤ ਦੇ ਹੁਕਮਰਾਨਾਂ ਨੇ ਗਿਣਨਯੋਗ ਤਵੱਜੋਂ ਨਹੀਂ ਦਿੱਤੀ। ਟਰੂਡੋ ਅਤੇ ਹੋਰ ਮੁਲਕਾਂ ਦੇ ਹਮਰੁਤਬਾ ਆਗੂਆਂ ਦੀਆਂ ਫੇਰੀਆਂ ਪ੍ਰਤੀ ਮੋਦੀ ਸਰਕਾਰ ਦੇ ਵਤੀਰੇ ਦਾ ਫ਼ਰਕ ਜ਼ਾਹਰਾ ਤੌਰ 'ਤੇ ਨਜ਼ਰ ਆ ਰਿਹਾ ਸੀ। ਟਰੂਡੋ ਦੀ ਫੇਰੀ ਦੇ ਨਤੀਜੇ ਵਜੋਂ ਕੋਈ ਖ਼ਾਸ ਵਪਾਰਕ ਹਾਸਲ ਵੀ ਨਜ਼ਰ ਨਹੀਂ ਆਇਆ। ਕੀ ਇਹ ਮਹਿਜ਼ ਨਿੱਜੀ ਪਰਿਵਾਰਕ ਫੇਰੀ ਜਾਂ ਤੀਰਥ ਯਾਤਰਾ ਸੀ? ਜਾਂ ਐਸੀ ਬਣਕੇ ਰਹਿ ਗਈ?



**ਬੂਟਾ ਸਿੰਘ ਨਵਾਂਸ਼ਹਿਰ**
94634-74342

ਪ੍ਰਧਾਨ ਮੰਤਰੀ ਮੋਦੀ ਮੁਲਕ ਦੇ ਮਸਲਿਆਂ ਨੂੰ ਮੁਖ਼ਾਤਬ ਹੋਣ ਦੀ ਬਜਾਏ ਅਕਸਰ ਹੀ ਬਦੇਸ਼ ਦੌਰਿਆਂ ਅਤੇ ਹੋਰ ਮੁਲਕਾਂ ਦੇ ਰਾਜ ਮੁਖੀਆਂ ਨਾਲ ਮਿਲਣੀਆਂ ਵਿਚ ਹੀ ਮਸਰੂਫ਼ ਰਹਿੰਦੇ ਹਨ। ਅਜੇ ਮਹੀਨਾ ਕੁ ਪਹਿਲਾਂ ਹੀ ਉਹ ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਸਵਾਗਤ ਕਰਨ ਲਈ ਹਵਾਈ ਅੱਡੇ ਉੱਪਰ ਖ਼ੁਦ ਹਾਜ਼ਰ ਸਨ। ਨੇਤਨਯਾਹੂ ਨੂੰ ਗੁਜਰਾਤ ਦੀ ਯਾਤਰਾ ਕਰਵਾਉਣ ਲਈ ਵੀ ਉਚੇਚਾ ਵਕਤ ਦਿੱਤਾ ਗਿਆ। ਇਸੇ ਤਰ੍ਹਾਂ ਪਿਛੇ

(ਬਾਕੀ ਸਫ਼ਾ 4 'ਤੇ)

























SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
ROYAL LEPAGE
100 YEARS
Call: 403-830-5152
Visit : www.TiwanaTeam.com
Email: tiwanateam@gmail.com
Address: 110-7220 Fisher St SE, Calgary,AB T2H 2H8
www.TiwanaTeam.com

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Jagmohan Singh Dhudike
Winnipeg
204-421-1523

Parminder Swaich
Surrey (BC)
604-760-4794

Rupinder Singh Kaler
Edmonton
780-807-6517

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Harcharan Singh Parhar
Calgary

Malkit Singh
Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000



Call Rani - 403-612-7881
Amar - 403-470-2627

# ਟਰੂਡੋ ਦੀ ਭਾਰਤੀ ਫੇਰੀ-ਮੋਦੀ ਵਲੋਂ ਬੇਕਦਰੀ

(ਸਫ਼ਾ 1 ਦੀ ਬਾਕੀ)

ਜਹੇ ਜਦੋਂ ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਐਬੇ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਚਿੰਨਫਿੰਗ ਭਾਰਤ ਦੌਰੇ ਦੌਰਾਨ ਗੁਜਰਾਤ ਗਏ ਤਾਂ ਉੱਥੇ ਵੀ ਨਰਿੰਦਰ ਮੋਦੀ ਉਚੇਚੇ ਤੌਰ 'ਤੇ ਉਹਨਾਂ ਦੀ ਪ੍ਰਾਹੁਣਾਚਾਰੀ ਲਈ ਹਾਜ਼ਰ ਸਨ। ਅਮਰੀਕੀ ਰਾਸ਼ਟਰਪਤੀ ਟਰੰਪ ਦੀ ਧੀ ਇਵਾਂਕਾ ਤਾਂ ਰਾਜਸੀ ਨੁਮਾਇੰਦਾ ਵੀ ਨਹੀਂ ਸੀ ਬਲਕਿ ਵਪਾਰਕ ਵਫ਼ਦ ਲੈਕੇ ਆਈ ਸੀ। ਪ੍ਰਧਾਨ ਮੰਤਰੀ ਮੋਦੀ ਤਮਾਮ ਰਾਜਕੀ ਪ੍ਰੋਟੋਕੋਲ ਨੂੰ ਮਜ਼ਾਕ ਬਣਾਕੇ ਉਸ ਦੀ ਪ੍ਰਾਹੁਣਾਚਾਰੀ ਲਈ ਪੱਬਾਂ ਭਾਰ ਹੋਕੇ ਖ਼ਾਸ ਦਿਲਚਸਪੀ ਲੈ ਰਹੇ ਸਨ। ਲੇਕਿਨ ਟਰੂਡੋ ਦੀ ਉਸ ਪਾਏ ਦੀ ਕੂਟਨੀਤਕ ਆਓਭਗਤ ਕਰਨੀ ਮੋਦੀ ਅਤੇ ਉਸਦੀ ਵਜ਼ਾਰਤ ਵਲੋਂ ਜੇ ਜ਼ਰੂਰੀ ਨਹੀਂ ਸਮਝੀ ਗਈ ਤਾਂ ਇਸਦੀ ਖ਼ਾਸ ਵਜ੍ਹਾ ਹੈ। ਹਾਲਾਂਕਿ ਇਸਰਾਈਲੀ ਦਹਿਸ਼ਤਗਰਦ ਰਾਜ ਜਿਥੇ ਅਮਰੀਕਨ ਸਾਮਰਾਜਵਾਦ ਦਾ ਯੁੱਧਨੀਤਕ ਜੋਟੀਦਾਰ ਹੋਣ ਕਰਕੇ ਕੌਮਾਂਤਰੀ ਬੁਰਾਈ ਦੇ ਧੁਰੇ ਦਾ ਇਕ ਮੁੱਖ ਸਰਗਨਾ ਹੈ ਉਥੇ ਉਹ ਫ਼ਲਸਤੀਨੀ ਕੌਮ ਦੇ ਖੇਤਰ ਨੂੰ ਫ਼ੌਜੀ ਤਾਕਤ ਨਾਲ ਖੋਹਕੇ ਉੱਥੇ ਨਜਾਇਜ਼ ਤੌਰ 'ਤੇ ਕਾਬਜ਼ ਹੋਣ ਵਾਲੇ ਇਕ ਧਾੜਵੀ ਰਾਜ ਵਜੋਂ ਵੀ ਬੇਥਾਹ ਬਦਨਾਮ ਹੈ। ਚੀਨ ਨਾਲ ਭਾਰਤ ਦੇ ਦੁਵੱਲੇ ਵਪਾਰਕ ਹਿਤ ਚਾਹੇ ਕਾਫ਼ੀ ਡੂੰਘੇ ਹਨ ਪਰ ਸਰਹੱਦੀ ਟਕਰਾਵਾਂ ਦੇ ਨਾਲ-ਨਾਲ ਪਾਕਿਸਤਾਨ ਨਾਲ ਚੀਨ ਦੀ ਨੇੜਤਾ ਕਾਰਨ ਭਾਰਤ ਅਤੇ ਚੀਨ ਦੇ ਦੁਵੱਲੇ ਰਿਸ਼ਤੇ ਮੁਕਾਬਲਤਨ ਕਸ਼ੀਦਗੀ ਵਾਲੇ ਹਨ। ਇਸਦੇ ਮੁਕਾਬਲੇ ਕੈਨੇਡਾ ਇਕ ਉਦਾਰਵਾਦੀ ਰਾਜ ਹੈ ਜਿਥੇ ਨਸਲੀ-ਸੱਭਿਆਚਾਰਕ ਵੰਨ-ਸੁਵੰਨਤਾ ਦਾ ਸਤਿਕਾਰ ਕਰਨ ਦੀ ਇਕ ਪਰੰਪਰਾ ਹੈ। ਕੈਨੇਡਾ ਨਾਲ ਭਾਰਤ ਦਾ ਉਸ ਤਰ੍ਹਾਂ ਦਾ ਕੋਈ ਝਗੜਾ ਵੀ ਨਹੀਂ ਜਿਸ ਤਰ੍ਹਾਂ ਦਾ ਚੀਨ ਨਾਲ ਹੈ।

ਕੈਨੇਡਾ ਨਾਲ ਦੁਵੱਲੇ ਰਿਸ਼ਤੇ ਨੂੰ ਗੂੜ੍ਹਾ ਬਣਾਉਣਾ ਭਾਰਤ ਲਈ ਇਸ ਕਰਕੇ ਵੀ ਵਧੇਰੇ ਮਹੱਤਵਪੂਰਨ ਹੈ ਕਿ ਪੌਣੇ ਚੌਦਾਂ ਲੱਖ ਦੇ ਕਰੀਬ ਇੰਡੋ-ਕੈਨੇਡੀਅਨ ਉਸ ਮੁਲਕ ਦੇ ਪੱਕੇ ਨਾਗਰਿਕ ਹਨ ਜੋ ਉੱਥੋਂ ਦੀ ਆਬਾਦੀ ਦਾ 3.99ਫ਼ੀ ਸਦੀ ਬਣਦੇ ਹਨ। ਭਾਰਤੀਆਂ ਦੇ ਇਸ ਪ੍ਰਵਾਸ ਦੀ ਪੈੜ ਕੈਨੇਡਾ ਦੇ ਇਤਿਹਾਸ ਵਿਚ ਇਕ ਸਦੀ ਪਿੱਛੇ ਤਕ 20ਵੀਂ ਸਦੀ ਦੇ ਮੁੱਢਲੇ ਸਾਲਾਂ ਨਾਲ ਜਾ ਜੁੜਦੀ ਹੈ। ਪ੍ਰਵਾਸੀਆਂ ਨੇ ਜਾਨ-ਹੂਲਵੇਂ ਸੰਘਰਸ਼ ਲੜਦਿਆਂ ਉੱਥੋਂ ਦੇ ਨਾਗਰਿਕ ਹੱਕ ਹਾਸਲ ਕੀਤੇ ਅਤੇ ਪੈਰ-ਪੈਰ ਤੇ ਨਸਲੀ ਅਪਮਾਨ ਨੂੰ ਹਰਾਕੇ ਉਹ ਸਨਮਾਨਜਨਕ ਜ਼ਿੰਦਗੀ ਦੇ ਮੁਰਾਤਬੇ ਉੱਪਰ ਪਹੁੰਚੇ।

ਜੇ ਮੋਦੀ ਸਰਕਾਰ ਕੈਨੇਡਾ ਨਾਲੋਂ ਇਸਰਾਈਲ ਨੂੰ ਵਧੇਰੇ ਮਹੱਤਵ ਦੇ ਰਹੀ ਹੈ ਤਾਂ ਇਸਦੀ ਮੂਲ ਵਜ੍ਹਾ ਸੰਘ ਬਰਗੇਡ ਦਾ ਨਸਲੀ-ਸੱਭਿਆਚਾਰਕ ਵੰਨ-ਸੁਵੰਨਤਾ ਵਿਰੋਧੀ ਨਫ਼ਰਤ ਵਾਲਾ ਨਜ਼ਰੀਆ ਹੈ। ਬਹੁਤ ਸਾਰੇ ਸਵਾਲਾਂ ਬਾਰੇ ਹਮਖ਼ਿਆਲ ਇਸਰਾਈਲੀ ਹਾਕਮ ਜਮਾਤ ਅਤੇ ਸੰਘ ਬਰਗੇਡ ਦੀ ਸਾਂਝ ਇਤਫ਼ਾਕੀਆ ਨਹੀਂ। ਮੋਦੀ ਵਲੋਂ ਆਪਣੇ ਕੈਨੇਡੀਅਨ ਹਮਰੁਤਬਾ ਨਾਲ ਕੀਤੀ ਮੁਲਾਕਾਤ ਸਪਸ਼ਟ ਪ੍ਰਭਾਵ ਦੇ ਰਹੀ ਸੀ ਕਿ ਉਹਨਾਂ ਦੀ ਮਿਲਣੀ ਮਹਿਜ਼ ਰਸਮੀ ਸੀ, ਇਸ ਵਿਚ ਦੁਵੱਲੇ ਰਿਸ਼ਤੇ ਨੂੰ ਮਜ਼ਬੂਤ ਬਣਾਉਣ ਨੂੰ ਤਰਜ਼ੀਹ ਦੇਣ ਦੀ ਸਿਆਸੀ ਇੱਛਾਸ਼ਕਤੀ ਨਾਲੋਂ ਉਸਨੂੰ ਸ਼ਾਤਰ ਤਰੀਕੇ ਨਾਲ ਨਜ਼ਰਅੰਦਾਜ਼ ਕਰਕੇ ਉਸ ਦੀ ਅਤੇ ਉਸਦੇ ਨਾਲ ਆਏ ਮੰਤਰੀਆਂ ਦੀ ਹੇਠੀ ਕਰਨ ਵਤੀਰਾ ਅਤੇ ਆਪਣੇ ਜੁਰਮਾਂ ਦੀ ਕਿਸੇ ਤਰ੍ਹਾਂ ਦੀ ਜਵਾਬਦੇਹੀ ਤੋਂ ਬਚਣ ਦੀ ਚਾਣਕੀਆ ਨੀਤੀ ਭਾਰੂ ਸੀ।

ਇਸ ਫੇਰੀ ਦੇ ਪ੍ਰਸੰਗ ਵਿਚ ਸਿੱਖ ਮੁੱਦਿਆਂ ਪ੍ਰਤੀ ਟਰੂਡੋ ਸਰਕਾਰ ਦੀ ਪਹੁੰਚ ਨੂੰ ਲੈਕੇ ਭਾਰਤ ਦਾ ਮਾਹੌਲ ਅਗਾਊਂ ਹੀ ਖ਼ਾਸ ਤੌਰ 'ਤੇ ਉਤੇਜਤ ਕੀਤਾ ਗਿਆ ਸੀ। ਭਾਰਤੀ ਹਾਕਮ ਜਮਾਤ ਨੂੰ ਟਰੂਡੋ ਸਰਕਾਰ ਨਾਲ ਇਸ ਕਾਰਨ ਵੀ ਔਖ ਹੈ ਕਿ ਉਸ ਦੀ ਸਰਕਾਰ ਦੌਰਾਨ ਉਨਟਾਰੀਓ ਦੀ ਵਿਧਾਨਸਭਾ ਵਿਚ 1984 ਦੇ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਕੇ ਸਿੱਖ ਭਾਈਚਾਰੇ ਨਾਲ ਅਨਿਆਂ ਦੇ ਮੁੱਦਿਆਂ ਨੂੰ ਵਾਜਬੀਅਤ ਮੁਹੱਈਆ ਕੀਤੀ ਗਈ ਜੋ ਗਰਮਖ਼ਿਆਲ ਸਿੱਖ ਧੜਿਆਂ ਵਲੋਂ ਅਤੇ ਹੋਰ ਬਹੁਤ ਸਾਰੇ ਇਨਸਾਫ਼ਪਸੰਦ ਹਿੱਸਿਆਂ ਵਲੋਂ ਲਗਾਤਾਰ ਉਠਾਏ ਜਾ ਰਹੇ ਹਨ। ਹਾਲਾਂਕਿ ਇਹ ਬੁਨਿਆਦੀ ਤੌਰ 'ਤੇ ਗਰਮਖ਼ਿਆਲੀ ਸਿੱਖਾਂ ਦਾ ਮਾਮਲਾ ਨਹੀਂ ਸਗੋਂ ਇਕ ਭਾਈਚਾਰੇ ਨਾਲ ਇਤਿਹਾਸ ਵਿਚ ਹੋਏ ਅਨਿਆਂ ਉੱਪਰ ਸਟੈਂਡ ਲੈਣ ਦਾ ਸਵਾਲ ਸੀ ਜਿਸ ਉੱਪਰ ਵਿਧਾਨਸਭਾ ਨੇ ਮਤਾ ਪਾਸ ਕੀਤਾ। ਇਸ ਨੂੰ ਲੈਕੇ ਕੈਪਟਨ ਸਮੇਤ ਕਾਂਗਰਸੀ ਲਾਣੇ ਦੀ ਔਖ ਸਮਝਣੀ ਮੁਸ਼ਕਲ ਨਹੀਂ, ਉਹ ਆਪਣੇ ਘਿਣਾਉਣੇ ਜੁਰਮਾਂ ਦੀ ਜਵਾਬਦੇਹੀ ਨੂੰ ਲੈਕੇ ਪ੍ਰੇਸ਼ਾਨ ਹਨ। ਕਾਂਗਰਸ ਦੀ ਲੀਡਰਸ਼ਿਪ ਉਸ ਨਸਲਕੁਸ਼ੀ ਦੀ ਮੁੱਖ ਮੁਜਰਿਮ ਹੋਣ ਕਾਰਨ ਉਹਨਾਂ ਨੂੰ ਉਸਦਾ ਸਿਆਸੀ ਮੁੱਲ ਵਾਰ-ਵਾਰ ਚੁਕਾਉਣਾ ਪੈਂਦਾ ਹੈ। ਲੇਕਿਨ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਪਾਰਲੀਮੈਂਟ ਵਿਚ ਮਨਮੋਹਣ-ਸੋਨੀਆ ਸਰਕਾਰ ਨੂੰ ਸਿਆਸੀ ਤੌਰ 'ਤੇ ਘੇਰਨ ਲਈ 1984 ਨੂੰ ਨਸਲਕੁਸ਼ੀ ਦੱਸਣ ਵਾਲਾ ਸੰਘ ਬਰਗੇਡ ਸਿੱਖ ਨਸਲਕੁਸ਼ੀ ਦਾ ਕਿਸੇ ਵੀ ਤਰ੍ਹਾਂ ਵਿਰੋਧੀ ਨਹੀਂ। ਇਹ ਘੱਟਗਿਣਤੀਆਂ ਦਾ ਖ਼ੈਰਖਵਾਹ ਨਹੀਂ ਸਗੋਂ ਕਾਂਗਰਸ ਨਾਲੋਂ ਵੀ ਜ਼ਿਆਦਾ ਯੋਜਨਾਬੱਧ ਤਰੀਕੇ ਨਾਲ ਘੱਟਗਿਣਤੀਆਂ ਨੂੰ ਮਸਲ ਦੇਣ ਵਿਚ ਅੰਨ੍ਹਾ ਯਕੀਨ ਰੱਖਦਾ ਹੈ। ਮੂਲ ਰੂਪ ਵਿਚ ਇਹ ਸੋਚ ਭਾਰਤ ਦੀ ਸਮੁੱਚੀ 'ਮੁੱਖਧਾਰਾ' ਦੀ ਹੈ ਜਿਸਨੂੰ ਕੇਂਦਰੀ ਨੌਕਰਸ਼ਾਹੀ ਤੋਂ ਲੈਕੇ ਮੀਡੀਆ ਹਾਊਸਾਂ ਤਕ ਦੇ ਵਤੀਰੇ ਵਿਚ ਦੇਖਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ। ਭਾਰਤ ਦੇ ਮੀਡੀਆ ਦੇ ਜ਼ਿਆਦਾਤਰ ਹਿੱਸੇ ਵਿਚ ਟਰੂਡੋ ਦੀ ਹਾਲੀਆ ਫੇਰੀ ਬਾਰੇ ਇਸ ਤਰ੍ਹਾਂ ਦਾ ਪ੍ਰਭਾਵ ਬਣਾਇਆ ਗਿਆ ਜਿਵੇਂ ਉਸਦੀ ਅਤੇ ਉਸਦੇ ਪੰਜਾਬੀ ਮੰਤਰੀਆਂ ਦੀ ਫੇਰੀ ਖ਼ਾਲਸਤਾਨ ਦੇ ਏਜੰਡੇ ਦਾ ਪ੍ਰਚਾਰ ਕਰਨ ਲਈ ਹੋਵੇ। ਇਸ ਪਿੱਛੇ ਭਾਰਤੀ ਸਥਾਪਤੀ ਦੀਆਂ ਤਾਕਤਾਂ ਦੀ ਇਕ ਡੂੰਘੀ ਗਿਣਤੀ-ਮਿਣਤੀ ਕੰਮ ਕਰਦੀ ਸੀ। ਉਹ ਇਹ ਸੀ ਕਿ ਖ਼ਾਲਸਤਾਨ ਦਾ ਮੁੱਦਾ ਉਛਾਲਕੇ ਇਸ ਤਰ੍ਹਾਂ ਦਾ ਬਚਾਓਵਾਦੀ ਮਾਹੌਲ ਬਣਾ ਦਿੱਤਾ ਜਾਵੇ ਤਾਂ ਜੋ ਅਗਰ ਪ੍ਰਧਾਨ ਮੰਤਰੀ ਟਰੂਡੋ ਆਪਣੇ ਮੰਤਰੀਆਂ ਦੇ ਪ੍ਰਭਾਵ ਹੇਠ ਜਾਂ ਕੈਨੇਡਾ ਵਿਚਲੀ ਸਿੱਖ ਵੋਟਰਾਂ ਬਾਰੇ ਆਪਣੀ ਕਿਸੇ ਸਿਆਸੀ ਗਿਣਤੀ-ਮਿਣਤੀ ਤਹਿਤ ਐਸਾ ਕੋਈ ਸਵਾਲ ਉਠਾਉਣ ਦੀ ਸੋਚ ਰੱਖਦਾ ਹੋਵੇ ਜੋ ਕੇਂਦਰ ਵਿਚ ਮੋਦੀ ਸਰਕਾਰ ਅਤੇ ਪੰਜਾਬ ਵਿਚ ਕੈਪਟਨ ਸਰਕਾਰ ਦੀਆਂ ਮਨਮਾਨੀਆਂ ਅਤੇ ਧੱਕੇਸ਼ਾਹੀਆਂ ਨੂੰ ਉਠਾਉਂਦੀ ਹੋਵੇ, ਉਹ ਐਸਾ ਕਰਨ ਤੋਂ ਗੁਰੇਜ਼ ਕਰੇ।

ਇਹ ਮਾਹੌਲ ਬਣਾਉਣ ਵਿਚ ਕੈਪਟਨ ਸਰਕਾਰ ਦੀ ਖ਼ਾਸ ਭੂਮਿਕਾ ਸੀ ਜਿਸਦਾ ਸਬੰਧ ਕੈਪਟਨ ਦੀ ਨਿੱਜੀ ਖ਼ੁੰਦਕ ਨਾਲ ਵੀ ਸੀ। ਪੰਜਾਬ ਅਤੇ ਕੈਨੇਡਾ ਵਿਚਲੇ ਪੰਜਾਬੀ ਭਾਈਚਾਰੇ ਦੀਆਂ ਸਿਆਸੀ ਸਰਗਰਮੀਆਂ ਬਾਰੇ ਜਾਣਕਾਰੀ ਰੱਖਣ ਵਾਲੇ ਇਸ ਬਾਰੇ ਭਲੀਭਾਂਤ ਜਾਣਦੇ ਹਨ। ਪਹਿਲਾਂ ਤਾਂ ਮੁੱਖ ਮੰਤਰੀ ਨੇ ਟਰੂਡੋ ਦੇ ਅੰਮ੍ਰਿਤਸਰ ਆਉਣ 'ਤੇ ਉਸ ਨੂੰ ਨਾ ਮਿਲਣ ਦਾ ਬਿਆਨ ਵੀ ਦੇ ਦਿੱਤਾ। ਲੇਕਿਨ ਜਦੋਂ ਕੈਪਟਨ ਨੂੰ ਇਹ ਮਹਿਸੂਸ ਹੋ ਗਿਆ ਜਾਂ ਉਸਨੂੰ ਮਹਿਸੂਸ ਕਰਵਾਇਆ ਗਿਆ ਕਿ ਇਹ ਪੁੱਠਾ ਸਟੈਂਡ ਉਸਦੇ ਹੀ ਖ਼ਿਲਾਫ਼ ਜਾਵੇਗਾ, ਬਾਦ ਵਿਚ ਉਸਨੇ ਆਪਣੀ ਹੈਂਕੜਬਾਜ਼ ਸੁਰ ਬਦਲ ਲਈ ਅਤੇ ਉਸਨੇ ਟਰੂਡੋ ਨਾਲ ਮੁਲਾਕਾਤ ਵੀ ਕੀਤੀ। ਮੀਟਿੰਗ ਤੋਂ ਬਾਦ ਉਸਨੇ ਜੇਤੂ ਅੰਦਾਜ਼ ਵਿਚ ਦਾਅਵਾ ਕੀਤਾ ਕਿ ਉਹ ਟਰੂਡੋ ਨਾਲ ਖ਼ਾਲਸਤਾਨੀ ਕੱਟੜਵਾਦ ਦਾ ਮੁੱਦਾ ਉਠਾਉਣ ਵਿਚ ਸਫ਼ਲ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਕੈਪਟਨ ਵਜ਼ਾਰਤ ਟਰੂਡੋ ਦੀ ਫੇਰੀ ਦੌਰਾਨ ਕਾਂਗਰਸ ਦੇ ਰਾਜ ਵਿਚ ਸਿੱਖ ਭਾਈਚਾਰੇ ਉੱਪਰ ਹੋਏ ਜ਼ੁਲਮਾਂ ਅਤੇ ਸੂਬੇ ਦੀ ਮੌਜੂਦਾ ਦਰਦਨਾਕ ਹਾਲਤ ਬਾਰੇ ਕਿਸੇ ਚਰਚਾ ਦੀ ਸੰਭਾਵਨਾ ਨੂੰ ਦਬਾਉਣ ਵਿਚ ਸਫ਼ਲ ਰਹੀ ਹੈ। ਮੋਦੀ ਵਜ਼ਾਰਤ ਦੇ ਭਗਵੇਂ ਰਾਜ ਹੇਠ ਪਹਿਲਾਂ ਗੁਜਰਾਤ ਅਤੇ ਹੁਣ ਪੂਰੇ ਮੁਲਕ ਵਿਚ ਦਣਦਣਾ ਰਹੀ ਹਿੰਦੂਤਵ ਦਹਿਸ਼ਤਗਰਦੀ ਬਾਰੇ ਸਵਾਲਾਂ ਨੂੰ ਦਬਾਉਣ ਵਿਚ ਸੰਘੀ ਵੀ ਪੂਰੀ ਤਰ੍ਹਾਂ ਕਾਮਯਾਬ ਹੋਏ ਹਨ। ਇਹ ਜਾਇਜ਼ ਸਵਾਲ ਲਾਜ਼ਮੀ ਤੌਰ 'ਤੇ ਉਠਾਏ ਜਾਣੇ ਚਾਹੀਦੇ ਸਨ, ਇਹ ਵੱਖਰੀ ਗੱਲ ਹੈ ਕਿ ਟਰੂਡੋ ਵਰਗੇ ਸਿਆਸਤਦਾਨ ਇਹਨਾਂ ਨੂੰ ਉਠਾਉਣ ਦੀ ਕਿੰਨੀ ਕੁ ਸੱਚੀ ਸਿਆਸੀ ਇੱਛਾ ਸ਼ਕਤੀ ਰੱਖਦੇ ਹਨ ਅਤੇ ਕਿੰਨਾ ਆਪਣੀ ਸਿਆਸੀ ਸ਼ਰੀਕ ਐੱਨ.ਡੀ.ਪੀ. ਦੇ ਪੰਜਾਬੀ ਭਾਈਚਾਰੇ ਵਿਚਲੇ ਸਿਆਸੀ ਪ੍ਰਭਾਵ ਨੂੰ ਰੋਕਣ ਦੀ ਸਿਆਸੀ ਗਿਣਤੀ-ਮਿਣਤੀ ਵਿੱਚੋਂ ਕਰਦੇ ਹਨ।

ਕੈਪਟਨ ਸਰਕਾਰ ਵਲੋਂ ਕੈਨੇਡਾ ਵਿਚ ਖ਼ਾਲਸਤਾਨੀ ਸਰਗਰਮੀਆਂ ਨੂੰ ਬਹੁਤ ਵੱਡਾ ਖ਼ਤਰਾ ਬਣਾਕੇ ਪੇਸ਼ ਕਰਨਾ ਉਹਨਾਂ ਦੀ ਸਿਆਸੀ ਜ਼ਰੂਰਤ ਹੈ, ਇਹ ਆਪਣੀ ਰਾਜਕੀ ਕਾਰਗੁਜ਼ਾਰੀ ਦੀ ਜਵਾਬਦੇਹੀ ਨੂੰ ਟਾਲਣ ਅਤੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਦਾ ਭਾਰਤੀ ਹਾਕਮ ਜਮਾਤ, ਖ਼ਾਸ ਕਰਕੇ ਕਾਂਗਰਸ ਦਾ ਆਜ਼ਮਾਇਆ ਹੋਇਆ ਹਥਿਆਰ ਹੈ। ਇਸਦਾ ਲਾਹਾ ਲੈਣ ਵਿਚ ਮੋਦੀ ਸਰਕਾਰ ਵੀ ਕਿਉਂ ਪਿੱਛੇ ਰਹਿਣਾ ਚਾਹੇਗੀ ਜੋ ਕੈਪਟਨ ਅਤੇ ਉਸਦੀ ਸਿਆਸੀ ਪਾਰਟੀ ਕਾਂਗਰਸ ਨਾਲੋਂ ਵੀ ਜ਼ਿਆਦਾ ਇੰਤਹਾਪਸੰਦ ਰਾਸ਼ਟਰਵਾਦੀ ਹੈ। ਖ਼ਾਲਸਤਾਨ ਪੱਖੀ ਗਰੁੱਪ ਇਕੱਲੇ ਕੈਨੇਡਾ ਵਿਚ ਹੀ ਨਹੀਂ ਅਮਰੀਕਾ, ਇੰਗਲੈਂਡ ਅਤੇ ਹੋਰ ਯੂਰਪੀ ਮੁਲਕਾਂ ਵਿਚ ਵੀ ਕੰਮ ਕਰ ਰਹੇ ਹਨ। ਭਗਵੇਂ ਰਾਸ਼ਟਰਵਾਦੀਆਂ ਸਮੇਤ ਹੋਰ ਸਿਆਸੀ ਏਜੰਡਿਆਂ ਵਾਲੇ ਲੋਕ ਵੀ ਉੱਥੇ ਕੰਮ ਕਰ ਰਹੇ ਹਨ ਲੇਕਿਨ ਉਹਨਾਂ ਦੀ ਗੱਲ ਕੋਈ ਨਹੀਂ ਕਰੇਗਾ। ਚਾਹੇ ਪਹਿਲੀ ਬਾਦਲ ਸਰਕਾਰ ਸੀ ਜਾਂ ਹੁਣ ਕੈਪਟਨ ਦੀ ਸਰਕਾਰ ਹੈ, ਵੱਖ-ਵੱਖ ਸਮੇਂ ਉਸ ਖ਼ਾਸ ਮੁਲਕ ਵਿਚਲੀਆਂ ਐਸੀਆਂ ਸਰਗਰਮੀਆਂ ਹੀ ਉਛਾਲੀਆਂ ਜਾਂਦੀਆਂ ਹਨ ਜੋ ਸੱਤਾਧਾਰੀ ਧਿਰ ਦੇ ਸੌੜੇ ਸਿਆਸੀ ਮੁਫ਼ਾਦ ਪੂਰੇ ਕਰਨ ਵਿਚ ਵਧੇਰੇ ਸਹਾਈ ਹੁੰਦੀਆਂ ਹੋਣ। ਟਰੂਡੋ ਦੇ ਪੰਜਾਬੀ ਮੰਤਰੀਆਂ ਜਾਂ ਉਸਦੇ ਵਫ਼ਦ ਵਿਚ ਆਏ ਕਿਸੇ 'ਕਾਲੀ ਸੂਚੀ' ਵਾਲੇ ਦੇ ਕਥਿਤ ਖ਼ਾਲਸਤਾਨੀ ਪਿਛੋਕੜ ਨੂੰ ਉਛਾਲਕੇ ਖੇਡ੍ਹੀ ਜਾ ਰਹੀ ਘਿਣਾਉਣੀ ਸਿਆਸਤ ਨੂੰ ਇਸ ਨਜ਼ਰੀਏ ਤੋਂ ਦੇਖਣਾ-ਪਰਖਣਾ ਅਤੇ ਸਮਝਣਾ ਜ਼ਰੂਰੀ ਹੈ। ਇਸ ਕੰਮ ਵਿਚ ਭਾਰਤੀ ਸੂਹੀਆ ਤੰਤਰ, ਖ਼ਾਸ ਕਰਕੇ ਕੇਂਦਰੀ ਏਜੰਸੀਆਂ ਦੀ ਬੇਮਿਸਾਲ ਮੁਹਾਰਤ ਹੈ। ਇਹਨਾਂ ਵਲੋਂ ਕੈਨੇਡਾ ਵਿਚ 1980ਵਿਆਂ ਦੇ ਦੌਰ ਵਿਚ ਖੇਡੀ ਗਈ ਖ਼ਤਰਨਾਕ ਖੇਡ ਇਤਿਹਾਸ ਦੇ ਪੰਨਿਆਂ ਉੱਪਰ ਮੌਜੂਦ ਹੈ ਇਤਿਹਾਸ ਦੇ ਉਸ ਕਾਂਡ ਨੂੰ ਗ਼ੌਰ ਨਾਲ ਦੁਬਾਰਾ ਪੜ੍ਹਿਆ ਜਾਣਾ ਚਾਹੀਦਾ ਹੈ।

ਕਿਸੇ ਨੂੰ ਵੀ ਇਹ ਭਰਮ ਨਹੀਂ ਪਾਲਣਾ ਚਾਹੀਦਾ ਕਿ ਪ੍ਰਧਾਨ ਮੰਤਰੀ ਟਰੂਡੋ ਜਾਂ ਉਸਦੇ ਕਿਸੇ ਮੰਤਰੀ ਵਲੋਂ ਜਾਂ ਕੌਮਾਂਤਰੀ ਮੰਚਾਂ ਉੱਪਰ ਪੰਜਾਬ ਜਾਂ ਭਾਰਤ ਦੇ ਮੁੱਦਿਆਂ ਉੱਪਰ ਕੋਈ ਚਰਚਾ ਕੀਤੇ ਜਾਣ ਨਾਲ ਇਹ ਹੱਲ ਹੋ ਜਾਣਗੇ। ਇਸ ਤਰ੍ਹਾਂ ਦੀ ਚਰਚਾ ਜਾਂ ਕਿਸੇ ਰਾਜ ਦਾ ਕੂਟਨੀਤਕ ਦਾਅਪੇਚ ਇਕ ਹੱਦ ਤਕ ਵਕਤੀ ਦਬਾਓ ਦਾ ਕੰਮ ਤਾਂ ਕਰ ਸਕਦੇ ਹਨ ਜਦਕਿ ਭਾਰਤ ਵਰਗੇ ਮੁਲਕਾਂ ਅੰਦਰ ਘੱਟਗਿਣਤੀ ਭਾਈਚਾਰਿਆਂ ਅਤੇ ਦੱਬੇਕੁਚਲੇ ਲੋਕਾਂ ਵਿਰੁੱਧ ਜੋ ਅਨਿਆਂ, ਜ਼ੁਲਮ ਅਤੇ ਧੱਕੇ ਇਤਿਹਾਸ ਵਿਚ ਹੋਏ ਹਨ ਅਤੇ ਜੋ ਵਰਤਾਰਾ ਅੱਜ ਸਗੋਂ ਹੋਰ ਵੀ ਖ਼ਤਰਨਾਕ ਅਤੇ ਘਿਣਾਉਣੀਆਂ ਸ਼ਕਲਾਂ ਅਖ਼ਤਿਆਰ ਕਰਦਾ ਜਾ ਰਿਹਾ ਹੈ ਉਸ ਦੇ ਖ਼ਿਲਾਫ਼ ਅਸਲ ਲੜਾਈ ਮਜ਼ਲੂਮ ਅਵਾਮ ਨੂੰ ਆਪਣੇ ਹੀ ਸੰਘਰਸ਼ਾਂ ਅਤੇ ਤਹਿਰੀਕਾਂ ਰਾਹੀਂ ਮਨੁੱਖਤਾਵਾਦੀ ਅਤੇ ਜਮਹੂਰੀ ਭਵਿੱਖਨਕਸ਼ੇ ਨਾਲ ਖ਼ੁਦ ਲੜਨੀ ਪਵੇਗੀ।

## ਪ੍ਰਧਾਨ ਮੰਤਰੀ ਟਰੂਡੋ ਪ੍ਰਤੀ ਭਾਰਤੀ ਹਾਕਮਾਂ ਵੱਲੋਂ ਦਿਖਾਈ ਬੇਰੁੱਖੀ



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

ਪਿਛਲੇ ਦਿਨੀਂ ਕੈਨੇਡੀਅਨ ਪ੍ਰਧਾਨ ਮੰਤਰੀ ਆਪਣੇ ਸਾਥੀ ਮੰਤਰੀਆਂ, ਬਿਜਨੈਸਮੈਨਾਂ ਤੇ ਮੀਡੀਆ ਦੇ ਵਫ਼ਦ ਨਾਲ ਇੱਕ ਹਫ਼ਤੇ ਲਈ ਭਾਰਤ ਦੇ ਦੌਰੇ 'ਤੇ ਗਏ ਸਨ। ਇਸ ਦੌਰੇ ਦਾ ਮਕਸਦ ਦੋਨਾਂ ਦੇਸ਼ਾਂ ਦੇ ਸੰਬੰਧਾਂ ਨੂੰ ਮਜ਼ਬੂਤ ਕਰਨਾ ਤੇ ਬਿਜਨੈਸ ਵਧਾਉਣਾ ਦੱਸਿਆ ਗਿਆ ਸੀ। ਇਸ ਦੌਰੇ ਦੇ ਸ਼ੁਰੂ ਹੋਣ ਤੋਂ ਕੁਝ ਦਿਨ ਪਹਿਲਾਂ ਹੀ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕਾਂਗਰਸ ਦੀ ਪੁਰਾਣੀ ਨੀਤੀ ਅਨੁਸਾਰ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਕਿ ਮੈਂ ਕਨੇਡੀਅਨ ਸਿੱਖ ਮਨਿਸਟਰਾਂ ਨੂੰ ਨਹੀਂ ਮਿਲਾਂਗਾ ਕਿਉਂਕਿ ਉਨ੍ਹਾਂ ਦੇ ਖਾਲਿਸਤਾਨੀਆਂ ਨਾਲ ਸੰਬੰਧ ਹਨ। ਇਹ ਵਿਵਾਦ ਉਸ ਵਕਤ ਹੋਰ ਤੂਲ ਫੜ ਗਿਆ, ਜਦੋਂ ਪ੍ਰਧਾਨ ਦੇ ਦਫਤਰ ਵੱਲੋਂ ਸਪੱਸ਼ਟ ਕਿਹਾ ਗਿਆ ਕਿ ਮਿ. ਟਰੂਡੋ ਅਜਿਹੇ ਕਿਸੇ ਭਾਰਤੀ ਲੀਡਰ ਨੂੰ ਨਹੀਂ ਮਿਲਣਗੇ, ਜਿਹੜਾ ਉਸਦੀ ਵਜ਼ਾਰਤ ਦੇ ਮਨਿਸਟਰਾਂ ਨੂੰ ਨਹੀਂ ਮਿਲਣਾ ਚਾਹੁੰਦਾ। ਇਸ ਵਾਦ-ਵਿਵਾਦ ਦੇ ਚੱਲਦਿਆਂ ਪ੍ਰਧਾਨ ਮੰਤਰੀ ਦਾ ਟੂਰ ਸ਼ੁਰੂ ਹੋ ਗਿਆ ਤੇ ਸਭ ਨੂੰ ਹੈਰਾਨੀ ਉਸ ਵਕਤ ਹੋਈ ਜਦੋਂ ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਦੇ ਸਵਾਗਤ ਲਈ ਏਅਰਪੋਰਟ ਤੇ ਤਾਂ ਕੀ ਜਾਣਾ ਸੀ, ਸਗੋਂ ਇੱਕ ਜੂਨੀਅਰ ਰੈਂਕ ਦੇ ਮਨਿਸਟਰ ਨੂੰ ਭੇਜ ਕੇ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਗਿਆ ਕਿ ਉਨ੍ਹਾਂ ਦਾ ਭਾਰਤ ਵਿੱਚ ਕੋਈ ਸੁਆਗਤ ਨਹੀਂ ਹੈ। ਇਥੇ ਇਹ ਵਰਨਣਯੋਗ ਹੈ ਕਿ ਮੋਦੀ ਖ਼ੁਦ ਆਪਣੇ ਮਨਿਸਟਰਾਂ ਨਾਲ ਦੂਜੇ ਦੇਸ਼ਾਂ ਦੇ ਮੁਖੀਆਂ ਦੇ ਸਵਾਗਤ ਲਈ ਜਾਂਦਾ ਸੀ, ਫਿਰ ਅਜਿਹਾ ਕੈਨੇਡਾ ਸਰਕਾਰ ਜਾਂ ਮਿ. ਟਰੂਡੋ ਨੇ ਕੀ ਗੁਨਾਹ ਕਰ ਦਿੱਤਾ ਸੀ ਕਿ ਉਨ੍ਹਾਂ ਨਾਲ ਅਜਿਹਾ ਭੱਦਾ ਮਜ਼ਾਕ ਕੀਤਾ ਗਿਆ। ਫਿਰ ਗੱਲ ਇਥੇ ਹੀ ਖਤਮ ਨਹੀਂ ਹੋਈ, ਅਗਲੇ ਦਿਨ ਆਗਰੇ ਦੇ ਟਰਿਪ ਮੌਕੇ, ਫਿਰ ਗੁਜਰਾਤ ਤੇ ਮਹਾਂਰਾਸ਼ਟਰ ਦੇ ਦੌਰਿਆਂ ਦੌਰਾਨ ਉੱਥੇ ਦੇ ਚੀਫ ਮਨਿਸਟਰ ਹਾਜ਼ਰ ਨਹੀਂ ਹੋਏ, ਜੋ ਕਿ ਅਕਸਰ ਅਜਿਹੇ ਮੌਕਿਆਂ 'ਤੇ ਹੁੰਦੇ ਹਨ। ਇੱਥੋਂ ਤੱਕ ਕਿ ਦਿੱਲੀ ਵਿੱਚ ਕੇਜਰੀਵਾਲ ਨੇ ਵੀ ਮਿਲਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦੌਰੇ ਦੇ ਆਖਰੀ ਦਿਨਾਂ ਵਿੱਚ ਇਹ ਸਾਬਿਤ ਕਰਨ ਲਈ ਕਿ ਟਰੂਡੋ ਤੇ ਉਸਦੇ ਮਨਿਸਟਰਾਂ ਦੇ ਖਾਲਿਸਤਾਨੀਆਂ ਨਾਲ ਸਿੱਧੇ ਸਬੰਧ ਹਨ, ਜਿਥੇ ਇੱਕ ਪਾਸੇ ਸਾਰੇ ਕਾਰਪੋਰੇਟ ਮੀਡੀਏ ਨੇ ਸਰਕਾਰੀ ਹੁਕਮਾਂ ਅਨੁਸਾਰ ਚੁੱਪ ਧਾਰੀ ਰੱਖੀ, ਉੱਥੇ ਨੈਗੇਟਿਵ ਖ਼ਬਰਾਂ ਰਾਹੀਂ ਅਜਿਹਾ ਪ੍ਰਭਾਵ ਦੇਣ ਦਾ ਯਤਨ ਕੀਤਾ ਗਿਆ ਕਿ ਜਿਵੇਂ ਟਰੂਡੋ ਕੈਨੇਡਾ ਦਾ ਪ੍ਰਧਾਨ ਮੰਤਰੀ ਨਾ ਹੋਵੇ, ਸਗੋਂ ਸਿੱਖਾਂ ਦੀ ਕਿਸੇ ਕੱਟੜਪੰਥੀ ਜਥੇਬੰਦੀ ਦਾ ਮੁਖੀ ਹੋਵੇ ਤੇ ਉਹ ਦੇਸ਼ ਵਿਰੋਧੀ ਖਾਲਿਸਤਾਨੀ ਸਿੱਖਾਂ ਦਾ ਜਹਾਜ਼ ਭਰ ਕੇ ਭਾਰਤ 'ਤੇ ਹਮਲਾ ਕਰਨ ਆ ਗਿਆ ਹੋਵੇ। ਸਿੱਖਾਂ ਪ੍ਰਤੀ ਜਿਸ ਪੱਧਰ ਦਾ ਫਿਰਕੂ ਮਾਹੌਲ ਇਨ੍ਹਾਂ ਕੁਝ ਦਿਨਾਂ ਵਿੱਚ ਸਿਰਜਿਆ ਗਿਆ ਹੈ, ਉਸ ਤੋਂ ਸ਼ੱਕ ਪੈਂਦਾ ਹੈ ਕਿ ਸਿੱਖ ਤਾਂ ਅਜੇ 1984 ਦੇ ਸਿੱਖ ਕਤਲੇਆਮ ਲਈ ਇਨਸਾਫ ਮੰਗ ਰਹੇ ਹਨ, ਕਿਤੇ 2019 ਦੀਆਂ ਚੋਣਾਂ ਜਿੱਤਣ ਲਈ ਸਿੱਖਾਂ ਨੂੰ '84 ਵਾਂਗ ਬੱਲੀ ਦਾ ਬੱਕਰਾ ਨਾ ਬਣਾਇਆ ਜਾਵੇ? ਮੁਸਲਮਾਨਾਂ, ਦਲਿਤਾਂ ਤੇ ਹੋਰ ਘੱਟ ਗਿਣਤੀ ਫਿਰਕਿਆਂ ਪ੍ਰਤੀ ਤਾਂ ਪਹਿਲਾਂ ਹੀ ਫਿਰਕੂ ਮਾਹੌਲ ਸਿਰਜਿਆ ਜਾ ਰਿਹਾ ਹੈ, ਹੁਣ ਸਿੱਖਾਂ ਨੂੰ ਵੀ ਇਸ ਲਪੇਟ ਵਿੱਚ ਲਿਆ ਜਾ ਸਕਦਾ ਹੈ ਕਿਉਂਕਿ ਸਿੱਖਾਂ ਦੀ ਵਿਦੇਸ਼ਾਂ ਵਿੱਚ ਹੋ ਰਹੀ ਚੜ੍ਹਤ ਉਨ੍ਹਾਂ ਨੂੰ ਖ਼ਤਰੇ ਦੀ ਲਗਦੀ ਹੈ, ਖਾਸਕਰ ਕੈਨੇਡਾ ਵਿੱਚ 20 ਦੇ ਕਰੀਬ ਸਿੱਖ ਐਮ ਪੀ ਬਣਨੇ ਤੇ 4 ਦਾ ਪ੍ਰਮੁੱਖ ਅਹੁਦਿਆਂ ਤੇ ਮਨਿਸਟਰ ਬਣਨਾ ਉਨ੍ਹਾਂ ਨੂੰ ਹਜ਼ਮ ਨਹੀਂ ਹੋ ਰਿਹਾ।

ਭਾਰਤ ਵਿੱਚ ਹਜ਼ਾਰਾਂ ਸਾਲਾਂ ਤੋਂ ਇਕ ਵਿਚਾਰਧਾਰਾ ਚੱਲ ਰਹੀ ਹੈ, ਜਿਸਦਾ ਆਧਾਰ ਵਰਣ ਵੰਡ ਤੇ ਬਰਾਹਮਣਵਾਦ ਦੀ ਸਰਦਾਰੀ ਦੇ ਆਧਾਰ 'ਤੇ ਹੈ, ਹਿੰਦੁਸਤਾਨ ਭਾਵੇਂ ਇਕ ਹਜ਼ਾਰ ਸਾਲ ਗੁਲਾਮ ਰਿਹਾ, ਪਰ ਸਮਾਜਿਕ ਤੇ ਧਾਰਮਿਕ ਪੱਧਰ ਤੇ ਇਸ ਛੋਟੇ ਜਿਹੇ ਵਰਗ ਦੀ ਹੀ ਸਰਦਾਰੀ ਰਹੀ। ਇਸ ਬਰਾਹਮਣਵਾਦੀ ਸੋਚ ਨੇ ਉਸ ਵਿਚਾਰਧਾਰਾ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ, ਜੋ ਇਸ ਨੂੰ ਚੈਲਿੰਜ ਕਰਦੀ ਹੋਵੇ ਜਾਂ ਮਨੁੱਖੀ ਬਰਾਬਰਤਾ ਦਾ ਸੰਦੇਸ਼ ਲੈ ਕੇ ਆਈ ਹੋਵੇ। ਇਸਦੇ ਵਿਰੋਧ ਵਿੱਚ ਉਠੇ ਬੁੱਧ ਤੇ ਜੈਨ ਧਰਮ ਇਸ ਵਿਚਾਰਧਾਰਾ ਨੇ ਨਿਗਲ ਲਏ ਅਤੇ ਸਿੱਖਾਂ ਨੂੰ ਉਨ੍ਹਾਂ ਕਦੇ ਮੁਆਫ ਨਹੀਂ ਕੀਤਾ, ਕਿਉਂਕਿ ਸਿੱਖ ਧਰਮ ਵੀ ਮਨੁੱਖੀ ਅਜ਼ਾਦੀ ਤੇ ਬਰਾਬਰਤਾ ਦੀ ਗੱਲ ਕਰਦਾ ਹੈ। ਬੇਸ਼ੱਕ ਵਿਚਾਰਧਾਰਕ ਤੌਰ 'ਤੇ ਸਿੱਖ ਧਰਮ ਵੀ ਬਰਾਹਮਣਵਾਦ ਦੀ ਲਪੇਟ ਵਿੱਚ ਹੈ, ਪਰ ਸਿੱਖਾਂ ਦਾ ਮਿਹਨਤੀ ਤੇ ਜਜ਼ਬਾਤੀ ਸੁਭਾਅ ਉਨ੍ਹਾਂ ਨੂੰ ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ ਵੀ ਹਰ ਪੱਧਰ 'ਤੇ ਅੱਗੇ ਲੈ ਆਉਂਦਾ ਹੈ। ਪੰਜਾਬ ਤੇ ਸਿੱਖਾਂ ਨੂੰ 1947 ਤੋਂ ਹੀ ਬੜੇ ਸਾਜ਼ਸ਼ੀ ਢੰਗ ਨਾਲ ਬਰਬਾਦ ਕਰਨ ਦੀ ਨੀਤੀ ਦੇ ਬਾਵਜੂਦ ਵੀ ਭਾਰਤ ਵਿੱਚ ਸਭ ਤੋਂ ਖੁਸ਼ਹਾਲ ਲੋਕਾਂ ਵਿੱਚ ਗਿਣੇ ਜਾਂਦੇ ਹਨ। ਪਿਛਲੇ ਤਿੰਨ ਚਾਰ ਦਹਾਕਿਆਂ ਵਿੱਚ ਸਿੱਖਾਂ ਨੇ ਸਾਰੀ ਦੁਨੀਆਂ ਤੇ ਖਾਸਕਰ ਇੰਗਲੈਂਡ, ਅਮਰੀਕਾ ਤੇ ਕੈਨੇਡਾ ਵਿੱਚ ਆਪਣਾ ਖ਼ਾਸ ਸਥਾਨ ਬਣਾਇਆ ਹੈ, ਜੋ ਇਨ੍ਹਾਂ ਤੋਂ ਬਰਦਾਸ਼ਤ ਨਹੀਂ ਹੋ ਰਿਹਾ, ਖਾਸਕਰ ਕੈਨੇਡਾ ਵਿੱਚ 20 ਦੇ ਕਰੀਬ ਐਮ. ਪੀ. ਬਣਨੇ ਤੇ 4 ਪ੍ਰਮੁੱਖ ਅਹੁਦਿਆਂ ਤੇ ਮਨਿਸਟਰ ਬਣਨੇ? ਜਿਸ ਤਰ੍ਹਾਂ ਕਾਂਗਰਸ ਨੇ ਆਪਣੀ ਵੋਟ ਰਾਜਨੀਤੀ ਅਧੀਨ '84 ਦੇ ਦੌਰ ਵਿੱਚ ਸਿੱਖਾਂ ਨੂੰ ਅੱਤਵਾਦੀ ਤੇ ਵੱਖਵਾਦੀ ਬਣਾ ਕੇ ਸਿਆਸੀ ਲਾਹਾ ਲਿਆ ਸੀ, ਭਾਵੇਂ ਉਸ ਲਈ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਨੂੰ ਆਪਣੀ ਜਾਨ ਗੁਆਉਣੀ ਪਈ, ਪਰ ਹੁਣ ਇੰਡੀਆ ਨੂੰ ਜਲਦੀ ਤੋਂ ਜਲਦੀ ਫਾਸ਼ੀਵਾਦੀ ਹਿੰਦੂ ਰਾਸ਼ਟਰ ਬਣਾਉਣ ਦਾ ਏਜੰਡਾ ਲਈ ਫਿਰਦੀ ਆਰ. ਐਸ. ਐਸ. ਦੀ ਅਗਵਾਈ ਵਾਲੀ ਮੋਦੀ ਸਰਕਾਰ ਦੇ ਨਿਸ਼ਾਨੇ ਤੇ ਹੁਣ ਤੱਕ ਮੁਸਲਮਾਨ ਤੇ ਦਲਿਤ ਸਨ, ਪਰ ਜਿਸ ਜ਼ੋਰਦਾਰ ਢੰਗ ਨਾਲ ਟਰੂਡੋ ਦੇ ਦੌਰੇ ਨੂੰ ਖਾਲਿਸਤਾਨ ਦਾ ਮੁੱਦਾ ਬਣਾ ਕੇ ਸਿੱਖਾਂ ਨੂੰ ਰਾਸ਼ਟਰ ਵਿਰੋਧੀ ਤੇ ਅੱਤਵਾਦੀ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਸ ਤੋਂ ਇਹ ਸ਼ੱਕ ਪੈਦਾ ਹੋ ਰਿਹਾ ਹੈ ਕਿ ਜੇ ਲੋੜ ਪਈ ਤਾਂ ਮੁਸਲਮਾਨਾਂ ਤੋਂ ਬਾਅਦ ਸਿੱਖਾਂ ਨੂੰ ਵੀ 1984 ਵਾਂਗ ਇੱਕ ਵਾਰ ਫੇਰ ਬਲੀ ਦਾ ਬੱਕਰਾ ਬਣਾਇਆ ਜਾ ਸਕਦਾ ਹੈ? ਨਹੀਂ ਤਾਂ ਦੇਖਿਆ ਜਾਵੇ, ਨਾ ਤੇ ਪੰਜਾਬ ਵਿੱਚ ਕੋਈ ਖਾਲਿਸਤਾਨ ਦੀ ਲਹਿਰ ਚੱਲ ਰਹੀ ਹੈ ਅਤੇ ਨਾ ਹੀ ਕੈਨੇਡਾ ਵਿੱਚ ਹੀ ਅਜਿਹਾ ਕੁਝ ਦੇਖਣ ਨੂੰ ਮਿਲ ਰਿਹਾ ਹੈ, ਫਿਰ ਇਤਨਾ ਵੱਡਾ ਇਸ਼ੂ ਕਿਉਂ ਬਣਾਇਆ ਗਿਆ? ਇਥੋਂ ਤੱਕ ਕਿ ਉਹ ਵਿਅਕਤੀ ਜਿਸਦਾ ਕਰੀਮੀਨਲ ਰਿਕਾਰਡ ਹੈ ਤੇ ਇੰਡੀਆ ਸਰਕਾਰ ਵੱਲੋਂ ਬਣਾਈ ਕਾਲੀ ਸੂਚੀ ਵਿੱਚ ਵੀ ਉਸਦਾ ਨਾਮ ਸੀ, ਉਸਨੂੰ ਵੀਜ਼ਾ ਦੇ ਕੇ ਟਰੂਡੋ ਦੇ ਡਿਨਰ ਵਿੱਚ ਸੱਦ ਕੇ ਮੀਡੀਏ ਰਾਹੀਂ ਇਹ ਸਾਬਿਤ ਕਰ ਦਿੱਤਾ।

# ਬਜਟ: ਕਿਸਾਨਾਂ, ਮਜਦੂਰਾਂ ਅਤੇ ਮੱਧ ਵਰਗ ਲਈ ਬੇਵ.ਫਾ

ਮੋਹਨ ਸਿੰਘ (ਡਾ:)



ਮੋਦੀ ਸਰਕਾਰ ਨੇ ਆਪਣਾ ਪੰਜਵਾਂ ਅਤੇ ਆਖਰੀ ਪੂਰਾ ਬਜਟ ਉਸ ਸਮੇਂ ਪੇਸ਼ ਕੀਤਾ ਹੈ, ਜਦੋਂ 2019 ਦੀਆਂ ਲੋਕ ਸਭਾ ਚੋਣਾਂ ਨਜ਼ਦੀਕ ਆ ਰਹੀਆਂ ਹਨ, ਮੋਦੀ ਦੇ 'ਅੱਛੇ ਦਿਨ ਆਉਣ', 'ਮੇਕ ਇਨ ਇੰਡੀਆ' ਆਦਿ ਦੇ ਨਾਅਰੇ ਦਮ ਤੋੜ ਰਹੇ ਹਨ। ਗਰੀਬੀ ਅਤੇ ਅਮੀਰੀ ਵਿਚਕਾਰ ਬੇਥਾਹ ਪਾੜਾ ਵਧ ਗਿਆ ਹੈ। ਦੇਸ਼ ਨੂੰ ਦਰਪੇਸ਼ ਸੰਕਟ ਦੇ ਬਾਵਜੂਦ ਮੋਦੀ ਦੇ ਖਾਸਮ-ਖਾਸ ਗੌਤਮ ਅਡਾਨੀ ਦੀ ਸੰਪਤੀ ਪਿਛਲੇ ਇਕ ਸਾਲ ਦੌਰਾਨ 125 ਪ੍ਰਤੀਸ਼ਤ, ਡੀ-ਮਾਰਟ ਦੇ ਮਾਲਕ ਰਾਧਾਕ੍ਰਿਸ਼ਨ ਦਮਾਨੀ ਦੀ 80 ਪ੍ਰਤੀਸ਼ਤ, ਮੁਕੇਸ਼ ਅੰਬਾਨੀ ਦੀ 77.53 ਪ੍ਰਤੀਸ਼ਤ ਵਧ ਗਈ ਹੈ। ਭਾਰਤ ਦੇ ਇਕ ਪ੍ਰਤੀਸ਼ਤ ਵੱਡੇ ਘਰਾਣਿਆਂ ਦੇ ਹੱਥਾਂ ਵਿੱਚ ਦੇਸ਼ ਦੀ 73 ਪ੍ਰਤੀਸ਼ਤ ਸੰਪਤੀ ਕੇਂਦਰਤ ਹੋ ਗਈ ਹੈ। ਪਰ ਇਸ ਦੇ ਬਾਵਜੂਦ ਇਹ ਘਰਾਣੇ ਸਿਆਸੀ ਆਗੂਆਂ ਦੀ ਮਿਲੀ ਭੁਗਤ ਰਾਹੀਂ ਮੁਲਾਜ਼ਮ ਨਾਲੋਂ ਟੈਕਸਾਂ ਦਾ ਤੀਜਾ ਹਿੱਸਾ ਦੇ ਰਹੇ ਹਨ। ਸਨਅਤੀ ਸੰਕਟ ਕਾਰਨ 299 ਮੈਗਾ ਪ੍ਰੋਜੈਕਟ ਅੱਧ ਵਿਚਾਲੇ ਲਟਕੇ ਹੋਣ ਕਰਕੇ ਇਨ੍ਹਾਂ ਵਿੱਚ 18.33 ਲੱਖ ਕਰੋੜ ਰੁਪਏ ਦੀ ਪੂੰਜੀ ਫਸੀ ਹੋਣ ਕਾਰਨ ਸਰਕਾਰੀ ਬੈਂਕਾ ਦੇ ਵੱਡੀ ਪੱਧਰ ਦੇ ਵੱਟੇ ਖਾਤੇ ਬਣੇ ਹੋਏ ਹਨ। ਪਬਲਿਕ ਖੇਤਰ ਦੀਆਂ ਬੈਂਕਾਂ ਦੇ 12 ਲੱਖ ਕਰੋੜ ਰੁਪਏ ਸਟਰੈਸਡ ਅਸਾਸੇ ਹਨ ਜੋ ਬੈਂਕਾਂ ਦੀ ਕੁੱਲ ਰਾਸ਼ੀ ਦਾ 15 ਪ੍ਰਤੀਸ਼ਤ ਹਨ। ਇਨ੍ਹਾਂ ਅਸਾਸਿਆਂ ਨੂੰ ਮਾਰਚ 2019 ਤੱਕ ਮੁੜ ਢਾਂਚਾਗਤ ਕੀਤਾ ਜਾ ਰਿਹਾ ਹੈ। ਹੁਣ ਮੋਦੀ ਸਰਕਾਰ ਨੇ ਛੇ ਕਮਜ਼ੋਰ ਸਰਕਾਰੀ ਬੈਂਕਾਂ ਦੇ ਸੰਕਟ ਮੋਚਨ ਲਈ ਉਨ੍ਹਾਂ ਨੂੰ 70,000 ਕਰੋੜ ਰੁਪਏ ਮੁੜ-ਪੂੰਜੀਕਰਨ ਲਈ ਦਿੱਤੇ ਹਨ। ਵੱਟੇ ਖਾਤੇ ਵਾਲੇ ਕਰਜ਼ਿਆਂ 'ਤੇ ਲੀਕ ਮਾਰੀ ਜਾ ਰਹੀ ਹੈ।ਰੀਅਲ ਇਸਟੇਟ ਦੇ ਕਾਰੋਬਾਰੀਆਂ ਦੇ ਉਸਾਰੀ ਅਧੀਨ ਫਲੈਟ ਅੱਧ ਵਿਚਾਲੇ ਲਟਕ ਰਹੇ ਹਨ। ਕਿਸ਼ਤਾਂ ਅਦਾ ਕਰ ਚੁੱਕੇ ਮੱਧ ਵਰਗ ਨੂੰ ਫਲੈਟਾਂ ਦੀ ਪ੍ਰਾਪਤੀ ਲਈ ਸੜਕਾਂ 'ਤੇ ਆਉਣਾ ਪੈ ਰਿਹਾ ਹੈ। ਮੰਦੇ ਵਿੱਚੋਂ ਉਭਾਰਨ ਲਈ ਮੋਦੀ ਸਰਕਾਰ ਨੇ ਇਸ ਖੇਤਰ ਵਿੱਚ 100 ਪ੍ਰਤੀਸ਼ਤ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਖੁਲ੍ਹ ਦੇ ਦਿੱਤੀ ਹੈ। ਆਰਥਿਕ ਸੰਕਟ ਕਾਰਨ ਨਿਵੇਸ਼ਕਾਰ ਸਨਅਤਾਂ ਦੀ ਬਜਾਏ ਸ਼ੇਅਰ ਬਾਜ਼ਾਰ ਵਿੱਚ ਪੈਸਾ ਲਾ ਰਹੇ ਸਨ ਜਿਸ ਕਾਰਨ ਆਰਥਿਕ ਮੰਦੇ ਦੇ ਬਾਵਜੂਦ ਹੁਣ ਤੱਕ ਸ਼ੇਅਰ ਬਾਜ਼ਾਰ ਅਸਮਾਨ ਛੂਹ ਰਿਹਾ ਸੀ। ਪਰ ਬਜਟ ਵਿੱਚ ਭਾਰਤ ਨੂੰ ਆਰਥਿਕ ਸੰਕਟ ਵਿੱਚੋਂ ਉਭਾਰਨ ਦਾ ਕੋਈ ਰੋਡਮੈਪ ਨਾ ਹੋਣ, ਮਿਊਚਿਲ ਅਤੇ ਸ਼ੇਅਰ ਬਾਜ਼ਾਰ ਦੇ ਮੁਨਾਫ਼ਿਆਂ 'ਤੇ ਟੈਕਸ ਲਾਉਣ ਅਤੇ ਵਿਸ਼ਵ ਆਰਥਿਕਤਾ ਦੇ ਅਸ਼ੁਭ ਸੰਕੇਤਾਂ ਨੇ ਸ਼ੇਅਰ ਬਾਜ਼ਾਰ ਨੂੰ ਡਗਮਗਾ ਦਿੱਤਾ ਹੈ।

ਵਿੱਤ ਮੰਤਰੀ ਦੇ ਬਜਟ ਲਈ ਭਾਰਤ ਅੰਦਰ ਸਥਾਈ ਬੇਰੁਜ਼ਗਾਰੀ ਸਭ ਤੋਂ ਵੱਡੀ ਸਮੱਸਿਆ ਸੀ। ਸਤੰਬਰ 2015 ਵਿੱਚ ਰਾਜਾਂ ਦੇ ਰੁਜ਼ਗਾਰ ਦਫ਼ਤਰਾਂ ਵਿੱਚ 4.82 ਕਰੋੜ ਦਰਜ ਉਮੀਦਵਾਰਾਂ ਵਿੱਚੋਂ ਕੇਵਲ 0.56 ਪ੍ਰਤੀਸ਼ਤ ਨੂੰ ਨੌਕਰੀ ਮਿਲੀ। ਮੋਦੀ ਸਰਕਾਰ ਦੇ ਪਿਛਲੇ ਚਾਰ ਸਾਲਾਂ ਵਿੱਚ ਖੇਤੀਬਾੜੀ ਦੀ ਪੈਦਾਵਾਰ 1.9 ਪ੍ਰਤੀਸ਼ਤ ਰਹੀ ਹੈ ਅਤੇ ਕੁੱਲ ਘਰੇਲੂ ਪੈਦਾਵਾਰ ਵਿੱਚ ਹਿੱਸਾ ਲਗਾਤਾਰ ਘੱਟ ਕੇ 13 ਪ੍ਰਤੀਸ਼ਤ, ਰਹਿ ਗਿਆ ਹੈ। ਪਰ ਅਜੇ ਵੀ ਦੇਸ਼ ਦੀ ਦੋ ਤਿਹਾਈ ਵਸੋ ਖੇਤੀਬਾੜੀ 'ਤੇ ਨਿਰਭਰ ਹੈ। ਖੇਤੀਬਾੜੀ ਦੇ ਮਸ਼ੀਨੀਕਰਨ ਅਤੇ ਰਸਾਇਣੀਕਰਨ ਨਾਲ ਖੇਤੀ ਵਿੱਚ ਦਿਹਾੜੀ ਦਿਨ ਘਟਣ ਕਰਕੇ ਛੋਟੇ ਅਤੇ ਸੀਮਾਂਤ ਕਿਸਾਨ ਅਤੇ ਖੇਤ ਮਜ਼ਦੂਰ ਖੇਤੀਬਾੜੀ ਵਿੱਚੋਂ ਬਾਹਰ ਧੱਕੇ ਜਾ ਰਹੇ ਹਨ। ਪੇਂਡੂ ਵਸੋਂ ਦਾ ਸ਼ਹਿਰਾਂ ਨੂੰ ਪਰਵਾਸ ਹੋ ਰਿਹਾ ਹੈ ਪਰ ਵਸੋਂ ਦੇ ਵਧਣ ਕਾਰਨ ਖੇਤੀ ਕਾਮਿਆਂ ਦੀ ਨਿਰਪੇਖ ਗਿਣਤੀ ਵੀ ਵੱਧ ਰਹੀ ਹੈ। ਜਿਥੇ ਭਾਰਤ ਵਿੱਚ 1950 ਵਿੱਚ 10 ਕਰੋੜ ਖੇਤੀ ਕਾਮੇ ਸਨ, ਉਹ 2011 ਦੀ ਮਰਦਮਸੁਮਾਰੀ ਮੁਤਾਬਿਕ 26 ਕਰੋੜ ਖੇਤੀ ਕਾਮੇ ਹੋ ਗਏ ਹਨ। ਅਮਰੀਕਾ ਵਿੱਚ 25 ਲੱਖ ਖੇਤੀ ਕਾਮਿਆਂ ਦੀ ਪੈਦਾਵਾਰ ਨਾਲ ਉਸ ਦੀਆਂ ਖੇਤੀ ਵਸਤਾਂ ਦੀਆਂ ਜ਼ਰੂਰਤਾਂ ਪੂਰੀਆਂ ਹੋਣ ਤੋਂ ਬਾਅਦ ਉਨ੍ਹਾਂ ਦਾ ਖੇਤੀ ਵਸਤਾਂ ਦਾ ਵਿਦੇਸ਼ੀ ਵਪਾਰ ਪਿਛਲੇ ਪੰਜਾਹ ਸਾਲ ਵਿੱਚ ਵਾਧੂ ਚਲ ਰਿਹਾ ਹੈ। ਜੇਕਰ ਸਾਡੇ ਦੇਸ਼ ਦੇ ਪ੍ਰਤੀ ਕਾਮੇ ਦੀ ਅਮਰੀਕਾ ਦੇ ਕਾਮੇ ਦੇ ਬਰਾਬਰ ਦੀ ਉਤਪਾਦਕਤਾ ਹੋਵੇ ਤਾਂ ਸਾਨੂੰ ਖੇਤੀਬਾੜੀ ਵਿੱਚ ਕੇਵਲ 88 ਲੱਖ ਕਾਮਿਆਂ ਦੀ ਜ਼ਰੂਰਤ ਹੈ। ਇਹ 26 ਕਰੋੜ ਦਾ ਕੇਵਲ 3.3 ਪ੍ਰਤੀਸ਼ਤ ਹੈ। ਭਾਰਤ ਦੀ ਖੇਤੀ ਉਤਪਾਦਕਤਾ ਘੱਟ ਹੋਣ ਦੇ ਬਾਵਜੂਦ ਭਾਰਤ ਅੰਦਰ ਖੇਤੀ 'ਤੇ ਲੱਗੇ ਕਾਮਿਆਂ ਦੀ ਗਿਣਤੀ ਸਾਡੀ ਖੇਤੀ ਲੋੜ ਨਾਲੋਂ ਫਿਰ ਵੀ ਵਾਧੂ ਹੈ। ਭਾਰਤ ਵਿੱਚ ਬੇਰੁਜ਼ਗਾਰ ਕਾਮਿਆਂ ਦਾ ਵੱਡਾ ਹਿੱਸਾ ਪੇਂਡੂ ਖੇਤਰ ਵਿੱਚ ਹੀ ਸਥਿਤ ਹੈ। ਐਨ.ਐਸ.ਐਸ.ਓ. ਅਨੁਸਾਰ ਖੇਤੀ ਛੱਡਣ ਦੀ ਇੱਛਾ ਰੱਖਣ ਵਾਲੇ 45 ਪ੍ਰਤੀਸ਼ਤ ਕਿਸਾਨਾਂ ਕੋਲ ਕੋਈ ਬਦਲ ਨਹੀਂ ਨਹੀਂ ਹੈ। ਮੌਜੂਦਾ ਬਜਟ ਵਿੱਚ 70 ਲੱਖ ਰੁਜ਼ਗਾਰ ਪੈਦਾ ਕਰਨ ਦਾ ਵਾਅਦਾ ਕੀਤਾ ਗਿਆ ਹੈ ਪਰ ਹਰ ਸਾਲ 1.20 ਕਰੋੜ ਨਵੇਂ ਬੇਰੁਜ਼ਗਾਰ ਪੈਦਾ ਹੋ ਰਹੇ ਹਨ। ਕਿਸਾਨ 27 ਕਰੋੜ 50 ਲੱਖ ਟਨ ਰਿਕਾਰਡ ਪੈਦਾਵਾਰ ਕਰਨ ਦੇ ਬਾਵਜੂਦ 12.60 ਲੱਖ ਕਰੋੜ ਕਰਜ਼ੇ ਦੇ ਬੋਝ ਹੇਠ ਹਨ ਜਿਸ ਕਾਰਨ ਤਿੰਨ ਲੱਖ ਤੋਂ ਵੱਧ ਕਿਸਾਨ ਮਜ਼ਦੂਰ ਖੁਦਕਸੀਆਂ ਕਰ ਚੁੱਕੇ ਹਨ।ਪਰ ਦੂਜੇ ਪਾਸੇ ਖੇਤੀ ਲਾਗਤ ਨਾਲ ਜੁੜੇ ਕਾਰਪੋਰੇਟਾਂ ਨੇ 2016-17 ਵਿੱਚ ਖਾਦਾਂ ਤੋਂ 1255 ਕਰੋੜ ਰੁਪਏ, ਟਿਊਬਲ ਪੰਪਾਂ ਤੋਂ 125 ਕਰੋੜ, ਟਰੈਕਟਰਾਂ ਤੋਂ 5300 ਕਰੋੜ, ਕੀੜੇ ਮਾਰ ਦਵਾਈਆਂ ਤੋਂ 900 ਕਰੋੜ, ਬੀਜਾਂ ਤੋਂ 85 ਕਰੋੜ ਅਤੇ ਕੋਲਡ ਸਟੋਰਾਂ ਤੋਂ 7200 ਕਰੋੜ ਰੁਪਏ ਮੁਨਾਫ਼ੇ ਕਿਸਾਨਾਂ ਤੋਂ ਨਿਚੋੜੇ ਹਨ।ਬਜਟ ਵਿੱਚ ਟੈਕਸ ਸਲੈਬ ਵਿੱਚ ਵਾਧਾ ਨਾ ਹੋਣ ਅਤੇ ਪੈਟਰੋਲ-ਡੀਜ਼ਲ 'ਤੇ ਸੈਸ ਵਧਣ ਕਾਰਨ ਮੱਧ ਵਰਗ ਦਾ ਮੋਦੀ ਤੋਂ ਮੋਹ ਭੰਗ ਹੋ ਗਿਆ ਹੈ। ਬਜਟ ਬੇਰੁਜ਼ਗਾਰਾਂ ਅਤੇ ਅਰਧ-ਬੇਰੁਜ਼ਗਾਰਾਂ ਲਈ ਕੋਈ ਆਸ ਦੀ ਕਿਰਨ ਲੈ ਕੇ ਨਹੀਂ ਆਇਆ। ਪੂੰਜੀ ਜਮਾਂ ਹੋਈ ਕਿਰਤ ਸ਼ਕਤੀ ਹੁੰਦੀ ਹੈ। ਕਿਰਤ ਸ਼ਕਤੀ ਨੇ ਕੁਦਰਤੀ ਸਰੋਤਾਂ ਉਪਰ ਕੰਮ ਕਰਕੇ ਪੂੰਜੀ ਇਕੱਤਰ ਕਰਨੀ ਹੁੰਦੀ ਹੈ। ਭਾਰਤ ਅੰਦਰ ਵਸੋਂ ਦਾ ਅੱਧਾ ਹਿੱਸਾ ਔਰਤਾਂ ਘਰ ਦੀ ਚਾਰਦਿਵਾਰੀ ਵਿੱਚ ਕੈਦ ਹਨ। ਇਸ ਵੱਡੇ ਹਿੱਸੇ ਦੀ ਕਿਰਤ ਸ਼ਕਤੀ ਅਜਾਂਈ ਜਾ ਰਹੀ ਹੈ। ਬੇਰੁਜ਼ਗਾਰ ਮਨੁੱਖਾ ਸ਼ਕਤੀ ਨੂੰ ਉਪਜਾਊ ਕੰਮ 'ਤੇ ਲਾ ਕੇ ਵੱਡੀ ਪੱਧਰ 'ਤੇ ਨਿਵੇਸ਼ ਨਵੀਂ ਪੂੰਜੀ ਪੈਦਾ ਕੀਤੀ ਜਾ ਸਕਦੀ ਹੈ। ਪਰ ਬਜਟ ਵਿੱਚ ਬੇਰੁਜ਼ਗਾਰੀ ਨੂੰ ਦੂਰ ਕਰਕੇ ਪੂਰਨ ਰੁਜ਼ਗਾਰ ਦੇਣ ਦਾ ਕੋਈ ਖਾਕਾ ਨਹੀਂ ਹੈ।

ਨੋਟਬੰਦੀ, ਜੀਐਸਟੀ ਅਤੇ ਆਧਾਰ ਕਾਰਡ ਨੂੰ ਲੋਕਾਂ 'ਤੇ ਧੱਕੇ ਨਾਲ ਠੋਸਣ ਦੇ ਨਾਂਹ ਪੱਖੀ ਸਿੱਟੇ ਨਿਕਲਨ ਦੇ ਬਾਵਜੂਦ ਮੋਦੀ ਨੇ ਕੋਈ ਪ੍ਰਵਾਹ ਨਹੀਂ ਕੀਤੀ ਸੀ। ਪਰ ਗੁਜਰਾਤ ਅਤੇ ਰਾਜਸਥਾਨ ਦੀਆਂ ਚੋਣਾਂ ਸਮੇਂ ਕਿਸਾਨਾਂ ਦੇ ਬਦਲੇ ਮਜਾਜ਼ ਨੇ ਮੋਦੀ ਗੁਜਰਾਤ ਮਾਡਲ ਦੀਆਂ ਚੂਲਾਂ ਹਿੱਲਾ ਕੇ ਰੱਖ ਦਿੱਤੀਆਂ ਹਨ। ਇਹ ਦੇਖ ਕੇ ਮੋਦੀ ਨੇ ਮੌਜੂਦਾ ਬਜਟ ਨੂੰ ਪੇਂਡੂ ਨੁਹਾਰ ਦੇਣ ਲਈ ਕਿਸਾਨਾਂ ਦੀਆਂ ਫ਼ਸਲਾਂ ਦੀਆਂ ਲਾਗਤਾਂ ਦਾ ਡੇਢ ਗੁਣਾਂ ਮੁੱਲ ਦੇਣ ਦੇ ਜੁਮਲੇ ਛੱਡਣੇ ਸ਼ੁਰੂ ਕਰ ਦਿੱਤੇ ਹਨ।ਹਾਲਾਂਕਿ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਹਲਫਨਾਮਾ ਦੇ ਕੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਫ਼ਸਲਾਂ ਦੀਆਂ ਉਤਪਾਦਕ ਲਾਗਤਾਂ ਦਾ ਡੇਢ ਗੁਣਾਂ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਰ ਹੁਣ ਮੋਦੀ ਸਰਕਾਰ ਨੇ ਰਬੀ ਦੀਆਂ ਫ਼ਸਲਾਂ ਦੀਆਂ ਲਾਗਤਾਂ ਦਾ ਡੇਢ ਗੁਣਾਂ ਦੇ ਚੁੱਕੇ ਹੋਣ ਦਾ ਐਲਾਨ ਵੀ ਕਰ ਦਿੱਤਾ ਹੈ। ਦਰਅਸਲ ਅਰੁਨ ਜੇਤਲੀ ਕਿਸਾਨਾਂ ਨੂੰ ਗੁਮਰਾਹ ਕਰਨ ਲਈ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਦੇਣ ਲਈ ਗ਼ਲਤ ਫਾਰਮੂਲੇ ਏ-2 ਦੀ ਚੋਣ ਕਰ ਰਿਹਾ ਹੈ। ਏ-2 ਵਿੱਚ ਕਿਸਾਨ ਦੇ ਆਰਥਿਕ ਖ਼ਰਚੇ ਜਿਵੇਂ ਬੀਜ, ਖਾਦ, ਤੇਲ, ਰਸਾਇਣ, ਮੁੱਲ ਦੀ ਲੇਬਰ, ਸਿੰਜਾਈ ਦੀ ਕੀਮਤ, ਠੇਕੇ 'ਤੇ ਲਈ ਜ਼ਮੀਨ ਦਾ ਠੇਕਾ, ਸੰਦਾਂ ਦੀ ਟੁੱਟ ਭੱਜ ਘਸਾਈ, ਫ਼ਸਲਾਂ ਦੀ ਸਾਂਭ ਸੰਭਾਲ ਖ਼ਰਚੇ, ਪੂੰਜੀ ਉਪਰ ਵਿਆਜ ਸ਼ਾਮਿਲ ਹੁੰਦੇ ਹਨ॥ ਸੀ-2 ਵਿੱਚ ਏ-2 ਵਾਲੇ ਸਾਰੇ ਖ਼ਰਚਿਆਂ ਤੋਂ ਇਲਾਵਾ ਆਪਣੀ ਜ਼ਮੀਨ ਦਾ ਠੇਕਾ, ਸਥਿਰ ਪੂੰਜੀ ਉਪਰ ਵਿਆਜ ਅਤੇ ਪਰਿਵਾਰਕ ਲੇਬਰ ਸ਼ਾਮਿਲ ਹੁੰਦੀ ਹੈ। ਡਾ. ਰਾਮ ਚੰਦ ਕਮੇਟੀ ਨੇ ਸੀ-2 ਤੋਂ ਇਲਾਵਾ ਪਰਿਵਾਰਕ ਲੇਬਰ ਨੂੰ ਟੈਕਨੀਕਲ ਲੇਬਰ ਮੰਨਣ, ਵਿਆਜ ਪੂਰੇ ਫ਼ਸਲੀ ਸੀਜਨ ਦਾ ਪਾਉਣ, ਜ਼ਮੀਨ ਦਾ ਮੰਡੀ ਪ੍ਰਚਲਤ ਠੇਕਾ ਪਾਉਣ, ਫ਼ਸਲਾਂ ਦੇ ਮੰਡੀਕਰਨ, ਫ਼ਸਲ ਦੇ ਸਫ਼ਾਈ ਖ਼ਰਚੇ, ਢੋਅ ਢੁਆਈ ਖ਼ਰਚੇ, ਪੈਕਿੰਗ ਖ਼ਰਚੇ ਪਾਉਣ ਦੀ ਸਿਫਾਰਿਸ਼ ਵੀ ਕੀਤੀ ਸੀ। ਸਰਕਾਰ ਦੀਆਂ ਆਪਣੀਆਂ ਏਜੰਸੀਆਂ ਮੁਤਾਬਕ ਕਣਕ ਦੀ ਲਾਗਤ ਲਗਪਗ 2400 ਰੁਪਏ ਪ੍ਰਤੀ ਕਵਿੰਟਲ ਪੈਂਦੀ ਹੈ ਪਰ ਕਿਸਾਨਾਂ ਨੂੰ ਘੱਟੋ ਘੱਟ ਸਮਰਥਨ ਮੁੱਲ 1625 ਰੁਪਏ ਦੇ ਕੇ 775 ਰੁਪਏ ਪ੍ਰਤੀ ਕਵਿੰਟਲ ਘਾਟਾ ਪੈਂਦਾ ਹੈ।ਮੋਦੀ ਸਰਕਾਰ ਨੇ ਏ-2 ਫਾਰਮੂਲੇ ਅਨੁਸਾਰ ਫ਼ਸਲਾਂ ਦੀਆਂ ਲਾਗਤਾਂ ਦਾ ਡੇਢ ਗੁਣਾਂ ਮੁੱਲ ਦੇ ਕੇ ਕਿਸਾਨਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰਕੇ ਇਕ ਹੋਰ ਜੁਮਲਾ ਛੱਡਿਆ ਹੈ।

ਦੇਸ਼ ਦੀ 65 ਪ੍ਰਤੀਸ਼ਤ ਜ਼ਮੀਨ ਬਰਸਾਤ 'ਤੇ ਨਿਰਭਰ ਹੈ। ਪਰ ਬਜਟ ਵਿੱਚ ਸਾਰੀ ਜ਼ਮੀਨ ਦੀ ਸਿੰਚਾਈ ਕਰਨ ਲਈ ਕੇਵਲ 1260 ਕਰੋੜ ਰੁਪਏ ਦੀ ਨਿਗੂਣੀ ਰਾਸ਼ੀ ਰੱਖ ਕੇ ਇਕ ਹੋਰ ਜੁਮਲਾ ਛੱਡਿਆ ਗਿਆ ਹੈ। ਕਿਸਾਨਾਂ ਦੀ ਪ੍ਰਤੀ ਪਰਿਵਾਰ ਖ਼ਰਚਾ 4700 ਰੁਪਏ ਹੈ ਪਰ ਉਨ੍ਹਾਂ ਦੀ ਆਮਦਨ 3600 ਰੁਪਏ ਹੈ। ਬਜਟ ਵਿੱਚ 222 ਖੇਤੀ ਮੰਡੀਆਂ ਬਨਾਉਣ ਕਰਨ ਲਈ ਕੇਵਲ 2000 ਕਰੋੜ ਰੁਪਏ, ਖੇਤੀ ਲਈ 10 ਲੱਖ ਕਰੋੜ ਰੁਪਏ ਉਧਾਰ ਕਰਜ਼ਾ ਦੇਣ, 2 ਕਰੋੜ ਘਰ ਬਨਾਉਣ, 8 ਕਰੋੜ ਔਰਤਾਂ ਨੂੰ ਗੈਸ ਕਨੈਕਸ਼ਨ ਦੇਣ, ਫੂਡ ਪ੍ਰੋਸੈਸਿੰਗ ਆਦਿ ਕਰਨ ਦੇ ਜੁਮਲੇ ਵੀ ਛੱਡ ਕੇ ਬਜਟ ਨੂੰ ਸਰਬੱਤ ਦੇ ਕਲਿਆਣ ਵਾਲਾ ਕਿਹਾ ਹੈ।ਦੇਸ਼ ਦੇ ਕਿਸਾਨਾਂ ਸਿਰ 12.60 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਸਾਢੇ ਤਿੰਨ ਲੱਖ ਕਿਸਾਨ ਖੁਦਕਸ਼ੀਆਂ ਕਰ ਚੁੱਕੇ ਹਨ। ਪਰ ਬਜਟ ਵਿੱਚ ਨਾ ਕਿਸਾਨਾਂ ਦਾ ਕਰਜ਼ਾ ਮੁਆਫ਼ੀ ਅਤੇ ਨਾ ਹੀ ਖੁਦਕਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪੀੜਤ ਪਰਿਵਾਰਾਂ ਨੂੰ ਕੋਈ ਰਾਹਤ ਪੈਕੇਜ ਦਿੱਤਾ ਗਿਆ ਹੈ। ਦੇਸ਼ ਦੇ ਸਭ ਤੋਂ ਨਪੀੜੇ ਕੁਚਲੇ ਜਾਂਦੇ ਖੇਤ/ ਪੇਂਡੂ ਮਜਦੂਰਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਬਜਟ ਬੇਰੁਜ਼ਗਾਰੀ, ਜਰੱਈ ਸੰਕਟ, ਸਨਅਤੀ ਸੰਕਟ ਅਤੇ ਸੇਵਾ ਖੇਤਰ ਦੇ ਸੰਕਟ ਦੀਆਂ ਵਿਰਾਟ ਸਮੱਸਿਆਵਾਂ ਦਾ ਕੋਈ ਰੋਡਮੈਪ ਪੇਸ਼ ਨਹੀਂ ਕਰਦਾ। ਅੰਗਰਜ਼ਾਂ ਤੋਂ ਪਹਿਲਾਂ ਭਾਰਤ 'ਚ ਖੇਤੀਬਾੜੀ ਅਤੇ ਦਸਤਕਾਰੀ ਦੀ ਏਕਤਾ ਅਤੇ ਕਿਰਤ ਦੀ ਸਥਾਈ ਵੰਡ 'ਤੇ ਆਧਾਰਿਤ ਆਰਥਿਕ ਪ੍ਰਣਾਲੀ ਸੀ। ਜ਼ਮੀਨ ਦੀ ਸਾਂਝੀ ਮਾਲਕੀ ਹੁੰਦੀ ਸੀ ਪਰ ਖੇਤੀ ਕਰਨ ਲਈ ਜ਼ਮੀਨ 'ਤੇ ਵਿਅਕਤੀਗਤ ਕਬਜਾ ਹੁੰਦਾ ਸੀ। ਪਬਲਕ ਜਲ ਸਪਲਾਈ (ਨਹਿਰਾਂ) ਖੇਤੀ ਲਈ ਮੁਢਲੀ ਸ਼ਰਤ ਹੁੰਦੀ ਸੀ। ਪਿੰਡ ਸਵੈ-ਨਿਰਭਰ ਇਕਾਈਆਂ ਸਨ। ਬੇਰੁਜ਼ਗਾਰੀ ਨਹੀਂ ਹੁੰਦੀ ਸੀ। ਪਰ ਬਰਤਾਨਵੀਂ ਹਕੂਮਤ ਨੇ ਆਪਣੀ ਲੁੱਟ ਲਈ ਇਹ ਪ੍ਰਬੰਧ ਤੋੜ ਦਿੱਤਾ। ਹੁਣ ਵੀ ਜਰੱਈ ਸੰਕਟ ਨੂੰ ਦੂਰ ਕਰਨ ਲਈ ਪੁਰਾਣੀ ਭਾਰਤੀ ਪ੍ਰਣਾਲ਼ੀ ਤੋਂ ਸਬਕ ਸਿੱਖਣ ਦੀ ਲੋੜ ਹੈ। ਪੇਂਡੂ ਖੇਤਰ ਵਿੱਚ ਖੇਤੀਬਾੜੀ ਆਧਾਰਿਤ ਐਗਰੋ ਸਨਅਤਾਂ ਅਤੇ ਖੇਤੀ ਲਾਗਤਾਂ ਪੈਦਾ ਕਰਨ ਵਾਲੀਆਂ ਸੂਖ਼ਮ, ਛੋਟੀਆਂ ਅਤੇ ਦਰਮਿਆਨੀਆਂ ਕਿਰਤ ਸੰਘਣਤਾ ਵਾਲੀਆਂ ਅਤੇ ਵੱਡੀਆਂ ਸਨਅਤਾਂ ਹਰ ਰਾਜ ਅਤੇ ਹਰ ਇਲਾਕੇ ਵਿੱਚ ਸਥਾਪਿਤ ਹੋਣੀਆਂ ਚਾਹੀਦੀਆਂ ਹਨ। ਇਸ ਨਾਲ ਪੇਂਡੂ ਖੇਤਰ ਦੀ ਵਿਹਲੀ ਬੇਰੁਜ਼ਗਾਰ ਕਿਰਤ ਸ਼ਕਤੀ ਨੂੰ ਕੰਮ ਦਿੱਤਾ ਜਾ ਸਕਦਾ ਹੈ। ਇਸ ਨਾਲ ਭਾਰਤ ਵਿੱਚ ਤੇਜ਼ ਗਤੀ ਨਾਲ ਪੂੰਜੀ ਨਿਰਮਾਣ ਹੋ ਸਕਦਾ ਹੈ, ਭਾਰਤ ਦੀ ਸਿੱਧੇ ਵਿਦੇਸ਼ੀ ਨਿਵੇਸ਼ ਲਈ ਸਾਮਰਾਜੀ ਦੇਸ਼ਾਂ 'ਤੇ ਨਿਰਭਰਤਾ ਘੱਟ ਸਕਦੀ ਹੈ। ਕਾਰਪੋਰੇਟ ਮਾਡਲ ਦੀ ਥਾਂ ਇਸ ਮਾਡਲ 'ਤੇ ਚਲ ਕੇ ਭਾਰਤ ਨੂੰ ਦਰਪੇਸ਼ ਵਿਰਾਟ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ।

78883-27695

# ਪੰਜਾਬੀਆਂ ਨੇ ਵਿਨੀਪੈਗ 'ਚ ਧੂਮਧਾਮ ਨਾਲ ਮਨਾਈ ਲੋਹੜੀ

ਵਿਨੀਪੈਗ (ਸੁਰਿੰਦਰ ਮਾਵੀ) : ਪਿਛਲੇ ਦਿਨੀਂ ਆਰ ਬੀ ਸੀ ਕੰਨਵੈਸ਼ਨ ਸੈਂਟਰ ਵਿਨੀਪੈਗ ਵਿਚ ਏਸ਼ੀਅਨ ਵੋਮੈਨ ਆਫ਼ ਵਿਨੀਪੈਗ ਵੱਲੋਂ ਵਿਨੀਪੈਗ ਵਾਸੀਆਂ ਨਾਲ ਮਿਲ ਕੇ ਮੁੰਡੇ-ਕੁੜੀਆ ਅਤੇ ਨਵੇਂ ਵਿਆਹੇ ਜੋੜਿਆਂ ਦੀ ਲੋਹੜੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ। ਇਸ ਸਮੇਂ ਨਵਜਨਮੇ ਬੱਚਿਆਂ ਦੀ ਲੋਹੜੀ ਪਾਈ ਗਈ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਸਣੇ ਸਨਮਾਨਿਤ ਕੀਤਾ ਗਿਆ। ਜਿਸ ਵਿਚ ਧੀਆਂ-ਪੁੱਤਰਾਂ ਦੀ ਬਰਾਬਰਤਾ ਲਈ ਲੋਹੜੀ ਵੰਡੀ ਗਈ। ਪ੍ਰਬੰਧਕ ਸ਼ੈਰਨ ਤਾਪੀਆ, ਮੋਨਿਕਾ ਭੁਟਾਨੀ, ਡਿੰਪਲ ਕੁਮਾਰ, ਨਿਸ਼ੂ ਗੰਬਰ ਅਤੇ ਸ਼ਰੂਤੀ ਕੰਗ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਭਾਵੇਂ ਅਸੀਂ ਬਾਹਰਲੇ ਮੁਲਕਾਂ ਵਿਚ 21ਵੀਂ ਸਦੀ ਵਿਚ ਜੀਅ ਰਹੇ ਹਾਂ ਪਰ ਫਿਰ ਵੀ ਸਾਡੇ ਮਨ ਧੀਆਂ ਨਾਲੋਂ ਪੁੱਤਰਾਂ ਨੂੰ ਜ਼ਿਆਦਾ ਤਰਜ਼ੀਹ ਦਿੰਦੇ ਹਨ। ਧੀਆਂ ਹਮੇਸ਼ਾ ਮਾਪਿਆਂ ਦੀ ਸੁੱਖ ਮੰਗਦੀਆਂ ਹਨ। ਇਸੇ ਤਹਿਤ ਨਵ-ਜੰਮੀਆਂ ਬੱਚੀਆਂ ਦੀ ਲੋਹੜੀ ਵੰਡੀ ਗਈ। ਇਸ ਪ੍ਰੋਗਰਾਮ ਦੀ ਸ਼ੁਰੂਆਤ ਸ਼ਾਮ ਦੇ ਪੰਜ ਵਜੇ ਕੀਤੀ ਗਈ ਤੇ ਇਹ ਅੱਠ ਵਜੇ ਤੱਕ ਜਾਰੀ ਰਿਹਾ। ਪ੍ਰੋਗਰਾਮ ਦੀ ਸ਼ੁਰੂਆਤ ਬੁੱਲ੍ਹਾ ਆਰਟਸ ਦੇ ਬੱਚਿਆਂ "ਨਖ਼ਰਾ ਕੁਈਅਨਸ" ਦੇ ਬਹੁਤ ਹੀ ਸੋਹਣੇ ਪੰਜਾਬੀ ਫੋਕ ਨਾਲ ਹੋਈ। ਰੰਗਾਰੰਗ ਪ੍ਰੋਗਰਾਮ ਦੇ ਸ਼ੁਰੂ ਵਿਚ ਬੱਚਿਆਂ ਵੱਲੋਂ ਲੋਹੜੀ ਦਾ ਗੀਤ ਗਾਇਆ ਗਿਆ। ਇਸ ਤੋਂ ਬਾਅਦ ਪੂਜਾ ਰਾਵਲ ਵੱਲੋਂ ਬਾਲੀਵੁੱਡ ਗੀਤਾਂ 'ਤੇ ਡਾਂਸ ਪੇਸ਼ ਕੀਤਾ ਗਿਆ। ਐਬਓਰਾਜ਼ਿਨਲ ਸਕੂਲ ਆਫ਼ ਡਾਂਸ ਵੱਲੋਂ ਮੂਲ ਲੋਕਾਂ ਦਾ ਡਾਂਸ ਪੇਸ਼ ਕੀਤਾ ਗਿਆ। ਮੈਨੀਟੋਬਾ ਚਾਅਨੀਸ ਵੋਮੈਨ ਐਸੋਸੀਏਸ਼ਨ ਵੱਲੋਂ ਬਹੁਤ ਹੀ ਖ਼ੂਬਸੂਰਤ ਫ਼ੈਸ਼ਨ ਸੋਅ ਪੇਸ਼ ਕੀਤਾ ਗਿਆ। "ਧਮਕ ਮਜਾਜਣਾਂ ਦੀ" ਗਰੁੱਪ ਵੱਲੋਂ ਬਾਕਾਲ ਗਿੱਧਾ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਿਹਾ।

ਨਵਜੰਮੇ ਬੱਚਿਆਂ ਦੇ ਮਾਪਿਆਂ ਨੇ ਪ੍ਰੋਗਰਾਮ ਦੌਰਾਨ ਬੱਚਿਆਂ ਦੀ ਖ਼ੁਸ਼ੀ ਸਾਂਝੀ ਕਰਦਿਆਂ ਮੰਚ 'ਤੇ ਭੰਗੜੇ ਪਾਏ। ਮਾਪਿਆਂ ਵਿਚ ਗੁਰਾਇਆ ਫੈਮਲੀ ਨੇ ਆਪਣੀ ਧੀ ਜਪਲੀਨ ਕੌਰ ਦੀ ਲੋਹੜੀ ਮਨਾਈ। ਇਸ ਤਰ੍ਹਾਂ ਹੀ ਢਿੱਲੋਂ ਫੈਮਲੀ ਨੇ ਆਪਣੇ ਬੱਚੇ ਗਵੀ 'ਤੇ ਜ਼ੂਲੀਅਨ ਰੋਕੀ ਦੀ ਖ਼ੁਸ਼ੀ ਸਾਰਿਆਂ ਨਾਲ ਸਾਂਝੀ ਕੀਤੀ। ਇਸ ਤੋਂ ਇਲਾਵਾ ਖ਼ੁਸ਼ੀ ਸਾਂਝੀ ਕਰਨ ਵਾਲਿਆਂ ਵਿਚ ਬਲ ਪਰਿਵਾਰ, ਮੱਕੜ ਪਰਿਵਾਰ, ਜੋਰਾ ਪਰਿਵਾਰ ਅਤੇ ਸ਼ਰਮਾ ਫੈਮਲੀ ਨੇ ਆਪਣੇ ਬੇਟੇ ਯੁਨੀ ਸ਼ਰਮਾ ਦੀ ਲੋਹੜੀ ਮਨਾਈ। ਐਮ ਐਲ ਏ ਐਂਡਰਿਓ ਸਮਿਥ ਨੇ ਆਪਨੇ ਨਵੇਂ ਵਿਆਹ ਦੀ ਖ਼ੁਸ਼ੀ ਸਭ ਨਾਲ ਸਾਂਝੀ ਕੀਤੀ ਗਈ। ਨਵ ਵਿਆਹੇਆਂ ਵਿਚ ਮਾਣਕ ਫੈਮਲੀ , ਗੁਰਮੁਖ ਚਾਚਾ ਦੀ ਫੈਮਲੀ ਤੇ ਅੰਮ੍ਰਿਤ ਤੇ ਅਵੀਨੂਰ ਸ਼ਾਮਲ ਸਨ। ਇਸ ਮੌਕੇ ਐਮ ਪੀ ਟੈਰੀ ਡੂਗਡ, ਐਮ ਐਲ ਏ ਰੋਸ਼ਿਲ , ਐਮ ਐਲ ਏ ਕੌ ਲੀਨ 'ਤੇ ਡੈਰਿਕ ਡੈਬੀ ਨੇ ਵੀ ਆਪਣੀ ਹਾਜ਼ਰੀ ਲੁਆਈ ਅਤੇ ਲੋਹੜੀ ਦਾ ਤਿਉਹਾਰ ਪਿਆਰ ਅਤੇ ਸਦਭਾਵਨਾ ਨਾਲ ਮਨਾਉਣ ਦਾ ਸੱਦਾ ਦਿੱਤਾ। ਖਾਣ-ਪੀਣ ਲਈ ਇਸ ਪ੍ਰੋਗਰਾਮ ਵਿਚ ਭਾਰਤੀ ਖਾਣਿਆਂ ਦੀਆਂ ਸਟਾਲਾਂ ਲੱਗੀਆਂ ਹੋਈਆਂ ਸਨ। ਇਸ ਮੌਕੇ ਮੂੰਗਫਲੀਆਂ ਰਿਉੜੀਆਂ ਅਤੇ ਗੱਚਕ ਵੰਡੀ ਗਈ। ਅਖੀਰ ਵਿਚ ਲੋਹੜੀ ਮੇਲੇ ਦੇ ਪ੍ਰਬੰਧਕਾਂ 'ਤੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਦਿਆਂ ਸ਼ੈਰਨ ਤਾਪੀਆ 'ਤੇ ਸ਼ੁਭਲੀਨ ਸਿੱਧੂ ਨੇ ਪ੍ਰੋਗਰਾਮ ਵਿਚ ਸਹਿਯੋਗ ਦੇਣ ਵਾਲੇ ਤੇ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ।

*– 8 ਮਾਰਚ ਅੰਤਰਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ –*

# 21ਵੀਂ ਸਦੀ ਦੀ 'ਪਾਵਰ ਵੂਮੈਨ' ਦਾ ਯਥਾਰਥ



ਪਰਮਿੰਦਰ ਕੌਰ ਸਵੈਚ
604 760 4794



ਅੱਜ 21ਵੀਂ ਸਦੀ ਵਿੱਚ ਔਰਤ ਦੀ ਅਜ਼ਾਦੀ ਨੂੰ ਸਹਮਣੇ ਰੱਖਦਿਆਂ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ। ਔਰਤ ਦੀ ਅੱਜ ਦੀ ਸਥਿਤੀ ਕੀ ਹੈ? ਕੀ ਉਹ ਅਜ਼ਾਦ ਹੈ? ਉਸਦੀ ਅੱਜ ਦੀ ਦਸ਼ਾ ਤੇ ਦਿਸ਼ਾ ਕੀ ਹੈ? ਕੀ ਉਸਨੂੰ ਸਾਰੇ ਹੱਕ ਹਾਸਲ ਹਨ? ਕੀ ਉਸਦੀ ਲੜਾਈ ਖਤਮ ਹੋ ਗਈ ਹੈ? ਕੀ ਅੱਜ ਦੀ ਉਪਾਵਰ ਵੂਮੈਨ"



ਆਪਣੀ ਮੰਜ਼ਲ ਤੇ ਪਹੁੰਚ ਗਈ ਹੈ? ਅੱਜ ਦੇ ਦਿਨ ਤੇ ਇਹ ਸਾਰੇ ਸਵਾਲ ਸਾਡੇ ਲਈ ਚਨੌਤੀ ਹਨ।

ਅੱਜ ਜਦੋਂ ਅਸੀਂ ਆਪਣੇ ਆਲੇ ਦੁਆਲੇ ਨਜ਼ਰ ਮਾਰਦੇ ਹਾਂ ਤਾਂ ਲੱਗਦਾ ਇਉਂ ਹੈ ਕਿ ਔਰਤ ਅਜ਼ਾਦ ਹੋ ਗਈ ਹੈ ਤੇ ਕਈ ਥਾਵਾਂ ਤੇ ਤਾਂ ਮਰਦਾਂ ਨਾਲੋਂ ਵੀ ਉੱਚ ਅਹੁਦਿਆਂ ਤੇ ਬੈਠੀ ਹੈ।ਜਿਹੜੀ ਔਰਤ ਪਿਛਲੇ ਸਮੇਂ ਵਿੱਚ ਘਰ ਬੈਠ ਕੇ ਬੱਚੇ ਪਾਲਦੀ ਸੀ, ਪਰਿਵਾਰ ਦੀਆਂ ਸੁੱਖ ਸਹੂਲਤਾਂ ਦਾ ਖਿਆਲ ਰੱਖਦੀ ਸੀ ਤੇ ਇੱਕ ਯੂਨਿਟ ਦੇ ਤੌਰ ਤੇ ਕੰਮ ਕਰ ਰਹੀ ਸੀ, ਬਜ਼ਾਰ ਨੇ ਹੁਣ ਉਹਦੀ ਕਿਰਤ ਦਾ ਬਹੁਤਾ ਹਿੱਸਾ ਮੰਡੀ ਦੀ ਭੱਠ ਵਿੱਚ ਝੋਕ ਦਿੱਤਾ ਹੈ।ਔਰਤ ਦੀ ਕਿਰਤ ਸ਼ਕਤੀ ਦੇ ਮੁਆਵਜ਼ੇ ਨੂੰ ਹੀ ਔਰਤ ਦੀ ਅਜ਼ਾਦੀ ਦਾ ਨਾਂ ਦਿੱਤਾ ਜਾ ਰਿਹਾ ਹੈ ਜਦਕਿ ਹੁਣ ਉਹ ਦੂਹਰਾ ਸੰਤਾਪ ਹੰਢਾ ਰਹੀ ਹੈ। ਜੇ ਸਿਰਫ ਬਾਹਰ ਜਾ ਕੇ ਕੰਮ ਕਰਨ ਨੂੰ ਅਜ਼ਾਦੀ ਕਹੀਏ ਤਾਂ ਗ਼ਰੀਬ ਔਰਤਾਂ ਮੁੱਢ ਤੋਂ ਹੀ ਖੇਤਾਂ ਵਿੱਚ, ਸੜਕਾਂ ਤੇ ਰੋੜੀ ਕੁੱਟਦੀਆਂ, ਇਮਾਰਤਾਂ ਲਈ ਇੱਟਾਂ ਗਾਰਾਂ ਢੋਹਦੀਆਂ ਦੇਖੀਆਂ ਜਾ ਸਕਦੀਆਂ ਹਨ, ਕੀ ਉਸਨੂੰ ਵੀ ਅਜ਼ਾਦੀ ਦਾ ਨਾਂ ਦੇਵਾਂਗੇ ?

ਔਰਤ ਦੀ ਕਿਰਤ ਸ਼ਕਤੀ ਦਾ ਲ਼ਾਭ ਉਠਾਉਂਦੇ ਹੋਏ ਪੂੰਜੀਵਾਦੀ ਸਮਾਜ ਵਿੱਚ 45% ਔਰਤਾਂ ਵਿੱਚੋਂ ਸਿਰਫ 1% ਔਰਤ ਹੀ ਸਮਾਜ ਦੀ ਨੁਮਾਇੰਦਗੀ ਕਰਦੀ ਹੈ ਬਾਕੀ ਤਾਂ ਛੋਟੇ ਛੋਟੇ ਕੰਮਾਂ ਤੇ ਘੱਟ ਤਨਖਾਹ ਨਾਲ ਆਰਥਿਕ ਲੋੜਾਂ ਦੀ ਪੂਰਤੀ ਲਈ ਜਿਹੜੀਆਂ ਖਪਤਵਾਦ ਨੇ ਲੋੜ ਤੋਂ ਵੱਧ ਵਧਾ ਦਿੱਤੀਆਂ ਹਨ ਉਹਨਾਂ ਲਈ ਹਰ ਵਕਤ ਭੱਜੀ ਨੱਠੀ ਦਿਖਾਈ ਦੇ ਰਹੀ ਹੈ।ਇਸ ਦੂਹਰੀ ਕਿਰਤ ਦੇ ਬਾਵਜੂਦ ਵੀ ਸਾਡੇ ਸਮਾਜ ਦੀ ਸੰਕੀਰਣ, ਪ੍ਰੰਪਰਾਵਾਦੀ ਤੇ ਸੰਸਾਰੀਕਰਣ ਸੋਚ ਨੇ ਭਰੂਣ ਹੱਤਿਆ, ਬਲਾਤਕਾਰ, ਔਰਤਾਂ ਦੇ ਕਤਲ, ਅਣਖ ਕਾਰਣ ਮੌਤਾਂ, ਵਿਆਹ ਵੇਲੇ ਖਰਚੇ, ਮੂੰਹ ਮੰਗੀਆਂ ਦਾਜ ਦੀਆਂ ਲਿਸਟਾਂ, ਵੇਸਵਾਗਮਨੀ, ਔਰਤ ਦਾ ਬਜ਼ਾਰੀਕਰਣ ਤੇ ਹਿੰਸਾਤਮਿਕ ਘਟਨਾਵਾਂ ਆਦਿ ਵਿੱਚ ਕਮੀ ਹੋਣ ਦੀ ਥਾਂ ਤੇ ਵਾਧਾ ਹੀ ਕੀਤਾ।ਇਹ ਔਰਤ ਦੀ ਤਰੱਕੀ ਨਹੀਂ ਸਗੋਂ ਸ਼ੋਸ਼ਣ ਦੀਆਂ ਮਿਸਾਲਾਂ ਹਨ। ਸ਼ੋਸ਼ਣ ਤੇ ਅਧਾਰਤ ਸਮਾਜ ਕਦੇ ਵੀ ਬਰਾਬਰਤਾ ਦਾ ਲੁੱਟ ਰਹਿਤ ਸਮਾਜ ਨਹੀਂ ਹੋ ਸਕਦਾ। ਜਿਸ ਸਮਾਜ ਦੀ ਅੱਧੀ ਅਬਾਦੀ ਨਾਲ ਇਹ ਕੁੱਝ ਵਾਪਰ ਰਿਹਾ ਹੈ ਉਸ ਸਮਾਜ ਦਾ ਅਜ਼ਾਦ ਹੋਣਾ ਨਾਮੁਮਕਿਨ ਹੈ।ਇਹ ਮਸਲਾ ਇੱਕਲੀ ਔਰਤ ਦੀ ਅਜ਼ਾਦੀ ਦਾ ਨਹੀਂ ਸਗੋਂ ਮਨੁੱਖਤਾ ਦੀ ਅਜ਼ਾਦੀ ਦਾ ਹੈ ਕਿਉਂਕਿ ਇਹ ਸਮਾਜ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ। ਇੱਕ ਲੁੱਟਣ ਵਾਲੀ ਤੇ ਦੂਜੀ ਲੁੱਟ ਖਾਣ ਵਾਲੀ। ਜਿਨ੍ਹਾਂ ਚਿਰ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਖ਼ਤਮ ਨਹੀਂ ਹੁੰਦੀ ਉਨ੍ਹਾਂ ਚਿਰ ਔਰਤ ਕਦੇ ਵੀ ਅਜ਼ਾਦ ਨਹੀਂ ਹੋ ਸਕਦੀ।


ਔਰਤ ਨੂੰ ਰਾਜਨੀਤੀ, ਧਰਮ, ਸਮਾਜ, ਪ੍ਰੰਪਰਾ, ਸਭਿਆਚਾਰ ਤੇ ਆਰਥਿਕ ਤਾਣੇ ਬਾਣੇ ਨੇ ਜਗੀਰੂ ਨਿੱਜੀ ਜਾਇਦਾਦ ਦੇ ਚੁੰਗਲ ਵਿੱਚੋਂ ਕੱਢ ਕੇ ਬਜ਼ਾਰੀਕਰਣ ਵੱਲ ਧੱਕ ਦਿੱਤਾ ਹੈ। ਜਿਸਦੇ ਸਿੱਟੇ ਵਜੋਂ ਉਸਦੇ ਸਿਰ ਜ਼ੁੰਮੇਵਾਰੀਆਂ ਦੀ ਪੰਡ ਵਧਣ ਲੱਗੀ ਹੈ ਤੇ ਉਹ ਨਵੀਂ ਕਿਸਮ ਦੀ ਗੁਲਾਮੀ ਵਿੱਚ ਧੱਸਣ ਲੱਗੀ ਹੈ।ਇਸ ਤਰ੍ਹਾਂ ਔਰਤ ਦੀ ਕਿਰਤ ਸ਼ਕਤੀ ਵਿੱਚ ਹਿੱਸੇਦਾਰੀ ਤਾਂ ਵਧੀ ਹੈ ਪਰ ਉਸਦੀ ਫੈਸਲੇ ਲੈਣ ਦੀ ਸਮਰੱਥਾ, ਅਜ਼ਾਦ ਵਿਚਰਣ ਦਾ ਹੌਂਸਲਾ ਅਤੇ ਸਿਰਜਣਸ਼ੀਲਤਾ ਘਟੀ ਹੈ ਉਹ ਵੀ ਪੂੰਜੀਵਾਦ ਵਲੋਂ ਪਾਏ ਆਰਥਿਕ ਵਾਧੇ ਦੇ ਭਰਮ ਵਿੱਚ ਸ਼ਾਮਲ ਹੋ ਕੇ ਆਪਣੇ ਫਰਜ਼ਾਂ, ਹੱਕਾਂ ਤੇ ਹੈਸੀਅਤ ਨੂੰ ਗਵਾ ਕੇ ਸੰਸਾਰੀਕਰਣ ਦੀ ਮੰਡੀ ਵਿੱਚ ਅਨੁਸ਼ਾਸ਼ਤ ਤੇ ਵਿਸਥਾਪਤ ਹੋਣ ਲਈ ਮਜ਼ਬੂਰ ਹੋ ਰਹੀ ਹੈ।ਇਸ ਭਰਮ ਦੇ ਤਹਿਤ ਯੋਜਨਾਵੱਧ ਢੰਗ ਨਾਲ ਖਪਤਵਾਦੀ ਸਭਿਆਚਾਰ ਪ੍ਰੋਸਿਆ ਜਾ ਰਿਹਾ ਹੈ ਜਿਸ ਨਾਲ ਜਗੀਰੂ ਮਾਨਸਿਕਤਾ ਤੇ ਭੋਗਵਾਦੀ ਮਾਨਸਿਕਤਾ ਆਪਸ ਵਿੱਚ ਰਲ਼ਗੱਡ ਹੋ ਗਈਆਂ ਹਨ। ਔਰਤ ਹੁਣ ਮੰਡੀ ਵਿੱਚ ਕੰਮ ਕਰਨ ਸਦਕਾ ਮੇਅਕੱਪ, ਕੱਪੜੇ, ਪਰਸ ਅਤੇ ਜੁੱਤੀਆਂ ਦੀ ਚੋਣ ਵਿੱਚ ਹੀ ਉਲਝੀ ਨਜ਼ਰ ਆਉਂਦੀ ਹੈ ਉਸਦੀ ਨੈਤਿਕਤਾ, ਸੂਝ, ਸਿਆਣਪ, ਸਹਿਣਸ਼ੀਲਤਾ, ਜਦੋਜਹਿਦ ਤੇ ਰਚਨਾਤਮਿਕ ਸ਼ਕਤੀ ਉਸ ਵਿਚੋਂ ਗਾਇਬ ਹੋ ਰਹੀਆਂ ਹਨ ਕਿਉਂਕਿ ਉਹ ਰਾਜਨੀਤਿਕ, ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਆਰਥਿਕ ਗੁਲਾਮੀ ਦੇ ਪ੍ਰਭਾਵ ਹੇਠ ਜੀਅ ਰਹੀ ਹੈ।

ਸਮਾਜ ਦੇ ਵਿੱਚ ਉਸਰੀਆਂ ਉਹ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਜਥੇਬੰਦੀਆਂ ਜਿਹੜੀਆਂ ਨੈਤਿਕਤਾ, ਮਨੁੱਖਤਾ, ਧਰਮ ਜਾਂ ਰੱਬ ਪੂਜਕ, ਚੰਗਿਆਈ, ਪੁੰਨ-ਦਾਨ, ਸੇਵਾ-ਭਾਵਨਾ, ਮੁਕਤੀ, ਬੱਚਾ ਪ੍ਰਦਾਨ,ਉਜਲਾ ਭਵਿੱਖ ਆਦਿ ਦਾ ਪ੍ਰਚਾਰ ਕਰਕੇ ਦਹਿਸ਼ਤ ਤੇ ਅਸਰੁੱਖਿਆ ਦਾ ਮਾਹੌਲ ਪੈਦਾ ਕਰਕੇ ਲਿੰਗਕ ਸ਼ੋਸ਼ਣ ਵਿੱਚ ਵਾਧਾ ਕਰਦੀਆਂ ਹਨ ਜਿਵੇਂ ਮੰਦਰਾਂ, ਗੁਰਦਵਾਰਿਆਂ, ਚਰਚਾਂ ਤੇ ਮਸੀਤਾਂ ਜਾਂ ਹੋਰ ਸੰਗਠਨਾਂ ਜਿਨ੍ਹਾਂ ਨੂੰ ਕਾਰਪੋਰੇਸ਼ਨਾਂ ਦੀਆਂ ਹੱਥਠੋਕਾ ਸਰਕਾਰਾਂ ਗਰਾਂਟਾਂ ਦੇ ਪੱਠੇ ਪਾ ਕੇ ਉਹਨਾਂ ਦੀਆਂ ਮਨਆਈਆਂ ਵਿੱਚ ਵਾਧਾ












ਕਰਦੀਆਂ ਹਨ ਉਹ ਆਮ ਲੋਕਾਂ ਲਈ ਹੋਰ ਵੀ ਘਾਤਕ ਸਿੱਧ ਹੁੰਦੀਆਂ ਹਨ। ਹੋਰ ਨਹੀਂ ਤਾਂ ਅੱਜ ਕੱਲ ਔਰਤ ਦਿਵਸ ਦੇ ਨਾਂ ਤੇ ਜਥੇਬੰਦੀਆਂ ਬਣਾ ਕੇ ਸਰਕਾਰ ਤੋਂ ਗਰਾਂਟਾਂ ਲੈ ਕੇ ਗਿੱਧੇ ਭੰਗੜੇ ਪਾ ਕੇ ਜਸ਼ਨ ਮਨਾਏ ਜਾ ਰਹੇ ਹਨ। ਉਹ ਵੀ ਔਰਤ ਦਿਵਸ ਦੀ ਅਹਿਮੀਅਤ ਨੂੰ ਮਿੱਟੀ ਘੱਟੇ ਰੋਲਣ ਵਾਲੀ ਹੀ ਗੱਲ ਹੈ। ਯਾਦ ਰਹੇ 1908 ਵਿੱਚ ਸ਼ੁਰੂ ਹੋਣ ਵਾਲਾ ਇਹ ਔਰਤ ਦਿਵਸ ਅਮੇਰਿਕਾ ਦੀ ਸੋਸ਼ਲਿਸਟ ਪਾਰਟੀ ਨੇ ਸ਼ੁਰੂ ਕੀਤਾ ਸੀ। ਉਸ ਸਮੇਂ ਔਰਤਾਂ ਲਈ ਵੋਟ ਦਾ ਹੱਕ, ਕੰਮ ਦੇ ਘੰਟੇ ਤੇ ਘੱਟ ਤਨਖਾਹ ਵਰਗੀਆਂ ਮੰਗਾਂ ਨੂੰ ਮੱਦੇ ਨਜ਼ਰ ਰੱਖਿਆ ਗਿਆ ਸੀ। ਪਰ ਅੱਜ ਇਸ ਦਾ ਰੂਪ ਸਿਰਫ ਔਰਤ ਦੀ ਅਜ਼ਾਦੀ ਦੇ ਜਸ਼ਨਾਂ ਨਾਲ ਕੀਤਾ ਜਾ ਰਿਹਾ ਹੈ, ਪਰ ਸਮਝ ਤੋਂ ਦੂਰ ਹੈ ਕਿ ਇਹ ਕਿਸ ਕਿਸਮ ਦੀ ਅਜ਼ਾਦੀ ਹੈ ?

ਬੇਸ਼ੱਕ ਵਿਕਸਿਤ ਦੇਸ਼ਾਂ ਵਿੱਚ ਇਹ ਸਾਰਾ ਕੁੱਝ ਬਹੁਤੀ ਵਾਰ ਸਾਨੂੰ ਅੱਖੋਂ ਪਰੋਖੇ ਰਹਿੰਦਾ ਹੈ ਪਰ ਜਦੋਂ ਇਸਦੀ ਡੂੰਘਾਈ ਵਿੱਚ ਜਾਓ ਤਾਂ ਦੇਖਦੇ ਹਾਂ ਕਿ ਇਹਨਾਂ ਸਭਿਆ ਸਮਾਜਾਂ ਵਿੱਚ ਵੀ ਉੱਚ ਅਹੁਦਿਆਂ ਵਾਲੀ ਔਰਤ ਤੇ ਅਵਾਜ਼ੇ ਕਸਣੇ ਇੱਕ ਮਾਮੂਲੀ ਗੱਲ ਹੀ ਸਮਝੀ ਜਾਂਦੀ ਹੈ।ਕਨੇਡਾ ਵਰਗੇ ਦੇਸ਼ ਵਿੱਚ ਵੀ ਆਏ ਦਿਨ ਔਰਤਾਂ ਤੇ ਹੋ ਰਹੇ ਜ਼ੁਲਮਾਂ ਦੇ ਅੰਕੜੇ ਦਿਨੋ ਦਿਨ ਵੱਧ ਰਹੇ ਹਨ।ਇਸ ਸਮਾਜ ਵਿੱਚ ਕਿੰਨੀਆਂ ਹੀ ਔਰਤਾਂ ਦੇ ਕਤਲ ਮਨੁੱਖ ਦੀ ਆਰਥਿਕਤਾ ਨਾਲ ਜੁੜੇ ਹੋਏ ਹਨ। ਇਸ ਵਿੱਚ ਦਾਜ ਲੈਣ ਦੇਣ, ਬਾਹਰਲੇ ਦੇਸ਼ਾਂ ਨੂੰ ਜਾਣ ਦੇ ਸੁਪਨੇ ਪੂਰੇ ਕਰਨ ਲਈ ਅਣਜੋੜ ਵਿਆਹ, ਲੋਕਾਂ ਵਿੱਚ ਨਸ਼ਿਆਂ ਦੇ ਵਧਣ ਨਾਲ ਖਰਚਿਆਂ ਦਾ ਵਧਣਾ, ਸ਼ੌਅੱਪ ਦੇ ਝਾਂਸੇ ਵਿੱਚ ਆਉਣਾ ਤੇ ਆਮਦਨੀ ਦੇ ਘਟਣ ਨਾਲ ਆਪਸੀ ਤਣਾਓ ਦਾ ਵਧਣਾ ਹੀ ਮੁੱਖ ਕਾਰਣ ਹਨ।

ਕਨੇਡਾ ਦੀ ਸਰਕਾਰ ਵੀ ਉਹੀ ਔਰਤ ਜਿਹੜੀ ਬਾਹਰ ਕੰਮ ਕਰਕੇ ਅਉਂਦੀ ਹੈ ਉਸਨੂੰ ਹੀ ਬੱਚਾ ਪੈਦਾ ਕਰਨ ਵੇਲੇ ਮੈਟਰਨਿਟੀ ਵਜੋਂ ਮੁਆਵਜ਼ਾ ਦਿੰਦੀ ਹੈ ਪਰ ਜਿਹੜੀ ਔਰਤ ਘਰ ਰਹਿ ਕੇ ਆਪਣੇ ਬੱਚੇ ਡੇ ਕੇਅਰਾਂ ਨਾਲੋਂ ਵਧੀਆ ਤਰੀਕੇ ਨਾਲ ਪਾਲ਼ਦੀ ਹੈ ਜੋ ਦੇਸ਼ ਦਾ ਕੱਲ ਦਾ ਭਵਿੱਖ ਹਨ ਉਹਨੂੰ ਕਿਸੇ ਕਿਸਮ ਦੀ ਮੱਦਦ ਨਹੀਂ ਕਰਦੀ ਕਿਉਂਕਿ ਉਹ ਘਰ ਰਹਿ ਕੇ ਬੱਚੇ ਪਾਲਣ ਨੂੰ ਕੋਈ ਗਿਣਤੀ ਦਾ ਕੰਮ ਹੀ ਨਹੀਂ ਗਿਣਦੇ ਸਗੋਂ ਬਜ਼ਾਰ ਵਿੱਚ ਸ਼ਾਮਲ ਹੋ ਕੇ ਡੇ ਕੇਅਰ ਖੋਲ੍ਹਣ ਵਾਲਿਆਂ ਨੂੰ ਸਰਕਾਰਾਂ ਵੱਡੀਆਂ ਵੱਡੀਆਂ ਗਰਾਂਟਾਂ ਦਿੰਦੀਆਂ ਹਨ, ਇਹ ਔਰਤ ਨਾਲ ਹੋ ਰਹੀ ਧੋਖਾਧੜੀ ਨਹੀਂ ਤਾਂ ਹੋਰ ਕੀ ਹੈ।

ਕੰਮ ਦੀ ਚੋਣ ਸਮੇਂ ਵੀ ਔਰਤ ਨੂੰ ਮਰਦ ਦੇ ਮੁਕਾਬਲੇ ਦੂਜੇ ਦਰਜ਼ੇ ਵਿੱਚ ਰੱਖਿਆ ਜਾਂਦਾ ਹੈ ਤੇ ਘੱਟ ਤਨਖ਼ਾਹ ਦਿੱਤੀ ਜਾਂਦੀ ਹੈ। ਫਿਰ ਕੰਵਾਰੀ ਕੁੜੀ ਨੂੰ ਕੰਮਾਂ ਵਿੱਚ ਪਹਿਲ ਦੇ ਕੇ ਮਮਤਾ ਦਾ ਵਰਦਾਨ ਦੇਣ ਵਾਲੀ ਔਰਤ ਦੀ ਬੇਇਜ਼ਤੀ ਕੀਤੀ ਜਾਂਦੀ ਹੈ ਅਤੇ ਖਿਆਲ ਕੀਤਾ ਜਾਂਦਾ ਹੈ ਕਿ ਕੁੰਵਾਰੀ ਕੁੜੀ ਕੰਮ ਤੋਂ ਛੁੱਟੀ ਨਹੀਂ ਲਵੇਗੀ, ਓਵਰਟਾਈਮ ਵੱਧ ਕਰ ਸਕਦੀ ਹੈ, ਕੰਮ ਤੋਂ ਕੱਢਣ ਦੇ ਡਰਾਵੇ ਨਾਲ ਸ਼ੋਸ਼ਣ ਦਾ ਸ਼ਿਕਾਰ ਅਸਾਨੀ ਨਾਲ ਹੋ ਸਕਦੀ ਹੈ। ਬਹੁਤੀ ਵਾਰ ਉਸਨੂੰ ਵੱਧ ਤਨਖਾਹ ਦਾ ਲਾਲਚ ਦੇ ਕੇ ਜਾਂ ਤਰੱਕੀ ਦੇ ਕਰੀਅਰ ਵਿੱਚ ਵਾਧੇ ਦਾ ਭਰੋਸਾ ਦੇ ਕੇ ਬੌਸ ਆਪਣੀ ਜੀ-ਹਜ਼ੂਰੀ ਕਰਵਾਉਂਦੇ ਹਨ। ਕਈ ਵਾਰ ਉਹ ਯੋਨ ਸ਼ੋਸ਼ਣ, ਛੇੜਖਾਨੀ, ਫਿਰਕੇਬਾਜ਼ੀ ਸੁਣਨ ਲਈ ਸੰਭੋਗ ਕਰਨ ਲਈ ਵੀ ਮਜ਼ਬੂਰ ਕੀਤੀ ਜਾਂਦੀ ਹੈ। ਅੱਜ ਦੀ ਔਰਤ ਇਹ ਚੁੱਪ ਚਪੀਤਾ ਸਹਿਣ ਕਰ ਰਹੀ ਹੈ ਕਿਉਂਕਿ ਉਹ ਵੀ ਪੈਸੇ ਦੀ ਦੌੜ ਵਿੱਚ ਪਿੱਛੇ ਨਹੀਂ ਰਹਿਣਾ ਚਾਹੁੰਦੀ। ਇਹ ਪਾਵਰ ਵੂਮੈਨ ਜੋ ਸਾਰੀ ਦਿਹਾੜੀ ਬਾਹਰ ਕੰਮ ਕਰਕੇ ਸ਼ਾਮ ਨੂੰ ਘਰ ਆ ਕੇ ਰਸੋਈ ਤੇ ਬੱਚਿਆਂ ਦੇ ਕੰਮਾਂ ਵਿੱਚ ਜੁੱਟ ਜਾਂਦੀ ਹੈ। ਇਹ ਹੈ ਅਸਲੀ ਤਸਵੀਰ ਪਾਵਰ ਵੂਮੈਨ ਦੀ।

ਇਸ ਆਲਮੀਕਰਣ ਦੇ ਯੁੱਗ ਵਿੱਚ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਉਪਭੋਗੀ ਵਸਤਾਂ ਦੇ ਇਸ਼ਤਿਹਾਰ ਦੇ ਕੇ ਔਰਤ ਦੀ ਨਗਨਤਾ ਨੂੰ ਸ਼ਰੇਆਮ ਬਜ਼ਾਰ ਵਿੱਚ ਵੇਚਦੀਆਂ ਹਨ।ਔਰਤ ਦੇ ਕੁਦਰਤੀ ਸੁਹੱਪਣ ਨੂੰ ਅੱਖੋਂ ਪਰੋਖੇ ਕਰਕੇ ਬਾਹਰੀ ਸੁੰਦਰਤਾ ਲਈ ਆਪਣਾ ਪ੍ਰੋਡਕਟ ਵੇਚਣ ਲਈ ਮੈਨੀਕਿਊਰ, ਪੈਡੀਕਿਊਰ, ਫੇਸ਼ੀਅਲ ਆਦਿ ਦੇ ਫਾਇਦੇ ਦੱਸ ਕੇ ਨਾਮਵਰ ਔਰਤਾਂ ਜਿਵੇਂ ਵਿਸ਼ਵ ਸੁੰਦਰੀਆਂ, ਪ੍ਰਸਿੱਧ ਮਾਡਲ ਜਾਂ ਫਿਲਮੀ ਸਿਤਾਰਿਆਂ ਤੋਂ ਇਸ਼ਤਿਹਾਰਬਾਜ਼ੀ ਕਰਵਾ ਕੇ ਅੰਨ੍ਹੇਵਾਹ ਉਪਭੋਗਵਾਦ ਫੈਲਾ ਕੇ ਅਸਿੱਧੇ ਰੂਪ ਵਿੱਚ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ। ਇਸਦਾ ਅੰਦਾਜ਼ਾ ਹਜ਼ਾਰਾਂ ਅਰਬ ਡਾਲਰ ਦੀ ਡਾਈਟਿੰਗ ਤੇ ਕਾਸਮੈਟਿਕ ਇੰਡਸਟਰੀ ਤੋਂ ਲਾਇਆ ਜਾ ਰਿਹਾ ਹੈ। ਮੀਡੀਏ ਦੇ ਅਜਿਹੇ ਪ੍ਰਸਾਰਣਾ ਸਦਕਾ ਹਜ਼ਾਰਾਂ ਲੜਕੀਆਂ ਇਸ ਦੀ ਗ੍ਰਿਫਤ ਵਿੱਚ ਆ ਰਹੀਆਂ ਹਨ ਜੋ ਪੜ੍ਹੀਆਂ ਲਿਖੀਆਂ ਔਰਤਾਂ ਜੋ ਨਾਰੀ ਮੁਕਤੀ ਦਾ ਝੰਡਾ ਬੁਲੰਦ ਕਰ ਸਕਦੀਆਂ ਹਨ ਤੇ ਸਮਾਜ ਵਿੱਚ ਫੈਲੇ ਔਰਤ ਸ਼ੋਸ਼ਣ ਦੇ ਖਿਲਾਫ਼ ਉੱਠ ਸਕਦੀਆਂ ਹਨ ਉਹ ਅੱਜ ਘਰੋ ਘਰੀ ਟੀ. ਵੀ., ਕੰਮਪਿਊਟਰਾਂ ਦੇ ਪਰਦੇ ਤੇ ਇਹ ਬੇਲੋੜੀਆਂ ਵਸਤਾਂ ਵੇਚਦੀਆਂ ਜਾਂ ਖ਼੍ਰੀਦਦੀਆਂ ਨਜ਼ਰ ਆਉਂਦੀਆਂ ਹਨ।

ਇਸ ਸਭਿਆ ਸਮਾਜ ਵਿੱਚ ਹੀ ਵੇਸਵਾਗਮਨੀ ਨੂੰ ਸੈਕਸ ਵਰਕਰ ਦਾ ਨਾਂ ਦੇ ਕੇ ਸਨਮਾਨਿਆ ਜਾ ਰਿਹਾ ਹੈ ਕਿ ਉਹ ਆਪਣੀ ਮਰਜ਼ੀ ਨਾਲ ਇਹ ਕੰਮ ਕਰ ਸਕਦੀ ਹੈ।ਔਰਤ ਦੀ ਮਜ਼ਬੂਰੀ ਪਿੱਛੇ ਸੰਸਾਰ ਦੇ ਵਿੱਚ ਸੈਕਸ ਇੰਡਸਟਰੀ ਜੋ ਅਰਬਾਂ ਕਰੋੜਾਂ ਦਾ ਉਤਪਾਦਨ ਕਰ ਰਹੀ ਹੈ ਉਸਦਾ ਜ਼ਿਕਰ ਨਹੀਂ ਕੀਤਾ ਜਾਂਦਾ ਸਗੋਂ ਔਰਤ ਨੂੰ ਬਦਨਾਮ ਕਰਕੇ ਉਸਦੀ ਮਰਜ਼ੀ ਦਾ ਮੁਲੰਮਾ ਚਾੜ੍ਹ ਕੇ ਉਸਦੀ ਸਰੀਰਕ ਤੇ ਮਾਨਸਿਕ ਤਾਕਤ ਨੂੰ ਨਸ਼ਿਆਂ ਦੇ ਬਲ ਤੇ ਵਰਤ ਕੇ ਬਾਅਦ ਵਿੱਚ ਵੱਡੇ ਵੱਡੇ ਸ਼ਹਿਰਾਂ ਵਿੱਚ ਮੰਗਤੀਆਂ ਬਣਾ ਕੇ ਛੱਡ ਦਿੱਤਾ ਜਾਂਦਾ ਹੈ। ਜਿੱਥੇ ਔਰਤ ਨੂੰ ਪਹਿਲਾਂ ਹੀ ਦੂਜੇ ਦਰਜੇ ਦੀ ਸ਼ਹਿਰੀ ਮੰਨਿਆ ਜਾਂਦਾ ਹੈ ਉੱਥੇ ਅਗਰ ਉਹ ਜਾਤ-ਪਾਤ, ਦਲਿਤ ਵਰਗ, ਆਦਿ ਵਾਸੀ ਜਾਂ ਗਰੀਬ ਔਰਤ ਹੋਵੇ। ਫਿਰ ਤਾਂ ਉਸ ਨੂੰ ਆਪਣਾ ਅਸਤਿੱਤਵ ਰੱਖਣ ਦਾ ਕੋਈ ਹੱਕ ਹੀ ਨਹੀਂ ਜਿਸਦੀ ਜ਼ਿੰਦਾ ਮਿਸਾਲ ਸਾਡੇ ਸਾਹਮਣੇ ਪਿਛਲੇ ਸਾਲਾਂ ਵਿੱਚ ਵਾਪਰੀਆਂ ਘਟਨਾਵਾਂ ਹਨ।ਭਾਰਤ ਜਾਂ ਉਸ ਵਰਗੇ ਦੇਸ਼ਾਂ ਵਿੱਚ ਤਾਂ ਕਾਨੂੰਨ ਵਰਗੀ ਕੋਈ ਚੀਜ਼ ਹੀ ਨਹੀਂ ਜਿਸ ਸਦਕਾ ਔਰਤ ਸੁਰਖਿਅਤ ਹੋਵੇ ਜਿੱਥੇ ਮਿਲਟਰੀ ਜਾਂ ਪੁਲੀਸ ਨੇ ਹੀ ਅਨੇਕਾਂ ਆਦਿ ਵਾਸੀ ਔਰਤਾਂ ਨਾਲ ਜ਼ੁਲਮ ਕਰਕੇ 1000 ਤੋਂ ਵੀ ਵੱਧ ਔਰਤਾਂ ਮਾਰੀਆਂ ਗਈਆਂ ਹਨ। ਪਰ ਕਨੇਡਾ ਵਰਗੇ ਅਗਾਂਹਵਧੂ ਦੇਸ਼ ਵਿੱਚ ਜਿੱਥੇ ਅੰਕੜਿਆਂ ਦੇ ਹਿਸਾਬ ਨਾਲ ਇਕੱਲੇ ਬੀ. ਸੀ. ਵਿੱਚ 400 ਸੌ ਤੋਂ ਵੱਧ ਆਦਿ-ਵਾਸੀ ਔਰਤਾਂ ਨੂੰ ਮਾਰ ਕੇ ਖਪਾ ਦਿੱਤਾ ਜਾਂਦਾ ਤੇ ਉਹਨਾਂ ਕੇਸਾਂ ਦੀ ਸੁਣਵਾਈ ਸਾਲਾਂ ਵੱਧੀ ਕੋਰਟਾਂ ਵਿੱਚ ਰੁਲ਼ਦੀ ਰਹਿੰਦੀ ਹੈ। ਕੀ ਇਸ ਨੂੰ ਔਰਤ ਦੀ ਅਜ਼ਾਦੀ ਕਹਿ ਸਕਦੇ ਹਾਂ ?

ਇਸ ਤਰ੍ਹਾਂ ਲੱਗਦਾ ਹੈ ਕਿ ਇੱਕ ਸਦੀ ਤੋਂ ਵੱਧ ਸਮਾਂ ਲੰਘ ਜਾਣ ਤੇ ਵੀ ਔਰਤ ਦਾ ਸ਼ੌਸ਼ਣ ਉਵੇਂ ਹੀ ਹੈ ਪਰ ਪੂੰਜੀਵਾਦੀ ਸਮਾਜ ਨੇ ਇਸਦੇ ਅਰਥ ਬਦਲ ਦਿੱਤੇ ਹਨ। ਪਹਿਲਾਂ ਔਰਤ ਨੂੰ ਆਪਣੀ ਕਿਰਤ ਸ਼ਕਤੀ ਦੀ ਲੁੱਟ ਸਾਹਮਣੇ ਨਜ਼ਰ ਆਉਂਦੀ ਸੀ ਪਰ ਹੁਣ ਇਹ ਅਸਿੱਧੀ ਲੁੱਟ ਦੀ ਨਿੱਜੀ ਇਜਾਰੇਦਾਰੀ ਦੀ ਲਪੇਟ ਵਿੱਚ ਇੱਕ ਮੁਹਰੇ ਵਜੋਂ ਵਿਚਰ ਰਹੀ ਹੈ।ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਸ ਦਾ ਸਮਾਜਿਕ ਗਿਆਨ, ਸਮਾਜਿਕ ਕਦਰਾਂ ਕੀਮਤਾਂ ਅਤੇ ਸਮਾਜਿਕ ਚੇਤੰਨਤਾ ਕਿੱਥੇ ਖੜ੍ਹੀ ਹੈ ? ਇਹ ਵੀ ਦੇਖਣਾ ਹੈ ਕਿ ਉਸ ਖਿੱਤੇ ਦਾ ਸਾਹਿਤ, ਸੰਗੀਤ, ਗੀਤਕਾਰੀ, ਕਿੱਸੇ ਫਿਲਮਾਂ, ਸੰਚਾਰ ਸਾਧਨ, ਲੋਕ ਤੱਥ, ਮੀਡੀਆ ਆਦਿ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਲਿੰਗਕ ਸ਼ੋਸ਼ਣ ਦੇ ਪੱਖ ਵਿੱਚ ਤਾਂ ਨਹੀਂ ਭੁਗਤ ਰਿਹਾ ਅਗਰ ਅਜਿਹਾ ਹੋ ਰਿਹਾ ਹੈ ਤਾਂ ਔਰਤ ਦੀ ਅਜ਼ਾਦੀ ਦਾ ਪੰਨਾ ਇਹੋ ਜਿਹੇ ਸਮਾਜ ਵਿੱਚ ਉਜਾਗਰ ਹੋਣਾ ਨਾਮੁਮਕਿਨ ਹੈ। ਸੱਤਾ ਪ੍ਰਾਪਤੀ ਦੀ ਇਹ ਪ੍ਰਕਿਰਿਆ ਆਰਥਿਕ ਇਜਾਰੇਦਾਰੀ, ਬੌਧਿਕ ਨਿਪੁੰਨਸਕਤਾ, ਧਾਰਮਿਕ ਫਿਰਕਾਪ੍ਰਸਤੀ, ਸਮਾਜਿਕ ਵਿਤਕਰਿਆਂ ਤੇ ਸਭਿਆਚਾਰਕ ਅਰਾਜਕਤਾ ਤੋਂ ਬਿਨ੍ਹਾਂ ਸੰਭਵ ਨਹੀਂ ਇਸ ਕਰਕੇ ਹੀ ਇਹੋ ਜਿਹੇ ਸਿਸਟਮ ਨੂੰ ਭਾਂਜ ਦੇਣ ਦੀ ਲੋੜ ਹੈ। ਪ੍ਰੰਪਰਾਵਾਦੀ ਸਿਸਟਮ ਜੋ ਕਿ ਰਾਜ, ਪਰਿਵਾਰ ਤੇ ਸਮਾਜ ਦੇ ਅਸੂਲਾਂ ਤੇ ਅਧਾਰਤ ਹੈ ਉੱਥੇ ਔਰਤਾਂ ਵਿੱਚ ਸਮੂਹਕਿਤਾ ਤੇ ਸਮਾਨਤਾ ਦਾ ਵਾਤਾਵਰਣ ਸਿਰਜਣ ਸਬੰਧੀ ਚੇਤੰਨਤਾ ਪੈਦਾ ਕਰਨ ਦੀ ਲੋੜ ਹੈ ਤਾਂ ਕਿ ਵਿਅਕਤੀਗਤ ਹਿੱਤਾਂ ਨੂੰ ਉਹਲੇ ਕਰਕੇ ਸਮਾਜਕ ਤੇ ਸਮੂਹਕ ਹਿੱਤਾਂ ਦੀ ਪੈਰ੍ਹਵੀ ਕਰ ਸਕਣ।ਉਹਨਾਂ ਵਿੱਚੋਂ ਖ਼ਤਮ ਹੋ ਰਹੀ ਸੰਵੇਦਨਸ਼ੀਲਤਾ, ਬੱਚੇ ਪੈਦਾ ਕਰਨ ਦੀ ਰੁਚੀ, ਸ਼ਹਿਣਸ਼ੀਲਤਾ ਤੇ ਉਸਦਾ ਵਿਅਕਤੀਤਵ ਜ਼ਿੰਦਾ ਰਹਿ ਸਕੇ।ਕੁੱਝ ਲੋਕਾਂ ਵਲੋਂ ਔਰਤ ਦੀ ਅਜ਼ਾਦੀ ਦੀ ਲੜਾਈ ਨੂੰ ਸਿਰਫ ਮਰਦ ਤੋਂ ਅਜ਼ਾਦੀ ਦੀ ਲੜਾਈ ਦਰਸਾ ਕੇ ਔਰਤ ਨੂੰ ਮਰਦ ਦੇ ਨਾਲ ਲੜਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਜਿਸ ਕਰਕੇ ਰਿਸ਼ਤਿਆਂ ਦੇ ਵਿੱਚ ਕੁੜੱਤਣ ਆ ਰਹੀ ਹੈ ਪਰ ਇਹ ਪੂੰਜੀਵਾਦ ਦੀ ਕੌਝੀ ਚਾਲ ਹੈ ਜਿਸ ਨੂੰ ਸਮਝਣ ਦੀ ਲੋੜ ਹੈ ਪਰ ਸਿਆਸੀ ਚੇਤੰਨਤਾ ਤੋਂ ਵਿਹੂਣੀ ਲੋਕਾਈ ਜਮਹੂਰੀਅਤ ਲਈ ਆਪਣੇ ਹੱਕਾਂ ਤੇ ਫਰਜ਼ਾਂ ਨੂੰ ਅਣਗੌਲ਼ਿਆ ਕਰਕੇ ਸਾਰੀ ਉਮਰ ਕੁੱਲੀ, ਗੁੱਲੀ ਤੇ ਜੁੱਲੀ ਲਈ ਹੀ ਜੂਝਦੀ ਮਰ ਜਾਂਦੀ ਹੈ ਹੁਣ ਸਮਾਂ ਹੈ ਕਿ ਔਰਤ ਤੇ ਮਰਦ ਨੂੰ ਇਕੱਠੇ ਹੋ ਕੇ ਸਿਆਸੀ ਸੂਝ ਬੂਝ ਨਾਲ ਜਥੇਬੰਦਕ ਤੌਰ ਤੇ ਆਪਣੇ ਅਸਲੀ ਦੁਸ਼ਮਣ ਜਿਸਨੇ ਸਾਰੀ ਲੋਕਾਈ ਨੂੰ ਗੁੰਮਰਾਹ ਕੀਤਾ ਹੋਇਆ ਹੈ, ਉਸਨੂੰ ਆੜੇ ਹੱਥੀਂ ਲੈਣ ਤਾਂ ਹੀ ਇਹ ਲੁੱਟ ਖਸੁੱਟ ਦਾ ਪ੍ਰਬੰਧ ਖ਼ਤਮ ਹੋਵੇਗਾ ਅਤੇ ਮਨੁੱਖ ਆਪਣੀ ਅਜ਼ਾਦੀ ਨੂੰ ਮਾਣ ਸਕੇਗਾ। ਇਸ ਲਈ ਸਾਨੂੰ ਸਾਰਿਆਂ ਨੂੰ ਅੱਜ ਦੇ ਦਿਨ ਤੇ ਆਪਸ ਵਿੱਚ ਸੰਵਾਦ ਰਚਾਉਣ ਦਾ ਢੁੱਕਵਾਂ ਸਮਾਂ ਹੈ, ਇਹੀ ਸਾਡੀਆਂ ਸਮੱਸਿਆਵਾਂ ਦਾ ਸੰਪੂਰਨ ਹੱਲ ਹੈ। ਸਾਨੂੰ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਇਸ ਸਭ ਕਾਸੇ ਦੇ ਬਾਵਜੂਦ ਦੁਨੀਆਂ ਵਿੱਚ ਬਹੁਤ ਸਾਰੀਆਂ ਜਥੇਬੰਦੀਆਂ ਦੀ ਅਗਵਾਈ ਸੰਘਰਸ਼ਸ਼ੀਲ ਔਰਤਾਂ ਕਰ ਰਹੀਆਂ ਹਨ ਜਿਵੇਂ ਭਾਰਤ ਦੀਆਂ ਆਦਿ ਵਾਸੀ ਔਰਤਾਂ ਅਤੇ ਫਲਸਤੀਨ ਦੀਆਂ ਔਰਤਾਂ ਆਦਿ।ਸਾਨੂੰ ਵੀ ਇਹੋ ਜਿਹੀਆਂ ਔਰਤਾਂ ਦੀ ਅਗਵਾਈ ਵਿੱਚ ਆਪਣੀ ਸਮਝ ਬਣਾਉਣ ਦੀ ਲੋੜ ਹੈ ਤਾਂ ਹੀ ਅਸੀਂ ਔਰਤ ਦੀਆਂ ਸਮੱਸਿਆਵਾਂ ਪ੍ਰਤੀ ਵਫਾਦਾਰੀ ਨਾਲ ਇਹ ਸਾਂਝੀ ਲੜਾਈ ਲੜ ਸਕਾਂਗੇ। ਮਨੁੱਖਤਾ ਜ਼ਿੰਦਾਬਾਦ।

---

- ਸੂਹੀ ਸਵੇਰ ਮੀਡੀਆ ਗਰੁੱਪ ਵੱਲੋਂ ਸਾਲਾਨਾ ਸਮਾਰੋਹ -

# ਮੀਡੀਆ ਤੇ ਪਾਠਕ ਦੇ ਰਿਸ਼ਤੇ ’ਚ ਫ਼ਾਸਲਾ ਵਧਿਆ: ਹਰਤੋਸ਼ ਬੱਲ



ਲੁਧਿਆਣਾ : ਅਦਾਰਾ ਸੂਹੀ ਸਵੇਰ ਮੀਡੀਆ ਵੱਲੋਂ ਆਪਣੀ ਛੇਵੀਂ ਵਰ੍ਹੇਗੰਢ ਮੌਕੇ ਇੱਥੇ ਪੰਜਾਬੀ ਭਵਨ ਵਿੱਚ ਸਾਲਾਨਾ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਇਸ ਸਾਲ ਦਾ ਸੂਹੀ ਸਵੇਰ ਮੀਡੀਆ ਐਵਾਰਡ ਬੂਟਾ ਸਿੰਘ ਅਤੇ ਮਹਿੰਦਰ ਸਿੰਘ ਮਾਨੂੰਪੁਰੀ ਨੂੰ ਦਿੱਤਾ ਗਿਆ। ਇਸ ਮੌਕੇ ਮੀਡੀਆ ਵਿਜਿਲ ਦੇ ਸੰਪਾਦਕ ਪੰਕਜ ਸ੍ਰੀਵਾਸਤਵ ਅਤੇ ‘ਦਿ ਕਾਰਵਾਂ’ ਮੈਗਜ਼ੀਨ ਦੇ ਰਾਜਨੀਤਕ ਸੰਪਾਦਕ ਹਰਤੋਸ਼ ਸਿੰਘ ਬੱਲ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ।

ਸ੍ਰੀ ਬੱਲ ਨੇ ਕਿਹਾ ਕਿ ਮੀਡੀਆ ਇੱਕ ਉਦਯੋਗ ਦਾ ਰੂਪ ਧਾਰ ਚੁੱਕਿਆ ਹੈ। ਅਜਿਹੇ ਮਾਹੌਲ ਵਿੱਚ ਮੀਡੀਆ ਦੇ ਮਾਲਕ ਪੱਤਰਕਾਰ ਨਹੀਂ ਸਗੋਂ ਮੈਨੇਜਰ ਹਨ, ਜਿਸ ਕਾਰਨ ਮੀਡੀਆ ਅਤੇ ਪਾਠਕ ਦੇ ਰਿਸ਼ਤੇ ਵਿੱਚ ਫਾਸਲਾ ਵੱਧ ਰਿਹਾ ਹੈ। ਸ੍ਰੀ ਪੰਕਜ ਸ੍ਰੀਵਾਸਤਵ ਨੇ ‘ਵਰਤਮਾਨ ਦੌਰ ਵਿੱਚ ਮੀਡੀਆ ਦੀ ਆਜ਼ਾਦੀ ਅਤੇ ਜਵਾਬਦੇਹੀ’ ਵਿਸ਼ੇ ’ਤੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਜਿਹੇ ਪੱਤਰਕਾਰ ਬਹੁਤ ਘੱਟ ਰਹਿ ਗਏ ਹਨ, ਜੋ ਸੁਤੰਤਰ ਰਹਿ ਕੇ ਲੋਕਪੱਖੀ ਮੁੱਦਿਆਂ ਨੂੰ ਉਭਾਰਦੇ ਹਨ ਅਤੇ ਸੱਚ ਦਾ ਸਾਥ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਜੋਕਾ ਸਮਾਂ ਪੱਤਰਕਾਰੀ ਦੀ ਆਜ਼ਾਦੀ ਲਈ ਚੁਣੌਤੀ ਭਰਪੂਰ ਹੈ, ਜਿਸ ਵਿੱਚ ਮੀਡੀਆ ਦੇ ਬਦਲ ਬਾਰੇ ਸੋਚਣਾ ਪਵੇਗਾ ਅਤੇ ਇਸ ਵਿੱਚ ਦੇਸ਼ ਦੇ ਲੋਕਾਂ ਨੂੰ ਸਾਥ ਦੇਣਾ ਬਹੁਤ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰ ਲਈ ਸੱਚ ਅਤੇ ਤੱਥ ਪ੍ਰਮੁੱਖ ਹੋਣੇ ਚਾਹੀਦੇ ਹਨ।

ਸੂਹੀ ਸਵੇਰ ਦੇ ਮੁੱਖ ਸੰਪਾਦਕ ਸ਼ਿਵ ਇੰਦਰ ਸਿੰਘ ਨੇ ਦੱਸਿਆ ਕਿ ਗੁਰਮੁਖੀ ਅਤੇ ਸ਼ਾਹਮੁਖੀ ਲਿਪੀ ਵਿੱਚ ਜਿੱਥੇ ਆਨਲਾਈਨ ਸੂਹੀ ਸਵੇਰ ਵੈੱਬਸਾਈਟ ਚੱਲ ਰਹੀ ਹੈ ਉੱਥੇ ਯੂ-ਟਿਊਬ ਚੈਨਲ ਵੀ ਚਲਾਇਆ ਜਾ ਰਿਹਾ ਹੈ, ਜਿੱਥੇ ਪਾਠਕਾਂ ਲਈ ਚਲੰਤ ਮੁੱਦਿਆਂ, ਸਾਹਿਤ ਤੇ ਰਾਜਨੀਤਕ ਖੇਤਰ ਦੀਆਂ ਹਸਤੀਆਂ ਨਾਲ ਮੁਲਾਕਾਤਾਂ ਦੇ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੂਹੀ ਸਵੇਰ ਐਵਾਰਡ ਪ੍ਰਾਪਤ ਕਰਨ ਵਾਲੇ ਬੂਟਾ ਸਿੰਘ ਨੇ ਅਪਰੇਸ਼ਨ ਗਰੀਨ ਹੰਟ, ਦਲਿਤਾਂ, ਘੱਟ ਗਿਣਤੀਆਂ ਅਤੇ ਹੋਰ ਦੱਬੇ-ਕੁਚਲੇ ਵਰਗਾਂ ਨਾਲ ਸਬੰਧਤ ਲੋਕਾਂ ਦੇ ਮੁੱਦਿਆਂ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਇਆ ਹੈ। ਦੂਜੀ ਸਨਮਾਨਿਤ ਸ਼ਖ਼ਸੀਅਤ ਮਹਿੰਦਰ ਸਿੰਘ ਮਾਨੂੰਪੁਰੀ ਨੇ ਜਿੱਥੇ ਬਾਲਾਂ ਲਈ ਸਿਹਤਮੰਦ ਸਾਹਿਤ ਰਚਿਆ ਹੈ ਉੱਥੇ ਆਮ ਲੋਕਾਂ ਦਾ ਸਾਹਿਤ ਵਿੱਚ ਰੁਝਾਨ ਵਧਾਉਣ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਮੌਕੇ ਸੁਕੀਰਤ, ਰਾਜੀਵ ਖੰਨਾ, ਮੀਡੀਆ ਅਭਿਸ਼ੇਕ ਸ੍ਰੀਵਾਸਤਵ, ਡਾ. ਸੁਰਜੀਤ, ਮਿੱਤਰ ਸੈਨ ਮੀਤ, ਗੁਲਜ਼ਾਰ ਪੰਧੇਰ, ਪਰਮਜੀਤ ਮਹਿਕ, ਅਵਤਾਰ ਸਿੰਘ, ਜਸਵੰਤ ਜੀਰਖ, ਸਤੀਸ਼ ਸਚਦੇਵਾ, ਸੁਰਿੰਦਰ ਕੈਲੇ, ਸੁਖਵਿੰਦਰ ਲੀਲ੍ਹ, ਅਮਨਿੰਦਰ ਪਾਲ ਸ਼ਰਮਾ ਨੇ ਭਾਗ ਲਿਆ









# ਅਮਰੀਕਾ ਦੀਆਂ ਪਬਲਿਕ ਸ਼ੂਟਿੰਗ ’ਚ ਗੰਨ ਕਲਚਰਲ ਜ਼ਿੰਮੇਵਾਰ



ਨਾਹਰ ਸਿੰਘ ਔਜਲਾ
416-728-5686

ਟਰੰਪ ਦਾ ਫ਼ੁਰਮਾਨ, ਸਕੂਲਾਂ ਚ ਸੂਟਿੰਗ ਰੋਕਣ ਲਈ ਟੀਚਰਾਂ ਨੂੰ ਲੈਣੀ ਚਾਹੀਦੀ ਹੈ ਹਥਿਆਰਾਂ ਦੀ ਟਰੇਨਿੰਗ। ਇਹ ਸੁਣਕੇ ਹੈਰਾਨੀ ਹੋਵੇਗੀ ਕਿ 1968 ਤੋਂ ਲੈ ਕੇ 2011 ਤੱਕ ਹੀ ਕੋਈ 14 ਲੱਖ ਦੇ ਕਰੀਬ ਲੋਕੀ ਪਬਲਿਕ ਸੂਟਿੰਗ ਦੀਆਂ ਘਟਨਾਵਾਂ ’ਚ ਮਾਰੇ ਜਾ ਚੁੱਕੇ ਹਨ ਤੇ ਮਿਲੀਅਨਜ਼ ਹੋਰ ਜੋ ਫੱਟੜ ਹੋਏ ਹਨ। ਇੰਨੇ ਸਮੇਂ ਦੇ ਦੌਰਾਨ ਹੀ ਅਮਰੀਕਾਂ ਨੇ ਜਿੰਨੇ ਵੀ ਯੁੱਧ ਬਾਹਰਲੇ ਮੁਲਕਾਂ ਨਾਲ ਲੜੇ ਹਨ, ਉਹਨਾਂ ’ਚ ਮਰਨ ਵਾਲਿਆਂ ਦੀ ਗਿਣਤੀ 12 ਲੱਖ ਹੈ। ਇਹਨਾਂ ਸੂਟਿੰਗਾਂ ਕਾਰਨ ਹੀ ਲੋਕ ਇਕ ਦਹਿਸ਼ਤ ਵਰਗੇ ਮਾਹੌਲ ’ਚ ਰਹਿ ਰਹੇ ਹਨ। ਇਹ ਸਭ ਕੁਝ ਉਸ ਮੁਲਕ ’ਚ ਵਾਪਰ ਰਿਹਾ ਹੈ ਜਿਸ ਨੂੰ ਆਰਥਿਕ ਅਤੇ ਫੌਜੀ ਤੌਰ ’ਤੇ ਸਭ ਤੋਂ ਤਕੜਾ ਦੇਸ਼ ਮੰਨਿਆ ਜਾਂਦਾ ਹੈ। ਮਾਸ ਸੂਟਿੰਗ ਦੇ ਕੁਝ ਸਮੇਂ ਤੋਂ ਬਾਅਦ ਹੀ ਹਥਿਆਰ ਵੇਚਣ ਵਾਲੀਆਂ ਕੰਪਨੀਆਂ ਨੂੰ ਕਿਸੇ ਨਾ ਕਿਸੇ ਬਹਾਨੇ ਹੋਰ ਢਿੱਲ ਦੇ ਦਿੱਤੀ ਜਾਂਦੀ ਹੈ ਤਾਂ ਕਿ ਉਹ ਆਪਣਾ ਡਾਢਾ ਮੁਨਾਫਾ ਕਮਾ ਸਕਣ। ਇਸ ਸਭ ਕੁੱਝ ਨੂੰ ਅਮਰੀਕਣ ਕਲਚਰ ਦੇ ਨਾਂ ਹੇਠ ਢੱਕ ਦਿੱਤਾ ਜਾਂਦਾ ਹੈ। ਇਹ ਉਹ ਦੇਸ਼ ਹੈ ਜਿਹੜਾ ਕਦੇ ਜਮਹੂਰੀ ਹੱਕਾਂ ਦੇ ਨਾਂ ਤੇ ਕਦੇ ਮਾਰੂ ਹਥਿਆਰਾਂ ਦੇ ਨਾਂ ਹੇਠ ਹੋਰ ਮੁਲਕਾਂ ’ਚ ਰਾਜ ਪਲਟੇ ਕਰਵਾਉਣੇ ਜਾਂ ਸਿੱਧਾ ਹਮਲਾ ਕਰਕੇ ਉਸ ਨੂੰ ਬਰਬਾਦ ਕਰ ਦੇਣਾ ਆਪਣਾ ਜਮਹੂਰੀ ਹੱਕ ਸਮਝਦਾ ਹੈ। ਅੰਦਰੂਨੀ ਅੱਤਵਾਦ ਤੋਂ ਬਚਾਅ ਲਈ ਕੋਈ ਇੱਕ ਟਰੀਲੀਅਨ ਡਾਲਰ ਦਾ ਖਰਚਾ ਕੀਤਾ ਜਾਂਦਾ ਹੈ ਪਰ ਪਬਲਿਕ ਸੂਟਿੰਗ ਤੋਂ ਬਚਾਅ ਲਈ ਬਹੁਤ ਹੀ ਨਿਗੂਣਾ ਜਿਹਾ ਧਨ ਖਰਚ ਕੀਤਾ ਜਾਂਦਾ ਹੈ। ਅੰਕੜੇ ਦੱਸਦੇ ਹਨ ਕਿ ਅੰਦਰੂਨੀ ਅੱਤਵਾਦ ਦੀਆਂ ਘਟਨਾਵਾਂ ਕਾਰਨ ਪਬਲਿਕ ਸੂਟਿੰਗ ਦੇ ਮੁਕਾਬਲੇ ਬਹੁਤ ਥੋੜ੍ਹੀਆਂ ਜਾਨਾਂ ਗਈਆਂ ਹਨ। ਇਸ ਨੂੰ ਨਾ ਰੋਕਣ ਦੇ ਕਾਰਨਾਂ ’ਚ ਪਾਰਟੀਆਂ ਵਲੋਂ ਵੋਟ ਬੈਂਕ ਵੀ ਦੇਖਿਆ ਜਾ ਰਿਹਾ ਹੈ। ਇੱਕ ਸਰਵੇ ਮੁਤਾਬਕ ਗੰਨਾਂ ਰੱਖਣ ਵਾਲਿਆਂ ’ਚੋਂ 33% ਲੋਕ ਅਜਿਹੇ ਹਨ ਜਿਹੜੇ ਸੋਚਦੇ ਹਨ ਕਿ ਗੰਨਾਂ ਤੋਂ ਬਿਨਾਂ ਰਹਿਣਾ ਅਸੰਭਵ ਹੈ। ਦੂਸਰਾ ਵੱਡਾ ਕਾਰਨ ਇਹ ਵੀ ਹੈ ਕਿ ਮੁਲਕ ਦੇ ਵਪਾਰ ਦਾ ਬਹੁਤ ਵੱਡਾ ਹਿੱਸਾ ਹਥਿਆਰ ਵੇਚਣ ਨਾਲ ਜੁੜਿਆ ਹੋਇਆ ਹੈ। ਅਮਰੀਕਾ ਦਾ ਆਰਥਿਕ ਵੀ ਮੰਦਵਾੜਾ ਵੀ ਇਕ ਕਾਰਨ ਹੈ ਜਿਸ ’ਚੋਂ ਅਮਰੀਕਾ ਅਜੇ ਬਾਹਰ ਨਹੀਂ ਨਿਕਲ ਸਕਿਆ ਇਸ ਲਈ ਸਰਕਾਰਾਂ ਵੀ ਚਾਹੁੰਦੀਆਂ ਹਨ ਕਿ ਪਬਲਿਕ ਦਾ ਧਿਆਨ ਇਹੋ ਜਿਹੇ ਮਸਲਿਆਂ ਵੱਲ ਹੀ ਕੇਂਦਰਿਤ ਰਹੇ। ਅਮਰੀਕਾ ਦੇ ਸੰਵਿਧਾਨ ਦੀ ਇੱਕ ਮੱਦ ਅਮੈਂਡਮੈਂਟ 2ਵੀ ਲੋਕਾਂ ਨੂੰ ਹਥਿਆਰ ਰੱਖਣ ਦਾ ਅਧਿਕਾਰ ਦਿੰਦੀ ਹੈ। ਪਰ ਜੇ ਸਰਕਾਰ ਸੁਹਿਰਦ ਹੋਵੇ ਤਾਂ ਇਹੋ ਜਿਹੀਆਂ ਘਟਨਾਵਾਂ ਨੂੰ ਬੰਦ ਕੀਤਾ ਜਾ ਸਕਦਾ ਹੈ। ਆਸਟਰੇਲੀਆ ਦੀ ਉਦਾਹਰਣ ਸਾਡੇ ਸਾਹਮਣੇ ਹੈ ਉੱਥੇ 1987 ਤੋਂ ਲੈ ਕੇ 1996 ਤੱਕ ਚਾਰ ਵੱਡੀਆਂ ਘਟਨਾਵਾਂ ਵਾਪਰੀਆਂ ਸਨ ਪਰ ਲੋਕਾਂ ਦੇ ਸਖਤ ਵਿਰੋਧ ਕਰਨ ਤੇ ਸਰਕਾਰ ਨੇ ਹਥਿਆਰ ਰੱਖਣ ਤੇ ਇਹੋ ਜਿਹੇ ਸਖ਼ਤ ਕਾਨੂੰਨ ਬਣਾਏ ਕਿ ਨਤੀਜਾ ਸਾਡੇ ਸਾਹਮਣੇ ਹੈ, ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਅੰਕੜਿਆਂ ਮੁਤਾਬਕ ਉਸ ਤੋਂ ਬਾਅਦ ਅੱਜ ਤੱਕ ਇਹੋ ਜਿਹੀ ਕੋਈ ਵੱਡੀ ਘਟਨਾ ਮੁੜ ਨਹੀਂ ਵਾਪਰੀ। ਇੱਕ ਸਰਵੇ ਦੀ ਰਿਪੋਰਟ ਮੁਤਾਬਕ ਅਮਰੀਕਾ ’ਚ ਕੋਈ 310 ਮਿਲੀਅਨ ਹਥਿਆਰ ਲੋਕਾਂ ਦੇ ਹੱਥਾਂ ’ਚ ਹਨ।



ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਇੱਕ ਰੈਜ਼ੂਲੇਸ਼ਨ ਪਾਸ ਕੀਤਾ ਸੀ ਕਿ ਦਿਮਾਗੀ ਤੌਰ ’ਤੇ ਅਨ ਫਿੱਟ ਲੋਕਾਂ ਨੂੰ ਹਥਿਆਰ ਵੇਚਣ ਤੋਂ ਪਹਿਲਾਂ ਉਹਨਾਂ ਦੀ ਹਿਸਟਰੀ ਬਾਰੇ ਜਾਨਣਾ ਜ਼ਰੂਰੀ ਬਣਾਇਆ ਜਾਵੇ ਪਰ ਮਿਸਟਰ ਟਰੰਪ ਨੇ ਰਾਸ਼ਟਰਪਤੀ ਬਣਦਿਆਂ ਸਾਰ ਪਹਿਲਾਂ ਉਸ ਰੈਜ਼ੂਲੇਸ਼ਨ ਨੂੰ ਹੀ ਖਤਮ ਕਰ ਦਿੱਤਾ। ਪਿਛਲੇ ਸਾਲ ਹੀ ਲਾਸ ਵੇਗਸ ’ਚ ਸਟੀਫਨ ਨਾਂ ਦੇ ਇੱਕ ਪੁਰਾਣੇ ਰਹਿ ਚੁੱਕੇ ਫੌਜੀ ਨੇ ਇਕ ਹੋਟਲ ਦੇ ਕਮਰੇ ਵਿਚੋਂ ਹੀ ਮਿਊਜਿਕ ਫੈਸਟੀਵਲ ’ਚ ਇਕੱਠੇ ਹੋਏ ਲੋਕਾਂ ਤੇ ਫਾਇਰਿੰਗ ਕਰ ਕੇ 58 ਲੋਕਾਂ ਨੂੰ ਮਾਰ ਦਿੱਤਾ ਤੇ 500 ਤੋਂ ਵੱਧ ਨੂੰ ਜਖ਼ਮੀ ਕਰ ਦਿੱਤਾ ਸੀ। ਕੁਝ ਦਿਨ ਪਹਿਲਾਂ ਹੀ ਸਕੂਲ ਦੇ ਇਕ ਪੁਰਾਣੇ ਵਿਦਿਆਰਥੀ ਨੇ ਸਕੂਲ ’ਚ ਹੀ ਸੂਟਿੰਗ ਕਰ ਕੇ 19 ਲੋਕਾਂ ਦੀ ਜਾਨ ਲੈ ਲਈ। ਨੈਸ਼ਨਲ ਰਾਈਫਲ ਐਸੋਸੀਏਸ਼ਨ ਆਫ ਅਮਰੀਕਾ ਨੇ ਧਮਕੀ ਭਰੇ ਲਹਿਜੇ ’ਚ ਇਹ ਗੱਲ ਪੂਰੀ ਤਰ੍ਹਾਂ ਸਾਫ ਕਰ ਦਿੱਤੀ ਹੈ ਕਿ ਲੋਕਾਂ ਨੂੰ ਹਥਿਆਰ ਵੇਚਣ ਦੇ ਮਾਮਲੇ ਵਿਚ ਕਿਸੇ ਵੀ ਕਿਸਮ ਦੀ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਟਰੰਪ ਸਰਕਾਰ ਦੇ ਇਸ ਲੋਕ ਵਿਰੋਧੀ ਰਵੱਈਏ ਨੂੰ ਦੇਖਦਿਆਂ ਇਹ ਪਹਿਲੀ ਵਾਰ ਹੋਇਆ ਹੈ ਕਿ ਇਸ ਘਟਨਾਂ ਤੋਂ ਬਾਅਦ ਵਿਦਿਆਰਥੀਆਂ ਨੇ ਸੜਕਾਂ ’ਤੇ ਆ ਕੇ ਪ੍ਰੋਟੈਸਟ ਕੀਤਾ ਹੈ ਤੇ ਮੰਗ ਕੀਤੀ ਕੀਤੀ ਹੈ ਕਿ ਹਥਿਆਰ ਵੇਚਣ ਤੇ ਖਰੀਦਣ ਵਾਲਿਆਂ ਲਈ ਸਖਤ ਕਾਨੂੰਨ ਬਣਾਏ ਜਾਣ ਤੇ ਆਟੋਮੈਟਿਕ ਹਥਿਆਰਾਂ ਦੀ ਵਿਕਰੀ ’ਤੇ ਪੂਰੀ ਤਰ੍ਹਾਂ ਪਾਬੰਦੀ ਲਾਈ ਜਾਵੇ। ਆਉਣ ਵਾਲੇ ਸਮੇਂ ’ਚ ਇਹ ਪ੍ਰਦਰਸ਼ਨ ਅਮਰੀਕਾ ਭਰ ਦੇ ਸਾਰੇ ਸ਼ਹਿਰਾਂ’ਚ ਹੋਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਇਕ ਗੱਲ ਤਾਂ ਸਾਫ਼ ਹੈ ਕਿ ਸਰਕਾਰ ਉਦੋਂ ਤੱਕ ਕੋਈ ਵੀ ਕਦਮ ਨਹੀਂ ਉਠਾਵੇਗੀ ਜਦੋਂ ਤੱਕ ਇਕ ਤਕੜੀ ਲੋਕ ਲਹਿਰ ਨਹੀਂ ਬਣੇਗੀ। ਇਸ ਸ਼ੁਰੂਆਤ ਦਾ ਸਵਾਗਤ ਕਰਨਾਂ ਬਣਦਾ ਹੈ ਤੇ ਸਾਨੂੰ ਲਗਾਤਾਰ ਕੋਸ਼ਿਸ਼ਾਂ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਇਹ ਪਬਲਿਕ ਸੂਟਿੰਗ ਦੀਆਂ ਘਟਨਾਵਾਂ ਨੂੰ ਠੱਲ ਪਾਈ ਜਾ ਸਕੇ।

### ਮਾਣਯੋਗ ‘ਸੋਹਣ ਮਾਨ’ ਨੂੰ ਸਮਰਪਿਤ



ਤੂੰ ਮੇਰਾ ਕੱਦ ਮਾਪਦਾ ਹੈ
ਮੇਰੀਆਂ ਡਿਗਰੀਆਂ ਨਾਲ
ਮੇਰੇ ਅਸਰ ਰਸੂਖ ਨਾਲ
ਮੇਰੀ ਚਮੜੀ ਨਾਲ
ਜਾਂ ਮੇਰੀ ਦਮੜੀ ਨਾਲ
ਨਹੀਂ ਮਾਪ ਸਕੇਗਾ
ਕਿਉਂਕਿ ਮਾਪੇ ਪੰਧ ਜਾਂਦੇ ਨੇ
ਜੋ ਮੁਕਾ ਅਸੀਂ ਤੁਰ ਜਾਵਾਂਗੇ
ਕੱਦ ਤਾਂ ਉਹ ਹੁੰਦੇ ਨੇ
ਜੋ ਰਹਿ ਜਾਂਦੇ ਨੇ ਪਿਛੇ
ਗੁਰੂ ਗੋਬਿੰਦ ਦੀ
ਤਲਵਾਰ ਦੀ ਤਰ੍ਹਾਂ
ਕਰਤਾਰ ਸਰਾਭੇ ਦੀ
ਲਲਕਾਰ ਦੀ ਤਰ੍ਹਾਂ
ਨਲੂਏ ਦੇ ਭਾਲੇ
ਦੀ ਨੋਕ ਦੀ ਤਰ੍ਹਾਂ
ਭਗਤ ਸਿੰਘ ਦੀ
ਉਚੀ ਸੋਚ ਦੀ ਤਰ੍ਹਾਂ
ਕੱਦ ਸੋਹਣ ਮਾਨ ਦਾ
ਜੋ ਢੋ ਗਿਆ ਹੈ ਬੂਹੇ
ਰਸਮਾਂ ਜੋ ਚਿਬੜੀਆਂ
ਸਾਨੂੰ ਜੋਕ ਦੀ ਤਰ੍ਹਾਂ
ਕੱਦ ਤਾਂ ਉਹ ਹੁੰਦੇ ਨੇ
ਕੱਦ ਤਾਂ ਉਹ ਹੁੰਦੇ ਨੇ

ਪਰਮਿੰਦਰ ‘ਰਮਨ’ ਕੈਲਗਰੀ















- ਵਜੂਦ ਦਾ ਸਵਾਲ -

# ਹਾਲੇ ਵੀ ਬਚਾ ਲਈਏ ਆਪਣੇ ਪੰਜਾਬ ਨੂੰ...







ਗੁਰਚਰਨ ਸਿੰਘ
ਨੂਰਪੁਰ
98550-51099

ਕੁਝ ਸਾਲ ਪਹਿਲਾਂ ਦੇ ਪੰਜਾਬ ਵਿੱਚ ਵੱਡੇ ਉੱਚੇ ਵਿਸ਼ਾਲ ਦਰੱਖਤ ਸਨ। ਇਨ੍ਹਾਂ ਦਰੱਖਤਾਂ 'ਤੇ ਗਿਰਝਾਂ, ਇੱਲਾਂ, ਬਾਜ਼ ਆਲ੍ਹਣੇ ਪਾਉਂਦੇ ਸਨ। ਬੋਹੜਾਂ, ਪਿੱਪਲਾਂ, ਟਾਹਲੀਆਂ, ਕਿੱਕਰਾਂ ਦੇ ਉੱਚੇ ਵਿਸ਼ਾਲ ਦਰੱਖਤਾਂ 'ਤੇ ਇਹ ਪੰਛੀ ਅੰਡੇ ਦਿੰਦੇ ਸਨ। ਵੱਖ ਵੱਖ ਬੋਲੀਆਂ ਬੋਲਦੇ ਸਨ। ਇੱਲਾਂ ਗਿਰਝਾਂ ਮਰ ਚੁੱਕੇ ਜਾਨਵਰਾਂ ਦਾ ਮਾਸ ਖਾਂਦੀਆਂ ਸਨ। ਇਹ ਤਰ੍ਹਾਂ ਇਹ ਸਾਡੇ ਸਫ਼ਾਈ ਕਰਨ ਵਾਲੇ ਪੰਛੀ ਸਨ। ਇੱਲਾਂ ਗਿਰਝਾਂ ਆਕਾਸ਼ ਵਿੱਚ ਘੰਟਿਆਂ ਬੱਧੀ ਉੱਡਦੀਆਂ ਚੱਕਰ ਕੱਢਦੀਆਂ ਰਹਿੰਦੀਆਂ। ਇਹ ਇਨ੍ਹਾਂ ਪੰਛੀਆਂ ਦੀ ਇੱਕ ਵਿਲੱਖਣਤਾ ਸੀ। ਖੇਤਾਂ ਵਿੱਚ ਰੁੱਖਾਂ ਦੀਆਂ ਝਿੜੀਆਂ ਸਨ। ਰੁੱਖਾਂ 'ਤੇ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ ਬੈਠਦੀਆਂ ਸਨ। ਕੰਧਾਂ, ਕੌਲਿਆਂ, ਖੋਲਿਆਂ ਦੀਆਂ ਖੁੱਡਾਂ ਨੂੰ ਤੋਤੇ ਗਟਾਰਾਂ ਆਲ੍ਹਣੇ ਬਣਾਉਣ ਲਈ ਵਰਤਦੇ। ਕਿੱਕਰਾਂ ਨਾਲ ਬਿਜੜਿਆਂ ਦੇ ਲਮਕਦੇ ਆਲ੍ਹਣੇ ਦਿਸਦੇ ਸਨ। ਇੱਥੇ ਨਹਿਰਾਂ ਨਦੀਆਂ ਦੇ ਕੰਢਿਆਂ 'ਤੇ ਕਾਹੀਂ, ਸਰ, ਕਾਨੇ ਅਤੇ ਹੋਰ ਕਈ ਤਰ੍ਹਾਂ ਦੀ ਬਨਸਪਤੀ ਦੀਆਂ ਕਿਸਮਾਂ ਥੋੜ੍ਹੀ ਥੋੜ੍ਹੀ ਵਿੱਥ 'ਤੇ ਨਜ਼ਰੀਂ ਪੈ ਜਾਂਦੀਆਂ ਸਨ। ਵੱਡੇ ਦਰੱਖਤਾਂ 'ਤੇ ਸ਼ਹਿਦ ਦੀਆਂ ਮੱਖੀਆਂ ਦੇ ਝੱਤੇ ਅਕਸਰ ਦਿਖਾਈ ਦਿੰਦੇ ਸਨ। ਘਰ ਵਿੱਚ ਬੈਠਿਆਂ ਛਾਂ ਛਾਂ ਦੀ ਆਵਾਜ਼ ਆਉਣ ਲੱਗਣੀ ਤਾਂ ਉਪਰ ਦੇਖਣ 'ਤੇ ਪਤਾ ਚੱਲਣਾ ਕਿ ਕੋਈ ਡੂੰਮਣਾ ਆਪਣੀ ਥਾਂ ਬਦਲਣ ਲਈ ਲੰਘ ਰਿਹਾ ਹੈ। ਇਹ ਸਭ ਕੁਝ ਹੁਣ ਲੋਪ ਗਿਆ ਹੈ। ਜਾਂ ਇੰਜ ਕਹਿ ਲਈਏ ਕਿ ਇਸ ਸਭ ਕੁਝ ਦਾ ਅਸੀਂ ਹੁਣ ਸਫ਼ਾਇਆ ਕਰ ਦਿੱਤਾ ਹੈ। ਇਸੇ ਕਾਰਨ ਬਹੁਤ ਸਾਰੀ ਬਨਸਪਤੀ ਅਤੇ ਬਹੁਤ ਸਾਰੇ ਜੀਵ ਜੰਤੂ ਸਾਡੀ ਧਰਤੀ ਨੂੰ ਅਲਵਿਦਾ ਆਖ ਗਏ ਹਨ। ਬਿਜੜਾ ਇੱਕ ਬੜਾ ਪਿਆਰਾ ਪੰਛੀ ਹੈ। ਕਦੇ ਇਹ ਸਾਡੇ ਖੇਤਾਂ ਦਾ ਸ਼ਿੰਗਾਰ ਸੀ। ਅਸੀਂ ਇਸ ਦੇ ਘਰ ਬਣਾਉਣ ਦਾ ਸਾਮਾਨ ਹੀ ਨਹੀਂ ਰਹਿਣ ਦਿੱਤਾ। ਇੱਲਾਂ, ਗਿਰਝਾਂ ਕੁਝ ਕੁ ਸਾਲਾਂ ਵਿੱਚ ਤਕਰੀਬਨ ਲੋਪ ਹੋ ਗਈਆਂ ਹਨ। ਇਸ ਤਰ੍ਹਾਂ ਤੋਤੇ, ਕਬੂਤਰ, ਘੁੱਗੀਆਂ, ਗਟਾਰਾਂ ਅਤੇ ਕਾਵਾਂ ਦੀ ਗਿਣਤੀ ਵੀ ਤੇਜ਼ੀ ਨਾਲ ਘਟ ਰਹੀ ਹੈ। ਜਦੋਂ ਇਹ ਪੰਛੀ ਕੀਟਨਾਸ਼ਕਾਂ ਵਾਲਾ ਆਨਾਜ ਖਾਂਦੇ, ਜ਼ਹਿਰੀਲਾ ਪਾਣੀ ਪੀਂਦੇ ਜਾਂ ਜ਼ਹਿਰੀਲਾ ਚੋਗਾ ਆਪਣੇ ਬੱਚਿਆਂ ਨੂੰ ਦਿੰਦੇ ਹਨ ਤਾਂ ਇਨ੍ਹਾਂ ਦੇ ਬੱਚੇ ਮਰ ਜਾਂਦੇ ਹਨ। ਚਮਗਿੱਦੜ ਅਤੇ ਉੱਲੂ ਵਰਗੇ ਪੰਛੀਆਂ ਦੀ ਗਿਣਤੀ ਪਹਿਲਾਂ ਹੀ ਘੱਟ ਸੀ। ਸੋ ਇਹ ਬੜੀ ਤੇਜ਼ੀ ਨਾਲ ਖ਼ਤਮ ਹੋਏ। ਧਰਤੀ ਦੇ ਸਮੁੱਚੇ ਜੀਵਨ ਲਈ ਵੰਨ ਸੁਵੰਨਤਾ ਅਤੇ ਵਿਭਿੰਨਤਾ ਦੀ ਬੜੀ ਵੱਡੀ ਲੋੜ ਹੈ ਕਿਉਂਕਿ ਸਭ ਚੀਜ਼ਾਂ ਅਤੇ ਸਭ ਜੀਵਾਂ ਦਾ ਆਪਸੀ ਇੱਕ ਰਿਸ਼ਤਾ ਹੈ ਜੋ ਸਿੱਧੇ ਜਾਂ ਅਸਿੱਧੇ ਢੰਗ ਨਾਲ ਦੂਜੇ ਜੀਵਾਂ ਨਾਲ ਜੁੜਿਆ ਹੁੰਦਾ ਹੈ। ਵਿਗਿਆਨ ਅਨੁਸਾਰ ਜੀਵਨ ਦੀ ਕੜੀ 'ਚੋਂ ਜੇ ਇੱਕ ਜਾਤੀ ਲੋਪ ਹੁੰਦੀ ਹੈ ਤਾਂ 10 ਤੋਂ 20 ਹੋਰ ਜੀਵਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੀ ਹੈ। ਵੰਨ ਸੁਵੰਨਤਾ ਸਭ ਤਰ੍ਹਾਂ ਦੇ ਜੀਵਨ ਲਈ ਬੜੀ ਜ਼ਰੂਰੀ ਹੈ।

ਅਸੀਂ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਰਤਾਰਿਆਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਮਨੁੱਖ ਜਾਤੀ ਨੂੰ ਆਪਣੇ ਆਪ ਵਿੱਚ ਇਹ ਸਮਝ ਪੈਦਾ ਕਰਨ ਦੀ ਲੋੜ ਹੈ ਕਿ ਇਸ ਧਰਤੀ 'ਤੇ ਰਹਿਣ ਦਾ ਜਿੰਨਾ ਅਧਿਕਾਰ ਸਾਨੂੰ ਹੈ, ਦੂਜੇ ਜੀਵਾਂ ਨੂੰ ਵੀ ਓਨਾ ਹੀ ਅਧਿਕਾਰ ਹੈ। ਮਨੁੱਖ ਨੇ ਇੱਕ ਤਰ੍ਹਾਂ ਦੂਜੇ ਜੀਵਾਂ ਦੀਆਂ ਜਿਊਣ ਹਾਲਤਾਂ ਵਿੱਚ ਖੱਲਲ ਪੈਦਾ ਕਰ ਦਿੱਤਾ ਹੈ। ਮਿਸਾਲ ਵਜੋਂ, ਗਿਰਝਾਂ ਇੱਲਾਂ ਖ਼ਤਮ ਹੋ ਗਈਆਂ ਤੇ ਆਵਾਰਾ ਕੁੱਤਿਆਂ ਦੀ ਗਿਣਤੀ ਇਕਦਮ ਵਧ ਗਈ। ਮਰੇ ਪਸ਼ੂਆਂ ਦਾ ਮਾਸ ਖਾਣ ਵਾਲੇ ਕੁੱਤੇ ਹਿੰਸਕ ਹੋ ਜਾਂਦੇ ਹਨ। ਪੰਜਾਬ ਵਿੱਚ ਆਵਾਰਾ ਕੁੱਤਿਆਂ ਵੱਲੋਂ ਲੋਕਾਂ ਖ਼ਾਸਕਰ ਬੱਚਿਆਂ ਨੂੰ ਵੱਢ ਖਾਣ ਕਿੰਨੀਆਂ ਹੀ ਘਟਨਾਵਾਂ ਵਾਪਰ ਚੁੱਕੀਆਂ ਹਨ। ਅਜਿਹੀਆਂ ਘਟਨਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ। ਇੱਕ ਹੋਰ ਉਦਾਹਰਣ ਨਾਲ ਗੱਲ ਸਮਝ ਸਕਦੇ ਹਾਂ। ਜਿਵੇਂ ਕਿਹਾ ਜਾਵੇ ਕਿ ਸਾਡੇ ਤੋਂ ਕੁਝ ਮੀਲ ਦੂਰ ਕੋਈ ਸ਼ਿਕਾਰੀ ਹਿਰਨ ਦਾ ਸ਼ਿਕਾਰ ਕਰਦਾ ਹੈ ਤਾਂ ਇਸ ਦਾ ਪ੍ਰਭਾਵ ਸਾਡੇ ਜੀਵਨ 'ਤੇ ਵੀ ਪਵੇਗਾ। ਇਹ ਗੱਲ ਪੜ੍ਹਨ ਸੁਣਨ ਨੂੰ ਅਟਪਟੀ ਜਿਹੀ ਲੱਗਦੀ ਹੈ, ਪਰ ਇਹ ਸੱਚ ਹੈ। ਸਾਨੂੰ ਇਸ ਨੂੰ ਸੂਖ਼ਮਤਾ ਨਾਲ ਸਮਝਣਾ ਚਾਹੀਦਾ ਹੈ। ਦਰਅਸਲ, ਕਿਸੇ ਜੰਗਲ ਵਿੱਚ ਸ਼ੇਰਾਂ ਦੇ ਹੋਣ ਲਈ ਪਹਿਲੀ ਸ਼ਰਤ ਇਹ ਹੈ ਕਿ ਇੱਥੇ ਹਿਰਨ, ਬਾਰਾਂਸਿੰਙੇ ਆਦਿ ਜਾਨਵਰ ਵੀ ਲਾਜ਼ਮੀ ਹੋਣ। ਜੇ ਕਿਸੇ ਜੰਗਲ 'ਚੋਂ ਕੁਝ ਸ਼ਿਕਾਰੀ ਲਾਲਚਵੱਸ ਹਿਰਨਾਂ, ਬਾਰਾਂਸਿੰਙਿਆਂ ਦਾ ਸ਼ਿਕਾਰ ਕਰਕੇ ਇਨ੍ਹਾਂ ਨੂੰ ਖ਼ਤਮ ਕਰਨ ਦੀ ਕਗਾਰ ਤਕ ਲੈ ਜਾਂਦੇ ਹਨ ਤਾਂ ਇਸ ਨਾਲ ਨਿਸ਼ਚਿਤ ਤੌਰ 'ਤੇ ਸ਼ੇਰਾਂ ਦੀ ਗਿਣਤੀ ਤੇਜ਼ੀ ਨਾਲ ਘਟਣ ਲੱਗੇਗੀ। ਸ਼ੇਰਾਂ ਦਾ ਖਾਤਮਾ ਹੁੰਦਿਆਂ ਹੀ ਆਲੇ ਦੁਆਲੇ ਦੇ ਬਹੁਗਿਣਤੀ ਲੋਕਾਂ ਦੀ ਜੰਗਲ ਵਿੱਚ ਆਵਾਜਾਈ ਵਧ ਜਾਵੇਗੀ। ਇਸ ਨਾਲ ਤੇਜ਼ੀ ਨਾਲ ਜੰਗਲ ਦਾ ਖਾਤਮਾ ਸ਼ੁਰੂ ਹੋ ਜਾਵੇਗਾ। ਜੰਗਲ ਦਾ ਖਾਤਮਾ ਹੋਵੇਗਾ ਤਾਂ ਮਨੁੱਖੀ ਜ਼ਿੰਦਗੀ 'ਤੇ ਇਸ ਦੇ ਬੁਰੇ ਪ੍ਰਭਾਵ ਪੈਣੇ ਨਿਸ਼ਚਿਤ ਹਨ। ਸਾਡੀ ਔਸਤ ਉਮਰ ਘੱਟ ਹੋਵੇਗੀ। ਬਿਮਾਰੀਆਂ ਦਾ ਪ੍ਰਕੋਪ ਵਧੇਗਾ। ਜਦੋਂ ਵੀ ਧਰਤੀ 'ਤੇ ਜੀਵਾਂ ਜਾਂ ਬਨਸਪਤੀ ਦੀ ਵੰਨ-ਸੁਵੰਨਤਾ ਘਟਦੀ ਹੈ ਤਾਂ ਇਹ ਮਨੁੱਖ ਦੇ ਜੀਵਨ ਨੂੰ ਵੀ ਪ੍ਰਭਾਵਿਤ ਕਰਦੀ ਹੈ। ਬਹੁਤ ਸਾਰੇ ਪੰਛੀ ਜਿਵੇਂ ਤਿੱਤਰ, ਬਟੇਰੇ, ਕਿੱਲੀਠੋਕੇ, ਲੰਮੀ ਪੂਛ ਵਾਲੀ ਕਾਲੀ ਚਿੜੀ, ਘਰਾਂ ਵਿੱਚ ਰਹਿਣ ਵਾਲੀਆਂ ਚਿੜੀਆਂ ਆਦਿ ਬੜੀ ਤੇਜ਼ੀ ਨਾਲ ਖ਼ਤਮ ਹੋਏ ਹਨ।

ਉਂਜ, ਇਹ ਵੀ ਸੱਚ ਨਹੀਂ ਕਿ ਪਹਿਲਾਂ ਜੀਵ ਜਾਤੀਆਂ ਲੁਪਤ ਹੀ ਨਹੀਂ ਹੁੰਦੀਆਂ ਸਨ। ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਮੁਤਾਬਿਕ ਇਹ ਪਹਿਲਾਂ ਵੀ ਲੁਪਤ ਹੁੰਦੀਆਂ ਸਨ। ਇਸ ਮੁਤਾਬਿਕ ਕੁਦਰਤ ਦੇ ਇਸ ਪਸਾਰੇ ਵਿੱਚ ਜੀਵਾਂ ਦਾ ਆਪਸੀ ਘੋਲ ਚਲਦਾ ਹੈ। ਇਸ ਘੋਲ ਵਿੱਚ ਜੇਤੂ ਰਹਿਣ ਵਾਲਿਆਂ ਨੂੰ ਕੁਦਰਤ ਆਪਣਾ ਵਿਕਾਸ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਜੀਵਾਂ ਦੀਆਂ ਪ੍ਰਜਾਤੀਆਂ ਪਹਿਲਾਂ ਵੀ ਲੋਪ ਹੁੰਦੀਆਂ ਸਨ




ਅਤੇ ਨਵੀਆਂ ਜੀਵ ਜਾਤੀਆਂ ਵੀ ਹੋਂਦ ਵਿੱਚ ਆਉਂਦੀਆਂ ਰਹੀਆਂ ਹਨ, ਪਰ ਪਹਿਲਾਂ ਇਹ ਅਮਲ ਬੜਾ ਸੁਸਤ ਸੀ। ਕੋਈ 200 ਤੋਂ 500 ਸਾਲਾਂ ਦੇ ਵਕਫ਼ੇ ਮਗਰੋਂ ਧਰਤੀ ਤੋਂ ਕੋਈ ਇੱਕ ਪ੍ਰਜਾਤੀ ਲੋਪ ਹੁੰਦੀ ਸੀ। ਹੁਣ ਸਾਡੇ ਅਖੌਤੀ ਵਿਕਾਸ ਦੇ ਦੌਰ ਵਿੱਚ ਇਹ ਅਮਲ ਬੜਾ ਤੇਜ਼ ਹੋ ਗਿਆ ਹੈ। ਪਿਛਲੇ ਕੁਝ ਅਰਸੇ ਦੌਰਾਨ 762 ਜੀਵ ਜਾਤੀਆਂ ਇਕੱਲੇ ਭਾਰਤ ਵਿੱਚੋਂ ਅਤੇ 41,000 ਪ੍ਰਜਾਤੀਆਂ ਪੂਰੀ ਦੁਨੀਆਂ ਵਿੱਚੋਂ ਲੋਪ ਹੋ ਚੁੱਕੀਆਂ ਹਨ। ਇਹ ਬਹੁਤ ਵੱਡੀ ਗਿਣਤੀ ਹੈ। ਪਹਿਲਾਂ ਜੀਵਨ ਕੜੀ ਵਿੱਚ ਕੁਝ ਵੀ ਉਘੜ ਦੁੱਘੜ ਨਹੀਂ ਸੀ। ਮਨੁੱਖ ਵੱਲੋਂ ਆਪਣੇ ਲਾਲਚ, ਖ਼ੁਦਗਰਜ਼ੀ ਅਤੇ ਮੁਨਾਫ਼ੇ ਲਈ ਕੁਦਰਤੀ ਵਰਤਾਰਿਆਂ ਵਿੱਚ ਦਖ਼ਲਅੰਦਾਜ਼ੀ ਕਰਨ ਦੇ ਹਮੇਸ਼ਾਂ ਹੀ ਘਾਤਕ ਸਿੱਟੇ ਨਿਕਲਦੇ ਹਨ।

ਵਿਚਾਰਨਯੋਗ ਗੱਲ ਇਹ ਹੈ ਕਿ ਅਸੀਂ ਸਿਰਫ਼ ਜੀਵ ਜੰਤੂਆਂ ਅਤੇ ਬਨਸਪਤੀ ਦੀਆਂ ਭਿੰਨਤਾਵਾਂ ਨੂੰ ਖ਼ਤਮ ਨਹੀਂ ਕੀਤਾ ਸਗੋਂ ਮਿੱਟੀ ਦੀ ਭਿੰਨਤਾ ਅਤੇ ਕੁਦਰਤੀ ਦਿੱਖ ਨੂੰ ਵੀ ਵੱਡੇ ਪੱਧਰ 'ਤੇ ਵਿਗਾੜ ਦਿੱਤਾ ਹੈ। ਪੰਜਾਬ ਨੂੰ ਬੇਸ਼ੱਕ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਪਰ ਇੱਥੇ ਪੰਜ ਦਰਿਆਵਾਂ ਤੋਂ ਇਲਾਵਾ ਕੁਝ ਸਹਾਇਕ ਨਦੀਆਂ ਵੀ ਸਾਰਾ ਸਾਲ ਵਹਿੰਦੀਆਂ ਰਹਿੰਦੀਆਂ ਸਨ। ਇਨ੍ਹਾਂ ਦੇ ਪਾਣੀ ਵਿੱਚ ਅਤੇ ਕੰਢਿਆਂ 'ਤੇ ਵੱਸਿਆ ਜਨ ਜੀਵਨ ਵੀ ਤਬਾਹ ਹੋਇਆ ਹੈ। ਪੰਜਾਬ ਦੀ ਵੰਨ-ਸੁਵੰਨਤਾ ਨੂੰ ਤਬਾਹ ਕਰਨ ਵਿੱਚ ਕਣਕ ਝੋਨੇ ਦੇ ਫ਼ਸਲੀ ਚੱਕਰ ਦੀ ਬੜੀ ਵੱਡੀ ਭੂਮਿਕਾ ਰਹੀ ਹੈ। ਦਰਅਸਲ, ਕਿਸੇ ਵੀ ਦੇਸ਼ ਦੀ ਰਾਜਨੀਤਕ ਵਿਵਸਥਾ ਉੱਥੇ ਦੇ ਲੋਕਾਂ ਨੂੰ ਜਿਸ ਰਾਹ 'ਤੇ ਤੋਰਦੀ ਹੈ, ਉਹ ਦੇਰ ਸਵੇਰ ਓਧਰ ਤੁਰ ਹੀ ਪੈਂਦੇ ਹਨ। ਨਵੰਬਰ ਵਿੱਚ ਕਿਸਾਨ ਝੋਨੇ ਦੀ ਫ਼ਸਲ ਵੱਢਦੇ ਹਨ ਤਾਂ ਉਨ੍ਹਾਂ ਨੂੰ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਕਿ ਪਰਾਲੀ ਨਾ ਸਾੜੋ। ਦੂਜੇ ਪਾਸੇ ਪਰਾਲੀ ਨੂੰ ਬਿਲੇ ਲਾਉਣਾ ਕਿਸਾਨਾਂ ਲਈ ਵੀ ਵੱਡੀ ਸਮੱਸਿਆ ਹੈ। ਉਹ ਇਸ ਨੂੰ ਸੰਭਾਲਣ ਲਈ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕਰਦੇ ਹਨ। ਮੈਨੂੰ ਜਾਪਦਾ ਹੈ ਕਿ ਪੰਜਾਬ ਨੂੰ ਬਚਾਉਣ ਖ਼ਾਤਰ ਮੁਆਵਜ਼ੇ ਦੀ ਨਹੀਂ ਸਗੋਂ ਕਿਸਾਨਾਂ ਨੂੰ ਕਣਕ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਕੱਢਣ ਦੀ ਮੰਗ ਕਰਨੀ ਚਾਹੀਦੀ ਹੈ। ਇਸ ਫ਼ਸਲੀ ਚੱਕਰ ਤੋਂ ਕਿਸਾਨਾਂ ਨੂੰ ਛੁਟਕਾਰਾ ਤਾਂ ਹੀ ਮਿਲ ਸਕਦਾ ਹੈ ਜੇ ਕਿਸਾਨਾਂ ਨੂੰ ਹੋਰ ਦੂਜੀਆਂ ਫ਼ਸਲਾਂ ਦੇ ਲਾਹੇਵੰਦ ਭਾਅ ਦਿੱਤੇ ਜਾਣ, ਪਰ ਸਰਕਾਰਾਂ 'ਤੇ ਕਿਸ ਦਾ ਜ਼ੋਰ ਚਲਦਾ ਹੈ?


ਇਸ ਤਰ੍ਹਾਂ ਹਰ ਛੇ ਮਹੀਨੇ ਬਾਅਦ ਖੇਤਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਾਈ ਜਾਂਦੀ ਹੈ ਤਾਂ ਇਹ ਵੀ ਫ਼ਸਲਾਂ ਦੇ ਮਿੱਤਰ ਕੀੜਿਆਂ ਤੇ ਪੰਛੀਆਂ ਦੀ ਮੌਤ ਦਾ ਕਾਰਨ ਬਣਦੀ ਹੈ। ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਾਡੇ ਆਲੇ ਦੁਆਲੇ ਦੇ ਹਾਲਾਤ ਜੀਵ ਜੰਤੂਆਂ ਅਤੇ ਪੰਛੀਆਂ ਲਈ ਸਾਜ਼ਗਾਰ ਨਹੀਂ ਤਾਂ ਇਹ ਨਿਸ਼ਚਿਤ ਹੀ ਸਾਡੇ ਲਈ ਵੀ ਘਾਤਕ ਸਿੱਧ ਹੋਣਗੇ। ਅੱਜ ਸਿਰਜੇ ਗਏ ਵਾਤਾਵਰਣਕ ਮਾਹੌਲ ਅਸੀਂ ਸਭ ਵੀ ਧੀਮੀ ਮੌਤ ਮਰ ਰਹੇ ਹਾਂ ਅਤੇ ਸਾਡੀ ਤੰਦਰੁਸਤੀ ਵੀ ਤੇਜ਼ੀ ਨਾਲ ਗੁਆਚਦੀ ਜਾ ਰਹੀ ਹੈ। ਸਾਡੀ ਸਿਹਤ ਸਿਰਫ਼ ਸਾਡੇ ਸਰੀਰ ਤਕ ਹੀ ਸੀਮਿਤ ਨਹੀਂ ਸਗੋਂ ਇਹ ਮਾਨਸਿਕ ਅਤੇ ਸਰੀਰਕ ਤੌਰ 'ਤੇ ਆਪਣੇ ਸਮਾਜ ਅਤੇ ਕੁਦਰਤੀ ਵਾਤਾਵਰਣ ਨਾਲ ਜੁੜੀ ਹੋਈ ਹੈ। ਜੇ ਸਾਡਾ ਸਮਾਜ ਅਤੇ ਵਾਤਾਵਰਣ ਤੰਦਰੁਸਤ ਹੋਵੇਗਾ ਤਾਂ ਅਸੀਂ ਤੰਦਰੁਸਤ ਰਹਿ ਸਕਦੇ ਹਾਂ। ਇਸ ਦੀ ਅਣਹੋਂਦ ਵਿੱਚ ਅਸੀਂ ਕਈ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਅਤੇ ਭਿਆਨਕ ਰੋਗਾਂ ਦੇ ਸ਼ਿਕਾਰ ਹੋ ਜਾਵਾਂਗੇ। ਸ਼ਾਇਦ ਅਸੀਂ ਵੱਡੇ ਭਰਮ ਵਿੱਚ ਹਾਂ ਕਿ ਮਨੁੱਖ ਜਾਤੀ ਵਿਕਾਸ ਕਰ ਰਹੀ ਹੈ ਕਿਉਂਕਿ ਕੁਦਰਤੀ ਮਾਹੌਲ ਦਾ ਵਿਨਾਸ਼ ਕਰਕੇ ਕੀਤਾ ਵਿਕਾਸ ਸਾਡੇ ਲਈ ਵਿਨਾਸ਼ ਹੀ ਸਾਬਤ ਹੋਵੇਗਾ। ਇਸ ਅਖੌਤੀ ਵਿਕਾਸ ਵਿੱਚ ਕੁਦਰਤੀ ਸੁੰਦਰਤਾ ਲਗਾਤਾਰ ਘਟਦੀ ਜਾ ਰਹੀ ਹੈ। ਅੱਜ ਮਨੁੱਖ ਲਈ ਵੱਡਾ ਸੰਕਟ ਇਹ ਹੈ ਕਿ ਉਸ ਨੇ ਤੇਜ਼ੀ ਨਾਲ ਬਦਲ ਰਹੀਆਂ ਇਨ੍ਹਾਂ ਪ੍ਰਸਥਿਤੀਆਂ ਦਾ ਸਾਹਮਣਾ ਕਿਵੇਂ ਕਰਨਾ ਹੈ।

ਅਸੀਂ ਵਿਗਿਆਨਕ ਤਕਨੀਕਾਂ ਨੂੰ ਆਪਣੇ ਅਨੁਸਾਰ ਢਾਲਣ ਵਿੱਚ ਕੁਝ ਹੱਦ ਤਕ ਕਾਮਯਾਬ ਹੋ ਗਏ ਹਾਂ, ਪਰ ਵਿਗਿਆਨਕ ਸੋਚ ਸਾਡੇ ਜ਼ਿਹਨ ਦਾ ਹਿੱਸਾ ਨਹੀਂ ਬਣੀ। ਆਲੇ ਦੁਆਲੇ ਦਾ ਮਾਹੌਲ ਜੀਵਨ ਲਈ ਸਾਜ਼ਗਾਰ ਬਣਾਈ ਰੱਖਣ ਖ਼ਾਤਰ ਸਾਨੂੰ ਵਿਗਿਆਨਕ ਸੋਚ ਨੂੰ ਆਪਣੇ ਜ਼ਿਹਨ ਦਾ ਹਿੱਸਾ ਬਣਾਉਣ ਦੀ ਲੋੜ ਹੈ। ਸਰਕਾਰਾਂ ਨੂੰ ਬਦਲਵੀਆਂ ਫ਼ਸਲਾਂ ਦੇ ਢੁੱਕਵੇਂ ਭਾਅ ਨਿਯਤ ਕਰਨੇ ਚਾਹੀਦੇ ਹਨ। ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਹਰ ਪਿੰਡ, ਨਗਰ ਵਿੱਚ ਪਾਣੀ ਦੇ ਰੀਸਾਈਕਲਿੰਗ ਪਲਾਂਟ ਲਾਉਣੇ ਚਾਹੀਦੇ ਹਨ। ਰੁੱਖਾਂ ਦੀ ਕਟਾਈ ਬੰਦ ਕਰਕੇ ਨਵੇਂ ਹੋਰ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ ਕਰਨ ਦੀ ਲੋੜ ਹੈ। ਕੀਟਨਾਸ਼ਕ ਦਵਾਈਆਂ, ਸਪਰੇਆਂ ਅਤੇ ਰਸਾਇਣਾਂ ਦੀ ਵਰਤੋਂ ਨੂੰ ਘੱਟ ਕਰਨ ਦੀ ਲੋੜ ਹੈ। ਪੰਜਾਬ ਨੂੰ ਬਚਾਉਣ ਲਈ ਇਹ ਬੜਾ ਜ਼ਰੂਰੀ ਹੈ ਕਿ ਛੋਟੀਆਂ ਨਦੀਆਂ, ਛੱਪੜਾਂ, ਤਲਾਬਾਂ ਨੂੰ ਸੁਰਜੀਤ ਕੀਤਾ ਜਾਵੇ ਅਤੇ ਇਨ੍ਹਾਂ ਦੇ ਕੰਢਿਆਂ 'ਤੇ ਵੱਡੀ ਤਾਦਾਦ ਵਿੱਚ ਬੂਟੇ ਲਗਾਏ ਜਾਣ।



SHAHEED BHAGAT SINGH LIBRARY







ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ
ਨਾਲ ਸੰਪਰਕ ਕਰ ਸਕਦੇ ਹੋ।
403-455-4220

ਇੱਥੋਂ ਤੁਸੀਂ ਅਗਾਂਹਵਧੂ,
ਤਰਕਸ਼ੀਲ, ਲੋਕ-ਪੱਖੀ,
ਵਿਗਿਆਨਕ ਤੇ ਸਿਹਤਕ
ਕਿਤਾਬਾਂ ਵਾਜਬ ਕੀਮਤਾਂ ਤੇ ਲੈ
ਸਕਦੇ ਹੋ। ਕਿਤਾਬਾਂ ਸਾਡੀਆਂ ਹਮੇਸ਼ਾਂ ਸਾਥ ਦੇਣ ਵਾਲੀਆਂ
ਮਿੱਤਰ ਹਨ। ਇਨ੍ਹਾਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਉ।

*– ਕੌਮਾਂਤਰੀ ਔਰਤ ਦਿਵਸ ਦਾ ਸੁਨੇਹਾ –*

# ਔਰਤਾਂ ਨਾਲ ਵਿਤਕਰੇ ਦੇ ਖਾਤਮੇ ਲਈ ਮੁਕਤੀ ਲਹਿਰ ਜ਼ਰੂਰੀ



• ਲਖਵਿੰਦਰ

ਕੌਮਾਂਤਰੀ ਔਰਤ ਦਿਵਸ (8 ਮਾਰਚ) ਦਾ ਦਿਨ ਲੁੱਟ, ਦਾਬੇ, ਅਨਿਆਂ ਦਾ ਸਭ ਤੋਂ ਵੱਧ ਸ਼ਿਕਾਰ ਅਬਾਦੀ ਦੇ ਅੱਧੇ ਹਿੱਸੇ — ਔਰਤਾਂ ਦੇ ਹੱਕਾਂ, ਅਜ਼ਾਦੀ ਤੇ ਬਰਾਬਰੀ ਲਈ ਅਰੁੱਕ ਜਾਰੀ ਮਹਾਨ ਸੰਘਰਸ਼ ਦਾ ਪ੍ਰਤੀਕ ਦਿਨ ਹੈ। ਕੌਮਾਂਤਰੀ ਔਰਤ ਦਿਵਸ ਇਹ ਐਲਾਨ ਕਰਦਾ ਹੈ ਕਿ ਔਰਤਾਂ ਨੂੰ ਹਮੇਸ਼ਾਂ ਲਈ ਗੁਲਾਮ ਬਣਾ ਕੇ ਨਹੀਂ ਰੱਖਿਆ ਜਾ ਸਕਦਾ। ਇਸ ਦਿਨ ਦਾ ਇਹ ਸਬਕ ਹੈ ਕਿ ਔਰਤਾਂ ਦੀ ਬੇਹਤਰੀ ਖੁਦ ਔਰਤਾਂ ਦੀ ਜੁਝਾਰੂ ਲਹਿਰ ਤੋਂ ਬਿਨਾਂ ਸੰਭਵ ਨਹੀਂ ਹੈ ਅਤੇ ਇਹ ਕਿ ਜਦ ਤੱਕ ਸਮੁੱਚੀ ਮਨੁੱਖਤਾ ਨੂੰ ਲੁੱਟ ਅਧਾਰਿਤ ਸਰਮਾਏਦਾਰਾ ਪ੍ਰਬੰਧ ਤੋਂ ਛੁਟਕਾਰਾ ਹਾਸਲ ਨਹੀਂ ਹੋ ਜਾਂਦਾ ਉਦੋਂ ਤੱਕ ਔਰਤਾਂ ਵੀ ਪੂਰੀ ਤਰ੍ਹਾਂ ਅਜ਼ਾਦ ਨਹੀਂ ਹੋ ਸਕਣਗੀਆਂ। ਨਾਲ਼ ਹੀ ਇਸ ਦਿਨ ਦਾ ਇਹ ਵੀ ਸਬਕ ਹੈ ਕਿ ਔਰਤਾਂ ਦੀ ਗੁਲਾਮੀ ਦੇ ਖਾਤਮੇ ਤੋਂ ਬਿਨਾਂ ਮਰਦ ਕਿਰਤੀ ਵੀ ਸਰਮਾਏ ਦੀ ਗੁਲਾਮੀ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕਣਗੇ। ਇਹ ਦਿਨ ਸਮੁੱਚੀ ਮਨੁੱਖਤਾ ਨੂੰ ਲੁੱਟ-ਖਸੁੱਟ ਦੇ ਬੋਝ ਤੋਂ ਮੁਕਤੀ ਲਈ ਜਾਰੀ ਸੰਘਰਸ਼ ਵਿੱਚ ਔਰਤਾਂ ਵੱਲੋਂ ਕੀਤੀ ਗਈ ਸ਼ਮੂਲੀਅਤ ਦਾ ਗਵਾਹ ਤੇ ਪ੍ਰਤੀਕ ਦਿਨ ਵੀ ਹੈ। ਇਸ ਦਿਨ ਦਾ ਇਹ ਸਬਕ ਹੈ ਕਿ ਕਿਰਤੀ ਜਮਾਤਾਂ ਦੀ ਸਰਮਾਏਦਾਰਾ ਪ੍ਰਬੰਧ ਖਿਲਾਫ਼ ਲਹਿਰ ਔਰਤਾਂ ਦੀ ਬਰਾਬਰ ਦੀ ਜੁਝਾਰੂ ਹਿਸੇਦਾਰੀ ਤੋਂ ਬਿਨਾਂ ਅੱਗੇ ਨਹੀਂ ਵੱਧ ਸਕਦੀ।

ਕੌਮਾਂਤਰੀ ਔਰਤ ਦਿਵਸ ਦੀ ਸ਼ੁਰੂਆਤ ਮਜ਼ਦੂਰ ਜਮਾਤੀ ਔਰਤਾਂ ਦੇ ਸੰਘਰਸ਼ ਨਾਲ਼ ਹੋਈ ਸੀ। 8 ਮਾਰਚ 1857 ਨੂੰ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਔਰਤ ਕੱਪੜਾ ਮਜ਼ਦੂਰਾਂ ਨੇ 10 ਘੰਟੇ ਦੀ ਕੰਮ ਦਿਹਾੜੀ, ਬਿਹਤਰ ਮਜ਼ਦੂਰੀ, ਕੰਮ ਦੀਆਂ ਬਿਹਤਰ ਹਾਲਤਾਂ ਤੇ ਔਰਤਾਂ ਲਈ ਮਰਦਾਂ ਬਰਾਬਰ ਹੱਕਾਂ ਲਈ ਵਿਸ਼ਾਲ ਮੁਜ਼ਾਹਰੇ ਦਾ ਆਯੋਜਨ ਕੀਤਾ ਸੀ। ਸਰਕਾਰ ਨੇ ਪੁਲਿਸ ਰਾਹੀਂ ਔਰਤਾਂ ਦੇ ਇਸ ਸੰਘਰਸ਼ 'ਤੇ ਬਰਬਰ ਜ਼ਬਰ ਢਾਹਿਆ। ਦੋ ਸਾਲ ਬਾਅਦ ਔਰਤ ਮਜ਼ਦੂਰਾਂ ਨੇ ਆਪਣੇ ਹੱਕਾਂ ਲਈ ਲੜਨ ਵਾਸਤੇ ਆਪਣੀ ਪਹਿਲੀ ਯੂਨੀਅਨ ਕਾਇਮ ਕੀਤੀ। ਇਸਤੋਂ 51 ਸਾਲ ਬਾਅਦ 8 ਮਾਰਚ ਦੇ ਦਿਨ ਹੀ ਨਿਊਯਾਰਕ ਦੀਆਂ ਲੱਗਭੱਗ 20 ਹਜ਼ਾਰ ਮਜ਼ਦੂਰ ਔਰਤਾਂ ਨੇ ਕੰਮ ਦੀਆਂ ਬਿਹਤਰ ਹਾਲਤਾਂ, ਵੋਟ ਦੇਣ ਦੇ ਹੱਕ ਅਤੇ ਬਿਹਤਰ ਮਜ਼ਦੂਰੀ ਲਈ ਮੁਜ਼ਾਹਰਾ ਕੀਤਾ। ਦੋ ਸਾਲਾਂ ਬਾਅਦ 1910 ਵਿੱਚ ਕੋਪਨਹੇਗੇਨ ਵਿੱਚ ਸੰਸਾਰ ਭਰ ਦੀਆਂ ਮਜ਼ਦੂਰ ਜਮਾਤੀ ਪਾਰਟੀਆਂ ਦੇ ਕੌਮਾਂਤਰੀ ਮੰਚ ਨੇ ਕੌਮਾਂਤਰੀ ਔਰਤ ਸੰਮੇਲਨ ਦਾ ਆਯੋਜਨ ਕੀਤਾ। ਇਸ ਸੰਮੇਲਨ ਵਿੱਚ ਜਰਮਨ ਪਾਰਟੀ ਦੀ ਇਨਕਲਾਬੀ ਆਗੂ ਕਲਾਰਾ ਜੈਟਕਿਨ ਨੇ ਇਹ ਮਤਾ ਪੇਸ਼ ਕੀਤਾ ਕਿ 8 ਮਾਰਚ ਦਾ ਦਿਨ ਹਰ ਵਰ੍ਹੇ ਕੌਮਾਂਤਰੀ ਔਰਤ ਦਿਵਸ ਦੇ ਰੂਪ ਵਿੱਚ ਸਾਰੇ ਸੰਸਾਰ ਵਿੱਚ ਮਨਾਇਆ ਜਾਵੇ। ਇਸ ਮਤੇ ਨੂੰ ਸਰਬਸੰਮਤੀ ਨਾਲ਼ ਪਾਸ ਕੀਤਾ ਗਿਆ। ਉਦੋਂ ਤੋਂ ਹੀ ਸਾਰੇ ਸੰਸਾਰ ਵਿੱਚ ਕੌਮਾਂਤਰੀ ਔਰਤ ਦਿਵਸ ਮਨਾਇਆ ਜਾਂਦਾ ਹੈ।

ਸਾਡੇ ਦੇਸ਼ ਵਿੱਚ ਕੌਮਾਂਤਰੀ ਔਰਤ ਦਿਵਸ ਦੇ ਇਤਿਹਾਸ, ਇਸਦੇ ਇਤਿਹਾਸਕ ਮਹੱਤਵ ਅਤੇ ਵਰਤਮਾਨ ਸਮੇਂ ਵਿੱਚ ਇਸਦੀ ਅਸਲ ਪ੍ਰਸੰਗਿਕਤਾ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ। ਇੱਕ ਗਿਣੀ-ਮਿਥੀ ਸਾਜਿਸ਼ ਤਹਿਤ ਲੁਟੇਰੀਆਂ ਜਮਾਤਾਂ ਨੇ ਆਪਣੇ ਵਿਸ਼ਾਲ ਪ੍ਰਚਾਰ-ਪ੍ਰਸਾਰ ਸਾਧਨਾਂ ਰਾਹੀਂ ਇਸ ਦਿਨ ਦੇ ਅਸਲ ਅਰਥਾਂ ਦੇ ਅਨਰਥ ਕਰ ਦਿੱਤੇ ਹਨ। ਇਸਨੂੰ ਮਹਿਜ ਧਨਾਢ-ਮੱਧਵਰਗੀ ਔਰਤਾਂ ਦੇ "ਤਿਉਹਾਰ", ਪਾਰਟੀਆਂ, ਜਸ਼ਨਾਂ, ਖਰੀਦਦਾਰੀ ਕਰਨ, ਕਾਰਡ ਤੇ ਤੋਹਫੇ ਵੰਡਣ ਆਦਿ ਤਰ੍ਹਾਂ ਨਾਲ਼ ਬੋਰੀਅਤ-ਇਕੱਲਤਾ ਦੂਰ ਕਰਨ ਦੇ ਸਾਧਨ ਵਿੱਚ ਬਦਲ ਦਿੱਤਾ ਗਿਆ ਹੈ। ਕੌਸਮੈਟਿਕ ਕੰਪਨੀਆਂ ਇਸ ਦਿਨ 'ਤੇ ਔਰਤਾਂ ਲਈ ਵਿਸ਼ੇਸ਼ "ਤੋਹਫਿਆਂ" ਦਾ ਐਲਾਨ ਕਰਦੀਆਂ ਹਨ। ਅਜਿਹਾ ਹੀ ਹੋਰ ਬਹੁਤ ਕੁਝ ਕੌਮਾਂਤਰੀ ਔਰਤ ਦਿਵਸ ਦੇ ਮਹੱਤਵ ਨੂੰ ਧੁੰਦਲਾ ਕਰਨ ਲਈ ਕੀਤਾ ਜਾਂਦਾ ਰਿਹਾ ਹੈ। ਵੋਟ-ਵਟੋਰੂ ਪਾਰਟੀਆਂ (ਸਮੇਤ ਸੰਸਦਮਾਰਗੀ ਲਾਲ ਝੰਡੇ ਵਾਲ਼ੀਆਂ ਪਾਰਟੀਆਂ), ਇਹਨਾਂ ਨਾਲ਼ ਜੁੜੀਆਂ ਔਰਤਾਂ, ਨੌਜਵਾਨਾਂ, ਵਿਦਿਆਰਥੀਆਂ ਦੀਆਂ ਜੱਥੇਬੰਦੀਆਂ ਨੇ ਵੀ ਇਸ ਮਹਾਨ ਦਿਨ ਅਤੇ ਔਰਤਾਂ ਦੇ ਮੁਕਤੀ ਸੰਘਰਸ਼ ਨਾਲ਼ ਖਿਲ਼ਵਾੜ ਕਰਨ ਵਿੱਚ ਕੋਈ ਕਸਰ ਨਹੀਂ ਰਹਿਣ ਦਿੱਤੀ ਹੈ। ਆਪਣਾ ਵੋਟ ਬੈਂਕ ਅਤੇ ਅਧਾਰ ਮਜ਼ਬੂਤ ਕਰਨ ਲਈ ਇਹਨਾਂ ਪਾਰਟੀਆਂ-ਜੱਥੇਬੰਦੀਆਂ ਨੂੰ ਬਹੁਤ ਸਾਰੇ ਪਖੰਡ ਕਰਨੇ ਪੈਂਦੇ ਹਨ। ਕੌਮਾਂਤਰੀ ਔਰਤ ਦਿਵਸ ਦੇ ਦਿਨ ਇਹਨਾਂ ਵੱਲੋਂ ਕੀਤੀਆਂ ਜਾਂਦੀਆਂ ਰੈਲੀਆਂ, ਜਲਸੇ, ਮੋਟਰਸਾਈਕਲ-ਕਾਰ ਮਾਰਚ, ਮੀਟਿੰਗਾਂ, ਅਖਬਾਰਾਂ-ਟੀ.ਵੀ. ਚੈਨਲਾਂ ਰਾਹੀਂ ਦਿੱਤੇ ਜਾਂਦੇ ਔਰਤਾਂ ਦੇ ਨਾਂ "ਵਧਾਈ ਸੰਦੇਸ਼" ਪਖੰਡ ਤੋਂ ਸਿਵਾ ਹੋਰ ਕੁਝ ਨਹੀਂ ਹੁੰਦੇ। ਅਜਿਹੀਆਂ ਪਾਰਟੀਆਂ-ਜੱਥੇਬੰਦੀਆਂ ਔਰਤਾਂ ਸਾਹਮਣੇ ਵੱਧ ਤੋਂ ਵੱਧ ਸੰਸਦ-ਵਿਧਾਨ ਸਭਾਵਾਂ ਵਿੱਚ ਰਿਜਰਵੇਸ਼ਨ ਹਾਸਲ ਕਰਨ ਦਾ ਟੀਚਾ ਪੇਸ਼ ਕਰਦੇ ਹੋਏ ਔਰਤਾਂ ਦੀ ਅਜ਼ਾਦੀ ਦੀ ਗੱਲ ਕਰਦੀਆਂ ਹਨ। ਇਹਨਾਂ ਦੀ ਕੋਸ਼ਿਸ਼ ਵੱਧ ਤੋਂ ਵੱਧ ਇਹੋ ਰਹਿੰਦੀ ਹੈ ਕਿ ਔਰਤਾਂ ਦੀ ਮੁਕਤੀ ਦੀ ਤਾਂਘ, ਉਹਨਾਂ ਦੇ ਸੰਘਰਸ਼ ਸਰਮਾਏਦਾਰਾ ਸੰਸਦੀ ਢਾਂਚੇ ਦੇ ਚੌਖਟੇ ਤੋਂ ਬਾਹਰ ਨਾ ਜਾਣ। ਦਿਨ-ਰਾਤ ਸਰਮਾਏਦਾਰਾ ਲੋਟੂ ਢਾਂਚੇ ਦੀ ਚਿੰਤਾ ਵਿੱਚ ਡੁੱਬੀਆਂ, ਭ੍ਰਿਸ਼ਟ, ਪਤਿਤ, ਗਰਕ ਚੁੱਕੀਆਂ, ਲੋਕ-ਵਿਰੋਧੀ ਇਹ ਸਾਰੀਆਂ ਪਾਰਟੀਆਂ-ਜੱਥੇਬੰਦੀਆਂ ਘੋਰ ਔਰਤ-ਵਿਰੋਧੀ ਵੀ ਹਨ। ਇਹਨਾਂ ਤੋਂ ਔਰਤ ਮੁਕਤੀ ਲਈ ਕਿਸੇ ਇਮਾਨਦਾਰ ਕਦਮ ਦੀ ਉਮੀਦ ਤੱਕ ਨਹੀਂ ਕੀਤੀ ਜਾ ਸਕਦੀ। ਸਮਾਜ ਵਿੱਚੋਂ ਲੁੱਟ-ਖਸੁੱਟ, ਦਾਬੇ, ਜ਼ਬਰ, ਅਨਿਆਂ, ਗੈਰਬਰਾਬਰੀ ਦੇ ਸਭ ਤਰ੍ਹਾਂ ਦੇ ਰੂਪਾਂ ਦੇ ਖਾਤਮੇ ਦੇ ਚਾਹਵਾਨ, ਇਸ ਮਕਸਦ ਨੂੰ ਪੂਰਾ ਕਰਨ ਲਈ ਅਮਲੀ ਪੱਧਰ 'ਤੇ ਸਰਗਰਮ ਅਗਾਂਹਵਧੂ, ਇਨਸਾਫ਼ਪੰਸਦ, ਇਨਕਲਾਬੀ ਜੱਥੇਬੰਦੀਆਂ ਤੇ ਕਾਰਕੁੰਨਾਂ ਸਾਹਮਣੇ ਕੌਮਾਂਤਰੀ ਔਰਤ ਦਿਵਸ ਦੇ ਅਸਲ ਇਤਿਹਾਸ, ਇਤਿਹਾਸਕ ਮਹੱਤਵ, ਇਸ ਦਿਨ ਦੇ ਅਸਲ ਅਰਥਾਂ ਨੂੰ ਲੋਕ ਮਨਾਂ, ਖਾਸ ਤੌਰ 'ਤੇ ਔਰਤਾਂ ਦੇ ਮਨਾਂ ਵਿੱਚ ਸਥਾਪਤ ਕਰਨਾ ਬੇਹੱਦ ਜ਼ਰੂਰੀ ਤੇ ਚੁਣੌਤੀ ਭਰਿਆ ਕਾਰਜ ਹੈ।

ਅੱਜ ਸਾਡੇ ਸਮਾਜ ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਾ ਮਨੁੱਖ ਹੋਣ ਦਾ ਦਰਜਾ ਪ੍ਰਾਪਤ ਨਹੀਂ ਹੈ। ਅੱਜ ਸਾਡੇ ਸਮਾਜ ਵਿੱਚ ਕਿੰਨੀ ਵੀ ਆਧੁਨਿਕਤਾ ਆ ਗਈ ਹੋਵੇ, ਔਰਤ ਸਮੁੱਚ ਵਿੱਚ ਅੱਜ ਵੀ ਮਰਦ ਦੀ ਦਾਸੀ ਹੀ ਹੈ। ਉਹ ਮਹਿਜ ਬੱਚੇ (ਪੁੱਤਰ) ਪੈਦਾ ਕਰਨ ਤੇ ਪੀੜ੍ਹੀ ਅੱਗੇ ਵਧਾਉਣ ਦਾ ਸਾਧਨ ਹੈ। ਉਹ ਮਰਦ ਦੀ ਸਰੀਰਕ ਭੁੱਖ ਮਿਟਾਉਣ ਦਾ ਇੱਕ ਜ਼ਰੀਆ ਹੈ। ਬਾਪ ਹੋਵੇ ਜਾਂ ਭਰਾ, ਪਤੀ ਹੋਵੇ ਜਾਂ ਸਹੁਰਾ, ਹਰ ਮਰਦ ਦੀ ਉਹ ਗੁਲਾਮ ਹੈ। ਪਤੀ ਨੂੰ ਉਸ ਲਈ ਪ੍ਰਮੇਸ਼ਵਰ ਦੱਸਿਆ ਜਾਂਦਾ ਹੈ। ਉਸਦੀ ਆਪਣੀ ਕੋਈ ਮਰਜੀ ਨਹੀਂ ਹੈ। ਪ੍ਰੇਮ ਕਰਨਾ ਤਾਂ ਉਸ ਲਈ ਮੌਤ ਨੂੰ ਗਲ਼ੇ ਲਗਾਉਣਾ ਹੈ। ਸਰਮਾਏਦਾਰਾ ਵਿਕਾਸ ਨੇ ਔਰਤਾਂ ਦੇ ਇੱਕ ਵੱਡੇ ਹਿੱਸੇ ਨੂੰ ਘਰਾਂ ਤੋਂ ਬਾਹਰ ਕੱਢ ਕੇ ਕਿਰਤ ਸ਼ਕਤੀ ਦੀ ਮੰਡੀ ਵਿੱਚ ਲੈ ਆਂਦਾ ਹੈ। ਔਰਤਾਂ ਦੀ ਮਰਦ ਦੀ ਜਗੀਰੂ-ਮੱਧਯੁੱਗੀ ਢੰਗ ਦੀ ਗੁਲਾਮੀ ਵਿੱਚ ਇਸ ਨਾਲ਼ ਕਮੀ ਜ਼ਰੂਰ ਆਈ ਹੈ ਪਰ ਕੁੱਝ ਹੱਦ ਤੱਕ ਹੀ। ਔਰਤ ਦੀ ਸਸਤੀ ਕਿਰਤ ਸ਼ਕਤੀ ਤੇ ਉਸਦਾ ਸੁਹੱਪਣ ਸਰਮਾਏਦਾਰਾ ਜਮਾਤ ਲਈ ਮੁਨਾਫ਼ੇ ਦਾ ਇੱਕ ਵੱਡਾ ਸ੍ਰੋਤ ਬਣ ਗਿਆ ਹੈ। ਉਹ ਹੁਣ ਮਰਦ ਦੀ ਗੁਲਾਮੀ ਦੇ ਨਾਲ਼-ਨਾਲ਼ ਉਜਰਤੀ ਗੁਲਾਮੀ ਭਾਵ ਸਰਮਾਏ ਦੀ ਗੁਲਾਮੀ ਦਾ ਵੀ ਸ਼ਿਕਾਰ ਹੈ। ਸਰਮਾਏਦਾਰਾ ਮੰਡੀ ਵਿੱਚ ਹਰ ਮਜ਼ਦੂਰ ਹੀ, ਹਰ ਕਿਰਤੀ ਹੀ ਭਿਅੰਕਰ ਰੂਪ ਵਿੱਚ ਲੁੱਟ ਦਾ ਸ਼ਿਕਾਰ ਹੈ ਪਰ ਮਜ਼ਦੂਰ-ਕਿਰਤੀ ਔਰਤਾਂ ਮਰਦ ਮਜ਼ਦੂਰਾਂ ਤੋਂ ਕਿਤੇ ਵੱਧ ਇਸ ਲੁੱਟ ਦਾ ਸ਼ਿਕਾਰ ਹਨ। ਔਰਤਾਂ ਜੋ ਕਮਾਊ ਹਨ, ਉਹਨਾਂ ਨੂੰ ਘਰ ਦਾ ਵੀ ਕੰਮ ਕਰਨਾ ਪੈਂਦਾ ਹੈ। ਔਰਤਾਂ ਨੂੰ ਮਰਦਾਂ ਤੋਂ ਕਿਤੇ ਵੱਧ ਕਿਰਤ ਕਰਨੀ ਪੈਂਦੀ ਹੈ ਪਰ ਉਹਨਾਂ ਨੂੰ ਜੋ ਹਾਸਲ ਹੁੰਦਾ ਹੈ ਉਹ ਕਿਤੇ ਘੱਟ ਹੈ। ਕੰਮ ਦੀ ਥਾਂ 'ਤੇ ਔਰਤਾਂ ਨੂੰ ਸਰੀਰਕ ਛੇੜਛਾੜ, ਅਸ਼ਲੀਲ ਟਿੱਪਣੀਆਂ ਅਤੇ ਇੱਥੋਂ ਤੱਕ ਕਿ ਬਲਾਤਕਾਰ ਜਿਹੇ ਅਪਰਾਧਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਔਰਤਾਂ ਖਿਲਾਫ਼ ਅਪਰਾਧਾਂ ਵਿੱਚ ਪਿਛਲੇ ਸਮੇਂ ਵਿੱਚ ਜੋ ਵੱਡੇ ਪੱਧਰ 'ਤੇ ਵਾਧਾ ਹੋਇਆ ਹੈ ਉਸਦਾ ਕਾਰਨ ਪ੍ਰਤੱਖ ਰੂਪ ਵਿੱਚ ਸਰਮਾਏਦਾਰਾ ਪ੍ਰਬੰਧ ਹੈ। ਔਰਤਾਂ ਨੂੰ ਉਤਪਾਦਾਂ ਦੀ ਵੱਧ ਤੋਂ ਵੱਧ ਵਿਕਰੀ ਲਈ ਇਸ਼ਤਿਹਾਰਾਂ ਵਿੱਚ ਅਸ਼ਲੀਲ ਢੰਗ ਨਾਲ਼ ਪੇਸ਼ ਕੀਤਾ ਜਾ ਰਿਹਾ ਹੈ। ਮੁਨਾਫ਼ੇ ਖਾਤਰ ਹੀ ਔਰਤਾਂ ਦੀ ਅਖਬਾਰਾਂ, ਰਸਾਲਿਆਂ, ਟੀ.ਵੀ. ਚੈਨਲਾਂ, ਇੰਟਰਨੈਟ ਆਦਿ ਥਾਵਾਂ 'ਤੇ ਅਸ਼ਲੀਲ ਪੇਸ਼ਕਾਰੀ ਹੋ ਰਹੀ ਹੈ। ਵੱਧ ਤੋਂ ਵੱਧ ਮੁਨਾਫ਼ੇ ਲਈ ਨੰਗੇਜ਼ਵਾਦ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਨੰਗੇਜ਼ਵਾਦੀ-ਖਪਤਵਾਦੀ ਸਰਮਾਏਦਾਰਾ-ਸਾਮਰਾਜਵਾਦੀ ਗਲੇ-ਸੜੇ ਸੱਭਿਆਚਾਰ ਅਤੇ ਸਮਾਜ ਵਿੱਚ ਵੱਡੇ ਪੱਧਰ 'ਤੇ ਮੌਜੂਦ ਜਗੀਰੂ ਪ੍ਰਬੰਧ ਦੀ ਰਹਿੰਦ ਖੂੰਹਦ ਰੂੜੀਵਾਦੀ, ਪਿਛਾਖੜੀ, ਘੋਰ ਔਰਤ-ਵਿਰੋਧੀ ਮੱਧਯੁੱਗੀ, ਪਿੱਤਰਸੱਤ੍ਹਾਵਾਦੀ ਸੱਭਿਆਚਾਰ ਦੇ ਆਪਸ ਵਿੱਚ ਘਿਉ-ਖਿਚੜੀ ਹੋਣ ਨਾਲ਼ ਜੋ ਜ਼ਹਿਰੀਲੀਆਂ ਕਦਰਾਂ-ਕੀਮਤਾਂ ਸਮਾਜ ਵਿੱਚ ਫੈਲੀਆਂ ਹਨ ਉਹਨਾਂ ਦਾ ਹੀ ਨਤੀਜਾ ਹੈ ਕਿ ਅੱਜ ਔਰਤਾਂ ਕਿਤੇ ਵੀ ਸੁਰੱਖਿਅਤ ਨਹੀਂ ਹਨ। ਘਰ-ਪਰਿਵਾਰ ਤੋਂ ਲੈ ਕੇ ਪੂਰੇ ਸਮਾਜਿਕ ਤਾਣੇ ਬਾਣੇ ਵਿੱਚ ਹਰ ਥਾਂ 'ਤੇ ਔਰਤਾਂ ਭਿਅੰਕਰ ਰੂਪ ਵਿੱਚ ਅਸੁਰੱਖਿਅਤ ਹਨ। ਔਰਤਾਂ ਨਾਲ਼ ਛੇੜਖਾਨੀ, ਅਗਵਾ, ਬਲਾਤਕਾਰ, ਤੇਜ਼ਾਬ ਸੁੱਟਣ ਆਦਿ ਜਿਹੇ ਭਿਆਨਕ ਅਪਰਾਧ ਲਗਾਤਾਰ ਵੱਧਦੇ ਜਾ ਰਹੇ ਹਨ।

ਜੇਕਰ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਔਰਤਾਂ ਦੀ ਹਾਲਤ ਦੀ ਇੱਕ ਬੇਹੱਦ ਭਿਅੰਕਰ ਤਸਵੀਰ ਸਾਹਮਣੇ ਆਉਂਦੀ ਹੈ। ਕੌਮੀ ਜ਼ੁਰਮ ਰਿਕਾਰਡ ਬਿਊਰੋ ਵੱਲੋਂ ਜਾਰੀ ਹੋਈ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ ਹਰ 3.5 ਮਿੰਟ ਵਿੱਚ ਔਰਤਾਂ ਖਿਲਾਫ਼ ਇੱਕ ਜ਼ੁਰਮ ਹੁੰਦਾ ਹੈ। ਔਰਤਾਂ ਖਿਲਾਫ਼ ਹੁੰਦੇ ਜ਼ੁਰਮਾਂ ਵਿੱਚ ਘਰੇਲੂ ਹਿੰਸਾ ਦਾ ਹਿੱਸਾ 33.3 ਫੀਸਦੀ ਹੈ। 1997 ਤੋਂ 2002 ਵਿਚਕਾਰ ਘਰੇਲੂ ਹਿੰਸਾ ਵਿੱਚ 34.5 ਫੀਸਦੀ ਵਾਧਾ ਹੋਇਆ ਹੈ। 'ਦ ਸਟੇਟ ਆਫ਼ ਵਰਲਡ ਪਾਪੂਲੇਸ਼ਨ ਰਿਪੋਰਟ' ਮੁਤਾਬਕ ਭਾਰਤ ਵਿੱਚ ਹਰ 54 ਮਿੰਟ ਵਿੱਚ ਇੱਕ ਬਲਾਤਕਾਰ, ਹਰ 26 ਮਿੰਟ ਵਿੱਚ ਛੇੜਛਾੜ, 43 ਮਿੰਟ ਵਿੱਚ ਇੱਕ ਔਰਤ ਅਗਵਾ, ਇੱਕ ਘੰਟਾ 42 ਮਿੰਟ ਬਾਅਦ ਦਾਜ ਕਾਰਨ ਮੌਤ ਅਤੇ ਹਰ 7 ਮਿੰਟ ਬਾਅਦ ਔਰਤਾਂ ਨਾਲ਼ ਕਿਸੇ ਨਾ ਕਿਸੇ ਕਿਸਮ ਦੀ ਅਪਰਾਧਕ ਘਟਨਾ ਵਾਪਰਦੀ ਹੈ। ਇੱਕ ਹੋਰ ਰਿਪੋਰਟ ਮੁਤਾਬਕ ਦੇਸ਼ ਵਿੱਚ ਹਰ ਰੋਜ਼ ਬਲਾਤਕਾਰ ਦੀਆਂ 19 ਘਟਨਾਵਾਂ ਵਾਪਰ ਰਹੀਆਂ ਹਨ। ਇਹਨਾਂ ਅੰਕੜਿਆਂ ਵਿੱਚ ਜੋ ਵਿਖਾਈ ਦੇ ਰਿਹਾ ਹੈ ਉਹ ਤਾਂ ਅਸਲ ਤਸਵੀਰ ਦਾ ਇੱਕ ਅੰਸ਼ ਹੀ ਹੈ। ਔਰਤਾਂ ਨੂੰ ਹਰ ਪਲ ਜੋ ਲੁੱਟ, ਦਾਬਾ, ਗੁਲਾਮੀ ਝੱਲਣੀ ਪੈਂਦੀ ਹੈ ਉਹ ਸ਼ਬਦਾਂ ਵਿੱਚ ਜਾਂ ਅੰਕੜਿਆਂ ਵਿੱਚ ਜ਼ਾਹਰ ਨਹੀਂ ਹੋ ਸਕਦੀ। ਨਾਲ਼ੇ ਔਰਤਾਂ ਨਾਲ਼ ਹੁੰਦੇ ਜ਼ੁਰਮਾਂ ਦੇ ਇਹ ਅੰਕੜੇ ਬਹੁਤ ਹੀ ਅਧੂਰੇ ਹਨ। ਜਿਆਦਾਤਰ ਮਾਮਲੇ ਬੇਇੱਜਤੀ, ਡਰ, ਦਾਬੇ, ਖੱਜਲ-ਖੁਆਰੀ, ਇਨਸਾਫ਼ ਦੀ ਨਾਉਮੀਦੀ ਆਦਿ ਅਨੇਕਾਂ ਕਾਰਨਾਂ ਕਰਕੇ ਦਬ ਕੇ ਰਹਿ ਜਾਂਦੇ ਹਨ। ਉਂਝ ਔਰਤਾਂ ਦੀ ਭਿਅੰਕਰ ਹਾਲਤ ਨੂੰ ਜਾਨਣ, ਸਮਝਣ, ਮਹਿਸੂਸ ਕਰਨ ਲਈ ਕਿਸੇ ਵੀ ਇਨਸਾਫ਼ਪਸੰਦ, ਸੰਵੇਦਨਸ਼ੀਲ ਵਿਅਕਤੀ ਨੂੰ ਅੰਕੜਿਆਂ ਦੀ ਬਹੁਤੀ ਲੋੜ ਹੈ ਵੀ ਨਹੀਂ। ਸਮਾਜ ਵਿੱਚ ਵਿਚਰਦੇ ਹੋਏ ਔਰਤਾਂ ਦੀ ਹਾਲਤ ਨੂੰ ਕਾਫ਼ੀ ਹੱਦ ਤੱਕ ਜਾਣਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਔਰਤਾਂ ਖਿਲਾਫ਼ ਜ਼ੁਰਮਾਂ ਬਾਰੇ ਅਸੀਂ ਜੋ ਅੰਕੜੇ ਇੱਥੇ ਦਿੱਤੇ ਹਨ, ਇਹ ਭਾਰਤ ਬਾਰੇ ਹਨ। ਪਰ ਔਰਤਾਂ ਨੂੰ ਪੂਰੇ ਸੰਸਾਰ ਵਿੱਚ ਹੀ ਇਹਨਾਂ ਜ਼ੁਰਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਧੁਨਿਕ ਤੋਂ ਆਧੁਨਿਕ ਦੇਸ਼ ਵਿੱਚ ਵੀ ਔਰਤਾਂ ਦੀ ਸਥਿਤੀ ਦੋਮ ਦਰਜੇ ਦੀ ਹੀ ਹੈ ਭਾਵ ਉਹ ਮਰਦ ਪ੍ਰਧਾਨਤਾ ਦਾ ਸ਼ਿਕਾਰ ਹਨ। ਵੱਖ ਵੱਖ ਦੇਸ਼ਾਂ ਦੇ ਸਮਾਜਾਂ ਦੇ ਪਿਛੋਕੜ, ਲੋਕਾਂ ਦੀ ਜਮਹੂਰੀ ਚੇਤਨਾ ਆਦਿ ਵਜੋਂ ਮਰਦ ਪ੍ਰਧਾਨਤਾ ਅਤੇ ਔਰਤਾਂ ਖਿਲਾਫ਼ ਹੁੰਦੇ ਜ਼ੁਰਮਾਂ ਦੇ ਰੂਪਾਂ ਅਤੇ ਪੱਧਰ ਵਿੱਚ ਫ਼ਰਕ ਜ਼ਰੂਰ ਆਏ ਹਨ ਪਰ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਔਰਤਾਂ ਅਜ਼ਾਦ ਨਹੀਂ ਹਨ। ਸਮੁੱਚੇ ਸੰਸਾਰ ਵਿੱਚ ਔਰਤਾਂ ਦੀ ਸਥਿਤੀ ਬਾਰੇ ਕੁਝ ਅੰਕੜੇ ਵੀ ਸਾਡੇ ਸਾਹਮਣੇ ਹਨ। ਸਭ ਤੋਂ ਗਰੀਬ 120 ਕਰੋੜ ਲੋਕਾਂ ਵਿੱਚ 70 ਫ਼ੀਸਦੀ ਔਰਤਾਂ ਹਨ। ਸੰਸਾਰ ਵਿੱਚ ਕੁੱਲ ਕੀਤੀ ਜਾਂਦੀ ਕਿਰਤ (ਘੰਟਿਆਂ ਵਿੱਚ) ਦਾ 67 ਫੀਸਦੀ ਔਰਤਾਂ ਦੇ ਹਿੱਸੇ ਆਉਂਦਾ ਹੈ ਪਰ ਕੁਲ ਆਮਦਨ ਵਿੱਚ ਉਹਨਾਂ ਦਾ ਹਿੱਸਾ ਮਹਿਜ 10 ਫੀਸਦੀ ਹੀ ਹੈ। ਸੰਸਾਰ ਦੀ ਕੁੱਲ ਸੰਪੱਤੀ ਵਿੱਚ ਤਾਂ ਉਨ੍ਹਾਂ ਦਾ ਹਿੱਸਾ ਸਿਰਫ਼ 1 ਫੀਸਦੀ ਹੀ ਹੈ। ਸੰਸਾਰ ਵਿੱਚ ਬਿਨਾਂ ਭੁਗਤਾਨ ਤੋਂ ਕੀਤੇ ਜਾਣ ਵਾਲ਼ੇ ਕੰਮ ਦੀ ਕਦਰ ਲਗਭਗ 1600 ਕਰੋੜ ਡਾਲਰ ਹੈ ਜਿਸ ਵਿੱਚ ਔਰਤਾਂ ਵੱਲੋਂ ਪਾਇਆ ਜਾਂਦਾ ਹਿੱਸਾ 1100 ਕਰੋੜ ਡਾਲਰ ਹੈ। ਔਰਤਾਂ ਨੂੰ ਮਰਦਾਂ ਨਾਲ਼ੋਂ 30-40 ਫੀਸਦੀ ਘੱਟ ਤਨਖਾਹ ਦਿੱਤੀ ਜਾਂਦੀ ਹੈ। ਇੱਥੇ ਵੀ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਇਹ ਅੰਕੜੇ ਅਧੂਰੇ ਹਨ, ਹਕੀਕਤ ਇਸ ਤੋਂ ਕਿਤੇ ਵੱਧ ਦਿਲ ਕੰਬਾਊ ਹੋਵੇਗੀ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਔਰਤਾਂ ਦੀ ਇਹ ਮਾੜੀ ਹਾਲਤ ਕਿਵੇਂ ਬਦਲੀ ਜਾ ਸਕਦੀ ਹੈ? ਉਹ ਕਿਹੜੇ ਢੰਗ-ਤਰੀਕੇ, ਉਹ ਕਿਹੜਾ ਰਾਹ ਹੋ ਸਕਦਾ ਹੈ ਜਿਸ ਰਾਹੀਂ ਮਰਦ ਪ੍ਰਧਾਨਤਾ ਖਤਮ ਹੋਵੇਗੀ? ਭਾਰਤ ਵਿੱਚ ਇਹ ਆਮ ਧਾਰਨਾ ਹੈ ਕਿ ਔਰਤਾਂ ਦੇ ਪੜ੍ਹ-ਲਿਖ ਜਾਣ ਨਾਲ਼ ਅਤੇ ਕਮਾਊ ਬਣ ਜਾਣ ਨਾਲ਼ ਔਰਤਾਂ ਸਮਾਜ ਵਿੱਚ ਮਰਦਾਂ ਦੇ ਬਰਾਬਰ ਦਾ ਦਰਜਾ ਪ੍ਰਾਪਤ ਕਰਨ ਵਿੱਚ



ਸਫ਼ਲ ਹੋ ਜਾਣਗੀਆਂ। ਇਹ ਸਹੀ ਹੈ ਕਿ ਇਸ ਨਾਲ਼ ਔਰਤਾਂ ਦੀ ਸਥਿਤੀ ਵਿੱਚ ਬਦਲਾਅ ਆਉਂਦਾ ਹੈ। ਪਰ ਇਹ ਵੀ ਸੋਚਣਾ ਬਣਦਾ ਹੈ ਕਿ ਯੂਰਪ-ਅਮਰੀਕਾ ਦੇ ਵਿਕਸਿਤ ਸਰਮਾਏਦਾਰਾ ਦੇਸ਼ਾਂ ਵਿੱਚ ਜਿੱਥੇ ਔਰਤਾਂ ਦੀ ਸਾਖਰਤਾ ਅਤੇ ਕਮਾਊ ਹੋਣ ਦੀ ਦਰ ਬਹੁਤ ਉੱਚੀ ਹੈ ਉੱਥੇ ਵੀ ਔਰਤਾਂ ਮਰਦ ਪ੍ਰਧਾਨਤਾ ਦਾ ਸ਼ਿਕਾਰ ਕਿਉਂ ਹਨ? ਉੱਥੇ ਵੀ ਕਿਉਂ ਔਰਤਾਂ ਨੂੰ ਬਰਾਬਰ ਦੀ ਸਮਾਜਿਕ, ਆਰਥਿਕ ਤੇ ਸਿਆਸੀ ਹੈਸੀਅਤ ਹਾਸਲ ਨਹੀਂ ਹੋ ਸਕੀ ਹੈ? ਸਾਡੇ ਦੇਸ਼ ਵਿੱਚ ਵੀ ਔਰਤਾਂ ਦਾ ਜੋ ਹਿੱਸਾ ਸਾਖ਼ਰ ਹੋ ਚੁੱਕਾ ਹੈ ਤੇ ਕਮਾਊ ਹੈ ਉਹ ਮਰਦਾਂ ਦੀ ਗੁਲਾਮੀ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕਿਆ। ਔਰਤਾਂ ਦੀ ਹਾਲਤ ਸੁਧਾਰਨ ਲਈ ਔਰਤਾਂ ਨੂੰ ਪਾਰਲੀਮੈਂਟ-ਵਿਧਾਨ ਸਭਾਵਾਂ ਵਿੱਚ 33 ਫੀਸਦੀ ਰਿਜ਼ਰਵੇਸ਼ਨ ਦੇਣ ਦਾ ਨੀਮ ਹਕੀਮੀ ਨੁਸਖਾ ਵੀ ਬਹੁਤ ਪ੍ਰਚਾਰਿਆ ਜਾਂਦਾ ਹੈ। ਕਹਿਣ ਦੀ ਲੋੜ ਨਹੀਂ ਕਿ ਜੇਕਰ ਔਰਤਾਂ ਲਈ ਰਿਜਰਵੇਸ਼ਨ ਦਾ ਅਜਿਹਾ ਕਨੂੰਨ ਬਣ ਜਾਂਦਾ ਹੈ ਉਸਦਾ ਵਿਰੋਧ ਨਹੀਂ ਕੀਤਾ ਜਾਣਾ ਚਾਹੀਦਾ, ਪਰਸੋਚਣਾ ਇਹ ਬਣਦਾ ਹੈ ਕਿ ਜੇਕਰ ਕੁਝ ਔਰਤਾਂ ਪਾਰਲੀਮੈਂਟ ਵਿਧਾਨ ਸਭਾਵਾਂ ਵਿੱਚ ਬੈਠੇ ਲੁਟੇਰੇ ਟੋਲੇ ਵਿੱਚ ਸ਼ਾਮਲ ਹੋ ਵੀ ਜਾਂਦੀਆਂ ਹਨ ਤਾਂ ਉਸ ਨਾਲ਼ ਦੇਸ਼ ਦੀਆਂ ਔਰਤਾਂ ਦੀ ਗੁਲਾਮੀ ਦੀ ਹਾਲਤ ਵਿੱਚ ਕੀ ਸੁਧਾਰ ਹੋ ਜਾਵੇਗਾ? ਇਸ ਨਾਲ਼ ਦੇਸ਼ ਦੇ ਕਾਰਖਾਨਿਆਂ, ਖੇਤਾਂ, ਦੁਕਾਨਾਂ, ਸ਼ੋ-ਰੂਮਾਂ, ਸਕੂਲਾਂ, ਘਰਾਂ, ਉਸਾਰੀ ਕੰਮਾਂ 'ਚ ਬੇਹੱਦ ਘੱਟ ਆਮਦਨ ਅਤੇ ਬੇਹੱਦ ਭੈੜੀਆਂ ਹਾਲਤਾਂ ਵਿੱਚ ਕੰਮ ਕਰ ਰਹੀ ਔਰਤਾਂ ਦੀ ਅਬਾਦੀ ਦੀ ਹਾਲਤ ਵਿੱਚ ਕੀ ਸੁਧਾਰ ਹੋ ਜਾਵੇਗਾ? ਇਸ ਤਰ੍ਹਾਂ ਘਰੇਲੂ ਹਿੰਸਾ ਕਿਵੇਂ ਖਤਮ ਹੋ ਜਾਵੇਗੀ? ਇਸ ਨਾਲ਼ ਜਗੀਰੂ ਸੱਭਿਆਚਾਰ ਅਤੇ ਨੰਗੇਜ਼ਵਾਦੀ, ਕਾਮੁਕਤਾਵਾਦੀ, ਖਪਤਵਾਦੀ ਗਲੇ-ਸੜੇ ਸਰਮਾਏਦਾਰਾ ਸੱਭਿਆਚਾਰ ਦਾ ਖਾਤਮਾ ਕਿਵੇਂ ਹੋ ਜਾਵੇਗਾ ਜਾਂ ਔਰਤਾਂ ਖਿਲਾਫ਼ ਵੱਡੇ ਪੱਧਰ 'ਤੇ ਹੋ ਰਹੇ ਅਪਰਾਧ ਕਿਵੇਂ ਬੰਦ ਹੋ ਜਾਣਗੇ? ਔਰਤਾਂ ਖਿਲਾਫ਼ ਜ਼ੁਰਮਾਂ ਦੀਆਂ ਪਿਛਲੇ ਸਮੇਂ ਵਿੱਚ ਹੋਈਆਂ ਤਾਜ਼ਾ ਘਟਨਾਵਾਂ ਤੋਂ ਬਾਅਦ ਔਰਤਾਂ ਖਿਲਾਫ਼ ਜ਼ੁਰਮ ਕਰਨ ਵਾਲ਼ਿਆਂ ਖਿਲਾਫ਼ ਸਖਤ ਕਨੂੰਨੀ ਕਦਮ ਚੁੱਕੇ ਜਾਣ, ਪੁਖਤਾ ਕਾਰਵਾਈ ਲਈ ਪੁਲਸ-ਪ੍ਰਸ਼ਾਨਿਕ ਢਾਂਚਾ ਚੁਸਤ-ਦਰੁਸਤ ਕੀਤੇ ਜਾਣ ਅਤੇ ਬਲਾਤਕਾਰ ਦੇ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀਆਂ ਮੰਗਾਂ ਜ਼ੋਰਦਾਰ ਢੰਗ ਨਾਲ਼ ਉੱਠੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜਿਹੇ ਸਾਰੇ ਕਦਮ ਚੁੱਕੇ ਜਾਣੇ ਚਾਹੀਦੇ ਹਨ ਅਤੇ ਇਸ ਵਾਸਤੇ ਜ਼ੋਰਦਾਰ ਸੰਘਰਸ਼ ਛੇੜਿਆ ਜਾਣਾ ਚਾਹੀਦਾ ਹੈ। ਪਰ ਇਸ ਨਾਲ਼ ਔਰਤਾਂ ਦੀ ਸਥਿਤੀ ਵਿੱਚ ਬਹੁਤ ਜ਼ਿਆਦਾ ਫਰਕ ਨਹੀਂ ਆਉਣ ਵਾਲ਼ਾ। ਪਹਿਲਾਂ ਵੀ ਗਰੀਬਾਂ, ਔਰਤਾਂ, ਬੱਚਿਆਂ ਦੇ ਹੱਕ ਵਿੱਚ ਜੋ ਕਨੂੰਨ ਮੌਜੂਦ ਹਨ ਉਹ ਕਿੰਨੇ ਕੁ ਲਾਗੂ ਹੋ ਰਹੇ ਹਨ? ਸੰਸਦ-ਵਿਧਾਨ ਸਭਾਵਾਂ, ਪੰਚਾਇਤਾਂ, ਨਗਰ ਪਾਲਿਕਾਵਾਂ, ਅਦਾਲਤਾਂ, ਅਫ਼ਸਰਸ਼ਾਹੀ, ਪੁਲਸ, ਫੌਜ - ਇਹ ਪੂਰਾ ਤਾਣਾ-ਬਾਣਾ ਹੀ ਲੋਕ-ਵਿਰੋਧੀ, ਅਤੇ ਇਸ ਤੋਂ ਵੀ ਕਿਤੇ ਵਧਕੇ ਔਰਤ-ਵਿਰੋਧੀ ਹੈ। ਦੇਸ਼ ਦਾ ਸਾਰਾ ਸਿਆਸੀ-ਪ੍ਰਸ਼ਾਸਨਿਕ ਪ੍ਰਬੰਧ ਏਨਾ ਗਲ਼ ਸੜ ਚੁੱਕਾ ਹੈ ਕਿ ਇਸ ਨੂੰ ਲੋਕ ਹਿੱਤਾਂ ਮੁਤਾਬਕ ਢਾਲਣ ਦੀ ਗੱਲ ਸੋਚਣਾ, ਇਸ ਤੋਂ ਔਰਤਾਂ ਦੀ ਸੁਰੱਖਿਆ, ਹੱਕਾਂ, ਅਜ਼ਾਦੀ, ਬਰਾਬਰੀ, ਇਨਸਾਫ਼ ਦੀ ਉਮੀਦ ਕਰਨਾ ਸਿਰੇ ਦੀ ਮੂਰਖਤਾ ਹੋਵੇਗੀ।

ਮਨੁੱਖੀ ਸਮਾਜ ਵਿੱਚ ਹਜ਼ਾਰਾਂ ਸਾਲ ਪਹਿਲਾਂ ਜਦ ਕਿਰਤ ਵੰਡ ਦੇ ਨਤੀਜੇ ਵਜੋਂ ਨਿੱਜੀ ਜਾਇਦਾਦ ਦੀ ਉਤਪਤੀ ਹੋਈ ਉਦੋਂ ਸਮਾਜ ਲੋਟੂ ਅਤੇ ਲੁਟੀਂਦੀਆਂ ਜਮਾਤਾਂ ਵਿੱਚ ਵੰਡਿਆ ਗਿਆ ਸੀ। ਨਿੱਜੀ ਜਾਇਦਾਦ ਹੀ ਸਮਾਜ ਵਿੱਚ ਔਰਤਾਂ ਦੇ ਦੋਮ ਦਰਜੇ ਦਾ ਕਾਰਨ ਬਣੀ। ਹੁਣ ਨਿੱਜੀ ਜਾਇਦਾਦ ਦੇ ਖਾਤਮੇ ਨਾਲ਼ ਹੀ ਔਰਤਾਂ ਦੀ ਗੁਲਾਮੀ ਦਾ ਖਾਤਮਾ ਹੋਵੇਗਾ। ਜਦੋਂ ਤੱਕ ਕਿਰਤ ਵੰਡ, ਨਿੱਜੀ ਜਾਇਦਾਦ, ਜਿਣਸ ਪੈਦਾਵਾਰ ਅਤੇ ਮੁਨਾਫ਼ੇ ਖਾਤਰ ਕਿਰਤ ਦੀ ਲੁੱਟ 'ਤੇ ਅਧਾਰਤ ਇਹ ਲੋਟੂ ਸਰਮਾਏਦਾਰਾ ਪ੍ਰਬੰਧ ਕਾਇਮ ਰਹੇਗਾ ਉਦੋਂ ਤੱਕ ਮਰਦ ਪ੍ਰਧਾਨਤਾ ਵੀ ਕਾਇਮ ਰਹੇਗੀ। ਇਸ ਲਈ ਸਰਮਾਏਦਾਰਾ ਪ੍ਰਬੰਧ ਦੇ ਇਨਕਲਾਬੀ ਢੰਗ ਨਾਲ਼ ਖਾਤਮੇ ਅਤੇ ਇਸਦੀ ਥਾਂ ਸਮਾਜਵਾਦੀ ਪ੍ਰਬੰਧ ਦੀ ਕਾਇਮੀ ਅਤੇ ਸਮਾਜਵਾਦੀ ਪ੍ਰਬੰਧ ਵਿੱਚੋਂ ਹੁੰਦੇ ਹੋਏ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਸਮਾਜ, ਜਮਾਤ ਰਹਿਤ ਸਮਾਜ — ਕਮਿਊਨਿਜ਼ਮ — ਦੀ ਕਾਇਮੀ ਦਾ ਰਾਹ ਹੀ ਔਰਤ ਦੀ ਗੁਲਾਮੀ ਦੇ ਖਾਤਮੇ ਦਾ ਰਾਹ ਹੋਵੇਗਾ। ਪਰ ਇਸਦਾ ਇਹ ਮਤਲਬ ਹਰਗਿਜ਼ ਨਹੀਂ ਹੈ ਕਿ ਕਮਿਊਨਿਜ਼ਮ ਸਥਾਪਿਤ ਹੋਣ ਤੱਕ ਔਰਤਾਂ ਹੱਥ 'ਤੇ ਹੱਥ ਧਰ ਕੇ ਬੈਠੀਆਂ ਰਹਿਣਗੀਆਂ। ਨਿੱਜੀ ਮਾਲਕੀ ਦੇ ਖਾਤਮੇ ਦੇ ਇਨਕਲਾਬੀ ਸੰਘਰਸ਼ ਵਿੱਚ ਬਰਾਬਰ ਦੀ ਹਿੱਸੇਦਾਰੀ ਤਾਂ ਹੋਵੇਗੀ ਹੀ ਪਰ ਇਸ ਸੰਘਰਸ਼ ਦੇ ਇੱਕ ਅੰਗ ਦੇ ਤੌਰ 'ਤੇ ਔਰਤਾਂ ਨੂੰ ਆਪਣੀ ਲੁੱਟ-ਦਾਬੇ ਦੇ ਹਰ ਰੂਪ ਖਿਲਾਫ਼, ਅਜ਼ਾਦੀ, ਬਰਾਬਰੀ, ਹੱਕਾਂ ਲਈ ਔਰਤਾਂ ਦੀ ਖੁਦਮੁਖਤਾਰ ਜੁਝਾਰੂ ਲਹਿਰ ਵੀ ਉਸਾਰਨੀ ਹੋਵੇਗੀ। ਔਰਤਾਂ ਨੂੰ ਵੱਡੇ ਪੱਧਰ 'ਤੇ ਆਪਣੇ ਹੱਕਾਂ, ਅਜ਼ਾਦੀ, ਬਰਾਬਰੀ ਲਈ ਜਾਗਰੂਕ ਹੋਣਾ ਹੋਵੇਗਾ ਅਤੇ ਜੁਝਾਰੂ ਸੰਘਰਸ਼ ਚਲਾਉਣੇ ਹੋਣਗੇ। ਅੱਜ ਸੰਸਾਰ ਵਿੱਚ ਔਰਤਾਂ ਨੂੰ ਜਿਸ ਹੱਦ ਤੱਕ ਵੀ ਹੱਕ ਹਾਸਿਲ ਹਨ ਉਹ ਕਿਸੇ ਨੇ ਤੋਹਫੇ ਵਿੱਚ ਨਹੀਂ ਦਿੱਤੇ। ਸੰਸਾਰ ਭਰ ਵਿੱਚ ਔਰਤਾਂ ਨੇ ਇਹ ਹੱਕ ਲੋਕ ਲਹਿਰਾਂ ਵਿੱਚ ਜੁਝਾਰੂ ਹਿੱਸੇਦਾਰੀ ਕਰਦੇ ਹੋਏ ਅਤੇ ਆਪਣੀਆਂ ਖੁਦਮੁਖਤਾਰ ਲਹਿਰਾਂ ਉਸਾਰਨ ਰਾਹੀਂ ਹੀ ਹਾਸਲ ਕੀਤੇ ਹਨ। ਇਹ ਭਾਵੇਂ ਜਗੀਰੂ ਦਾਬਾ ਹੋਵੇ ਜਾਂ ਸਰਮਾਏ ਦਾ ਦਾਬਾ, ਔਰਤਾਂ ਨੇ ਇਸ ਤੋਂ ਜਿਸ ਹੱਦ ਤੱਕ ਵੀ ਰਾਹਤ ਹਾਸਲ ਕੀਤੀ ਹੈ ਉਹ ਵਿਆਪਕ, ਜਾਗਰੂਕ ਅਤੇ ਜਨਤਕ ਸੰਘਰਸ਼ਾਂ ਰਾਹੀਂ ਹੀ ਹਾਸਲ ਕੀਤੀ ਹੈ।

ਇਸ ਰਾਹ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਹੈ ਜੋ ਔਰਤਾਂ ਨੂੰ ਮੁਕੰਮਲ ਰੂਪ ਵਿੱਚ ਲੁੱਟ, ਦਾਬੇ, ਗੁਲਾਮੀ ਤੋਂ ਮੁਕਤ ਕਰ ਸਕੇ। ਔਰਤ ਮੁਕਤੀ ਦੇ ਇਸ ਰਾਹ ਨੂੰ ਸਮਝਣ ਅਤੇ ਅਪਣਾਉਣ ਦਾ ਹੀ ਸੰਸਾਰ ਭਰ ਦੀਆਂ ਅਜ਼ਾਦੀ-ਬਰਾਬਰੀ-ਨਿਆਂ ਦੀ ਤਾਂਘ ਰੱਖਣ ਵਾਲ਼ੀਆਂ ਔਰਤਾਂ ਨੂੰ ਕੌਮਾਂਤਰੀ ਔਰਤ ਦਿਵਸ ਇਨਕਲਾਬੀ ਸੱਦਾ ਦਿੰਦਾ ਹੈ। ਉੱਠੋ! ਜਾਗੋ!! ਹੱਕ, ਬਰਾਬਰੀ ਤੇ ਅਜ਼ਾਦੀ ਲਈ, ਲੁੱਟ, ਦਾਬੇ ਤੇ ਗੁਲਾਮੀ ਦੇ ਹਰ ਰੂਪ ਖਿਲਾਫ਼ ਲਹਿਰਾਂ ਬਣ ਅੱਗੇ ਵਧੋ! ਕੌਮਾਂਤਰੀ ਔਰਤ ਦਿਵਸ ਦਾ ਇਹੋ ਸੁਨੇਹਾ ਹੈ। •

---

ਅੰਮ੍ਰਿਤ

# ਕੀ ਸੋਕੜਾ, ਕੀ ਮੋਟਾਪਾ, ਜ਼ਿੰਦਾਬਾਦ ਰਹੇ ਮੁਨਾਫ਼ਾ...

ਨਵੰਬਰ, 2017 ਵਿੱਚ 'ਸੰਸਾਰ ਪੋਸ਼ਣ ਰਿਪੋਰਟ-2017' ਨਸ਼ਰ ਹੋਈ, ਜਿਹੜੀ ਇੱਕ ਦਿਨ ਲਈ ਅਖ਼ਬਾਰਾਂ ਦੀ ਸੁਰਖੀ ਵੀ ਬਣੀ ਪਰ ਅਜਿਹੀਆਂ ਹੀ ਹੋਰ ਬਹੁਤ ਸਾਰੀਆਂ ਰਿਪੋਰਟਾਂ ਵਾਂਗ ਇਹ ਵੀ ਬਿਨਾਂ ਕਿਸੇ ਬਹੁਤੀ ਚਰਚਾ ਤੋਂ ਗਾਇਬ ਹੋ ਗਈ। ਰਿਪੋਰਟ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਸ ਰਿਪੋਰਟ ਨੂੰ ਕੁਝ ਅਖ਼ਬਾਰਾਂ ਨੇ ਜਿਸ ਤਰੀਕੇ ਨਾਲ਼ ਆਪਣੀ ਸੁਰਖੀ ਬਣਾਇਆ, ਉਹ ਦੇਖਣਾ ਵੀ ਦਿਲਚਸਪ ਹੋਵੇਗਾ। ਮਿਸਾਲ ਲਈ, 'ਹਿੰਦੁਸਤਾਨ ਟਾਈਮਜ਼' ਨੇ ਇਸ ਰਿਪੋਰਟ ਬਾਰੇ ਖ਼ਬਰ ਇਸ ਸੁਰਖੀ ਹੇਠ ਛਾਪੀ ਮੋਟਾਪਾ ਸੰਸਾਰ ਲਈ ਕੁਪੋਸ਼ਣ ਤੋਂ ਜ਼ਿਆਦਾ ਵੱਡਾ ਖਤਰਾ: ਸੰਸਾਰ ਪੋਸ਼ਣ ਰਿਪੋਰਟ-2017 ।ਭਾਵੇਂ ਰਿਪੋਰਟ ਅਨੁਸਾਰ ਬੱਚਿਆਂ ਵਿੱਚ ਸੋਕੜਾ ਅਤੇ ਔਰਤਾਂ ਵਿੱਚ ਖ਼ੂਨ ਦੀ ਕਮੀ ਕਿਤੇ ਵੱਡੀਆਂ ਸਮੱਸਿਆਵਾਂ ਹਨ, ਪਰ ਅਖਬਾਰ ਨੇ ਮੁੱਖ ਸੁਰਖੀ ਮੋਟਾਪੇ ਨੂੰ ਬਖਸ਼ੀ ਕਿਉਂਕਿ ਇਹਨਾਂ ਅਖਬਾਰਾਂ ਦਾ ਦਾਇਰਾ ਮੱਧਵਰਗੀ ਤੇ ਉੱਚ-ਆਮਦਨ ਤਬਕੇ ਹਨ ਜਿਹਨਾਂ ਲਈ ਮੋਟਾਪਾ ਵਾਕਿਆ ਹੀ ਵੱਡੀ ਸਮੱਸਿਆ ਬਣ ਚੁੱਕਾ ਹੈ ਅਤੇ ਬੱਚਿਆਂ ਵਿੱਚ ਕੁਪੋਸ਼ਣ ਵਰਗੀਆਂ ਖ਼ਬਰਾਂ ਉਹਨਾਂ ਨੂੰ ਬਹੁਤਾ ਨਹੀਂ ਝੰਜੋੜਦੀਆਂ ਅਤੇ ਨਾ ਹੀ ਇਸ ਤਬਕੇ ਦੇ ਬੱਚਿਆਂ ਵਿੱਚ ਭਾਰ ਤੇ ਕੱਦ ਘੱਟ ਹੋਣਾ ਕੋਈ ਸਮੱਸਿਆ ਹਨ।

140 ਦੇਸ਼ਾਂ ਤੋਂ ਪ੍ਰਾਪਤ ਅੰਕੜਿਆਂ ਉੱਤੇ ਅਧਾਰਤ ਇਸ ਰਿਪੋਰਟ ਵਿੱਚ ਤਿੰਨ ਪੈਮਾਨੇ ਲਏ ਗਏ - ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਕੱਦ ਅਤੇ ਭਾਰ; ਬੱਚਾ ਪੈਦਾ ਕਰਨ ਦੀ ਉਮਰ ਦੀਆਂ ਔਰਤਾਂ ਵਿੱਚ ਖ਼ੂਨ ਦੀ ਕਮੀ; ਅਤੇ ਬਾਲਿਗ ਵਸੋਂ ਵਿੱਚ ਮੋਟਾਪਾ। ਰਿਪੋਰਟ ਅਨੁਸਾਰ, ਪਹਿਲੇ ਦੋ ਪੈਮਾਨੇ ਜਾਂ ਤਾਂ ਜਸ-ਦੀ-ਤਸ ਬਣੇ ਹੋਏ ਹਨ, ਜਾਂ ਫਿਰ ਇਹਨਾਂ ਵਿੱਚ ਬਹੁਤ ਘੱਟ ਸੁਧਾਰ ਹੋ ਰਿਹਾ ਹੈ। ਤੀਜੇ ਪੈਮਾਨੇ, ਭਾਵ ਮੋਟਾਪੇ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 88% ਮੁਲਕਾਂ ਵਿੱਚ ਪਹਿਲੇ ਦੋ ਤਰਾਂ ਦੇ ਕੁਪੋਸ਼ਣ, ਜਾਂ ਫਿਰ ਤਿੰਨੋਂ ਤਰਾਂ ਕੁਪੋਸ਼ਣ ਪੱਖੋਂ ਗੰਭੀਰ ਜਾਂ ਅਤੀ ਗੰਭੀਰ ਹਾਲਤ ਵਿੱਚ ਹਨ। ਭਾਰਤ ਵੀ ਇਹਨਾਂ 88% ਮੁਲਕਾਂ ਦਾ ਸਾਥੀ ਬਣਿਆ ਹੋਇਆ ਹੈ। ਭਾਰਤ ਦੀ ਸਥਿਤੀ ਦੇ ਕੁਝ ਅੰਕੜੇ ਇਸ ਤਰਾਂ ਹਨ:

**ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਕੱਦ ਘੱਟ** - 38%

**ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਭਾਰ ਘੱਟ** - 21%

**ਔਰਤਾਂ ਵਿੱਚ ਖ਼ੂਨ ਦੀ ਕਮੀ** - 51%

**ਮੋਟਾਪਾ - ਔਰਤਾਂ** 22%, **ਮਰਦ** 16%

ਪਰ ਇਹ ਅੰਕੜੇ ਹੋਰ ਵੀ ਬਹੁਤ ਕੁਝ ਕਹਿੰਦੇ ਹਨ, ਜਿਵੇਂ ਇਹਨਾਂ ਅੰਕੜਿਆਂ ਦਾ ਇੱਕ ਅਰਥ ਇਹ ਹੈ ਕਿ ਦੇਸ਼ ਦੇ ਲਗਭਗ 50% ਬੱਚਿਆਂ ਦੇ ਮਾਂ-ਬਾਪ ਉਹਨਾਂ ਲਈ ਲੋੜੀਂਦਾ ਭੋਜਨ ਜੁਟਾਉਣ ਵਿੱਚ ਵੀ ਅਸਮਰੱਥ ਹਨ, ਜਦਕਿ ਬੱਚਾ ਪਰਿਵਾਰ ਦਾ ਉਹ ਹਿੱਸਾ ਹੁੰਦਾ ਹੈ ਜਿਸਦੇ ਭੋਜ਼ਨ ਦਾ ਆਮ ਕਰਕੇ ਜ਼ਿਆਦਾ ਖਿਆਲ ਰੱਖਿਆ ਜਾਂਦਾ ਹੈ। ਜੇ ਦੇਸ਼ ਦੇ 50% ਬੱਚਿਆਂ ਨੂੰ ਲੋੜੀਂਦਾ ਭੋਜਨ ਨਹੀਂ ਮਿਲ਼ ਰਿਹਾ ਤਾਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਹਨਾਂ 50% ਬੱਚਿਆਂ ਦੇ ਸਮੁੱਚੇ ਪਰਿਵਾਰਾਂ, ਭਾਵ ਦੇਸ਼ ਦੀ ਅੱਧੀ ਅਬਾਦੀ ਵੀ ਲੋੜੀਂਦੇ ਭੋਜਨ ਦਾ ਬੰਦੋਬਸਤ ਮਸੀਂ ਕਰ ਰਹੀ ਹੈ, ਜਾਂ ਅਸਲ ਵਿੱਚ ਕਿਹਾ ਜਾਵੇ, ਉਹਨਾਂ ਨੂੰ ਲੋੜੀਂਦਾ ਭੋਜਨ ਨਹੀਂ ਮਿਲ਼ ਰਿਹਾ ਹੈ। ਇਸ ਤੱਥ ਦੀ ਪੁਸ਼ਟੀ 51% ਔਰਤਾਂ ਵਿੱਚ ਖ਼ੂਨ ਦੀ ਕਮੀ ਤੋਂ ਵੀ ਹੁੰਦੀ ਹੈ। ਜੇ ਅਬਾਦੀ ਦਾ ਇਹ ਹਿੱਸਾ ਲੋੜੀਂਦਾ ਭੋਜ਼ਨ ਹੀ ਨਹੀਂ ਜੁਟਾ ਪਾ ਰਿਹਾ, ਤਾਂ ਇਹਨਾਂ ਦੇ ਜੀਵਨ ਦੀਆਂ ਬਾਕੀ ਹਾਲਤਾਂ ਕਿਸ ਪੱਧਰ ਉੱਤੇ ਹੋਣਗੀਆਂ, ਅੰਦਾਜ਼ਾ ਲਗਾਉਣਾ ਔਖਾ ਨਹੀਂ ਹੈ। ਇਹ ਅੰਕੜਾ ਅਖੌਤੀ ਗਰੀਬੀ ਰੇਖਾ ਦਾ ਵੀ ਚੰਗੀ ਤਰਾਂ ਜਲੂਸ ਕੱਢਦਾ ਹੈ, ਜਿਹੜੀ ਸਿਰਫ਼ 25-30% ਅਬਾਦੀ ਨੂੰ ਗਰੀਬੀ ਰੇਖਾ ਤੋਂ ਥੱਲੇ ਦੱਸਦੀ ਹੈ।



ਇਸੇ ਤਸਵੀਰ ਦਾ ਇੱਕ ਦੂਜਾ ਪਾਸਾ ਹੈ, ਭਾਰਤ ਵਿੱਚ ਮੋਟਾਪਾ ਵਿਕਸਤ ਪੱਛਮੀ ਮੁਲਕਾਂ ਤੋਂ ਵੀ ਜ਼ਿਆਦਾ ਹੈ। ਸ਼ਾਇਦ ਕਈ ਲੋਕਾਂ ਨੂੰ ਹੈਰਾਨੀ ਹੋਵੇ ਕਿ ਭਾਰਤੀ ਲੋਕ ਪੱਛਮੀ ਮੁਲਕਾਂ ਨਾਲੋਂ ਵਧੇਰੇ ਖਾਂਦੇ-ਪੀਂਦੇ ਹੋ ਗਏ ਹਨ, ਪਰ ਅਸਲੀਅਤ ਇਹ ਨਹੀਂ ਹੈ। ਅਜੇ ਤੱਕ ਮੋਟਾਪੇ ਬਾਰੇ ਇਹੀ ਸਮਝਿਆ ਜਾਂਦਾ ਸੀ ਕਿ ਅਜਿਹਾ ਵਧੇਰੇ ਖਾਣ ਤੇ ਸਰੀਰਕ ਮਿਹਨਤ ਘੱਟ ਕਰਨ ਨਾਲ਼ ਹੁੰਦਾ ਹੈ। ਲੋੜੋਂ ਬਹੁਤਾ ਖਾਣਾ ਅਤੇ ਦੇਹ-ਰੱਖ ਹੋਣਾ, ਬਿਨਾਂ ਸ਼ੱਕ ਮੋਟਾਪੇ ਦੀ ਸੁਗਾਤ ਲੈ ਕੇ ਆਉਂਦਾ ਹੈ, ਪਰ ਜਨਮ ਸਮੇਂ ਘੱਟ ਵਜ਼ਨ ਤੇ ਬਚਪਨ ਵਿੱਚ ਘੱਟ ਵਜ਼ਨ ਹੋਣਾ ਵੀ ਮੋਟਾਪੇ ਦਾ ਇੱਕ ਕਾਰਨ ਮੰਨਿਆ ਜਾ ਰਿਹਾ ਹੈ, ਖਾਸ ਕਰਕੇ ਜੇ ਅਜਿਹੇ ਬੱਚਿਆਂ ਨੂੰ ਬਾਲਿਗ ਉਮਰ ਵਿੱਚ ਸੰਤੁਲਤ ਖ਼ੁਰਾਕ ਦੀ ਥਾਂ ਕੈਲੋਰੀ-ਭਰਪੂਰ ਖ਼ੁਰਾਕ ਉੱਤੇ ਹੀ ਗੁਜ਼ਾਰਾ ਕਰਨਾ ਪਵੇ। ਬਿਲਕੁਲ ਅਜਿਹਾ ਹੀ ਭਾਰਤ ਦੀ ਬਹੁਗਿਣਤੀ ਆਬਾਦੀ ਨਾਲ਼ ਹੁੰਦਾ ਹੈ। ਭਾਰਤ ਦੀ ਬਹੁਗਿਣਤੀ ਅਬਾਦੀ ਭੋਜ਼ਨ ਦੇ ਨਾਮ ਉੱਤੇ ਆਟਾ-ਚੌਲ-ਦਾਲ-ਆਲੂ ਖਾਂਦੀ ਹੈ, ਇਸ ਵਿੱਚੋਂ ਵੀ ਅਕਸਰ ਦਾਲ ਗੈਰ-ਹਾਜ਼ਰ ਹੋ ਜਾਂਦੀ ਹੈ। ਮੀਟ, ਅੰਡੇ, ਫ਼ਲ, ਸਲਾਦ, ਦੁੱਧ, ਸਬਜ਼ੀਆਂ ਭਾਰਤ ਦੇ ਕਿਰਤੀ ਲੋਕਾਂ ਲਈ ਤਿਉਹਾਰ ਦਾ ਖਾਣਾ ਹਨ, ਨਾ ਕਿ ਰੋਜ਼ ਦੇ ਭੋਜਨ ਦਾ ਹਿੱਸਾ। ਇਸ ਦੇ ਨਾਲ-ਨਾਲ ਇਹ ਅਬਾਦੀ ਭੋਜਨ ਅਤੇ ਭੋਜਨ-ਪਦਾਰਥਾਂ ਬਾਰੇ ਕਿਸੇ ਵਿਗਿਆਨਕ ਜਾਣਕਾਰੀ ਤੋਂ ਵੀ ਬਹੁਤ ਦੂਰ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਅਗਿਆਨ ਦੇ ਹਨੇਰੇ ਵਿੱਚ ਜਿਉਣਾ, ਘਟੀਆ ਭੋਜਨ ਮਿਲ਼ਣ ਨਾਲ਼ੋਂ ਜੇ ਵਧੇਰੇ ਭਿਅੰਕਰ ਨਹੀਂ ਤਾਂ ਘੱਟ ਭਿਅੰਕਰ ਵੀ ਨਹੀਂ, ਅਤੇ ਸਭ ਤੋਂ ਭਿਆਨਕ ਗੱਲ ਇਹ ਹੈ ਕਿ ਜਿਹੜੇ ਕਿਰਤੀ ਲੋਕ ਵਿਗਿਆਨ ਦੇ ਵਿਕਾਸ ਲਈ ਸਮਾਜਿਕ ਹਾਲਤਾਂ ਪੈਦਾ ਕਰਦੇ ਹਨ ਤੇ ਜਿੰਨਾਂ ਦਾ ਸਾਰੇ ਮਨੁੱਖੀ ਗਿਆਨ ਉੱਤੇ ਸਭ ਤੋਂ ਵੱਡਾ ਹੱਕ ਬਣਦਾ ਹੈ, ਅਗਿਆਨਤਾ ਦਾ ਹਨੇਰਾ ਉਹੀ ਸਭ ਤੋਂ ਵਧੇਰੇ ਹੰਢਾਉਂਦੇ ਹਨ। ਕੁੱਲ ਮਿਲ਼ਾ ਕੇ ਸਿੱਟਾ ਇਹ ਨਿੱਕਲਦਾ ਹੈ ਕਿ ਬਹੁਗਿਣਤੀ ਅਬਾਦੀ ਦਾ ਵੱਡਾ ਹਿੱਸਾ ਤਾਂ ਘੱਟ ਭਾਰ, ਘੱਟ ਕੱਦ ਤੋਂ ਪੀੜਤ ਹੈ, ਤੇ ਜਿਹੜਾ ਹਿੱਸਾ ਇਸ ਤੋਂ ਬਚ ਜਾਂਦਾ ਹੈ, ਉਹ ਦੂਜੇ ਸਿਰੇ ਉੱਤੇ ਪਹੁੰਚ ਜਾਂਦਾ ਹੈ ਤੇ ਮੋਟਾਪੇ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਤਰਾਂ ਅਮੀਰ, ਵਿਹਲੜ ਹੀ ਨਹੀਂ, ਗਰੀਬ-ਕਿਰਤੀ ਲੋਕਾਂ ਦਾ ਇੱਕ ਹਿੱਸਾ ਵੀ ਮੋਟਾਪੇ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਉਹਨਾਂ ਨੂੰ ਇਸ ਦੇ ਵਧੇਰੇ ਗੰਭੀਰ ਸਿੱਟੇ ਭੁਗਤਣੇ ਪੈਂਦੇ ਹਨ ਕਿਉਂਕਿ ਮੋਟਾਪੇ ਕਾਰਨ ਸ਼ੂਗਰ, ਵਧਿਆ ਬਲੱਡ-ਪ੍ਰੈਸ਼ਰ, ਦਿਲ ਦੀਆਂ ਬਿਮਾਰੀਆਂ ਅਤੇ ਅਧਰੰਗ ਆਦਿ ਦੀ ਮਾਰ ਇਹਨਾਂ ਨੂੰ ਦੂਹਰੀ ਪੈਂਦੀ ਹੈ, ਇੱਕ ਪਾਸੇ ਮਹਿੰਗਾ ਇਲਾਜ ਤੇ ਦੂਜੇ ਪਾਸੇ ਕੰਮ ਕਰਨ ਦੀ ਸਮਰੱਥਾ ਨਾ ਰਹਿਣੀ ਤੇ ਸਿੱਟੇ ਵਜੋਂ ਬੇਰੁਜ਼ਗਾਰੀ।

ਸੰਸਾਰ ਪੱਧਰ ਉੱਤੇ ਮੋਟਾਪੇ ਦੀ ਵਾਧਾ ਦਰ ਨੂੰ ਸਥਿਰ ਕਰਨ ਲਈ 2025 ਦਾ ਸਾਲ ਅਤੇ ਕੁਪੋਸ਼ਣ ਨੂੰ ਕਾਬੂ ਹੇਠ ਲਿਆਉਣ ਲਈ 2030 ਦਾ ਸਾਲ ਨਿਸ਼ਾਨਾ ਮਿਥਿਆ ਗਿਆ ਹੈ, ਪਰ ਰਿਪੋਰਟ ਜਾਰੀ ਕਰਨ ਵਾਲ਼ੇ ਕਮਿਸ਼ਨ ਨੂੰ ਵੀ ਭਲੀਭਾਂਤ ਅੰਦਾਜ਼ਾ ਹੈ ਕਿ ਅਜਿਹਾ ਨਿਸ਼ਾਨਾ ਸ਼ੇਖਚਿਲੀ ਦਾ ਸੁਪਨਾ ਹੈ। ਕੁਪੋਸ਼ਣ ਨੂੰ ਸੁਧਾਰਨ ਦੀ ਮੌਜੂਦਾ ਦਰ ਨਾਲ਼ ਇਹ ਟੀਚਾ ਸ਼ਾਇਦ ਕਦੇ ਵੀ ਹਾਸਲ ਨਹੀਂ ਹੋ ਸਕੇਗਾ। ਇਹ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਪੋਸ਼ਣ ਦਾ ਪੱਧਰ ਸੁਧਾਰਨ ਲਈ ਖ਼ੁਰਾਕੀ ਪਦਾਰਥਾਂ ਦੀ ਪੈਦਾਵਾਰ ਨੂੰ ਵਧੇਰੇ ਨਿਯਮਤ ਕਰਨ ਦੀ ਲੋੜ ਹੈ, ਉੱਥੇ ਸਿਹਤ ਢਾਂਚਾ ਸੁਧਾਰਨ, ਬਰਾਬਰ ਵੰਡ ਅਤੇ ਸ਼ਾਂਤੀ ਦਾ ਮਾਹੌਲ ਕਾਇਮ ਕਰਨਾ ਵੀ ਜ਼ਰੂਰੀ ਹੈ। ਇੰਟਰਨੈਸ਼ਨਲ ਫੂਡ ਪਾਲਿਸੀ ਰੀਸਰਚ ਇੰਸਟੀਚਿਊਟ ਦੀ ਸੀਨੀਅਰ ਮੈਂਬਰ ਪੂਰਨਿਮਾ ਮੈਨਨ ਦਾ ਵੀ ਮੰਨਣਾ ਹੈ ਕਿ ਕੁਪੋਸ਼ਣ ਨੂੰ ਘੱਟ ਕਰਨ ਲਈ ਗੈਰ-ਬਰਾਬਰੀ ਨੂੰ ਘੱਟ ਕਰਨਾ ਬੇਹੱਦ ਜ਼ਰੂਰੀ ਹੈ। ਪਰ ਇਸ ਤੋਂ ਅੱਗੇ ਜਾਣ, ਭਾਵ ਗੈਰ-ਬਰਾਬਰੀ ਖਤਮ ਕਰਨ ਅਤੇ ਬਰਾਬਰ ਵੰਡ ਕਰਨ ਲਈ ਰਸਤੇ ਦੀ ਗੱਲ ਕਰਨ ਸਮੇਂ ਇਹਨਾਂ ਮਾਹਿਰਾਂ ਦੀ ਜ਼ੁਬਾਨ ਥਥਲਾਉਣ ਲੱਗਦੀ ਹੈ, ਕਿਉਂਕਿ ਉਹਨਾਂ ਨੂੰ ਵੀ ਪਤਾ ਹੈ ਕਿ ਗੈਰ-ਬਰਾਬਰੀ ਅਤੇ ਅਸਮਾਨ ਵੰਡ ਢਾਂਚਾਗਤ ਸਮੱਸਿਆ ਹੈ, ਜਿਹੜੀ ਸਰਮਾਏਦਾਰਾ ਢਾਂਚੇ ਨੂੰ ਬਦਲ ਕੇ ਹੱਲ ਹੋ ਸਕਦੀ ਹੈ।

ਕਈ ਹੋਰ ਭੋਲੇ ਪੰਛੀ ਹਨ। ਜਾਹਨ ਹਾਪਕਿਨ ਯੂਨੀਵਰਸਿਟੀ ਦੀ ਪ੍ਰੋਫੈਸਰ ਜੈਸਿਕਾ ਫ੍ਰਾਂਜ਼ੋ, ਜੋ ਇਸ ਰਿਪੋਰਟ ਨੂੰ ਤਿਆਰ ਕਰਨ ਵਾਲ਼ੇ ਕਮਿਸ਼ਨ ਦੇ ਕੋ-ਚੇਅਰ ਹਨ, ਅਨੁਸਾਰ ਜੇ ਬੱਚੇ ਨੂੰ ਪੂਰਾ ਭੋਜਨ ਮਿਲ਼ਦਾ ਹੈ ਤਾਂ ਉਸਦੇ ਗਰੀਬ ਹੋਣ ਦੇ ਅਸਾਰ ਇੱਕ-ਤਿਹਾਈ ਘੱਟ ਜਾਂਦੇ ਹਨ। ਅਜਿਹੇ ਹੋਰ ਵੀ ਬਥੇਰੇ ਵਿਦਵਾਨ ਹਨ ਜਿਹੜੇ ਕੁਪੋਸ਼ਣ ਨੂੰ ਗਰੀਬੀ ਦਾ ਕਾਰਨ ਬਣਾ ਧਰਦੇ ਹਨ, ਜਦਕਿ ਮਾਮਲਾ ਉਲਟਾ ਹੈ, ਭਾਵ ਗਰੀਬੀ ਕੁਪੋਸ਼ਣ ਦਾ ਕਾਰਨ ਹੈ। ਪਰ ਇਹ ਤਰਕ ਉਹਨਾਂ ਦੇ ਕੋਮਲ ਮਿਹਦੇ ਨੂੰ ਹਜ਼ਮ ਨਹੀਂ ਹੁੰਦਾ। ਪ੍ਰੋਫੈਸਰ ਜੈਸਿਕਾ ਫ੍ਰਾਂਜ਼ੋ ਅਨੁਸਾਰ ਪੂਰਾ ਭੋਜਨ ਪ੍ਰਾਪਤ ਕਰਨ ਵਾਲ਼ੇ ਬੱਚਿਆਂ ਦਾ ਦਿਮਾਗ ਸਹੀ ਵਿਕਾਸ ਕਰਦਾ ਹੈ ਅਤੇ ਉਹ ਸਕੂਲ ਵਿੱਚ ਵਧੀਆ ਸਿੱਖਦੇ ਹਨ (ਇਸ ਵਿੱਚ ਤਾਂ ਕਿਸੇ ਨੂੰ ਸ਼ੱਕ ਵੀ ਨਹੀਂ ਹੈ), ਪਰ ਪ੍ਰੋਫੈਸਰ ਸਾਹਿਬਾ ਇਸ ਸਹੀ ਵਿਕਾਸ ਅਤੇ ਵਧੀਆ ਸਿੱਖਣ ਦਾ ਫਾਇਦਾ ਇਹ ਦੇਖਦੀ ਹੈ ਕਿ ਅਜਿਹੇ ਬੱਚੇ ਵੱਡੇ ਹੋ ਕੇ ਆਰਥਿਕਤਾ ਵਿੱਚ ਵਧੇਰੇ ਵਧੀਆ ਯੋਗਦਾਨ ਪਾ ਸਕਦੇ ਹਨ। ਸਾਫ਼-ਸਾਫ਼ ਕਿਹਾ ਜਾਵੇ ਤਾਂ ਸਿਹਤਮੰਦ ਬਾਲਗ ਬਣ ਕੇ ਅਜਿਹੇ ਬੱਚੇ ਜ਼ਿਆਦਾ ਕੰਮ ਕਰਨ ਵਾਲ਼ੇ ਕਾਮੇ ਬਣਨਗੇ, ਕੰਮ ਚਾਹੇ ਸਰੀਰਕ ਹੋਵੇ ਜਾਂ ਮਾਨਸਿਕ। ਇਸ ਰਿਪੋਰਟ ਨੇ ਪੂਰੀ ਗਣਨਾ ਕਰਕੇ ਦੱਸਿਆ ਹੈ ਕਿ ਕੁਪੋਸ਼ਣ ਘਟਾਉਣ ਲਈ ਖਰਚਿਆ ਅੱਜ ਦਾ ਇੱਕ ਡਾਲਰ ਕੱਲ ਨੂੰ 16 ਡਾਲਰ ਦਾ ਫਾਇਦਾ ਕਰੇਗਾ। ਪਰ ਉਹਨਾਂ ਦੇ ਉੱਤਮ ਉਦਾਰ ਵਿਚਾਰ ਨੂੰ ਸੁਣਨ ਵਾਲ਼ਾ ਕੋਈ ਨਹੀਂ ਹੈ। ਰਿਪੋਰਟ ਅਨੁਸਾਰ ਹੀ ਵਿਕਾਸ ਲਈ ਵਿਦੇਸ਼ੀ ਸਹਾਇਤਾ ਦਾ ਮਹਿਜ਼ 0.5% ਹਿੱਸਾ ਕੁਪੋਸ਼ਣ ਦੀ ਹਾਲਤ ਨੂੰ ਸੁਧਾਰਨ ਉੱਤੇ ਖਰਚ ਕੀਤਾ ਜਾਂਦਾ ਹੈ।

ਮੁਨਾਫ਼ੇ ਲਈ ਪੈਦਾਵਾਰ ਉੱਤੇ ਟਿਕੇ ਇਸ ਸਰਮਾਏਦਾਰਾ ਢਾਂਚੇ ਵਿੱਚ ਭਵਿੱਖ ਦੇ 16 ਡਾਲਰ ਦੇ ਮੁਨਾਫ਼ੇ (ਉਹ ਵੀ ਜਦੋਂ ਫਾਇਦਾ ਸਮੁੱਚੇ ਸਮਾਜ ਦਾ ਹੋਵੇ, ਨਾ ਕਿ ਕਿਸੇ 'ਕੱਲੇ-ਇਕਹਿਰੇ ਸਰਮਾਏਦਾਰ ਦਾ) ਲਈ ਅੱਜ ਦਾ ਇੱਕ ਡਾਲਰ ਆਪਣੇ ਮਜ਼ਦੂਰਾਂ ਉੱਤੇ ਖਰਚ ਕਰਨ ਵਾਲ਼ਾ ਸਰਮਾਏਦਾਰ ਅੱਜ ਤੱਕ ਨਾ ਹੋਇਆ ਹੈ, ਅਤੇ ਨਾ ਹੀ ਭਵਿੱਖ ਵਿੱਚ ਹੋਣਾ ਹੈ। ਸਰਮਾਏਦਾਰਾ ਢਾਂਚੇ ਵਿੱਚ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਉਜਰਤਾਂ/ਤਨਖਾਹਾਂ ਨੂੰ ਹਰ ਸੰਭਵ ਹੱਦ ਘਟਾਉਣਾ ਵਧੇਰੇ ਫਾਇਦੇ ਦਾ ਸੌਦਾ ਹੈ, ਅਤੇ ਇਸਨੇ ਹੋਰ ਵਧੇਰੇ ਗਰੀਬੀ ਹੀ ਲੈ ਕੇ ਆਉਣੀ ਹੈ। ਦੂਸਰਾ, ਕੁਪੋਸ਼ਣ ਤੇ ਮੋਟਾਪੇ ਤੋਂ ਪੈਦਾ ਹੋਣ ਵਾਲ਼ੀਆਂ ਬਿਮਾਰੀਆਂ ਖੁਦ ਮੁਨਾਫ਼ੇ ਦਾ ਇੱਕ ਵੱਡਾ ਸ੍ਰੋਤ ਹਨ, ਸਮੁੱਚੀ ਸਿਹਤ-ਸੱਨਅਤ ਦਾ ਜੇ ਬਹੁਤਾ ਨਹੀਂ ਤਾਂ, ਘੱਟੋ-ਘੱਟ ਅੱਧਾ ਮੁਨਾਫ਼ਾ ਇਹਨਾਂ ਦੋਵਾਂ ਦੀ ਹੀ ਦੇਣ ਹੈ। ਫਿਰ ਕੌਣ ਚਾਹੇਗਾ ਕੁਪੋਸ਼ਣ-ਮੋਟਾਪਾ ਦੂਰ ਕਰਨਾ!

**ਲਲਕਾਰ 'ਚ ਧੰਨਵਾਦ ਸਹਿਤ**

# ਘੁਟਾਲਾ ਜਗਤ ਦੇ ਅੰਬਰ ਦੇ ਨਵੇਂ ਤਾਰੇ




ਬੂਟਾ ਸਿੰਘ ਨਵਾਂਸ਼ਹਿਰ
94634-74342


ਮੁਲਕ ਦੇ ਅਵਾਮ ਵਿਚ ਮਨਮੋਹਨ ਸਿੰਘ-ਚਿਦੰਬਰਮ-ਸੋਨੀਆ ਗਾਂਧੀ ਦੀ ਅਗਵਾਈ ਹੇਠਲੇ ਮਹਾਂ ਭ੍ਰਿਸ਼ਟਾਚਾਰੀ ਰਾਜ ਨੂੰ ਗਲੋਂ ਲਾਉਣ ਲਈ ਜੋ ਬੇਤਹਾਸ਼ਾ ਤਾਂਘ ਸੀ ਉਸਦਾ ਫ਼ਾਇਦਾ ਉਠਾਕੇ ਸੱਤਾ ਉੱਪਰ ਕਾਬਜ਼ ਹੋਣ ਲਈ ਵੋਟਰਾਂ ਨੂੰ ਭਰਮਾਉਣ ਖ਼ਾਤਰ ਨਰਿੰਦਰ ਮੋਦੀ ਨੇ ਇਕ ਚੋਣ ਜੁਮਲਾ ਪ੍ਰਚਾਰਿਆ - "ਨਾ ਖਾਊਂਗਾ, ਨਾ ਖਾਨੇ ਦੂੰਗਾ"। ਮੁਲਕ ਨੂੰ ਭ੍ਰਿਸ਼ਟਚਾਰ ਮੁਕਤ ਕਰਨ ਅਤੇ ਬਦੇਸ਼ਾਂ ਵਿਚ ਜਮਾਂ ਕੀਤਾ ਕਾਲਾ ਧਨ ਵਾਪਸ ਲਿਆਕੇ ਹਰ ਭਾਰਤੀ ਦੇ ਬੈਂਕ ਖ਼ਾਤੇ ਵਿਚ ਪੰਦਰਾਂ ਲੱਖ ਰੁਪਏ ਜਮਾਂ ਕਰਾਉਣ ਦੀ ਧੂੰਆਂਧਾਰ ਬਿਆਨਬਾਜ਼ੀ ਕੀਤੀ ਗਈ। ਇਸਦੇ ਪਰਦੇ ਹੇਠ ਕਾਲੇ ਧੰਦੇ ਵਾਲਿਆਂ ਨੂੰ ਹੋਰ ਵਧੇਰੇ ਖੁੱਲਾਂ ਦਿੱਤੀਆਂ ਗਈਆਂ। ਬੈਂਕਾਂ ਅਤੇ ਹੋਰ ਵਿਤੀ ਢਾਂਚੇ ਨੂੰ ਚੂਨਾ ਲਾਕੇ ਮੁਲਕ ਦੀ ਬੇਸ਼ੁਮਾਰ ਦੌਲਤ ਬਦੇਸ਼ਾਂ ਵਿਚ ਮਹਿਫ਼ੂਜ਼ ਕਰਨ ਦੀ ਰਫ਼ਤਾਰ ਪਹਿਲਾਂ ਨਾਲੋਂ ਵੀ ਤੇਜ਼ ਹੋ ਗਈ। ਮੋਦੀ ਸਰਕਾਰ ਦੇ 'ਮੇਕ ਇਨ ਇੰਡੀਆ' ਨਾਅਰੇ ਦਾ ਅਸਲ ਭਾਵ ਹੌਲੀ ਹੌਲੀ ਸਮਝ ਆਉਣਾ ਸ਼ੁਰੂ ਹੋਇਆ ਕਿ ਇਹ ਤਾਂ ਵੱਡੇ ਸਰਮਾਏਦਾਰ ਕਾਰੋਬਾਰੀਆਂ ਨੂੰ ਸੰਦੇਸ਼ ਹੈ ਕਿ ਇੱਥੇ ਮਹਾਂ ਘੁਟਾਲੇ ਕਰਕੇ ਆਪਣੀ ਦੌਲਤ ਨੂੰ ਜ਼ਰਬਾਂ ਦਿਓ ਅਤੇ ਫਿਰ ਫ਼ਰਾਰ ਹੋਕੇ ਬਦੇਸ਼ ਵਿਚ ਸੈੱਟ ਹੋ ਜਾਓ! ਸਰਕਾਰੀ ਬੈਂਕਾਂ ਦੇ ਆਹਲਾ ਅਧਿਕਾਰੀ ਕਿਵੇਂ ਨੀਰਵ ਵਰਗੇ ਵੱਡੇ ਕਾਰੋਬਾਰੀਆਂ ਅਤੇ ਸੱਤਾਧਾਰੀਆਂ ਦੇ ਲੋਕ ਦੁਸ਼ਮਣ ਗੱਠਜੋੜ ਲਈ ਕੰਮ ਕਰ ਰਹੇ ਹਨ ਇਹ ਇਸ ਘੁਟਾਲੇ ਨੇ ਚੰਗੀ ਤਰਾਂ ਸਾਬਤ ਕਰ ਦਿੱਤਾ ਹੈ। ਨੀਰਵ ਦੀ ਟੀਮ ਕੋਲ ਬੈਂਕ ਦੇ ਲੌਗਔਨ ਪਾਸਵਰਡ ਸਨ ਅਤੇ ਉਹ ਬਦੇਸ਼ੀ ਬੈਂਕ ਬਰਾਂਚਾਂ ਤੋਂ ਉਧਾਰ ਲੈਣ ਲਈ ਬੈਂਕ ਦੀ ਤਰਫ਼ੋਂ ਜ਼ਾਮਨੀ ਪੱਤਰ ਵੀ ਖ਼ੁਦ ਹੀ ਜਾਰੀ ਕਰ ਲੈਂਦੇ ਸਨ। ਹੁਣ ਉਸ ਦੀਆਂ 200 ਫਰਜ਼ੀ ਕੰਪਨੀਆਂ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਨਾਲ ਹੀ ਸਰਕਾਰ ਨੇ ਘੁਟਾਲੇ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਬਣਾਕੇ ਕਰਾਉਣ ਤੋਂ ਨਾਂਹ ਕਰ ਦਿੱਤੀ ਹੈ। ਮੁਲਕ ਨੂੰ ਬੇਲਗਾਮ ਖੁੱਲੀ ਮੰਡੀ ਦੇ ਹਵਾਲੇ ਕਰਨ ਵਾਲੀ ਨਰਸਿੰਮਹਾ ਰਾਓ ਸਰਕਾਰ ਦੇ ਸਮੇਂ ਤੋਂ ਹੀ ਬੈਂਕਾਂ ਨਾਲ ਫਰਾਡ ਦੀ ਅਤੇ ਵੱਡੇ ਵੱਡੇ ਘੁਟਾਲਿਆਂ ਵਿਚ ਕੇਂਦਰੀ ਹੁਕਮਰਾਨਾਂ ਦੀ ਪੂਰੀ ਮਿਲੀਭੁਗਤ ਸਾਹਮਣੇ ਆਉਂਦੀ ਰਹੀ ਹੈ। ਸ਼ੇਅਰ ਦਲਾਲ ਹਰਸ਼ਦ ਮਹਿਤਾ ਇਸਦੀ ਮੁੱਖ ਮਿਸਾਲ ਰਿਹਾ ਹੈ। 1993 ਵਿਚ ਵੋਹਰਾ ਕਮੇਟੀ ਨੇ ਆਪਣੀ ਰਿਪੋਰਟ ਵਿਚ ਇਸ ਲੰਗੋਟੀਆ ਜੁੰਡੀ ਰਾਜ ਦੀ ਚਰਚਾ ਕਰਦਿਆਂ ਕਿਹਾ ਸੀ ਕਿ ਸੱਤਾ ਭ੍ਰਿਸ਼ਟਾਚਾਰ ਵਿਚ ਭਾਈਵਾਲ ਹੈ।

ਲਲਿਤ ਮੋਦੀ ਅਤੇ ਵਿਜੈ ਮਾਲਿਆ ਤੋਂ ਬਾਦ ਘੁਟਾਲਾ ਜਗਤ ਦੇ ਅੰਬਰ ਵਿਚ ਚਮਕੇ ਨਵੇਂ ਸਿਤਾਰੇ ਨੀਰਵ ਮੋਦੀ, ਉਸਦਾ ਜੋਟੀਦਾਰ ਮੇਹੁਲ ਚੌਕਸੀ ਅਤੇ ਵਿਕਰਮ ਕੋਠਾਰੀ ਹਨ। ਨੀਰਵ-ਚੌਕਸੀ ਦੇ ਘੁਟਾਲੇ ਅੱਗੇ ਪਹਿਲੇ ਘੁਟਾਲਿਆਂ ਦਾ ਜਲੌਅ ਫਿੱਕਾ ਪੈ ਗਿਆ ਹੈ। ਹੀਰਿਆਂ ਦਾ ਵੱਡਾ ਕਾਰੋਬਾਰੀ ਨੀਰਵ ਅਤੇ ਉਸਦੇ ਜੋਟੀਦਾਰ ਪੰਜਾਬ ਨੈਸ਼ਨਲ ਬੈਂਕ ਨਾਲ 11400 ਕਰੋੜ ਰੁਪਏ (ਖ਼ਬਰ ਏਜੰਸੀ ਰਾਈਟਰ ਅਨੁਸਾਰ ਇਹ ਘੁਟਾਲਾ 17000 ਕਰੋੜ ਤੋਂ ਵੱਧ ਹੈ) ਦੀ ਮਹਾਂ ਠੱਗੀ ਮਾਰਕੇ ਪਰਿਵਾਰ ਸਮੇਤ ਅਮਰੀਕਾ ਜਾ ਵੜੇ ਹਨ। ਨੀਰਵ ਦਾ ਭਰਾ ਨਿਸ਼ਾਲ ਮੁਕੇਸ਼-ਅਨਿਲ ਅੰਬਾਨੀ ਦੀ ਭਾਣਜੀ ਇਸ਼ੇਤਾ ਨੂੰ ਵਿਆਹਿਆ ਹੋਇਆ ਹੈ ਅਤੇ ਉਹਨਾਂ ਦਾ ਮੋਦੀ ਸਰਕਾਰ ਵਿਚ ਖ਼ਾਸ ਰਸੂਖ਼ ਹੈ। ਨੀਰਵ ਦਾ ਕਾਰੋਬਾਰ 26 ਬਦੇਸ਼ੀ ਸਹਾਇਕ ਕੰਪਨੀਆਂ ਜ਼ਰੀਏ ਅਮਰੀਕਾ, ਇੰਗਲੈਂਡ ਤੇ ਫਰਾਂਸ ਸਮੇਤ ਕਈ ਯੂਰਪੀ ਮੁਲਕਾਂ, ਰੂਸ, ਚੀਨ, ਸਿੰਘਾਪੁਰ, ਹਾਂਗਕਾਂਗ ਸਮੇਤ ਦੁਨੀਆ ਭਰ ਵਿਚ ਫੈਲਿਆ ਹੋਇਆ ਹੈ ਅਤੇ ਉਹਨਾਂ ਦੇ ਗਹਿਣਿਆਂ ਦੇ ਇਹਨਾਂ ਮੁਲਕਾਂ ਵਿਚ 14 ਵਿਸ਼ੇਸ਼ ਵਿਕਰੀ ਕੇਂਦਰ ਹਨ। ਨਿਊਯਾਰਕ ਵਾਲੇ ਸ਼ੋਅਰੂਮ ਦੇ ਮਹੂਰਤ ਮੌਕੇ ਡੋਨਲਡ ਟਰੰਪ ਵੀ ਹਾਜ਼ਰ ਸੀ। ਨੀਰਵ ਮੋਦੀ ਤੋਂ ਬਾਦ ਕਾਨਪੁਰ ਦੀ ਰੋਟੋਮੈਕ ਕੰਪਨੀ ਦੇ ਮਾਲਕ ਵਿਕਰਮ ਕੋਠਾਰੀ ਵਲੋਂ ਬੈਂਕਾਂ ਦੇ 3695 ਕਰੋੜ ਰੁਪਏ ਡਕਾਰ ਜਾਣ ਦਾ ਘੁਟਾਲਾ ਨੰਗਾ ਹੋ ਗਿਆ ਹੈ ਜਿਸਨੇ ਇਹ ਕਰਜ਼ੇ ਸਿੰਗਾਪੁਰ ਦੀ ਇਕ ਕੰਪਨੀ ਬਰਗੜੀਆ ਬ੍ਰਦਰਜ਼ ਤੋਂ ਕਣਕ ਆਯਾਤ ਕਰਨ ਲਈ ਲਏ ਪਰ ਇਹ ਕਾਰੋਬਾਰ ਕਦੇ ਨਹੀਂ ਕੀਤਾ। ਵਿਕਰਮ ਦੀ ਧੀ ਨਮਰਤਾ ਗੌਤਮ ਅਡਾਨੀ ਦੇ ਭਤੀਜੇ ਪ੍ਰਾਨਵ ਨੂੰ ਵਿਆਹੀ ਹੋਈ ਹੈ।

ਇਹ ਤਾਂ ਮਹਿਜ਼ ਮਹਾਂ ਠੱਗੀ ਦੀ ਉਹ ਕੰਨੀ ਹੈ ਜੋ ਨੰਗੀ ਹੋ ਗਈ, ਹੋਰ ਘੁਟਾਲਿਆਂ ਦੀ ਤਰਾਂ ਨੀਰਜ ਮੋਦੀ ਅਤੇ ਵਿਕਰਮ ਕੋਠਾਰੀ ਦੇ ਘੁਟਾਲਿਆਂ ਦੀ ਅਸਲ ਤਸਵੀਰ ਵੀ ਸ਼ਾਇਦ ਹੀ ਕਦੇ ਸਾਹਮਣੇ ਆਵੇ। ਨੀਰਵ ਘੁਟਾਲਾ ਪੰਜਾਬ ਨੈਸ਼ਨਲ ਬੈਂਕ ਦੇ ਵਿਤੀ ਸਾਲ 2017 ਦੇ ਕੁਲ ਲੈਣਦੇਣ (38096 ਕਰੋੜ ਰੁਪਏ) ਦਾ ਤਕਰੀਬਨ ਤੀਜਾ ਹਿੱਸਾ ਹੈ। ਹੁਣ ਤਕ ਜੋ ਸਾਹਮਣੇ ਆ ਚੁੱਕਾ ਹੈ ਉਸ ਮੁਤਾਬਕ ਇਹਨਾਂ ਦੋ ਸਾਲਾਂ ਵਿਚ ਸਰਕਾਰੀ ਬੈਂਕਾਂ ਨਾਲ ਇਹ ਦੂਜੀ ਵੱਡੀ ਮਹਾਂ ਠੱਗੀ ਹੈ ਜੋ ਸਾਹਮਣੇ ਚੁੱਕੀ ਹੈ। 2015 ਵਿਚ ਭੇਤ ਖੁੱਲਿਆ ਸੀ ਕਿ ਇਰਾਨ ਨੂੰ ਜਾਅਲੀ ਨਿਰਯਾਤ ਦੇ ਨਾਂ ਹੇਠ ਸਰਕਾਰੀ ਮਾਲਕੀ ਵਾਲੀ ਯੂਕੋ ਬੈਂਕ ਤੋਂ ਜੋ ਨਿਰਯਾਤ ਭੁਗਤਾਨ ਕਰਵਾਏ ਗਏ ਉਹਨਾਂ ਦੀ ਰਕਮ 20000 ਕਰੋੜ ਰੁਪਏ ਤੋਂ ਉੱਪਰ ਸੀ।

ਇਸ ਘੁਟਾਲੇ ਨੂੰ ਐੱਨ.ਪੀ.ਏ. (ਬੈਂਕਾਂ ਦੇ ਡੁੱਬ ਚੁੱਕੇ ਅਸਾਸੇ) ਦੇ ਗੋਰਖਧੰਦੇ ਅਤੇ ਕਾਰਪੋਰੇਟ ਕਾਰੋਬਾਰੀਆਂ ਦੇ ਅਰਬਾਂ ਰੁਪਏ ਦੇ ਕਰਜਿਆਂ ਉੱਪਰ ਲੀਕ ਮਾਰਨ ਦੀ ਅਸੀਮ ਧੋਖਾਧੜੀ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਇਹ ਇਕ ਕਾਰੋਬਾਰੀ ਵਲੋਂ ਬੈਂਕ ਦੇ ਚੰਦ ਅਧਿਕਾਰੀਆਂ ਨਾਲ ਮਿਲਕੇ ਕੀਤੀ ਹੇਰਾਫੇਰੀ ਨਹੀਂ ਬਲਕਿ ਸੱਤਾਧਾਰੀ ਗੁੱਟ ਦੀ ਪੂਰੀ ਮਿਲੀਭੁਗਤ ਨਾਲ ਮੁਲਕ ਦੇ ਸਰਕਾਰੀ ਵਸੀਲਿਆਂ ਦੀ ਪੂਰੀ ਤਰ੍ਹਾਂ ਯੋਜਨਾਬੱਧ ਲੁੱਟ ਹੈ। ਕਾਲੇ ਧੰਨ ਦਾ ਮੁੱਖ ਸਰੋਤ ਸਰਕਾਰਾਂ ਦੀ ਰਾਜਕੀ ਪੁਸ਼ਤਪਨਾਹੀ ਹੇਠ ਕਾਰਪੋਰੇਟ ਘਰਾਣਿਆਂ ਤੇ ਹੋਰ ਵੱਡੇ ਕਾਰੋਬਾਰੀਆਂ ਵਲੋਂ ਕੀਤੀ ਜਾਂਦੀ ਲੁੱਟਮਾਰ ਹੈ। ਸਰਕਾਰੀ ਮਸ਼ੀਨਰੀ ਉਸ ਤੋਂ ਬਾਦ ਹਰਕਤ ਵਿਚ ਆਕੇ ਦੁਹਾਈ ਪਾਉਣੀ ਸ਼ੁਰੂ ਕਰਦੀ ਹੈ ਜਦੋਂ ਇਹ ਮਹਾਂ ਠੱਗ ਆਪਣੇ ਬਦੇਸੀ ਅੱਡਿਆਂ ਵਿਚ ਪੂਰੀ ਤਰ੍ਹਾਂ ਮਹਿਫ਼ੂਜ ਪਹੁੰਚ ਚੁੱਕੇ ਹੁੰਦੇ ਹਨ। ਨੀਰਵ ਮੋਦੀ ਦੇ ਖ਼ਿਲਾਫ਼ ਧੋਖਾਧੜੀ ਦੀ ਐੱਫ.ਆਈ.ਆਰ. 31 ਜਨਵਰੀ ਨੂੰ ਦਰਜ ਹੁੰਦੀ ਹੈ। ਇਸ ਤੋਂ ਠੀਕ ਇਕ ਹਫਤਾ ਪਹਿਲਾਂ ਉਹ ਸਵਿਟਜ਼ਰਲੈਂਡ ਦੇ ਸ਼ਹਿਰ ਡਾਵੋਸ ਵਿਖੇ ਹੋਏ ਆਲਮੀ ਆਰਥਕ ਮੰਚ ਦੇ ਸਿਖ਼ਰ ਸੰਮੇਲਨ (23 ਤੋਂ 26 ਜਨਵਰੀ) ਵਿਚ ਨਰਿੰਦਰ ਮੋਦੀ ਨਾਲ ਬਿਰਾਜਮਾਨ ਸੀ। ਨੀਰਵ ਅਤੇ ਉਸਦੇ ਕਾਰੋਬਾਰੀ ਭਾਈਵਾਲਾਂ ਦੀ ਤਲਾਸ਼ ਦਾ ਨੋਟਿਸ 4 ਫਰਵਰੀ ਨੂੰ ਜਾਰੀ ਕੀਤਾ ਜਾਂਦਾ ਹੈ ਲੇਕਿਨ ਉਹ ਸਾਰੇ ਤਾਂ ਇਸ ਤੋਂ ਇਕ ਮਹੀਨਾ ਪਹਿਲਾਂ ਹੀ, ਇਕ ਤੋਂ ਛੇ ਜਨਵਰੀ ਤਕ ਹਵਾਈ ਜਹਾਜ਼ ਚੜਕੇ ਇਥੋਂ ਪੱਤਰੇ ਵਾਚ ਗਏ ਸਨ ਅਤੇ ਅਮਰੀਕਾ ਦੇ ਸ਼ਾਹੀ ਹੋਟਲਾਂ ਵਿਚ ਅੱਯਾਸ਼ੀ ਕਰ ਰਹੇ ਹਨ। ਸੱਪ ਦੇ ਲੰਘ ਜਾਣ 'ਤੇ ਲਕੀਰ ਕੁੱਟਣਾ ਇਸੇ ਨੂੰ ਕਹਿੰਦੇ ਹਨ ਜੋ ਹੁਣ ਉਹਨਾਂ ਦੇ ਪਾਸਪੋਰਟ ਰੱਦ ਕਰਨ ਅਤੇ ਜਾਂਚ ਵਿਚ ਸ਼ਾਮਲ ਹੋਣ ਦੇ ਨੋਟਿਸ ਜਾਰੀ ਕਰਕੇ ਕੀਤਾ ਜਾ ਰਿਹਾ ਹੈ। ਨੀਰਵ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਹੈ ਕਿ ਇਸ ਮਹਾਂ ਠੱਗੀ ਨੂੰ ਜਨਤਕ ਕਰ ਦਿੱਤੇ ਜਾਣ ਨਾਲ ਉਸਦੀ ਕਾਰੋਬਾਰੀ ਸਾਖ਼ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਹੁਣ ਇਹ ਰਕਮ ਵਾਪਸ ਮੋੜੇ ਜਾਣ ਦੀ ਉਮੀਦ ਹੀ ਨਾ ਰੱਖੋ।


ਸੀ.ਬੀ.ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਵਰਗੀਆਂ ਸਰਕਾਰੀ ਏਜੰਸੀਆਂ ਵਲੋਂ ਛਾਣਬੀਣ ਲਈ ਛਾਪੇ ਮਾਰਕੇ ਅਤੇ ਦੋ-ਚਾਰ ਬੈਂਕ ਅਧਿਕਾਰੀਆਂ ਦੀ ਗਰਿਫ਼ਤਾਰੀਆਂ ਕਰਕੇ ਇਹ ਪ੍ਰਭਾਵ ਦਿੱਤਾ ਜਾ ਰਿਹਾ ਹੈ ਜਿਵੇਂ ਉਹ ਇਸ ਮਹਾਂ ਠੱਗੀ ਲਈ ਜ਼ਿੰਮੇਵਾਰ ਮੁਜਰਿਮਾਂ ਨੂੰ ਗਰਿਫ਼ਤਾਰ ਕਰਕੇ ਜੇਲ ਭਿਜਵਾਕੇ ਹੀ ਦਮ ਲੈਣਗੀਆਂ। ਇਹਨਾਂ ਏਜੰਸੀਆਂ ਦੇ ਚੋਟੀ ਤੋਂ ਲੈਕੇ ਹੇਠਾਂ ਤਕ ਸਾਰੇ ਅਧਿਕਾਰੀ ਨਾ ਕੇਵਲ ਇਹ ਚੰਗੀ ਤਰਾਂ ਜਾਣਦੇ ਹਨ ਕਿ ਕਿਸ ਕਿਸ ਤਰਾਂ ਦੇ ਤਰੀਕਿਆਂ ਨਾਲ ਕਾਰਪੋਰੇਟ ਤੇ ਹੋਰ ਵੱਡੇ ਕਾਰੋਬਾਰੀ ਸਰਕਾਰੀ ਖ਼ਜ਼ਾਨਾ ਲੁੱਟਦੇ ਹਨ ਸਗੋਂ ਉਹ ਤਾਂ ਖ਼ੁਦ ਇਸ ਨੂੰ ਅੰਜਾਮ ਦੇਣ ਵਿਚ ਸਰਗਰਮ ਭਾਈਵਾਲ ਹਨ। ਉਹਨਾਂ ਦਾ ਕੰਮ ਮਹਿਜ਼ ਉਸ ਪਾਲਤੂ ਕੁੱਤੇ ਵਰਗਾ ਹੈ ਜਿਸਦੇ ਚੁੱਪ ਰਹਿਣ ਅਤੇ ਹਰਕਤ ਵਿਚ ਆਉਣ ਦਾ ਅਮਲ ਮਾਲਕ ਦੇ ਇਸ਼ਾਰੇ 'ਤੇ ਚੱਲਦਾ ਹੈ। ਮੁਲਕ ਦੇ ਪ੍ਰਮੁੱਖ ਬੈਂਕ ਰਿਜ਼ਰਵ ਬੈਂਕ ਆਫ ਇੰਡੀਆ ਨੇ ਜੂਨ 2017 ਵਿਚ ਆਪਣੀ ਮਾਲੀ ਸਥਿਰਤਾ ਰਿਪੋਰਟ ਵਿਚ ਧਿਆਨ ਦਿਵਾਇਆ ਸੀ ਕਿ ਬੈਂਕਾਂ ਅਤੇ ਵਿਤੀ ਸੰਸਥਾਵਾਂ ਵਿਚ ਧੋਖਾਧੜੀ ਵਿਤੀ ਖੇਤਰ ਵਿਚ ਉਭਰ ਰਹੇ ਜ਼ੋਖ਼ਮਾਂ ਵਿੱਚੋਂ ਇਕ ਹੈ। ਸਵਾਲ ਇਹ ਹੈ ਕਿ ਫਿਰ ਇਸ ਜ਼ੋਖ਼ਮ ਨੂੰ ਦੂਰ ਕਰਨ ਲਈ ਬੈਂਕ ਨੇ ਕੀ ਕਦਮ ਚੁੱਕੇ। ਆਰ.ਬੀ.ਆਈ. ਦੀ ਇਕ ਹੋਰ ਰਿਪੋਰਟ ਖ਼ੁਲਾਸਾ ਕਰਦੀ ਹੈ ਕਿ ਔਸਤ ਹਰ ਚਾਰ ਘੰਟੇ ਵਿਚ ਇਕ ਬੈਂਕ ਮੁਲਾਜ਼ਮ ਧੋਖਾਧੜੀ ਦੇ ਮਾਮਲੇ ਵਿਚ ਫੜਿਆ ਜਾਂਦਾ ਹੈ। ਪਹਿਲੀ ਜਨਵਰੀ 2015 ਤੋਂ ਲੈਕੇ 31 ਮਾਰਚ 2017 ਦਰਮਿਆਨ ਸਰਕਾਰੀ ਬੈਂਕਾਂ ਵਿਚ 5200 ਮੁਲਾਜ਼ਮਾਂ ਨੂੰ ਧੋਖਾਧੜੀ ਦੇ ਮਾਮਲਿਆਂ ਵਿਚ ਸਜ਼ਾ ਦਿੱਤੀ ਗਈ। ਇਸ ਵਿਚ ਸਟੇਟ ਬੈਂਕ ਆਫ ਇੰਡੀਆ ਅੱਵਲ ਨੰਬਰ 'ਤੇ ਸੀ। ਇਸ ਨਾਲ 2013-2016 ਦਰਮਿਆਨ ਬੈਂਕਾਂ ਨੂੰ 66000 ਕਰੋੜ ਰੁਪਏ ਦਾ ਵਿਤੀ ਨੁਕਸਾਨ ਹੋਇਆ ਸੀ। ਯਾਦ ਰਹੇ ਕਿ ਇਸ ਤਰਾਂ ਦੇ ਮਾਮਲੇ ਮੁੱਖ ਤੌਰ 'ਤੇ ਮੁਕਾਬਲਤਨ ਛੋਟੇ ਪੈਮਾਨੇ ਦੀਆਂ ਹੇਰਾਫੇਰੀਆਂ ਹਨ ਅਤੇ ਇਹਨਾਂ ਵਿਚ ਛੋਟੇ ਅਧਿਕਾਰੀਆਂ ਨੂੰ ਹੀ ਸਜ਼ਾਵਾਂ ਹੁੰਦੀਆਂ ਹਨ। ਸਜ਼ਾਵਾਂ ਦਾ ਇਹ ਜਾਲ ਵੱਡੇ ਮਗਰਮੱਛਾਂ ਲਈ ਨਹੀਂ।

ਖ਼ਬਰ ਏਜੰਸੀ ਰਾਈਟਰ ਵਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਬੈਂਕਾਂ ਤੋਂ ਹਾਸਲ ਕੀਤੀ ਜਾਣਕਾਰੀ ਅਨੁਸਾਰ ਭਾਰਤ ਦੀਆਂ ਸਰਕਾਰੀ ਕਰਜ਼ਦਾਤਾ ਸੰਸਥਾਵਾਂ ਅੰਦਰ ਪਿਛਲੇ ਪੰਜ ਸਾਲਾਂ ਵਿਚ (ਭਾਵ 31 ਮਾਰਚ 2017 ਤਕ) "ਕਰਜ਼ਾ ਧੋਖਾਧੜੀ" ਦੇ 8670 ਮਾਮਲੇ ਸਾਹਮਣੇ ਆਏ ਜਿਹਨਾਂ ਦੀ ਕੁਲ ਰਕਮ 61260 ਕਰੋੜ ਰੁਪਏ ਬਣਦੀ ਹੈ। ਪੰਜਾਬ ਨੈਸ਼ਨਲ ਬੈਂਕ ਇਹਨਾਂ ਵਿੱਚੋਂ ਪਹਿਲੇ ਸਥਾਨ 'ਤੇ ਸੀ ਜਿਥੇ 6562 ਕਰੋੜ ਰੁਪਏ ਦੀ ਧੋਖਾਧੜੀ ਦੇ 389 ਮਾਮਲੇ ਵਾਪਰੇ। ਹਰ ਬੈਂਕ ਦਾ ਹਰ ਛੇ ਮਹੀਨੇ ਬਾਦ ਬਾਕਾਇਦਾ ਆਡਿਟ ਹੁੰਦਾ ਹੈ ਅਤੇ ਹਰ ਸਾਲ ਬਾਦ ਬੈਂਕ ਦੀ ਲੇਖਾਜੋਖਾ ਰਿਪੋਰਟ ਪੇਸ਼ ਕੀਤੀ ਜਾਂਦੀ ਹੈ। ਫਿਰ ਵੀ ਜੇ ਸਾਲਾਨਾ ਅੰਕੜਿਆਂ ਵਿਚ 11400 ਕਰੋੜ ਰੁਪਏ ਦੀ ਮਹਾਂ ਠੱਗੀ ਲੁਕੀ ਰਹਿੰਦੀ ਹੈ ਤਾਂ ਇਹ ਬੈਂਕ ਦੇ ਆਹਲਾ ਅਧਿਕਾਰੀਆਂ, ਆਡੀਟਰਾਂ ਅਤੇ ਉੱਚ ਪੱਧਰੇ ਵਿਤੀ ਨਿਗਰਾਨ ਤਾਣੇਬਾਣੇ ਦੀ ਮਿਲੀਭੁਗਤ ਨਾਲ ਹੀ ਸੰਭਵ ਹੈ। ਇਹ ਗ਼ੌਰਤਲਬ ਹੈ ਕਿ ਇਸ ਦੌਰਾਨ ਇਸ ਬੈਂਕ ਨੂੰ ਸ਼ਾਨਦਾਰ ਕਾਰਗੁਜ਼ਾਰੀ ਦੇ ਤਿੰਨ ਅਵਾਰਡ ਦਿੱਤੇ ਗਏ। ਦੋ ਅਵਾਰਡ ਤਾਂ 2017 ਵਿਚ ਸੈਂਟਰਲ ਵਿਜੀਲੈਂਸ ਕਮਿਸ਼ਨਰ ਵਲੋਂ ਦਿੱਤੇ ਗਏ ਜਿਸ ਸਾਲ ਇਸ ਬੈਂਕ ਨੇ ਮੋਦੀ ਐਂਡ ਕੰਪਨੀ ਨੂੰ 293 ਜ਼ਾਮਨੀ ਪੱਤਰ ਜਾਰੀ ਕੀਤੇ।

ਨੀਰਵ ਮੋਦੀ ਵਲੋਂ ਪੰਜਾਬ ਨੈਸ਼ਨਲ ਬੈਂਕ ਨਾਲ ਮਹਾਂ ਠੱਗੀ ਦਾ ਸਿਲਸਿਲਾ ਇਕ ਦੋ ਸਾਲ ਪੁਰਾਣਾ ਨਹੀਂ, ਇਹ 2011 ਤੋਂ ਚੱਲ ਰਿਹਾ ਸੀ। 2016 ਵਿਚ ਹੀ ਇਹ ਧੋਖਾਧੜੀ ਬਾਕਾਇਦਾ ਲਿਖਤੀ ਤੌਰ 'ਤੇ ਪ੍ਰਧਾਨ ਮੰਤਰੀ ਦਫ਼ਤਰ ਦੇ ਨੋਟਿਸ ਵਿਚ ਵੀ ਲਿਆਂਦੀ ਗਈ ਸੀ। ਇਸ ਨੂੰ ਰੋਕਣ ਲਈ ਕੋਈ ਕਦਮ ਚੁੱਕਣ ਦੀ ਬਜਾਏ ਤੱਤਕਾਲੀ ਕੇਂਦਰ ਸਰਕਾਰਾਂ ਪੀ.ਐੱਨ.ਬੀ. ਦੀ ਫੰਡਾਂ ਦੀ ਤੋਟ ਨੂੰ ਦੂਰ ਕਰਨ ਲਈ ਸਰਕਾਰੀ ਖ਼ਜ਼ਾਨੇ ਵਿੱਚੋਂ ਫੰਡ ਮੁਹੱਈਆ ਕਰਦੀਆਂ ਰਹੀਆਂ। 2013-14 ਵਿਚ ਇਸ ਬੈਂਕ ਦੀ ਹਾਲਤ ਸੁਧਾਰਨ ਲਈ ਕਾਂਗਰਸ ਸਰਕਾਰ ਵਲੋਂ 500 ਕਰੋੜ ਰੁਪਏ ਦਿੱਤੇ ਗਏ, 2017-18 ਵਿਚ ਇਹ ਰਕਮ 5473 ਕਰੋੜ ਰੁਪਏ ਤਕ ਜਾ ਪਹੁੰਚੀ।

ਇਹ ਮਹਾਂ ਠੱਗੀ ਦਾ ਭੇਤ ਨੀਰਵ ਮੋਦੀ ਦੇ ਇਕ ਮੁਲਾਜ਼ਮ ਵਲੋਂ ਇਕ ਭਾਰਤੀ ਬੈਂਕ ਦੀ ਸਿੰਗਾਪੁਰ ਬਰਾਂਚ ਕੋਲ ਇਹ ਉਜ਼ਰ ਕੀਤੇ ਜਾਣ 'ਤੇ ਖੁੱਲਿਆ। ਉਸਨੇ ਕਿਹਾ ਕਿ ਕੰਪਨੀ ਦੇ ਕਾਰੋਬਾਰ ਦਾ ਇਕ ਜ਼ਾਮਨੀ ਪੱਤਰ (ਲੈਟਰ ਆਫ ਅੰਡਰਟੇਕਿੰਗ) ਇਸ ਕਰਕੇ ਲੇਟ ਹੋਇਆ ਕਿਉਂਕਿ ਮੁੰਬਈ ਦੀ ਸਥਾਨਕ ਪੰਜਾਬ ਨੈਸ਼ਨਲ ਬੈਂਕ ਬਰਾਂਚ ਦਾ ਇਕ ਅਧਿਕਾਰੀ ਇਸ ਬਦਲੇ ਰਿਸ਼ਵਤ ਮੰਗ ਰਿਹਾ ਸੀ। ਬਦੇਸ਼ ਵਿਚਲੀ ਬਰਾਂਚ ਵਲੋਂ ਮਾਮਲਾ ਆਰ.ਬੀ.ਆਈ. ਦੇ ਧਿਆਨ ਵਿਚ ਲਿਆਂਦਾ ਗਿਆ। ਰਿਜ਼ਰਵ ਬੈਂਕ ਨੇ ਪੀ.ਐੱਨ.ਬੀ. ਤੋਂ ਸਪਸ਼ਟ ਮੰਗਿਆ। ਮੁੱਢਲੀ ਜਾਂਚ ਵਿਚ ਇਕ ਮੁਲਾਜ਼ਮ ਉੱਪਰ ਉਂਗਲ ਉੱਠੀ ਪਰ ਥੋੜਾ ਡੂੰਘਾਈ ਵਿਚ ਜਾਂਚ ਕੀਤੇ ਜਾਣ 'ਤੇ ਮਹਾਂ ਠੱਗੀ ਨੰਗੀ ਹੋ ਗਈ। ਭੁਗਤਾਨ ਅਤੇ ਆਰਡਰ ਦੀ ਸਪਲਾਈ ਦੀ ਜ਼ਾਮਨੀ ਦਿੰਦਾ ਇਹ ਦਸਤਾਵੇਜ਼ ਵੱਖ-ਵੱਖ ਮੁਲਕਾਂ ਦੀਆਂ ਕਾਰੋਬਾਰੀ ਕੰਪਨੀਆਂ ਦਰਮਿਆਨ ਵਪਾਰ ਲਈ ਇਕ ਲਿਖਤੀ ਜ਼ਾਮਨੀ ਦਸਤਾਵੇਜ਼ ਹੁੰਦਾ ਹੈ ਜੋ ਸਬੰਧਤ ਮੁਲਕਾਂ ਦੇ ਬੈਂਕ ਆਪਣੇ ਮੁਲਕ ਦੀ ਕੰਪਨੀ ਦੀ ਜਾਮਨੀ ਵਜੋਂ ਜਾਰੀ ਕਰਦੇ ਹਨ। ਮਾਲ ਮਿਲਣ 'ਤੇ ਬੈਂਕ ਕੰਪਨੀ ਵਲੋਂ ਉਸ ਰਕਮ ਦਾ ਭੁਗਤਾਨ ਕਰ ਦਿੰਦਾ ਹੈ। ਨੀਰਵ ਮੋਦੀ ਗਹਿਣਿਆਂ ਅਤੇ ਹੀਰੇ-ਜਵਾਹਰਾਤ ਦੇ ਵੱਡੇ-ਵੱਡੇ ਸੌਦੇ ਕਰਦਾ ਰਿਹਾ ਅਤੇ ਬੈਂਕ ਵਿਚ ਰਕਮ ਜਮਾਂ ਕਰਵਾਏ ਬਿਨਾ ਹੀ ਸੈਂਕੜੇ ਕਰੋੜ ਦੇ ਭੁਗਤਾਨ ਲਈ ਅੰਡਰਟੇਕਿੰਗ ਜਾਰੀ ਕੀਤੇ ਜਾਂਦੇ ਰਹੇ। ਸ਼ੁਰੂ ਵਿਚ ਬੈਂਕ ਵਲੋਂ 230 ਕਰੋੜ ਰੁਪਏ ਤਿੰਨ ਮਹੀਨੇ ਲਈ ਪੇਸ਼ਗੀ ਭੁਗਤਾਨ ਕੀਤੇ ਗਏ ਜੋ ਬੈਂਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨਾ ਸਿਰਫ਼ ਬਿਨਾ ਜਮਾਂ ਕਰਾਏ ਵਾਰ-ਵਾਰ ਭੁਗਤਾਨ ਕੀਤੇ ਜਾਂਦੇ ਰਹੇ ਸਗੋਂ ਇਹ ਉਧਾਰ ਰਕਮ ਵੀ ਅਧਿਕਾਰੀਆਂ ਵਲੋਂ ਵਾਰ-ਵਾਰ ਕੀਤੇ ਵੱਡੇ ਇਜ਼ਾਫ਼ੇ ਨਾਲ ਓੜਕ ਸਾਢੇ ਗਿਆਰਾਂ ਹਜ਼ਾਰ ਕਰੋੜ ਹੋ ਗਈ।

ਹੁਣ ਇਸ ਮਹਾਂ ਠੱਗੀ ਦੇ ਨਵੇਂ ਨਵੇਂ ਖ਼ੁਲਾਸੇ ਕੀਤੇ ਜਾ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਨੀਰਵ ਮੋਦੀ ਨੇ ਆਪਣੀਆਂ ਤਿੰਨ ਕੰਪਨੀਆਂ ਦੇ ਪਤੇ ਗ਼ਲਤ ਦਿੱਤੇ ਹੋਏ ਸਨ। ਇਹ ਵੀ ਕਿ ਉਸਦੀ ਪਤਨੀ ਐਮੀ ਮੋਦੀ ਨੇ ਬੈਂਕ ਅਧਿਕਾਰੀਆਂ ਤੋਂ ਨਜਾਇਜ਼ ਕੰਮ ਕਰਾਉਣ ਲੜਕੀਆਂ ਸਪਲਾਈ ਕੀਤੀਆਂ ਅਤੇ ਇਸ ਕੰਮ ਲਈ ਤਿੰਨ ਮਾਡਲਾਂ ਦੀ ਸਹਾਇਤਾ ਵੀ ਲਈ ਗਈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ, ਇਸ ਰਾਜ ਪ੍ਰਬੰਧ ਵਿਚ ਲੋਟੂ ਜਮਾਤਾਂ ਆਪਣੇ ਕਾਰੋਬਾਰਾਂ ਨੂੰ ਵਧਾਉਣ-ਫੈਲਾਉਣ ਲਈ ਘਿਣਾਉਣੇ ਤੋਂ ਘਿਣਾਉਣੇ ਤਰੀਕੇ ਅਕਸਰ ਹੀ ਵਰਤੋਂ ਵਿਚ ਲਿਆਉਂਦੀਆਂ ਹਨ ਜਿਹਨਾਂ ਵਿਚ ਔਰਤ ਦੇ ਜਿਸਮ ਨੂੰ ਇਸਤੇਮਾਲ ਕਰਨਾ ਵੀ ਸ਼ਾਮਲ ਹੈ। ਜੌਹਨ ਪਰਕਿਨਜ਼ ਨੇ ਆਪਣੀ ਮਸ਼ਹੂਰ ਕਿਤਾਬ 'ਇਕ ਆਰਥਕ ਹਤਿਆਰੇ ਦਾ ਇਕਬਾਲੀਆ ਬਿਆਨ' ਵਿਚ ਉਚੇਚਾ ਜ਼ਿਕਰ ਕੀਤਾ ਹੈ ਕਿਵੇਂ ਅਮਰੀਕਾ ਦੇ ਵਪਾਰਕ ਦੂਤਾਂ ਵਲੋਂ ਅਰਬ ਮੁਲਕਾਂ ਨਾਲ ਵਪਾਰਕ ਇਕਰਾਰਨਾਮੇ ਨੇਪਰੇ ਚਾੜਣ ਲਈ




## ਕਾਰਪੋਰੇਟਾਂ ਦੀ ਸੇਵਾ ਵਿਚ ਲੱਗੇ ਬੈਂਕ

ਬੈਂਕਾਂ ਵਲੋਂ ਆਪਣੀਆਂ ਵੱਡੀਆਂ ਵੱਡੀਆਂ ਲੈਣਦਾਰੀਆਂ ਨੂੰ ਡੁੱਬ ਚੁੱਕੀਆਂ ਰਕਮਾਂ ਮੰਨ ਲੈਣਾ ਅਤੇ ਉਹਨਾਂ ਉੱਪਰ ਲੀਕ ਮਾਰਨਾ ਇਕ ਐਸਾ ਤਰੀਕਾ ਹੈ ਜਿਸ ਰਾਹੀਂ ਕਾਰਪੋਰੇਟ ਅਤੇ ਹੋਰ ਵੱਡੇ ਕਾਰੋਬਾਰੀ ਮੁਲਕ ਦੀ ਦੌਲਤ ਥੋਕ ਵਿਚ ਹਥਿਆਉਂਦੇ ਹਨ। ਸਰਕਾਰਾਂ ਬੈਂਕਾਂ ਦੀ ਮਦਦ ਕਰਨ ਦੇ ਨਾਂ ਹੇਠ ਲੋਕਾਂ ਤੋਂ ਟੈਕਸਾਂ ਜ਼ਰੀਏ ਨਿਚੋੜਿਆ ਪੈਸਾ ਬੈਂਕਾਂ ਨੂੰ ਦਿੰਦੀਆਂ ਰਹਿੰਦੀਆਂ ਹਨ। ਰਿਜ਼ਰਵ ਬੈਂਕ ਦੇ ਅੰਕੜਿਆਂ ਅਨੁਸਾਰ ਪਿਛਲੇ ਪੰਜ ਸਾਲਾਂ ਵਿਚ ਮੁਲਕ ਦੇ 27 ਸਰਕਾਰੀ ਅਤੇ 22 ਨਿੱਜੀ ਖੇਤਰ ਦੇ ਬੈਂਕਾਂ ਨੇ 3 ਲੱਖ 67 ਹਜ਼ਾਰ 765 ਕਰੋੜ ਰੁਪਏ ਦੀਆਂ ਲੈਣਦਾਰੀਆਂ ਉੱਪਰ ਲੀਕ ਮਾਰ ਦਿੱਤੀ। 2012-13 ਵਿਚ 32127 ਕਰੋੜ, 2013-14 ਵਿਚ 40870 ਕਰੋੜ, 2014-15 ਵਿਚ 56144 ਕਰੋੜ, 2015-16 ਵਿਚ 69210 ਕਰੋੜ ਅਤੇ 2017-18 ਦੇ ਪਹਿਲੇ ਛੇ ਮਹੀਨੇ (ਅਪ੍ਰੈਲ ਤੋਂ ਸਤੰਬਰ) ਵਿਚ ਹੀ 66162 ਕਰੋੜ। ਯਾਨੀ ਇਹ ਲੈਣਦਾਰੀਆਂ ਬੈਂਕਾਂ ਨੇ ਆਪਣੇ ਲੇਖੇਜੋਖੇ ਦੇ ਰਿਕਾਰਡ ਵਿੱਚੋਂ ਹੀ ਹਟਾ ਦਿੱਤੀਆਂ। ਨਿੱਜੀ ਖੇਤਰ ਦੀਆਂ ਬੈਂਕਾਂ ਦੇ ਮੁਕਾਬਲੇ ਸਰਕਾਰੀ ਬੈਂਕਾਂ ਵਲੋਂ ਲੈਣਦਾਰੀਆਂ ਉੱਪਰ ਲੀਕ ਮਾਰ ਦੇਣ ਦਾ ਵਰਤਾਰਾ ਪੰਜ ਗੁਣਾ ਹੈ। ਟੈਕਸ ਛੋਟਾਂ ਰਾਹੀਂ ਕਾਰਪੋਰੇਟ ਸਰਮਾਏਦਾਰਾਂ ਨੂੰ ਗੱਫੇ ਇਸ ਤੋਂ ਵੱਖਰੇ ਹਨ। । 2004-05 ਅਤੇ 2015-16 ਦਰਮਿਆਨ ਦੇ 12 ਸਾਲਾਂ ਵਿਚ ਸਨਅਤਾਂ ਨੂੰ ਜੋ ਕੁਲ ਟੈਕਸ ਛੋਟਾਂ ਦਿੱਤੀਆਂ ਗਈਆਂ ਉਹ ਤਕਰੀਬਨ 50 ਲੱਖ ਕਰੋੜ ਰੁਪਏ ਬਣਦੀਆਂ ਹਨ। ਪਾਰਲੀਮੈਂਟ ਵਿਚ ਸਰਕਾਰ ਵਲੋਂ ਦਿੱਤੇ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਕਿ ਕੇਵਲ 2015-16 ਦੇ ਵਿਤੀ ਸਾਲ ਦੌਰਾਨ ਹੀ ਕਾਰਪੋਰੇਟਾਂ ਨੂੰ 6.11 ਲੱਖ ਕਰੋੜ ਰੁਪਏ ਦੀਆਂ ਟੈਕਸ ਛੋਟਾਂ ਦਿੱਤੀਆਂ ਗਈਆਂ।

ਸਾਊਦੀ ਅਰਬ ਦੇ ਸ਼ਹਿਜ਼ਾਦਿਆਂ ਨੂੰ ਫਾਹੁਣ ਲਈ ਔਰਤਾਂ ਸਪਲਾਈ ਕੀਤੀਆਂ ਗਈਆਂ। ਬੇਸ਼ੱਕ ਐਸੇ ਅਧਿਕਾਰੀਆਂ ਦੀ ਇਸ ਮਹਾਂਠੱਗੀ ਵਿਚ ਅਹਿਮ ਭੂਮਿਕਾ ਰਹੀ ਹੈ, ਪਰ ਇਸ ਤਰ੍ਹਾਂ ਦੀਆਂ ਸਨਸਨੀਖ਼ੇਜ਼ ਕਹਾਣੀਆਂ ਪੇਸ਼ ਕਰਕੇ ਬਹੁਤ ਹੀ ਚਲਾਕੀ ਨਾਲ ਅਸਲ ਕਾਰਨਾਂ ਉੱਪਰ ਪਰਦਾਪੋਸ਼ੀ ਕੀਤੀ ਜਾ ਰਹੀ ਹੈ।

ਤਮਾਮ ਹਾਕਮ ਜਮਾਤੀ ਪਾਰਟੀਆਂ ਇਸ ਮੁੱਦੇ ਨੂੰ ਵੋਟ ਸਿਆਸਤ ਦੇ ਸੌੜੇ ਹਿਤਾਂ ਅਨੁਸਾਰ ਉਛਾਲਕੇ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਹੋਣ ਦਾ ਦੰਭ ਰਚਣ ਵਿਚ ਇਕ ਦੂਜੇ ਨੂੰ ਮਾਤ ਦੇ ਰਹੀਆਂ ਹਨ ਅਤੇ ਘੁਟਾਲੇ ਦੀ ਅਸਲ ਜੜ ਨੂੰ ਲੁਕੋ ਵੀ ਰਹੀਆਂ ਹਨ। ਕਾਂਗਰਸ ਇਸ ਮਹਾਂ ਠੱਗੀ ਲਈ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ ਅਤੇ ਭਾਜਪਾ ਕਾਂਗਰਸ ਨੂੰ। ਜਦਕਿ ਹਕੀਕਤ ਇਹ ਹੈ ਕਿ ਸਾਮਰਾਜਵਾਦੀ ਸਰਮਾਏਦਾਰੀ ਅਤੇ ਸਾਡੇ ਮੁਲਕ ਦੇ ਕਾਰਪੋਰੇਟ ਘਰਾਣਿਆਂ ਨੂੰ ਮੁਲਕ ਦੀ ਦੌਲਤ, ਕੁਦਰਤੀ ਵਸੀਲੇ ਅਤੇ ਕਿਰਤ ਸ਼ਕਤੀ ਲੁਟਾਉਣ ਲਈ ਇਹ ਦੋਨੋਂ ਇਕ ਦੂਜੀ ਤੋਂ ਵੱਧਕੇ ਤੱਤਪਰ ਹਨ। ਹੋਰ ਹਾਕਮ ਜਮਾਤੀ ਅਤੇ ਸੋਧਵਾਦੀ ਪਾਰਟੀਆਂ ਵੀ 2019 ਦੀਆਂ ਆਮ ਚੋਣਾਂ ਨੂੰ ਦੇਖਦੇ ਹੋਏ ਭ੍ਰਿਸ਼ਟਾਚਾਰ ਵਿਰੁੱਧ ਬਿਆਨਬਾਜ਼ੀ ਕਰਕੇ ਆਪਣੀ ਸਿਆਸੀ ਵੁੱਕਤ ਬਣਾਉਣ ਲਈ ਹੱਥ-ਪੈਰ ਮਾਰ ਰਹੀਆਂ ਹਨ। ਲੇਕਿਨ ਇਹ ਸਮੁੱਚਾ ਹਾਕਮ ਜਮਾਤੀ ਸਿਆਸੀ ਕੋੜਮਾ ਭ੍ਰਿਸ਼ਟਾਚਾਰ ਦੀ ਅਸਲ ਬੁਨਿਆਦ ਇਸ ਰਾਜ ਪ੍ਰਬੰਧ ਵੱਲ ਕਦੇ ਉਂਗਲ ਨਹੀਂ ਕਰਦਾ ਜਿਸਦੀ ਬੁਨਿਆਦ ਹੀ ਮਹਾਂ ਠੱਗੀ ਉੱਪਰ ਹੈ। ਇਹ ਕੋਈ ਨਹੀਂ ਦੱਸਦਾ ਕਿ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਨੂੰ ਵਿਆਪਕ ਜ਼ਰਬਾਂ ਦੇਕੇ ਹੋਰ ਵੀ ਸਿਖ਼ਰਾਂ ਉੱਪਰ ਪਹੁੰਚਾਉਣ ਲਈ ਜ਼ਿੰਮੇਵਾਰ ਬੇਲਗਾਮ ਖੁੱਲੀ ਮੰਡੀ ਦਾ ਆਰਥਕ ਮਾਡਲ ਹੈ।

1992 ਵਿਚ ਕਾਂਗਰਸ ਸਰਕਾਰ ਵਲੋਂ 'ਨਵੀਂਆਂ ਆਰਥਕ ਨੀਤੀਆਂ' ਦਾ ਜੋ ਮਾਡਲ ਧੂਮਧੜੱਕੇ ਨਾਲ ਅਪਣਾਇਆ ਗਿਆ ਉਸ ਵਿਚ ਮੁੱਖ ਜ਼ੋਰ ਇਸ ਗੱਲ ਉੱਪਰ ਸੀ ਕਿ ਰਾਜਕੀ ਕੰਟਰੋਲ ਅਤੇ ਸਰਮਾਏਦਾਰ ਕਾਰੋਬਾਰਾਂ ਨੂੰ ਰਾਜ ਵਲੋਂ ਰੈਗੂਲੇਟ ਕਰਨ ਲਈ ਬਣਾਏ ਤਰਾਂ ਤਰਾਂ ਦੇ ਨਿਯਮ ਮੁਲਕ ਦੀ ਆਰਥਕ ਤਰੱਕੀ ਦੇ ਰਾਹ ਵਿਚ ਵੱਡਾ ਅੜਿੱਕਾ ਹਨ। ਇਸ ਮਾਡਲ ਤਹਿਤ 'ਕਾਰੋਬਾਰਾਂ ਲਈ ਮੁਆਫ਼ਕ ਮਾਹੌਲ' ਬਣਾਉਣ ਲਈ ਪਿਛਲੇ ਢਾਈ ਦਹਾਕਿਆਂ ਵਿਚ ਇਕ ਇਕ ਕਰਕੇ ਇਹਨਾਂ ਕਮਜ਼ੋਰ ਨਿਯਮਾਂ ਵਿਚ ਵੀ ਵੱਡੀ ਰੱਦੋਬਦਲ ਕੀਤੀ ਗਈ। ਇਸ ਨਾਲ ਵੱਡੇ ਸਰਮਾਏਦਾਰ ਕਾਰੋਬਾਰੀਆਂ ਨੂੰ ਮੁਲਕ ਦੇ ਕੁਦਰਤੀ ਵਸੀਲਿਆਂ ਉੱਪਰ ਕਾਬਜ਼ ਹੋਣ ਦੀ ਹੋਰ ਜ਼ਿਆਦਾ ਖੁੱਲ ਹਾਸਲ ਹੋ ਗਈ। ਬੈਂਕਾਂ ਅਤੇ ਹੋਰ ਵਿਤੀ ਸੰਸਥਾਵਾਂ ਵਿਚ ਜਮਾਂ ਲੋਕਾਂ ਦੀਆਂ ਬੱਚਤਾਂ ਨੂੰ ਮਾਮੂਲੀ ਸ਼ਰਤਾਂ ਵਾਲੇ ਕਰਜ਼ਿਆਂ ਰਾਹੀਂ ਹੜੱਪਣ ਦਾ ਰਾਹ ਹੋਰ ਮੋਕਲਾ ਕਰ ਦਿੱਤਾ ਗਿਆ। ਇਸ ਨਾਲ ਮੁਲਕ ਘੁਟਾਲਿਆਂ ਦੇ ਨਵੇਂ ਦੌਰ ਵਿਚ ਦਾਖ਼ਲ ਹੋ ਗਿਆ ਜਿਸ ਅੰਦਰ ਆਏ ਦਿਨ ਨਵੇਂ ਤੋਂ ਨਵੇਂ ਘੁਟਾਲੇ ਸਾਹਮਣੇ ਆਉਣਾ ਆਮ ਗੱਲ ਹੈ। ਲਿਹਾਜ਼ਾ ਖੁੱਲੀ ਮੰਡੀ ਦਾ ਰਾਜ ਖ਼ੁਦ ਹੀ ਬੇਮਿਸਾਲ ਘੁਟਾਲਾ ਹੈ ਜਿਸਦੀ ਕੋਈ ਹੱਦ ਨਹੀਂ ਅਤੇ ਜਿਸ ਬਾਰੇ ਝਾੜੂ ਪਾਰਟੀ ਸਮੇਤ ਹਰ ਹਾਕਮ ਜਮਾਤੀ ਪਾਰਟੀ ਖ਼ਾਮੋਸ਼ ਹੈ। ਇਸ ਨਵਉਦਾਰਵਾਦੀ ਆਰਥਕ ਮਾਡਲ ਵਿਚ ਕੋਈ ਘੁਟਾਲਾ ਉਦੋਂ ਤਕ ਹੀ ਵੱਡਾ ਹੈ ਜਦੋਂ ਤਕ ਉਸ ਤੋਂ ਵੱਡੇ ਘੁਟਾਲੇ ਚਰਚਾ ਵਿਚ ਆਕੇ ਪਹਿਲੇ ਨੂੰ ਬੌਣਾ ਸਾਬਤ ਨਹੀਂ ਕਰ ਦਿੰਦੇ। ਇਹ ਲੰਗੋਟੀਏ ਯਾਰਾਂ ਦਾ ਜੁੰਡੀ ਰਾਜ ਹੈ ਜਿਸ ਵਿਚ ਸੱਤਾਧਾਰੀ ਗੁੱਟ ਅਤੇ ਉਹਨਾਂ ਦੇ ਬਹੁਤ ਹੀ ਚਹੇਤੇ ਕਾਰੋਬਾਰੀ ਇਕ ਦੂਜੇ ਨੂੰ ਲਾਭ ਪਹੁੰਚਾਉਣ ਲਈ ਦੁਵੱਲੀ ਸਹਿਮਤੀ ਨਾਲ ਕੰਮ ਕਰਦੇ ਹਨ।

ਲਿਹਾਜ਼ਾ, ਘੁਟਾਲਿਆਂ ਦੇ ਕੈਂਸਰ ਦਾ ਖ਼ਾਤਮਾ ਨਵਉਦਾਰਵਾਦੀ ਆਰਥਕ ਮਾਡਲ ਅਤੇ ਇਸਦੀ ਬੁਨਿਆਦ ਸਰਮਾਇਆਦਾਰੀ ਪ੍ਰਬੰਧ ਨੂੰ ਖ਼ਤਮ ਕੀਤੇ ਬਿਨਾ ਸੰਭਵ ਹੀ ਨਹੀਂ। ਆਮ ਲੋਕਾਂ ਨੂੰ ਇਸ ਹਕੀਕਤ ਨੂੰ ਸਾਫ਼ ਸਮਝਣਾ ਹੋਵੇਗਾ ਕਿ ਸਾਰੀਆਂ ਹੀ ਚੋਣਵਾਦੀ ਪਾਰਟੀਆਂ ਇਸ ਆਰਥਕ ਮਾਡਲ ਦੀਆਂ ਪੈਰੋਕਾਰ ਹਨ ਅਤੇ ਇਸ ਪ੍ਰਬੰਧ ਦੀ ਉਮਰ ਲੰਮੀ ਕਰਨ ਲਈ ਕੰਮ ਕਰਦੀਆਂ ਹਨ, ਉਹ ਭ੍ਰਿਸ਼ਟਾਚਾਰ ਨੂੰ ਖ਼ਤਮ ਕਿਵੇਂ ਕਰ ਦੇਣਗੀਆਂ।

# ਦਲਿਤਾਂ ਦੀ ਹਿੰਦੂਤਵ ਨਾਲ ਲੜਨ ਦੀ ਦ੍ਰਿੜਤਾ ਕਾਬਲੇਤਾਰੀਫ਼

## *ਪਰ ਮਿੱਥਾਂ ਤੋਂ ਉੱਪਰ ਉੱਠਣਾ ਜ਼ਰੂਰੀ*

**-ਆਨੰਦ ਤੇਲਤੁੰਬੜੇ**
**ਅਨੁਵਾਦ : ਬੂਟਾ ਸਿੰਘ**



*19ਵੀਂ ਸਦੀ ਦੇ ਅਖ਼ੀਰ ਤਕ ਜਾਤ ਲੋਕਾਂ ਦਾ ਜੀਵਨ-ਸੰਸਾਰ ਸੀ ਕਿਉਂਕਿ ਦਲਿਤਾਂ ਅੰਦਰ ਸਿੱਖਿਆ ਦਾ ਗਿਣਨਯੋਗ ਪਸਾਰ ਇਸ ਤੋਂ ਬਾਦ ਹੀ ਹੁੰਦਾ ਹੈ। ਉਹ ਜਾਤ ਨੂੰ ਇਕ ਕੁਦਰਤੀ ਵਿਵਸਥਾ ਵਜੋਂ ਅਤੇ ਆਪਣੇ ਉੱਪਰ ਦਾਬੇ ਨੂੰ ਆਪਣੀ ਹੋਣੀ ਵਜੋਂ ਲੈਂਦੇ ਸਨ ਜਿਸਨੂੰ ਉਹਨਾਂ ਨੂੰ ਨਿਮਾਣੇ ਬਣਕੇ ਝੱਲਣਾ ਹੀ ਪਵੇਗਾ। ਲਿਹਾਜ਼ਾ, ਜਾਤਪਾਤ ਦੇ ਵਿਰੋਧ ਦਾ ਕੋਈ ਸਵਾਲ ਨਹੀਂ ਸੀ ਇਸ ਵਿਰੁੱਧ ਜਿਸਮਾਨੀ ਜੰਗ ਦੀ ਤਾਂ ਗੱਲ ਹੀ ਛੱਡੋ। ਬਹਾਦਰੀ ਦੀਆਂ ਐਸੀਆਂ ਮਿੱਥਾਂ ਦੇ ਉਲਟ, ਇਸਦਾ ਕੋਈ ਸਬੂਤ ਨਹੀਂ ਹੈ ਕਿ ਦਲਿਤਾਂ ਵਲੋਂ ਬ੍ਰਾਹਮਣਵਾਦੀ ਦਾਬੇ ਦਾ ਕੋਈ ਜੁਝਾਰੂ ਟਾਕਰਾ ਕੀਤਾ ਗਿਆ ਹੋਵੇ।*

200 ਸਾਲ ਪਹਿਲਾਂ ਪੁਣੇ ਨੇੜੇ ਭੀਮਾ ਨਦੀ ਦੇ ਕੰਢੇ ਉੱਪਰ ਕੋਰੇਗਾਓਂ ਪਿੰਡ ਵਿਖੇ ਆਖ਼ਰੀ ਅੰਗਰੇਜ਼-ਮਰਾਠਾ ਜੰਗ ਲੜੀ ਗਈ ਸੀ। ਇਹ ਲੜਾਈ ਹਿੰਦੁਸਤਾਨ ਵਿਚ ਬਰਤਾਨਵੀ ਸਲਤਨਤ ਦੇ ਪੱਕੇ ਪੈਰੀਂ ਹੋਣ ਦੀ ਸੂਚਕ ਸੀ। ਬਰਤਾਨਵੀਆਂ ਨੇ ਮ੍ਰਿਤਕਾਂ ਦੀ ਯਾਦ ਵਿਚ ਮੈਦਾਨੇ-ਜੰਗ ਵਿਖੇ ਇਕ ਸਮਾਰਕ ਬਣਾਇਆ। ਇਸ ਉੱਪਰ 49 ਨਾਂ ਉੱਕਰੇ ਹੋਏ ਹਨ, ਇਹਨਾਂ ਵਿੱਚੋਂ 22 ਦੀ ਪਛਾਣ ਮਹਾਰ ਵਜੋਂ ਦਰਜ ਕੀਤੀ ਗਈ ਹੈ। ਇਹ ਮਹਾਰ ਫ਼ੌਜੀਆਂ ਦੀ ਬਹਾਦਰੀ ਦੀ ਗਵਾਹੀ ਸੀ। 1893 ਵਿਚ ਬਰਤਾਨਵੀ ਫ਼ੌਜ ਵਿਚ ਭਰਤੀ ਬੰਦ ਕੀਤੇ ਜਾਣ 'ਤੇ ਜਦੋਂ ਗੋਪਾਲ ਬਾਬਾ ਵਾਂਲੰਗਕਰ, ਸ਼ਿਵਰਾਮ ਜਾਨਬਾ ਕਾਂਬਲੇ ਅਤੇ ਬੀ.ਆਰ. ਅੰਬੇਡਕਰ ਦੇ ਪਿਤਾ ਰਾਮਜੀ ਅੰਬੇਡਕਰ ਵਲੋਂ ਮਹਾਰਾਂ ਦੀ ਭਰਤੀ ਮੁੜ-ਬਹਾਲ ਕੀਤੇ ਜਾਣ ਦੀ ਗੁਜ਼ਾਰਿਸ਼ ਕੀਤੀ ਗਈ ਤਾਂ ਓਦੋਂ ਮਹਾਰ ਆਗੂਆਂ ਦੇ ਇਸ ਪਹਿਲੇ ਪੂਰ ਦਾ ਇਸ ਗਵਾਹੀ ਨੂੰ ਇਹਨਾਂ ਅਰਥਾਂ ਵਿਚ ਇਸਤੇਮਾਲ ਕਰਨਾ ਦਰੁਸਤ ਸੀ। ਮਹਾਰਾਂ ਦੀ ਭਰਤੀ ਬੰਦ ਕਰਨਾ 1857 ਦੇ ਹਿੰਦੁਸਤਾਨੀ ਗ਼ਦਰ ਦਾ ਨਤੀਜਾ ਸੀ ਜਿਸ ਤੋਂ ਬਾਦ ਅੰਗਰੇਜ਼ਾਂ ਨੇ ਆਪਣੀ ਭਰਤੀ ਦੀਆਂ ਯੁੱਧਨੀਤੀਆਂ ਦਾ ਮੁੜ-ਜਾਇਜ਼ਾ ਲੈਂਦੇ ਹੋਏ ਫ਼ੌਜ ਵਿਚ ਸਿਰਫ਼ "ਮਾਰਸ਼ਲ ਨਸਲਾਂ" ਨੂੰ ਹੀ ਲੈਣਾ ਸ਼ੁਰੂ ਕੀਤਾ। ਲੇਕਿਨ ਜਦੋਂ ਬਾਬਾਸਾਹਿਬ ਅੰਬੇਡਕਰ ਵਲੋਂ ਭੀਮਾ-ਕੋਰੇਗਾਓਂ ਦੀ ਲੜਾਈ ਦੀ ਤਸਵੀਰ ਪੇਸ਼ਵਾ ਰਾਜ ਵਿਚ ਜਾਤਪਾਤੀ ਦਾਬੇ ਵਿਰੁੱਧ ਮਹਾਰ ਫ਼ੌਜੀਆਂ ਦੀ ਲੜਾਈ ਵਜੋਂ ਕੀਤੀ ਗਈ ਤਾਂ ਉਹ ਨਿਰੋਲ ਮਿੱਥ ਸਿਰਜ ਰਹੇ ਸਨ। ਲਹਿਰਾਂ ਉਸਾਰਨ ਲਈ ਕਿਉਂਕਿ ਮਿੱਥਾਂ ਦੀ ਜ਼ਰੂਰਤ ਪੈਂਦੀ ਹੈ, ਉਹਨਾਂ ਨੇ ਸ਼ਾਇਦ ਓਦੋਂ ਇਹ ਜ਼ਰੂਰਤ ਸਮਝੀ ਸੀ। ਪਰ ਇਕ ਸਦੀ ਬਾਦ, ਜਦੋਂ ਇਸਨੇ ਨੀਮ-ਇਤਿਹਾਸ ਵਜੋਂ ਠੋਸ ਰੂਪ ਅਖ਼ਤਿਆਰ ਕਰ ਲਿਆ ਹੈ ਅਤੇ ਇਸਦਾ ਝੁਕਾਅ ਦਲਿਤਾਂ ਨੂੰ ਪਛਾਣਾਂ ਦੀ ਦਲਦਲ ਵਿਚ ਧੱਕਣ ਦਾ ਬਣ ਚੁੱਕਾ ਹੈ ਤਾਂ ਹੁਣ ਇਹ ਫ਼ਿਕਰਮੰਦੀ ਦਾ ਮਾਮਲਾ ਹੋਣਾ ਚਾਹੀਦਾ ਹੈ। ਪਿਛਲੇ ਦਿਨੀਂ ਬਹੁਤ ਸਾਰੀਆਂ ਦਲਿਤ ਜਥੇਬੰਦੀਆਂ ਨੇ ਨਵੀਂ ਪੇਸ਼ਵਾਈ ਯਾਨੀ ਹਿੰਦੂਤਵੀ ਤਾਕਤਾਂ ਦੇ ਬ੍ਰਾਹਮਣਵਾਦੀ ਰਾਜ ਦੀ ਵੱਧ ਰਹੀ ਕਾਂਗ ਨੂੰ ਨਿਸ਼ਾਨਾ ਬਣਾਉਣ ਦੀ ਮਨਸ਼ਾ ਨਾਲ ਇਸ ਲੜਾਈ ਦਾ 200 ਸਾਲਾ ਮਨਾਉਣ ਲਈ ਸਾਂਝਾ ਮੁਹਾਜ਼ ਬਣਾਇਆ। ਉਹਨਾਂ ਦੇ ਇਸ ਲੰਮੇ ਕੂਚ ਦਾ ਸਿਖ਼ਰ ਸੀ 31 ਦਸੰਬਰ ਨੂੰ ਪੁਣੇ ਵਿਖੇ ਸ਼ਨੀਵਾਰਵਾੜਾ ਵਿਖੇ ਹੋਈ ਐਲਗਰ ਪ੍ਰੀਸ਼ਦ (ਮਹਾਂ ਇਕੱਠ)। ਹਿੰਦੂਤਵੀ ਤਾਕਤਾਂ ਨਾਲ ਟੱਕਰ ਲੈਣ ਦਾ ਦ੍ਰਿੜ ਇਰਾਦਾ ਤਾਂ ਕਾਬਲੇਤਾਰੀਫ਼ ਹੈ ਪਰ ਇਸ ਮਨੋਰਥ ਲਈ ਜੋ ਮਿੱਥ ਇਸਤੇਮਾਲ ਕੀਤੀ ਗਈ ਉਹ ਪਛਾਣਾਂ ਦੀਆਂ ਰੁਚੀਆਂ ਨੂੰ ਮਜ਼ਬੂਤ ਕਰਦੀ ਹੋਣ ਕਰਕੇ ਘੋਰ ਗ਼ੈਰਉਪਜਾਊ ਹੋ ਸਕਦੀ ਹੈ ਕਿਉਂਕਿ ਜ਼ਰੂਰਤ ਤਾਂ ਇਹਨਾਂ ਤੋਂ ਉੱਪਰ ਉੱਠਣ ਦੀ ਹੈ।

ਜਿੱਥੋਂ ਤਕ ਇਤਿਹਾਸ ਦਾ ਸਬੰਧ ਹੈ, ਇਹ ਤੱਥ ਹੈ ਕਿ ਜਦੋਂ ਈਸਟ ਇੰਡੀਆ ਕੰਪਨੀ ਅੰਦਰ ਫ਼ੌਜੀ ਰੀਝਾਂ ਪ੍ਰਫੁੱਲਤ ਹੋ ਗਈਆਂ ਤਾਂ ਇਸਨੇ ਸ਼ਾਇਦ ਦਲਿਤਾਂ ਦੀ ਅਡੋਲ ਵਫ਼ਾਦਾਰੀ ਅਤੇ ਭਰੋਸੇਯੋਗਤਾ ਅਤੇ ਨਾਲ ਹੀ ਉਹਨਾਂ ਦੀਆਂ ਸਸਤੇ ਵਿਚ ਹਾਸਲ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਉਹਨਾਂ ਨੂੰ ਗ਼ੈਰਅਨੁਪਾਤਕ ਰੂਪ ਵਿਚ ਭਰਤੀ ਕਰ ਲਿਆ। ਕੰਪਨੀ ਦੀ ਫ਼ੌਜ ਵਿਚ ਬੰਗਾਲ ਵਿਚ ਨਮਸ਼ੂਦਰਾਂ, ਮਦਰਾਸ ਵਿਚ ਪਰਾਇਯਾ ਅਤੇ ਮਹਾਰਾਸ਼ਟਰ ਵਿਚ ਮਹਾਰਾਂ ਦੀ ਗ਼ੈਰਅਨੁਪਾਤਕ ਤਾਦਾਦ ਵਿਚ ਭਰਤੀ ਸਾਫ਼ ਦੇਖੀ ਜਾ ਸਕਦੀ ਹੈ। ਜੇ ਦਲਿਤਾਂ ਦੀ ਮਨਸ਼ਾ ਇਹ ਦਾਅਵਾ ਕਰਨ ਦੀ ਹੈ ਕਿ ਹਿੰਦੁਸਤਾਨ ਵਿਚ ਬਰਤਾਨਵੀ ਰਾਜ ਦੀ ਸਥਾਪਨਾ ਵਿਚ ਉਹਨਾਂ ਦਾ ਗਿਣਨਯੋਗ ਯੋਗਦਾਨ ਸੀ ਤਾਂ ਇਸਨੂੰ ਆਪਣੇ ਆਪ ਵਿਚ ਗ਼ਲਤ ਨਹੀਂ ਕਿਹਾ ਜਾ ਸਕਦਾ। ਪਰ ਆਪਣੀ ਫ਼ੌਜੀ ਭੂਮਿਕਾ ਨਾਲ ਜਾਤਪਾਤੀ ਦਾਬੇ ਵਿਰੁੱਧ ਲੜਨ ਦਾ ਮਨੋਰਥ ਜੋੜ ਲੈਣਾ ਅਸੰਭਵ ਨੂੰ ਸੰਭਵ ਬਣਾਉਣਾ ਹੋਵੇਗਾ ਅਤੇ ਇਹ ਗ਼ੈਰਇਤਿਹਾਸਕ ਹੋਵੇਗਾ।

ਈਸਟ ਇੰਡੀਆ ਕੰਪਨੀ ਨੇ 1757 ਵਿਚ ਪਲਾਸੀ ਦੀ ਪਹਿਲੀ ਲੜਾਈ ਤੋਂ ਲੈਕੇ ਆਖ਼ਰੀ ਅੰਗਰੇਜ਼-ਮਰਾਠਾ ਜੰਗ ਤਕ ਬਹੁਤ ਸਾਰੀਆਂ ਲੜਾਈਆਂ ਲੜੀਆਂ ਅਤੇ ਜਿੱਤੀਆਂ। ਪ੍ਰਤੱਖ ਤੌਰ 'ਤੇ, ਇਹ ਸਾਰੀਆਂ ਪੇਸ਼ਵਾ ਹੁਕਮਰਾਨਾਂ ਵਿਰੁੱਧ ਨਹੀਂ ਸਨ। ਜ਼ਿਆਦਾਤਰ ਤਾਂ ਹਿੰਦੂਆਂ ਵਿਰੁੱਧ ਵੀ ਨਹੀਂ ਸਨ। ਇਹ ਤਾਂ ਬਸ ਦੋ ਸੱਤਾਧਾਰੀ ਤਾਕਤਾਂ ਦਰਮਿਆਨ ਸੱਤਾ ਲਈ ਭੇੜ ਸਨ ਜੋ ਉਹਨਾਂ ਦੇ ਫ਼ੌਜੀਆਂ ਨੇ ਆਪਣੇ ਫਰਜ ਦੇ ਤੌਰ 'ਤੇ ਲੜੀਆਂ। ਉਹਨਾਂ ਦੀ ਦਿੱਖ ਜਾਤਪਾਤ ਵਿਰੋਧੀ ਜਾਂ ਧਰਮ ਵਿਰੋਧੀ ਬਣਾ ਦੇਣਾ ਨਾ ਸਿਰਫ਼ ਤੱਥਾਂ ਦੇ ਤੌਰ 'ਤੇ ਗ਼ਲਤ ਹੋਵੇਗਾ ਸਗੋਂ ਇਹ ਜਾਤ ਇਤਿਹਾਸਕ ਤੌਰ 'ਤੇ ਜਿਵੇਂ ਕੰਮ ਕਰਦੀ ਹੈ ਉਸ ਦੇ ਬਾਰੇ ਨੁਕਸਦਾਰ ਸਮਝ ਵੀ ਹੋਵੇਗੀ। 19ਵੀਂ ਸਦੀ ਦੇ ਅਖ਼ੀਰ ਤਕ ਜਾਤ ਲੋਕਾਂ ਦਾ ਜੀਵਨ-ਸੰਸਾਰ ਸੀ ਕਿਉਂਕਿ ਦਲਿਤਾਂ ਅੰਦਰ ਸਿੱਖਿਆ ਦਾ ਗਿਣਨਯੋਗ ਪਸਾਰ ਇਸ ਤੋਂ ਬਾਦ ਹੀ ਹੁੰਦਾ ਹੈ। ਉਹ ਜਾਤ ਨੂੰ ਇਕ ਕੁਦਰਤੀ ਵਿਵਸਥਾ ਵਜੋਂ ਅਤੇ ਆਪਣੇ ਉੱਪਰ ਦਾਬੇ ਨੂੰ ਆਪਣੀ ਹੋਣੀ ਵਜੋਂ ਲੈਂਦੇ ਸਨ ਜਿਸਨੂੰ ਉਹਨਾਂ ਨੂੰ ਨਿਮਾਣੇ ਬਣਕੇ ਝੱਲਣਾ ਹੀ ਪਵੇਗਾ। ਲਿਹਾਜ਼ਾ, ਜਾਤਪਾਤ ਦੇ ਵਿਰੋਧ ਦਾ ਕੋਈ ਸਵਾਲ ਨਹੀਂ ਸੀ ਇਸ ਵਿਰੁੱਧ ਜਿਸਮਾਨੀ ਜੰਗ ਦੀ ਤਾਂ ਗੱਲ ਹੀ ਛੱਡੋ। ਬਹਾਦਰੀ ਦੀਆਂ ਐਸੀਆਂ ਮਿੱਥਾਂ ਦੇ ਉਲਟ, ਇਸਦਾ ਕੋਈ ਸਬੂਤ ਨਹੀਂ ਹੈ ਕਿ ਦਲਿਤਾਂ ਵਲੋਂ ਬ੍ਰਾਹਮਣਵਾਦੀ ਦਾਬੇ ਦਾ ਕੋਈ ਜੁਝਾਰੂ ਟਾਕਰਾ ਕੀਤਾ ਗਿਆ ਹੋਵੇ।

ਜਿੱਥੋਂ ਤਕ ਲੜਨ ਵਾਲੀਆਂ ਫ਼ੌਜਾਂ ਦੀ ਬਣਤਰ ਦਾ ਤਾਅਲੁਕ ਹੈ, ਇਹ ਨਿਰੋਲ ਜਾਤ/ਫਿਰਕੇ ਦੀਆਂ ਲੀਹਾਂ ਉੱਪਰ ਬਣੀਆਂ ਹੋਈਆਂ ਨਹੀਂ ਸਨ। ਭਾਵੇਂਕਿ ਬਰਤਾਨਵੀ ਫ਼ੌਜ ਅੰਦਰ ਦਲਿਤ ਮੁਕਾਬਲਤਨ ਵੱਡੀ ਤਾਦਾਦ ਵਿਚ ਹੋ ਸਕਦੇ ਹਨ, ਇਹ ਗੱਲ ਨਹੀਂ ਸੀ ਕਿ ਮੁਸਲਿਮ ਜਾਂ ਮਰਾਠਾ ਫ਼ੌਜਾਂ ਅੰਦਰ ਉਹਨਾਂ ਦੀ ਹੋਂਦ ਨਹੀਂ ਸੀ। ਜਿੱਥੋਂ ਤਕ ਫਿਰਕਿਆਂ/ਜਾਤਾਂ ਦਾ ਸਵਾਲ ਹੈ, ਤਮਾਮ ਫ਼ੌਜਾਂ ਅੰਦਰ ਤਮਾਮ ਜਾਤਾਂ ਦੀ ਹੋਂਦ ਸੀ। ਕੋਰੇਗਾਓਂ ਦੀ ਲੜਾਈ ਵਿਚ ਪੇਸ਼ਵਾ ਪੈਦਲ ਫ਼ੌਜ ਦੇ ਤਿੰਨ ਵਿੰਗਾਂ ਵਿੱਚੋਂ ਇਕ ਵਿੰਗ ਅਰਬ ਲੋਕਾਂ ਦਾ ਸੀ। ਜਿਸ ਬਾਰੇ ਰਿਪੋਰਟ ਹੈ ਕਿ ਉਹਨਾਂ ਨੇ ਸਭ ਤੋਂ ਵੱਧ ਗਹਿਗੱਚ ਲੜਾਈ ਲੜੀ ਅਤੇ ਉਹਨਾਂ ਦਾ ਜਾਨੀ ਨੁਕਸਾਨ ਸਭ ਤੋਂ ਜ਼ਿਆਦਾ ਹੋਇਆ ਸੀ। ਉਹਨਾਂ ਦੀ ਪ੍ਰੇਰਣਾ ਕੀ ਹੋ ਸਕਦੀ ਸੀ? ਕੀ ਉਹ ਇਹ ਚਾਹੁੰਦੇ ਸਨ ਕਿ ਪੇਸ਼ਵਾ ਦੇ ਬ੍ਰਾਹਮਣਵਾਦੀ ਰਾਜ ਦੀ ਜਿੱਤ ਹੋਵੇ? ਤੱਥ ਇਹ ਹੈ ਕਿ ਉਹ ਤਾਂ ਮਹਿਜ਼ ਆਪਣੇ ਮਾਲਕਾਂ ਦੀ ਖ਼ਾਤਰ ਲੜੇ ਜਿਵੇਂ ਦਲਿਤ ਆਪਣੇ ਮਾਲਕਾਂ ਦੀ ਖ਼ਾਤਰ ਲੜੇ। ਇਸ ਦੀ ਬਜਾਏ ਉਹਨਾਂ ਦੀ ਲੜਾਈ ਨਾਲ ਉੱਚੇ-ਸੁੱਚੇ ਮਨੋਰਥ ਜੋੜ ਦੇਣਾ ਘੋਰ ਗ਼ਲਤੀ ਹੋਵੇਗੀ।

ਇਕ ਜਨਵਰੀ 1818 ਨੂੰ ਹੋਈ ਕੋਰੇਗਾਓਂ ਦੀ ਲੜਾਈ ਤੋਂ ਪਹਿਲਾਂ ਹੀ ਪਹਿਲੀਆਂ ਦੋ ਅੰਗਰੇਜ਼-ਮਰਾਠਾ ਜੰਗਾਂ ਨੇ ਪੇਸ਼ਵਿਆਂ ਦੇ ਹੌਸਲੇ ਪਸਤ ਕਰ ਦਿੱਤੇ ਸਨ। ਤੱਥ ਇਹ ਸੀ ਕਿ ਪੇਸ਼ਵਾ ਬਾਜੀਰਾਓ ਦੂਜਾ ਪੁਣੇ ਛੱਡਕੇ ਭੱਜ ਗਿਆ ਸੀ ਅਤੇ ਬਾਹਰੋਂ ਪੁਣੇ ਉੱਪਰ ਹਮਲੇ ਕਰ ਰਿਹਾ ਸੀ। ਪੇਸ਼ਵਾ ਫ਼ੌਜ ਵਿਚ ਵੀਹ ਹਜ਼ਾਰ ਘੋੜ ਸਵਾਰ ਅਤੇ 8000 ਪੈਦਲ ਫ਼ੌਜੀ ਸਨ। ਜਿਹਨਾਂ ਵਿੱਚੋਂ ਤਕਰੀਬਨ 2000 ਤਿੰਨ ਪੈਦਲ ਟੁਕੜੀਆਂ ਵਿਚ ਵੰਡੇ ਹੋਏ ਸਨ ਜਿਹਨਾਂ ਵਿੱਚੋਂ 600 ਅਰਬ, 600 ਗੋਸਾਈਂ ਅਤੇ ਹੋਰ ਫ਼ੌਜੀਆਂ ਨੂੰ ਲੈਕੇ ਬਣਾਈਆਂ ਗਈਆਂ ਸਨ, ਹਮਲਾ ਇਹਨਾਂ ਨੇ ਕੀਤਾ ਸੀ। ਹਮਲਾ ਕਰਨ ਵਾਲੇ ਬਹੁਗਿਣਤੀ ਅਰਬ ਸਨ ਜਿਹਨਾਂ ਨੂੰ ਪੇਸ਼ਵਾ ਫ਼ੌਜੀਆਂ ਵਿੱਚੋਂ ਬਿਹਤਰੀਨ ਮੰਨਿਆ ਜਾਂਦਾ ਸੀ। ਕੰਪਨੀ ਦੇ ਫ਼ੌਜੀ ਦਸਤਿਆਂ ਵਿਚ 834 ਫ਼ੌਜੀ ਸਨ ਜਿਹਨਾਂ ਵਿਚ ਬੰਬੇ ਨੇਟਿਸ ਪੈਦਲ ਫ਼ੌਜ ਦੀ ਪਹਿਲੀ ਰੈਜੀਮੈਂਟ ਦੀ ਦੂਜੀ ਬਟਾਲੀਅਨ ਦੇ 500 ਦੇ ਕਰੀਬ ਫ਼ੌਜੀ ਸ਼ਾਮਲ ਸਨ ਜੋ ਭਾਰੂ ਤੌਰ 'ਤੇ ਮਹਾਰ ਫ਼ੌਜੀ ਸਨ। ਹਾਲਾਂਕਿ ਉਹਨਾਂ ਦੀ ਸਹੀ ਤਾਦਾਦ ਦਾ ਕੋਈ ਰਿਕਾਰਡ ਮੌਜੂਦ ਨਹੀਂ, ਪਰ ਇਹ ਜ਼ਾਹਿਰ ਹੈ ਕਿ ਉਹ ਸਾਰੇ ਮਹਾਰ ਨਹੀਂ ਸਨ। ਜਾਨੀ ਨੁਕਸਾਨ ਦੇ ਹਿਸਾਬ ਨਾਲ ਦੇਖਿਆਂ ਵੀ ਲੜਾਈ ਵਿਚ ਮਰਨ ਵਾਲਿਆਂ ਦੀ ਬਹੁਗਿਣਤੀ (49 ਵਿੱਚੋਂ 27) ਮਹਾਰ ਨਹੀਂ ਸੀ। ਓੜਕ ਪੇਸ਼ਵਾ ਫ਼ੌਜ ਜਨਰਲ ਜੋਸਫ਼ ਸਮਿੱਥ ਦੀ ਅਗਵਾਈ ਵਿਚ ਹੋਰ ਜ਼ਿਆਦਾ ਤਾਦਾਦ ਵਿਚ ਬਰਤਾਨਵੀ ਫ਼ੌਜੀ ਕੁਮਕ ਦੇ ਆਉਣ ਤੋਂ ਡਰਕੇ ਪਿੱਛੇ ਹਟ ਗਈ। ਇਸ ਤੱਥਪੂਰਨ ਵੇਰਵੇ ਦੇ ਮੱਦੇਨਜ਼ਰ ਇਸ ਲੜਾਈ ਨੂੰ ਪੇਸ਼ਵਿਆਂ ਦੇ ਬ੍ਰਾਹਮਣਵਾਦੀ ਰਾਜ ਵਿਰੁੱਧ ਮਹਾਰਾਂ ਵਲੋਂ ਬਦਲਾਲਊ ਭਾਵਨਾ ਨਾਲ ਲੜੀ ਗਈ ਲੜਾਈ ਬਣਾਕੇ ਪੇਸ਼ ਕਰਨਾ ਗੁੰਮਰਾਹਕੁਨ ਹੋਵੇਗਾ।

ਇਸਦਾ ਕੋਈ ਸਬੂਤ ਨਹੀਂ ਕਿ ਪੇਸ਼ਵਾਈ ਹਾਰ ਤੋਂ ਬਾਦ ਮਹਾਰਾਂ ਨੂੰ ਕੋਈ ਰਾਹਤ ਹਾਸਲ ਹੋ ਗਈ ਸੀ। ਤੱਥ ਇਹ ਸੀ ਕਿ ਉਹਨਾਂ ਦਾ ਜਾਤਪਾਤੀ ਦਾਬਾ ਬੇਰੋਕ ਜਾਰੀ ਸੀ। ਸਗੋਂ ਜਿਵੇਂ ਪਹਿਲਾਂ ਇਸ਼ਾਰਾ ਕੀਤਾ ਗਿਆ ਹੈ ਗ਼ੈਰਸ਼ੁਕਰਗੁਜ਼ਾਰ ਬਰਤਾਨਵੀਆਂ ਨੇ ਉਹਨਾਂ ਦੀ ਪਿਛਲੀ ਬਹਾਦਰੀ ਨੂੰ ਮੰਨਣ ਤੋਂ ਇਨਕਾਰ ਕਰਦੇ ਹੋਏ ਫ਼ੌਜ ਵਿਚ ਉਹਨਾਂ ਦੀ ਭਰਤੀ ਬੰਦ ਕਰ ਦਿੱਤੀ। ਜਦੋਂ ਤਕ ਪਹਿਲੀ ਆਲਮੀ ਜੰਗ ਦਾ ਖ਼ਤਰਾ ਨਹੀਂ ਬਣਿਆ ਉਹਨਾਂ ਦੀਆਂ ਭਰਤੀ ਨੂੰ ਮੁੜ ਬਹਾਲ ਕਰਨ ਦੀਆਂ ਗੁਜ਼ਾਰਿਸ਼ਾਂ ਨੂੰ ਦਰਕਿਨਾਰ ਕੀਤਾ ਜਾਂਦਾ ਰਿਹਾ, ਇਸ ਤੋਂ ਬਾਦ ਹੀ ਉਹਨਾਂ ਦੀ ਭਰਤੀ ਦੁਬਾਰਾ ਸ਼ੁਰੂ ਕੀਤੀ ਗਈ। ਇਸ ਨੂੰ ਲੈਕੇ ਕੋਈ ਰੱਟਾ ਨਹੀਂ ਕਿ ਬਰਤਾਨਵੀ ਬਸਤੀਵਾਦੀ ਰਾਜ ਨਾਲ ਦਲਿਤਾਂ ਨੂੰ ਬਹੁਤ ਸਾਰੇ ਲਾਭ ਮਿਲੇ, ਇੱਥੋਂ ਤਕ ਕਿ ਦਲਿਤ ਲਹਿਰ ਦਾ ਮੁੱਢ ਹੀ ਇਸ ਰਾਜ ਵਿਚ ਬੱਝਦਾ ਹੈ। ਪਰ ਨਾਲ ਹੀ ਇਹ ਵੀ ਸਮਝਣਾ ਹੋਵੇਗਾ ਕਿ ਇਹ ਲਾਭ ਦੇਣ ਦੀ ਮਨਸ਼ਾ ਨਾਲ ਦਿੱਤੇ ਲਾਭ ਨਹੀਂ ਸਨ ਅਤੇ ਇਹਨਾਂ ਦੇ ਪਿੱਛੇ ਮੂਲ ਰੂਪ ਵਿਚ ਉਹਨਾਂ ਦਾ ਬਸਤੀਵਾਦ ਤਰਕ ਕੰਮ ਕਰਦਾ ਸੀ। ਬਦਕਿਸਮਤੀ ਇਹ ਹੈ ਕਿ ਦਲਿਤ ਦੀਆਂ ਅੱਖਾਂ ਉੱਪਰ ਪਛਾਣਾਂ ਦੀ ਪੱਟੀ ਬੰਨੇ ਜਾਣ ਕਰਕੇ ਉਹ ਇਸ ਹਕੀਕਤ ਨੂੰ ਨਹੀਂ ਦੇਖਦੇ।

ਇਹ ਕਹਿਣਾ ਵੀ ਬਰਾਬਰ ਗ਼ਲਤ ਹੋਵੇਗਾ ਕਿ ਕਿਉਂਕਿ ਪੇਸ਼ਵਾ ਤਾਕਤਾਂ ਮਰਾਠਾ ਰਾਜ ਨਾਲ ਸਬੰਧਤ ਸਨ, ਇਸ ਲਈ ਉਹ ਰਾਸ਼ਟਰਵਾਦੀ ਤਾਕਤਾਂ ਸਨ ਅਤੇ ਹਾਰਨ ਵਾਲੀਆਂ ਬਰਤਾਨਵੀ ਤਾਕਤਾਂ ਸਾਮਰਾਜਵਾਦੀ ਸਨ। ਜਿਸ ਰਾਸ਼ਟਰ ਦੀ ਹੋਂਦ ਹੀ ਨਹੀਂ ਉਸ ਦੀਆਂ ਐਨਕਾਂ ਰਾਹੀਂ ਇਤਿਹਾਸਕ ਤੱਥਾਂ ਨੂੰ ਦੇਖਣਾ ਵੀ ਉਨਾ ਹੀ ਨਿਖੇਧੀਯੋਗ ਹੈ। ਓਦੋਂ ਭਾਰਤੀ ਰਾਸ਼ਟਰ ਦੀ ਕੋਈ ਧਾਰਨਾ ਨਹੀਂ ਸੀ; ਤੱਥ ਤਾਂ ਇਹ ਹੈ ਕਿ ਇਹ ਧਾਰਨਾ ਅੱਜ ਵੀ ਸਾਨੂੰ ਧੋਖਾ ਦੇ ਰਹੀ ਹੈ। ਕੁਲ-ਮਿਲਾਕੇ ਭਾਰਤ ਤਾਂ ਖ਼ੁਦ ਬਰਤਾਨਵੀ ਰਾਜ ਦੀ ਦਿੱਤੀ ਸੁਗਾਤ ਹੈ, ਜਿਸਨੇ ਉਪਮਹਾਂਦੀਪ ਦੀ ਵਿਸ਼ਾਲ ਜ਼ਮੀਨ ਨੂੰ ਸਿਆਸੀ ਏਕਤਾ ਵਿਚ ਪਰੋ ਦਿੱਤਾ। ਜੋ ਲੋਕ ਅੱਜ ਆਪਣੇ ਸੌੜੇ ਸਵਾਰਥਾਂ ਲਈ ਇਸ ਨੂੰ ਰਾਸ਼ਟਰ ਬਣਾਕੇ ਪੇਸ਼ ਕਰ ਰਹੇ ਹਨ ਉਹ ਅਸਲ ਵਿਚ ਪੇਸ਼ਵਿਆਂ ਦੀ ਤਰ੍ਹਾਂ ਬਦਕਾਰ ਅਤੇ ਸਭ ਤੋਂ ਵੱਡੇ ਰਾਸ਼ਟਰ ਵਿਰੋਧੀ ਹਨ।

ਜ਼ਰੂਰਤ ਇਸ ਗੱਲ ਦੀ ਹੈ ਕਿ ਦਲਿਤ ਹਿੰਦੂਤਵੀ ਧਾੜਵੀਆਂ ਵਲੋਂ ਮੁੜ ਸਿਰਜੇ ਇਸ ਨਵੇਂ ਪੇਸ਼ਵਾਈ ਰਾਜ ਵਿਰੁੱਧ ਲੜਨ। ਇਸ ਲਈ ਜ਼ਰੂਰੀ ਹੈ ਉਹ ਸ਼ੁਤਰਮੁਰਗ ਦੀ ਤਰ੍ਹਾਂ ਬੀਤੇ ਦੀਆਂ ਮਿੱਥਾਂ ਉੱਪਰ ਨਜ਼ਰਾਂ ਗੱਡਕੇ ਆਪਣੀ ਮਹਾਨਤਾ ਦੀ ਕਲਪਨਾ ਵਿਚ ਗੁਆਚਣ ਦੀ ਬਜਾਏ ਹਕੀਕਤ ਨੂੰ ਦੇਖਣ ਲਈ ਆਪਣੀਆਂ ਅੱਖਾਂ ਖੋਹਲਣ। [ਆਨੰਦ ਤੇਲਤੁੰਬੜੇ ਸਿਰਕੱਢ ਲੋਕਪੱਖੀ ਚਿੰਤਕ ਹਨ ]



ਯਸ਼ਪਾਲ
98145 35005

ਜੀ. ਡੀ. ਪੀ. (GDP) ਵਾਧਾ

# ਸਮਾਜਿਕ-ਆਰਥਿਕ ਖੁਸ਼ਹਾਲੀ ਦਾ ਇੱਕ ਭਰਮਾਊ ਮਾਪਦੰਡ




ਭਾਰਤ ਦੀ ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਅੰਦਰ ਪੇਸ਼ ਕੀਤੇ ਜਾਂਦੇ ਹਰ ਸਾਲ ਦੇ ਬਜਟ ਅੰਦਰ, ਵਿੱਤ ਮੰਤਰੀ ਵੱਲੋਂ ਅਰਥਚਾਰੇ ਦੇ ਵੱਖ ਵੱਖ ਖੇਤਰਾਂ ਅੰਦਰ ਅਨੁਮਾਨਿਤ ਆਮਦਨ-ਖਰਚ ਦੇ ਲੇਖੇ ਜੋਖੇ ਦੇ ਅੰਕੜੇ ਜਾਰੀ ਕੀਤੇ ਜਾਂਦੇ ਹਨ। ਇਨ੍ਹਾਂ ਅੰਕੜਿਆਂ ਦੇ ਨਾਲ ਹੀ ਇੱਕ ਹੋਰ ਸ਼ਬਦ ਜੀ.ਡੀ.ਪੀ. (G.D.P.) ਭਾਵ 'ਕੁੱਲ ਘਰੇਲੂ ਪੈਦਾਵਾਰ' ਦੀ ਗੂੰਜ ਵੀ ਵਾਰ-ਵਾਰ ਬੜੇ ਉਭਰਵੇਂ ਰੂਪ 'ਚ ਸੁਣਾਈ ਦਿੰਦੀ ਹੈ। ਵਿੱਤ ਮੰਤਰੀ ਵੱਲੋਂ ਇਹ ਦੱਸਿਆ ਜਾਂਦਾ ਹੈ ਕਿ ਮੁਲਕ ਦੀ ਜੀ.ਡੀ.ਪੀ. ਵਾਧਾ ਦਰ ਪਿਛਲੇ ਸਾਲ ਕਿੰਨੀ ਰਹੀ ਅਤੇ ਅਗਲੇ ਸਾਲ ਕਿੰਨੀ ਰਹਿਣ ਦਾ ਅਨੁਮਾਨ ਹੈ। ਜਿਸ ਦਾ ਇਹ ਅਰਥ ਕੱਢ ਕੇ ਦੱਸਿਆ ਜਾਂਦਾ ਹੈ ਕਿ ਜੇ ਜੀ.ਡੀ.ਪੀ. ਦਰ ਵਧ ਰਹੀ ਹੈ ਤਾਂ ਮੁਲਕ ਤਰੱਕੀ/ਵਿਕਾਸ ਕਰ ਰਿਹਾ ਹੈ। ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਕੇਂਦਰੀ ਮੋਦੀ ਸਰਕਾਰ ਦੇ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਵੱਲੋਂ ਇੱਕ ਫਰਵਰੀ, 2018 ਨੂੰ ਪਾਰਲੀਮੈਂਟ 'ਚ ਪੇਸ਼ ਕੀਤੇ ਗਏ ਸਾਲ 2018-19 ਦੇ ਬਜਟ ਅੰਦਰ ਆਮਦਨ-ਖਰਚ ਪੇਸ਼ ਕੀਤੇ ਗਏ ਲੇਖੇ-ਜੋਖੇ ਤੋਂ ਬਿਨਾਂ, ਇਹ ਵੀ ਦੱਸਿਆ ਗਿਆ ਕਿ ਬੀਤੇ ਸਾਲ 2017 ਅੰਦਰ ਭਾਰਤ ਦੀ ਜੀ.ਡੀ.ਪੀ. ਵਾਧਾ ਦਰ 6.4 ਫੀਸਦੀ ਸੀ, ਜਿਸਦਾ ਸਾਲ 2018 'ਚ ਵਧ ਕੇ 7.2 ਫੀਸਦੀ ਹੋਣ ਦਾ ਅਨੁਮਾਨ ਹੈ। ਅਤੇ ਇਹ ਵੀ ਦਾਅਵਾ ਕੀਤਾ ਗਿਆ ਕਿ ਸਰਕਾਰ ਵੱਲੋਂ ਤੇਜੀ ਨਾਲ ਚੁੱਕੇ ਜਾ ਰਹੇ 'ਆਰਥਿਕ ਸੁਧਾਰਾਂ' ਦੇ ਕਦਮਾਂ ਨਾਲ (ਭਾਵ ਜੀ.ਐਸ.ਟੀ. ਸਿੱਧਾ ਵਿਦੇਸ਼ੀ ਪੂੰਜੀ ਨਿਵੇਸ਼ (649) 'ਚ ਵਾਧਾ ਤੇ ਵਿਦੇਸ਼ੀ ਵਪਾਰ-ਕਾਰੋਬਾਰ ਲਈ ਸੌਖ (Ease of Business) ਦੇ ਅਜਿਹੇ ਹੋਰ ਕਦਮਾਂ ਨਾਲ) ਇਹ ਜੀ.ਡੀ.ਪੀ ਵਾਧਾ ਦਰ 8 ਫੀਸਦੀ ਤੱਕ ਵੀ ਪਹੁੰਚ ਸਕਦੀ ਹੈ। ਸ੍ਰੀ ਜੇਤਲੀ ਨੇ ਪਿਛਲੇ ਸਾਲ ਦੇ ਆਪਣੇ ਬਜਟ ਅੰਦਰ ਇਹ ਜੀ.ਡੀ.ਪੀ. ਵਾਧਾ ਦਰ ਦੋ ਅੰਕਾਂ ਤੱਕ ਵਧਾਉਣ ਦਾ ਦਾਅਵਾ ਕੀਤਾ ਸੀ, ਪਰੰਤੂ ਮੁਲਕ ਦੇ ਸਮੁੱਚੇ ਅਰਥਚਾਰੇ ਨੂੰ ਨੋਟਬੰਦੀ ਤੇ ਜੀ.ਐਸ.ਟੀ. ਦੇ ਕਦਮ ਨਾਲ ਲੱਗੇ ਵੱਡੇ ਝਟਕੇ ਕਾਰਨ ਇਹ ਦਾਅਵਾ ਹੇਠਾਂ ਨੂੰ ਖਿਸਕਾਉਣਾ ਪਿਆ ਹੈ।

**ਜੀ.ਡੀ.ਪੀ. ਖ਼ਬਤ-ਵਿਸ਼ਵੀ ਵਰਤਾਰਾ**

ਜੀ. ਡੀ. ਪੀ. ਵਾਧੇ ਦੇ ਇਹ ਅਨੁਮਾਨਿਤ ਅੰਕੜੇ ਵਿਸ਼ਵ ਪੱਧਰ 'ਤੇ ਸਾਰੇ ਮੁਲਕਾਂ ਬਾਰੇ ਸੰਸਾਰ ਬੈਂਕ ਵੱਲੋਂ ਵੀ ਜਾਰੀ ਕੀਤੇ ਜਾਂਦੇ ਹਨ। ਸੰਸਾਰ ਬੈਂਕ ਵੱਲੋਂ ਵੀ ਸਾਲ 2017 ਦੀ ਜਾਰੀ ਕੀਤੀ ਗਈ ਰਿਪੋਰਟ ਅੰਦਰ ਸਾਲ 2018 'ਚ ਭਾਰਤ ਦੀ ਜੀ. ਡੀ. ਪੀ. ਵਾਧਾ ਦਰ 7.3 ਫੀਸਦੀ ਅੰਕੀ ਗਈ ਹੈ। ਇਸ ਦੇ ਨਾਲ ਹੀ ਭਾਰਤ ਨੂੰ ਸੰਸਾਰ ਭਰ ਵਿੱਚੋਂ 2018 'ਚ ਸਭ ਤੋਂ ਵੱਧ ਤੇਜੀ ਨਾਲ ਵਿਕਾਸ ਕਰ ਰਹੇ ਅਰਥਚਾਰੇ ਵੱਜੋਂ ਪੇਸ਼ ਕੀਤਾ ਗਿਆ ਹੈ। ਇਹ ਵੀ ਕਿ ਇਸ ਪੱਖੋਂ ਭਾਰਤ ਚੀਨ ਨਾਲੋਂ ਵੀ ਅੱਗੇ ਨਿਕਲ ਜਾਵੇਗਾ ਜਿਸ ਦੀ 2018 'ਚ ਅਨੁਮਾਨਿਤ ਔਸਤ ਜੀ.ਡੀ.ਪੀ. ਵਾਧਾ ਦਰ 6.4 ਫੀਸਦੀ ਦੱਸੀ ਗਈ ਹੈ। ਯੂਰਪੀਨ ਮੁਲਕਾਂ ਦੀ ਔਸਤ ਵਾਧਾ ਦਰ 2.1 ਫੀਸਦੀ ਅਤੇ ਅਮਰੀਕਾ ਦੀ 2.5 ਫੀਸਦੀ ਦਾ ਅਨੁਮਾਨ ਹੈ। ਅਮਰੀਕੀ ਸਾਮਰਾਜ ਵੱਲੋਂ ਇਸੇ ਜੀ.ਡੀ.ਪੀ. ਵਾਧਾ ਦਰ ਦੇ ਆਧਾਰ 'ਤੇ ਹੀ ਭਾਰਤ ਨੂੰ ਸੰਸਾਰ ਭਰ 'ਚੋਂ ਸਭ ਤੋਂ ਵੱਡੇ ਉਭਰ ਰਹੇ ਅਰਥਚਾਰੇ ਵਾਲੀ ਇੱਕ ਵੱਡੀ ਸ਼ਕਤੀ ਦਾ ਦਰਜ਼ਾ ਦੇਕੇ ਵਡਿਆਇਆ ਜਾ ਰਿਹਾ ਹੈ।

ਨਾ ਸਿਰਫ ਭਾਰਤ ਅੰਦਰ ਹੀ ਸਗੋਂ ਦੁਨੀਆ ਦੇ ਸਭਨਾਂ ਮੁਲਕਾਂ ਅੰਦਰ ਮੁਲਕ ਦੀ ਤਰੱਕੀ/ਵਿਕਾਸ ਨੂੰ ਇਸੇ ਜੀ.ਡੀ.ਪੀ. ਦੇ ਪੈਮਾਨੇ ਨਾਲ ਹੀ ਮਾਪਿਆ ਜਾ ਰਿਹਾ ਹੈ। ਵਿਕਾਸ ਦਾ ਇਹ ਮਾਪਦੰਡ ਸੰਸਾਰ ਬੈਂਕ ਵੱਲੋਂ ਹੀ ਤਹਿ ਕੀਤਾ ਗਿਆ ਹੈ। ਉਦੋਂ ਤੋਂ, ਜਦ ਤੋਂ ਸਾਮਰਾਜੀ ਵਿੱਤੀ ਸੰਸਥਾਵਾਂ-ਸੰਸਾਰ ਬੈਂਕ, ਕੌਮਾਤਰੀ ਮੁਦਰਾ ਕੋਸ਼, ਵਿਸ਼ਵ ਵਪਾਰ ਸੰਸਥਾ (WTO) ਦੀ ਤਿੱਕੜੀ ਵੱਲੋਂ, ਵੱਖ-ਵੱਖ ਵਿਕਾਸਸ਼ੀਲ ਮੁਲਕਾਂ ਅੰਦਰ ਵਿਸ਼ਵੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀ ਨੀਤੀ ਤਹਿਤ, 'ਖੁੱਲ੍ਹੀ ਮੰਡੀ-ਖੁੱਲ੍ਹਾ ਵਪਾਰ' ਦੀ ਦਿਸ਼ਾ 'ਚ 'ਆਰਥਿਕ ਸੁਧਾਰਾਂ' ਨੂੰ ਲਾਗੂ ਕਰਵਾਉਣ ਦਾ ਅਮਲ ਸ਼ੁਰੂ ਕੀਤਾ ਗਿਆ। ਭਾਰਤ ਅੰਦਰ ਵੀ ਤਰੱਕੀ/ਵਿਕਾਸ ਮਾਪਣ ਲਈ ਇਹ ਜੀ.ਡੀ.ਪੀ. ਵਾਧਾ ਦਰ ਦੇ ਮਾਪਦੰਡ ਦੀ ਧਾਰਨਾ, 1990-91 ਤੋਂ ਲਾਗੂ ਕੀਤੇ ਗਏ 'ਆਰਥਿਕ ਸੁਧਾਰਾਂ' ਤੇ 'ਢਾਂਚਾਗਤ ਤਬਦੀਲੀ ਪ੍ਰੋਗਰਾਮ' ਦੇ ਦੌਰ ਨਾਲ ਹੀ ਸ਼ੁਰੂ ਹੋਈ।

**ਜੀ. ਡੀ. ਪੀ. — ਵਿਕਾਸ ਦਾ ਇੱਕ ਅਧੂਰਾ ਤੇ ਭਰਮਾਊ ਮਾਪਦੰਡ**

ਭਾਵੇਂ ਸਰਕਾਰਾਂ ਵੱਲੋਂ ਜੀ.ਡੀ.ਪੀ. ਵਾਧੇ ਦੇ ਜੋ ਅੰਕੜੇ ਪੇਸ਼ ਕੀਤੇ ਜਾਂਦੇ ਹਨ, ਜ਼ਰੂਰੀ ਨਹੀਂ ਕਿ ਉਹ ਅੰਕੜੇ ਵੀ ਸਹੀ ਹੋਣ, ਸਰਕਾਰਾਂ ਆਪਣੀ ਸਿਆਸੀ ਲੋੜ ਅਨੁਸਾਰ ਅੰਕੜੇ ਵਧਾ ਚੜ੍ਹਾ ਕੇ ਪੇਸ਼ ਕਰਦੀਆਂ ਹਨ, ਪਰੰਤੂ ਜੇ ਉਹ ਅੰਕੜੇ ਸਹੀ ਵੀ ਹੋਣ ਫਿਰ ਵੀ ਇਹ ਸਮਝਣ ਦੀ ਲੋੜ ਹੈ ਕਿ ਇਹ ਜੀ.ਡੀ.ਪੀ. ਵਾਧਾ ਅਸਲ 'ਚ ਹੈ ਕੀ? ਮੁਲਕ ਦੀ ਤਰੱਕੀ ਜਾਂ ਵਿਕਾਸ ਕਿਸ ਨੂੰ ਸਮਝਿਆ ਜਾਵੇ? ਜੀ.ਡੀ.ਪੀ. ਦਾ ਮੁਲਕ ਦੀ ਤਰੱਕੀ/ਵਿਕਾਸ ਨਾਲ ਕੀ ਤੇ ਕਿੰਨਾ ਕੁ ਸੰਬੰਧ ਹੈ? ਇਨ੍ਹਾਂ ਸਾਰੇ ਪਹਿਲੂਆਂ 'ਤੇ ਚਰਚਾ ਕੀਤੀ ਜਾਵੇਗੀ। ਪਰੰਤੂ ਇਹ ਹਕੀਕਤ ਹੈ ਕਿ ਵਿਸ਼ੇਸ਼ ਤੌਰ 'ਤੇ ਉੱਚ ਵਰਗ ਦੇ ਲੋਕਾਂ ਅੰਦਰ ਤੇ ਪੜ੍ਹੇ-ਲਿਖੇ ਨੌਕਰੀ/ਰੁਜ਼ਗਾਰ ਦੀ ਆਸ 'ਚ ਕਤਾਰ 'ਚ ਲੱਗੇ ਮੱਧ ਵਰਗੀ ਨੌਜਵਾਨਾਂ ਅਤੇ ਕਾਲਜਾਂ 'ਚ ਪੜ੍ਹੇ ਰਹੇ ਵਿਦਿਆਰਥੀਆਂ ਦੇ ਮਨਾਂ ਅੰਦਰ ਇਹ ਭਰਮਾਊ ਧਾਰਨਾ ਆਮ ਹੀ ਪਾਈ ਜਾਂਦੀ ਹੈ ਕਿ ਜੇ ਮੁਲਕ ਦੀ ਜੀ.ਡੀ.ਪੀ. ਵੱਧ ਰਹੀ ਹੈ ਤਾਂ ਜਰੂਰ ਹੀ ਮੁਲਕ ਤਰੱਕੀ ਕਰ ਰਿਹਾ ਹੈ, ਵਿਕਾਸ ਦੇ ਰਾਹ ਤੇ ਪਿਆ ਹੋਇਆ ਹੈ। ਤੇ ਇਸ ਵਿਕਾਸ ਨਾਲ ਉਨ੍ਹਾਂ ਨੂੰ ਵੀ ਜਰੂਰ ਹੀ ਰੁਜਗਾਰ/ਨੌਕਰੀ ਤੇ ਹੋਰ ਲੋੜੀਂਦੀਆਂ ਸੁਖ-ਸਹੂਲਤਾਂ ਹਾਸਲ ਕਰਨ ਦੇ ਮੌਕੇ ਮਿਲਣਗੇ। ਜੀ.ਡੀ.ਪੀ. ਵਾਧੇ ਦੀਆਂ ਖ਼ਬਰਾਂ ਦੇ ਨਾਲ ਨਾਲ ਜਦ ਇਹ ਵਰਗ ਸਾਡੇ ਮੌਜੂਦਾ ਪ੍ਰਧਾਨ ਮੰਤਰੀ ਨੂੰ ਵਿਦੇਸ਼ੀ ਦੌਰਿਆਂ ਦੌਰਾਨ ਅਤੇ ਵਿਦੇਸ਼ਾਂ ਤੋਂ ਭਾਰਤ ਅੰਦਰ ਆਏ ਹੋਰਨਾ ਮੁਖੀਆਂ-ਪ੍ਰੋਹਣਿਆਂ ਨਾਲ ਘੁੱਟ ਕੇ ਜੱਫੀਆਂ ਪਾਉਂਦੇ ਨੂੰ ਅਤੇ ਉਨ੍ਹਾਂ ਨਾਲ ਵੱਖ ਵੱਖ ਕੌਮਾਂਤਰੀ ਸੰਗਠਨਾਂ ਦੀਆਂ ਮੀਟਿੰਗਾਂ ਅੰਦਰ ਵਿਚਕਾਰ ਖੜ੍ਹੇ ਹੋਕੇ ਫੋਟੋਆਂ ਤੇ ਸੈਲਫੀਆਂ ਖਿਚਵਾਉਂਦੇ ਨੂੰ ਦੇਖਦੇ ਹਨ ਤਾਂ ਉਨ੍ਹਾਂ ਨੂੰ ਜਰੂਰ ਹੀ ਇਹ ਭਾਸਣ ਲਗਦਾ ਹੈ ਕਿ ਸੱਚੀਓਂ ਹੀ ਸਾਡਾ ਮੁਲਕ ਤਰੱਕੀ ਕਰ ਰਿਹਾ ਹੈ, ਵਿਕਾਸ ਦੀਆਂ ਉਲਾਂਘਾਂ ਭਰ ਰਿਹਾ ਹੈ। ਸੰਸਾਰ ਦੇ ਅਮਰੀਕਾ ਤੇ ਹੋਰ ਵੱਡੇ ਵਿਕਸਤ ਮੁਲਕਾਂ ਨਾਲ ਮੇਜ਼ 'ਤੇ ਬੈਠਣ ਵਾਲੀ ਇੱਕ ਵੱਡ-ਸ਼ਕਤੀ ਬਣ ਗਿਆ ਹੈ। ਤੇ ਸਾਡਾ ਪ੍ਰਧਾਨ ਮੰਤਰੀ ਮੋਦੀ ਵੀ ਹੁਣ 'ਸੰਸਾਰ ਲੀਡਰ' ਬਣ ਗਿਆ ਹੈ।

ਇਸ ਸੰਦਰਭ 'ਚ ਦੇਖਦਿਆਂ, ਉਨ੍ਹਾਂ ਨੂੰ ਮੋਦੀ ਦੇ 'ਮੇਕ ਇਨ ਇੰਡੀਆਂ, ਸਕਿੱਲ ਇੰਡੀਆ, ਸਟਾਰਟਅੱਪ ਇੰਡੀਆ, ਸਟੈਂਡਅਪ ਇੰਡੀਆ, ਡਿਜ਼ੀਟਲ ਇੰਡੀਆ, ਨਿਊ ਇੰਡੀਆ ਤੇ 'ਸਭ ਕਾ ਵਿਕਾਸ' ਵਰਗੇ ਜ਼ੁਮਲਿਆਂ ਵਾਲੇ ਲੁਭਾਵਣੇ-ਲੱਛੇਦਾਰ ਭਾਸ਼ਣ ਭਾਰਤ ਦੇ ਵਿਕਾਸ ਦੇ ਪ੍ਰਤੀਕ ਜਾਪਦੇ ਹਨ।

ਪਰ ਹਕੀਕਤ ਕੀ ਹੈ? ਆਉ, ਇਸ ਨੂੰ ਸਮਝਣ ਦਾ ਯਤਨ ਕਰੀਏ। ਸਭ ਤੋਂ ਪਹਿਲਾਂ, ਜੀ.ਡੀ.ਪੀ. ਦੇ ਅਸਲ ਮਾਇਨੇ ਕੀ ਹਨ? ਜੀ.ਡੀ.ਪੀ. ਬੁਨਿਆਦੀ ਤੌਰ 'ਤੇ ਕਿਸੇ ਮੁਲਕ ਦੀ ਸਮੁੱਚੀ ਕੁਲ ਪੈਦਾਵਾਰ ਦਾ ਮਾਪ ਹੈ। ਭਾਵ, ਮੁਲਕ ਦੀਆਂ ਹੱਦਾਂ ਅੰਦਰ ਪੈਦਾ ਕੀਤੀਆਂ ਜਾ ਰਹੀਆਂ ਕੁੱਲ ਵਸਤਾਂ ਤੇ ਸੇਵਾਵਾਂ ਦਾ ਕੁੱਲ ਬਾਜ਼ਾਰੀ ਮੁੱਲ ਹੈ। ਇਸ ਜੀ.ਡੀ.ਪੀ. ਵਿੱਚ, ਮੁਲਕ ਅੰਦਰ ਹਥਿਆਰਾਂ ਦਾ ਨਿਰਮਾਣ, ਸਿਗਰਟ- ਸ਼ਰਾਬ ਦੀ ਇਸ਼ਤਿਹਾਰਬਾਜ਼ੀ ਦਾ ਖਰਚਾ ਵੀ ਆਰਥਿਕ ਵਾਧੇ 'ਚ ਗਿਣਿਆ ਜਾਂਦਾ ਹੈ। ਜਦਕਿ ਘਰੇਲੂ ਸਾਂਭ ਸੰਭਾਲ, ਬੱਚਿਆਂ ਦੀ ਸੰਭਾਲ, ਸਵੈ ਇੱਛਾ ਨਾਲ ਕੀਤਾ ਕੰਮ ਨਜ਼ਰ ਅੰਦਾਜ ਕੀਤਾ ਜਾਂਦਾ ਹੈ। ਵਾਤਾਵਰਣ, ਘਰੇਲੂ ਕੰਮ-ਕਾਰ ਨੂੰ ਜੀ.ਡੀ.ਪੀ. ਦਾ ਹਿੱਸਾ ਨਹੀਂ ਗਿਣਿਆ ਜਾਂਦਾ। ਸਿਹਤ ਸੰਭਾਲ ਦਾ ਆਰਥਿਕ ਮੁੱਲ, ਜੀ.ਡੀ.ਪੀ. ਵਿੱਚ ਗਿਣਿਆ ਜਾਦਾ ਹੈ ਜਿਹੜਾ ਕਿ ਵਿਕਾਸ ਦਾ ਨਾਂਹ-ਪੱਖੀ ਸੂਚਕ ਪਹਿਲੂ ਹੈ ਕਿਉਂਕਿ ਇਹ ਉਸ ਸੂਰਤ 'ਚ ਹੀ ਵਧੇਗਾ ਜਦ ਵਧੇਰੇ ਲੋਕ ਬੀਮਾਰ ਹੋਣਗੇ ਅਤੇ ਮਹਿੰਗਾ ਇਲਾਜ ਕਰਵਾਉਣਗੇ। ਪਰ ਇਹ ਤਾਂ ਮੁਲਕ ਦੀ ਨਿਘਰਦੀ ਹਾਲਤ ਦੀ ਨਿਸ਼ਾਨੀ ਹੈ ਤੇ ਸਗੋਂ ਫਿਕਰਮੰਦੀ ਵਾਲਾ ਮੁੱਦਾ ਹੈ।

ਇਸ ਤੋਂ ਬਿਨਾਂ, ਕਿਸੇ ਮੁਲਕ ਦੀ ਜੀ.ਡੀ.ਪੀ. ਮੌਜੂਦਾ ਕੁਦਰਤੀ ਸਰੋਤਾਂ ਦੀ ਲੋੜੋਂ ਵੱਧ ਵਰਤੋਂ ਕਰਕੇ ਜਾਂ ਦੁਰਵਰਤੋਂ ਕਰਕੇ, ਆਰਜੀ ਤੌਰ ਤੇ ਵੱਧ ਸਕਦੀ ਹੈ। ਸ਼ੇਅਰ ਬਾਜ਼ਾਰ (ਸੈਂਸੈਕਸ ਅੰਕੜਾ) ਉਪਰ ਚੜ੍ਹਣ ਨਾਲ ਆਰਥਿਕਤਾ ਫੁੱਲੀ ਹੋਈ ਨਜ਼ਰ ਆ ਸਕਦੀ ਹੈ। ਨਿੱਜੀ ਬੱਚਤਾਂ 'ਚ ਕਟੌਤੀ ਕਰਕੇ ਵਧੇਰੇ ਖਪਤਕਾਰੀ ਰਾਹੀਂ ਚਮਕ ਰਹੀ ਜਾਪ ਸਕਦੀ ਹੈ, ਪਰ ਇਹ ਭਵਿੱਖੀ ਵਿਕਾਸ ਨੂੰ ਦਾਅ 'ਤੇ ਲਾਕੇ ਹੀ ਹੋ ਰਹੀ ਹੋਵੇਗੀ।

ਸੰਸਾਰ-ਬੈਂਕ-ਮੁਦਰਾ ਕੋਸ਼ ਵਲੋਂ ਨਿਰਦੇਸ਼ਤ 'ਆਰਥਿਕ-ਸੁਧਾਰਾਂ' ਦੀ ਮੁੱਖ ਕੜੀ ਹੈ ਮੁਲਕ ਅੰਦਰ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ 'ਚ ਵਾਧਾ। ਤੇ ਇਸ ਐਫ.ਡੀ.ਆਈ. ਨੂੰ ਜੀ.ਡੀ.ਪੀ. ਵਾਧੇ ਤੇ ਮੁਲਕ ਦੇ ਵਿਕਾਸ ਲਈ ਜਰੂਰੀ ਸਮਝਿਆ ਜਾਂਦਾ ਹੈ। ਇਸ ਐਫ.ਡੀ.ਆਈ. ਨੂੰ ਖਿੱਚ ਪਾਉਣ ਤੇ ਵਧਾਉਣ ਲਈ ਮੁਲਕ ਅੰਦਰ ਵਪਾਰ-ਕਾਰੋਬਾਰ ਦੀ ਸੌਖ ਲਈ ਰਾਹ ਕੱਢੇ ਜਾਂਦੇ ਹਨ। ਕਾਰਪੋਰੇਟ ਘਰਾਣਿਆਂ ਦੀ ਪੂੰਜੀ ਤੇ ਮੁਨਾਫਿਆਂ ਦੀ ਗਾਰੰਟੀ ਤੇ ਸੁਰੱਖਿਆ ਕਰਨ ਵਾਲੇ ਕਾਇਦੇ-ਕਾਨੂੰਨ ਘੜੇ ਜਾਂਦੇ ਹਨ। ਉਨ੍ਹਾਂ ਨੂੰ ਬਜਟ 'ਚ ਭਾਰੀ ਰਿਆਇਤਾਂ ਤੇ ਛੋਟਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਵਲੋਂ ਸਰਕਾਰੀ ਬੈਂਕਾਂ ਤੋ ਲਏ ਗਏ ਅਰਬਾਂ-ਖਰਬਾਂ ਰੁਪਏ ਦੇ ਕਰਜਿਆਂ ਨੂੰ ਐਨ.ਪੀ.ਏ. ਕਰਾਰ ਦੇ ਕੇ ਵੱਟੇ-ਖਾਤੇ 'ਚ ਪਾਕੇ ਮੁਆਫ਼ ਕੀਤਾ ਜਾਂਦਾ ਹੈ। ਸੰਸਾਰ ਬੈਂਕ (ਭਾਵ ਕਾਰਪੋਰੇਟ ਸੈਕਟਰ) ਦੀਆਂ ਸ਼ਰਤਾਂ ਤੇ ਲੋੜਾਂ ਮੁਤਾਬਕ ਮੁਲਕ ਦੇ ਵਿੱਤੀ ਘਾਟੇ ਨੂੰ ਇੱਕ ਮਿਥੀ ਹੱਦ ਅੰਦਰ ਰੱਖਣ ਦੀ ਕਵਾਇਦ ਕੀਤੀ ਜਾਂਦੀ ਹੈ। ਤੇ ਇਸ ਦੀ ਪੂਰਤੀ ਲਈ ਬਜਟ ਅੰਦਰ ਲੋਕ ਭਲਾਈ ਨਾਲ ਜੁੜੇ ਖੇਤਰਾਂ-ਸਿੱਖਿਆ, ਸਿਹਤ, ਬਿਜਲੀ, ਪਾਣੀ, ਰੇਲਵੇ-ਟਰਾਂਸਪੋਰਟ ਆਦਿ ਉਪਰ ਕੀਤੇ ਜਾਣ ਵਾਲੇ ਖਰਚਿਆਂ 'ਚ ਕਟੌਤੀ ਕੀਤੀ ਜਾਂਦੀ ਹੈ। ਇਨ੍ਹਾਂ ਖੇਤਰਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥ ਸੌਂਪਣ ਦੀਆਂ ਯੋਜਨਾਵਾਂ ਘੜੀਆਂ ਜਾਂਦੀਆਂ ਹਨ। ਮਜਦੂਰਾਂ-ਮੁਲਾਜਮਾਂ ਦੀਆਂ ਤਨਖਾਹਾਂ ਭੱਤਿਆਂ ਤੇ ਪੈਨਸ਼ਨਾਂ ਉਪਰ ਕੀਤੇ ਜਾਣ ਵਾਲੇ ਖਰਚਿਆਂ ਨੂੰ ਘਟਾਉਣ ਲਈ ਪੁਨਰਗਠਨ ਦੇ ਨਾਂ 'ਤੇ ਆਸਾਮੀਆਂ ਦੀ ਗਿਣਤੀ ਘਟਾਈ ਜਾਂਦੀ ਹੈ, ਰੈਗੂਲਰ ਭਰਤੀ ਬੰਦ ਕਰਕੇ ਨਿਗੂਣੀਆਂ ਤਨਖਾਹਾਂ ਉਪਰ ਠੇਕਾ-ਭਰਤੀ ਕੀਤੀ ਜਾਂਦੀ ਹੈ ਜਾਂ ਆਊਟਸੋਰਸਿੰਗ ਕੀਤੀ ਜਾਂਦੀ ਹੈ। ਸੇਵਾ ਮੁਕਤੀ ਤੋਂ ਬਾਅਦ, ਸਮਾਜਿਕ ਸੁੱਰਖਿਆ ਵਜੋਂ ਮਿਲਣ ਵਾਲੀ ਪੈਨਸ਼ਨ ਤੇ ਹੋਰ ਸਹੂਲਤਾਂ ਬੰਦ ਕੀਤੀਆਂ ਜਾਂਦੀਆਂ ਹਨ। ਜਿਸ ਨਾਲ ਲੋਕਾਂ ਦਾ ਜੀਵਨ ਪੱਧਰ ਹੇਠਾਂ ਡਿਗਦਾ ਹੈ। ਤੇ 'ਵਪਾਰ-ਕਾਰੋਬਾਰ ਦੀ ਸੌਖ' ਦੇ ਆਧਾਰ 'ਤੇ ਹੀ ਸੰਸਾਰ ਬੈਂਕ-ਮੁਦਰਾ ਦੋਸ਼ ਅਧੀਨ ਕੰਮ ਕਰਨ ਵਾਲੀਆਂ 'ਮੂਡੀ' ਵਰਗੀਆਂ ਰੇਟਿੰਗ ਏਜੰਸੀਆਂ ਵੱਲੋਂ ਮੁਲਕਾਂ ਦੀ ਰੈਂਕਿੰਗ ਕਰਕੇ 'ਵਿਕਾਸ' ਦਾ ਆਪਣਾ ਠੱਪਾ ਲਾਇਆ ਜਾਂਦਾ ਹੈ।

ਇਸ ਲਈ, ਜੀ.ਡੀ.ਪੀ. ਨਾ ਤਾਂ ਮੁਲਕਾਂ ਦੇ ਲੋਕਾਂ ਦੇ ਮਿਆਰੀ ਜੀਵਨ ਪੱਧਰ ਦਾ ਮਾਪ ਹੈ ਤੇ ਨਾ ਹੀ ਇਹ ਮੁਲਕ ਦੇ ਟਿਕਾਊ (sustainable) ਵਿਕਾਸ/ਤਰੱਕੀ ਦਾ ਸਾਧਨ ਹੈ। ਪਰੰਤੂ ਦੁਨੀਆ ਭਰ ਦੀਆਂ ਸਾਰੀਆਂ ਸਰਕਾਰਾਂ ਵੱਲੋਂ, ਵਿਸ਼ੇਸ਼ ਕਰਕੇ 'ਖੁਲ੍ਹੀ ਮੰਡੀ' ਅਰਥਚਾਰੇ ਨਾਲ ਜੁੜੀਆਂ ਸਰਕਾਰਾਂ ਵੱਲੋਂ, ਅਰਥਚਾਰੇ ਦੀ ਖ਼ੁਸ਼ਹਾਲੀ ਤੇ ਤੰਦਰੁਸਤੀ ਦੇ ਮਾਪ ਲਈ, ਜੀ.ਡੀ.ਪੀ. ਤੇ ਹੀ ਕਿਉਂ ਟੇਕ ਰੱਖੀ ਜਾਂਦੀ ਹੈ? ਇਸ ਦਾ ਵੀ ਕਾਰਨ ਹੈ। ਵਿਕਸਤ ਪੱਛਮੀ ਮੁਲਕਾਂ ਅੰਦਰ, ਕਾਰਪੋਰੇਟ ਸੈਕਟਰ ਸਰਕਾਰਾਂ ਦੀਆਂ ਨੀਤੀਆਂ ਤਹਿ ਕਰਨ-ਘੜਨ 'ਚ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਕਾਰਪੋਰੇਟ ਸੈਕਟਰ ਦਾ ਮੁੱਖ ਮਕਸਦ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੁੰਦਾ ਹੇ ਜੋ ਕਿ ਪੈਦਾਵਾਰ ਨੂੰ ਵੱਧ ਤੋਂ ਵੱਧ ਕਰਕੇ ਅਤੇ ਵਸਤਾਂ ਤੇ ਸੇਵਾਵਾਂ ਨੂੰ ਵੇਚ ਕੇ ਕਮਾਇਆ ਜਾ ਸਕਦਾ ਹੈ। ਜਦ ਤਕ ਪੈਦਾਵਾਰ ਤੇ ਵੇਚ-ਵੱਟ ਵਧਦੀ ਜਾਵੇਗੀ, ਜੀ.ਡੀ.ਪੀ. ਵੀ ਵਧਦੀ ਰਹੇਗੀ ਤੇ ਕਾਰਪੋਰੇਟ ਵਣਜ-ਵਪਾਰ ਦੀ ਬੱਲੇ-ਬੱਲੇ ਬਣੀ ਰਹੇਗੀ।

ਸਾਡਾ ਮੁਲਕ ਭਾਰਤ ਵੀ ਭਾਵੇਂ ਅਜੇ ਵਿਕਸਤ ਮੁਲਕਾਂ ਦੀ ਕਤਾਰ 'ਚ ਖੜ੍ਹਾ ਹੋਣ ਜੋਗਾ ਨਹੀਂ ਹੋਇਆ ਪਰ ਕੇਂਦਰ ਦੀਆਂ ਸਭਨਾਂ ਵੰਨਗੀਆਂ ਦੀਆਂ ਸਰਕਾਰਾਂ ਵੱਲੋਂ, ਬੜੀ ਤੇਜੀ ਨਾਲ ਸੰਸਾਰ ਬੈਂਕ-ਮੁਦਰਾ ਕੋਸ਼ ਵੱਲੋਂ ਨਿਰਦੇਸ਼ਤ ਖੁਲ੍ਹੀ ਮੰਡੀ ਅਰਥਦਾਰੇ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਲਾਗੂ ਕਰਨ ਕਰਕੇ, ਜੀ.ਡੀ.ਪੀ. ਨੂੰ ਹੀ ਮੁਲਕ ਦੇ ਅਰਥਚਾਰੇ ਦੀ ਖੁਸ਼ਹਾਲੀ ਤੇ ਤੰਦਰੁਸਤੀ ਦਾ ਮਾਪ ਬਣਾਉਣ ਦੇ ਰਾਹ ਪੈ ਗਿਆ ਹੈ। ਅਤੇ ਅਮਰੀਕੀ ਸਾਮਰਾਜ ਦਾ (ਉਸਦੇ ਸੰਸਾਰ ਰਣਨੀਤਿਕ ਏਜੰਡੇ ਤਹਿਤ) ਚੱਕਿਆ-ਚਕਾਇਆ ਇੱਕ ਵੱਡ-ਸ਼ਕਤੀ/ਮਹਾਂ ਸ਼ਕਤੀ ਬਣਨ ਦਾ ਭਰਮ ਪਾਲਣ ਲੱਗਿਆ ਹੈ। ਮੌਜੂਦਾ ਮੋਦੀ ਸਰਕਾਰ ਆਪਣੀ ਚੋਣ ਰਣਨੀਤੀ ਤਹਿਤ, ਇਸ ਭਰਮ ਨੂੰ ਹੋਰ ਵਧੇਰੇ ਪੱਠੇ ਪਾਉਣ ਲੱਗੀ ਹੋਈ ਹੈ।

**ਵਿਕਾਸ ਦੇ ਹੋਰ ਨਵੇਂ ਪਸਾਰ**

(1) ਮਨੁੱਖੀ ਵਿਕਾਸ

ਸਿਰਫ਼ ਜੀ.ਡੀ.ਪੀ. ਨੂੰ ਹੀ ਮੁਲਕ ਦੀ ਤਰੱਕੀ/ਵਿਕਾਸ ਦਾ ਮੂਲ ਮੰਤਰ ਸਮਝਣ ਦੀ ਧਾਰਨਾ ਦੇ ਉਲਟ, ਸੰਸਾਰ ਦੇ ਅਨੇਕਾਂ ਅਰਥ ਸ਼ਾਸਤਰੀਆਂ ਤੇ ਸਮਾਜ ਵਿਗਿਆਨੀਆਂ ਦੀ ਸਮਝ ਤੇ ਰਾਇ ਹੈ ਕਿ ਵਿਕਾਸ ਨੂੰ ਮੰਡੀ ਆਧਾਰਤ ਆਰਥਿਕ ਸਰਗਰਮੀ ਦੇ ਪਸਾਰੇ ਨਾਲੋਂ ਮੁਲਕ ਦੇ ਲੋਕਾਂ ਦੀ ਖ਼ੁਸ਼ਹਾਲੀ 'ਚ ਹੋਈ ਬਿਹਤਰੀ ਦੇ ਮਾਪਦੰਡ ਨਾਲ ਮਾਪਣਾ ਚਾਹੀਦਾ ਹੈ। ਇਸ ਪੱਖੋਂ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (UNDP) ਏਜੰਸੀ ਪਹਿਲੀ ਕੌਮਾਂਤਰੀ ਏਜੰਸੀ ਸੀ ਜਿਸ ਨੇ ਇਹ ਸਵੀਕਾਰ ਕੀਤਾ ਤੇ ਮਾਨਤਾ ਦਿੱਤੀ ਕਿ ਜੀ.ਡੀ.ਪੀ. ਵਾਧਾ ਬੇਮਾਇਨਾ ਹੈ ਜੇ ਉਹ ਲੋਕਾਂ ਦੇ ਜੀਵਨ ਮਿਆਰ ਨੂੰ ਬਿਹਤਰ ਨਹੀਂ ਬਣਾਉਂਦਾ। ਇਸ ਏਜੰਸੀ ਨੇ ਬਿਹਤਰ ਆਰਥਿਕ ਵਿਕਾਸ ਦਾ ਆਪਣਾ ਪੈਮਾਨਾ ਤਹਿ ਕੀਤਾ। ਉਹ ਵਿਕਾਸ, ਜਿਹੜਾ ਮਨੁੱਖੀ ਵਿਕਾਸ ਦੇ ਸਾਰੇ ਪਹਿਲੂਆਂ ਨੂੰ ਕਲਾਵੇ 'ਚੇ ਲੈਂਦਾ ਹੋਵੇ। ਵਿਕਾਸ, ਜਿਹੜਾ ਯਕੀਨੀ ਤੇ ਸੰਪੂਰਨ ਰੁਜਗਾਰ ਪੈਦਾ ਕਰਦਾ ਹੋਵੇ। ਵਿਕਾਸ, ਜਿਹੜਾ ਲੋਕਾਂ ਦੀ ਆਜ਼ਾਦੀ ਤੇ ਖੁਦਮੁਖਤਿਆਰੀ ਦੀ ਰਾਖੀ ਕਰਦਾ ਹੋਵੇ। ਜਿਹੜਾ ਸਮਾਜਿਕ ਇਕਸੁਰਤਾ ਤੇ ਸਹਿਯੋਗ 'ਚ ਸਹਾਈ ਹੁੰਦਾ ਹੋਵੇ ਅਤੇ ਭਵਿੱਖੀ ਵਿਕਾਸ ਦੀ ਗਾਰੰਟੀ ਕਰਦਾ ਹੋਵੇ।

'ਯੂ.ਐਨ.ਡੀ.ਪੀ.' ਏਜੰਸੀ ਨੇ ਜੀ.ਡੀ.ਪੀ. ਵਾਧੇ ਦੇ ਪ੍ਰਚਲਤ ਖ਼ਬਤ (Obsession) ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਇਹ ਜੀ.ਡੀ.ਪੀ. ਵਾਧਾ ਰੁਜਗਾਰ ਵਿਹੂਣਾ ਵਾਧਾ ਹੈ, ਜਿੱਥੇ ਸਮੁੱਚਾ ਅਰਥਚਾਰਾ ਤਾਂ ਵਧਦਾ ਫੁਲਦਾ ਹੈ ਪਰ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੁੰਦੇ। ਇਹ ਵਾਧਾ ਬੇਰਹਿਮ-ਬੇਤਰਸ ਵਾਧਾ ਹੈ ਜਿਥੇ ਆਰਥਿਕ ਤਰੱਕੀ ਦਾ ਫਾਇਦਾ ਆਮ ਤੌਰ ਤੇ ਅਮੀਰਾਂ ਨੂੰ ਹੁੰਦਾ ਹੈ, ਗਰੀਬ ਪਹਿਲਾਂ ਨਾਲੋਂ ਹੋਰ ਗਰੀਬ ਹੋ ਜਾਂਦੇ ਹਨ। ਇਹ ਵਾਧਾ ਜੁਬਾਨਬੰਦੀ ਵਾਲਾ ਵਾਧਾ ਹੈ ਜਿਥੇ ਆਰਥਿਕਤਾ ਦੇ ਵਿਕਾਸ ਦੇ ਨਾਲ ਨਾਲ ਜਮਹੂਰੀਅਤ ਤੇ ਖੁਦਮੁਖਤਿਆਰੀ ਦਾ ਨਾ ਸਿਰਫ ਵਾਧਾ ਹੀ ਨਹੀਂ ਹੁੰਦਾ ਸਗੋਂ ਇਸ ਦਾ ਗਲਾ ਘੁੱਟਿਆ ਜਾਦਾ ਹੈ। ਇਹ ਵਾਧਾ ਲੋਕਾਂ ਦੀ ਆਪਣੀ ਸਭਿਆਚਾਰਕ ਪਹਿਚਾਣ ਨੂੰ ਮਿਟਾ ਦਿੰਦਾ ਹੈ। ਇਹ ਵਾਧਾ ਭਵਿੱਖ ਰਹਿਤ ਵਾਧਾ ਹੈ ਜਿਥੇ ਮੌਜੂਦਾ ਪੀੜ੍ਹੀ ਭਵਿੱਖ 'ਚ ਆਪਣੀ ਅਗਲੀ ਪੀੜ੍ਹੀ ਲਈ ਲੋੜੀਂਦੇ ਸਰੋਤਾਂ ਨੂੰ ਅੰਨੇਵਾਹ ਮੁਕਾਉਂਦੀ ਹੈ। ਯੂ.ਐਨ.ਡੀ.ਪੀ. ਵੱਲੋਂ ਤਹਿ ਕੀਤੇ ਗਏ ਮਾਪਦੰਡ ਨੂੰ 'ਮਨੁੱਖੀ ਵਿਕਾਸ ਸੂਚਕ ਅੰਕ' (849) ਕਿਹਾ ਗਿਆ। ਇਹ ਸੂਚਕ ਅੰਕ 1990 ਤੋਂ ਹਰ ਸਾਲ ਯੂ.ਐਨ. ਵੱਲੋਂ ਸਾਰੇ ਮੁਲਕਾਂ ਦਾ ਜਾਰੀ ਕੀਤਾ ਜਾਂਦਾ ਹੈ। ਇਸ ਮਾਪਦੰਡ 'ਚ (1) ਮੁਲਕ ਦਾ ਔਸਤ ਜੀਵਨ ਕਾਲ (2) ਸਿੱਖਿਆ ਦਾ ਪੱਧਰ (3) ਪ੍ਰਤੀ ਜੀਅ ਔਸਤ ਆਮਦਨ (ਖਰੀਦ ਸ਼ਕਤੀ ਤੁਲਨਾ ਮੁਤਾਬਕ) ਪਹਿਲੂ ਸ਼ਾਮਲ ਕੀਤੇ ਜਾਂਦੇ ਹਨ।

ਇਸ ਐਚ.ਡੀ.ਆਈ. ਮਾਪਦੰਡ ਦੀ, ਯੂ.ਐਨ. ਵੱਲੋਂ ਸਾਲ 2017 ਦੀ ਜਾਰੀ ਕੀਤੀ ਗਈ ਰਿਪੋਰਟ ਵਿੱਚ, ਭਾਰਤ ਦਾ ਸਥਾਨ 188 ਮੁਲਕਾਂ ਵਿੱਚੋਂ 131ਵਾਂ ਹੈ। ਮੋਦੀ ਸਰਕਾਰ ਵੱਲੋਂ 2014 'ਚ ਗੱਦੀ ਸੰਭਾਲਣ ਸਮੇਂ ਵੀ 131ਵਾਂ ਹੀ ਸੀ। ਯੂ.ਪੀ.ਏ. ਸਰਕਾਰ ਮੌਕੇ 2006-07 'ਚ ਜਦ ਮੁਲਕ ਦਾ ਜੀ.ਡੀ.ਪੀ. ਵਾਧਾ 9.4 ਫੀਸਦੀ ਤੋਂ 9.6 ਫੀਸਦੀ ਚਲ ਰਿਹਾ ਸੀ, ਇਹ ਸਥਾਨ ਸਗੋਂ 132ਵਾਂ ਸੀ। ਐਚ.ਡੀ.ਆਈ. 'ਚ ਭਾਰਤ

ਦਾ ਇਹ ਸਥਾਨ ਬਰਿਕਸ (BRICS) ਮੁਲਕਾਂ ਵਿੱਚੋਂ ਸਭ ਤੋਂ ਹੇਠਾਂ ਹੈ। ਦੱਖਣੀ ਏਸੀਆ ਖੇਤਰ ਦੇ ਗੁਆਂਢੀ ਮੁਲਕਾਂ ਵਿੱਚੋਂ ਭਾਰਤ ਦਾ ਸਥਾਨ ਸ੍ਰੀ ਲੰਕਾ ਨਾਲੋਂ ਵੀ ਹੇਠਾਂ ਹੈ। ਇਸ ਪੱਖੋਂ ਅਸੀਂ ਅਤਿ ਗਰੀਬ ਤੇ ਪਛੜੇ ਮੁਲਕਾਂ ਦੇ ਗਰੁੱਪ 'ਚ ਸ਼ਾਮਲ ਹਾਂ। ਇਸੇ ਤਰ੍ਹਾਂ ਕਿਊਬਾ ਜੀ.ਡੀ.ਪੀ. ਵਿੱਚ ਹੇਠਲੇ 50 ਮੁਲਕਾਂ 'ਚ ਆਉਂਦਾ ਹੈ ਪਰ ਐਚ.ਡੀ.ਆਈ. 'ਚ ਉਸ ਦਾ ਸਥਾਨ ਉਪਰਲੇ 50 ਮੁਲਕਾਂ 'ਚ ਹੈ। ਜਦ ਕਿ ਇਸ ਦੇ ਉਲਟ ਭਾਰਤ ਜੀ.ਡੀ.ਪੀ. ਵਿੱਚ ਉਪਰਲੇ 50 ਮੁਲਕਾਂ ਵਿੱਚ ਆਉਂਦਾ ਹੈ ਪਰ ਐਚ.ਡੀ.ਆਈ. 'ਚ ਉਸਦਾ ਸਥਾਨ ਹੇਠਲੇ 50 ਮੁਲਕਾਂ ਵਿੱਚ ਹੈ। ਸਾਊਦੀ ਅਰਬ ਮੁਲਕ ਦੀ ਜੀ.ਡੀ.ਪੀ. ਦੇ ਹਿਸਾਬ ਨਾਲ ਪ੍ਰਤੀ ਵਿਅਕਤੀ ਆਮਦਨ, ਕਿਊਬਾ ਨਾਲੋਂ ਤਿੰਨ ਗੁਣਾ ਜ਼ਿਆਦਾ ਹੈ ਤੇ ਇਸ ਦਾ ਸਥਾਨ 35ਵਾਂ ਹੈ ਅਤੇ ਕਿਊਬਾ ਦਾ 88ਵਾਂ ਹੈ, ਪਰ ਐਚ.ਡੀਆਈ. ਸੂਚੀ ਵਿੱਚ ਕਿਊਬਾ (48), ਸਾਊਦੀ ਅਰਬ (55) ਨਾਲੋਂ 7 ਦਰਜੇ ਉਪਰ ਹੈ।

ਜੀ.ਡੀ.ਪੀ. ਪ੍ਰਤੀ ਵਿਅਕਤੀ ਆਮਦਨ ਤੇ ਐਚ.ਡੀ.ਆਈ., ਸਥਾਨ ਦਾ ਇਹ ਪਾੜਾ ਕੀ ਦਰਸਾਉਂਦਾ ਹੈ? ਕਿਸੇ ਮੁਲਕ ਦੇ ਐਚ.ਡੀ.ਆਈ. ਸਥਾਨ ਦਾ ਉਸਦੇ ਆਪਣੇ ਜੀ.ਡੀ.ਪੀ. ਸਥਾਨ ਨਾਲੋਂ ਹੇਠਾਂ ਹੋਣ ਦਾ ਸਿੱਧਾ ਮਤਲਬ ਇਹ ਬਣਦਾ ਹੈ ਕਿ ਉਹ ਮੁਲਕ ਆਪਣੀ ਆਮਦਨ/ਪੈਦਾਵਾਰ ਨੂੰ ਮਨੁੱਖੀ ਵਿਕਾਸ 'ਚ ਢਾਲਣ 'ਚ ਫੇਲ੍ਹ ਰਿਹਾ ਹੈ। ਮਨੁੱਖੀ ਵਿਕਾਸ ਦੇ ਮਾਪਦੰਡਾਂ 'ਤੇ ਪੂਰਾ ਨਹੀਂ ਉਤਰਿਆ। ਕਿਊਬਾ ਤੇ ਵੀਅਤਨਾਮ ਵਰਗੇ ਮੁਲਕਾਂ ਦਾ ਐਚ.ਡੀ.ਆਈ. ਸਥਾਨ ਆਪਣੇ ਜੀ.ਡੀ.ਪੀ. ਸਥਾਨ ਨਾਲੋਂ ਉੱਪਰ ਹੈ, ਜਿਸਦਾ ਅਰਥ ਹੈ ਕਿ ਇਹ ਮੁਲਕ ਆਪਣੀ ਪੈਦਾਵਾਰ/ਆਮਦਨ ਨੂੰ ਮਨੁੱਖੀ ਵਿਕਾਸ 'ਚ ਢਾਲਣ 'ਚ ਕਾਮਯਾਬ ਰਹੇ ਹਨ। ਇਉਂ ਦੇਖਿਆਂ ਜੀ.ਡੀ.ਪੀ. ਆਪਣੇ ਆਪ 'ਚ ਗਲਤ ਨਹੀਂ ਹੈ ਪਰੰਤੂ ਇਸ ਨੂੰ ਵਰਤਿਆ ਗਲਤ ਜਾ ਰਿਹਾ ਹੈ। ਜੀ.ਡੀ.ਪੀ. ਨੂੰ ਹੀ ਆਰਥਿਕ-ਸਮਾਜਿਕ ਖੁਸ਼ਹਾਲੀ ਦੇ ਮਾਪਦੰਡ ਵਜੋਂ ਸਮਝਣਾ ਤੇ ਵਰਤਣਾ ਗਲਤ ਤੇ ਗੁੰਮਰਾਹ ਕੁੰਨ ਧਾਰਨਾ ਹੈ ਜਿਸ ਨਾਲ ਲੋਕਾਂ ਦੀ ਅਸਲ ਖੁਸ਼ਹਾਲੀ ਦੇ ਭਰਮਾਊ ਪਰ ਗੁੰਮਰਾਹੂ ਸੰਕੇਤ ਵੀ ਸਿਰਜੇ ਜਾਂਦੇ ਹਨ ਤੇ ਜਿੰਨਾਂ ਰਾਹੀਂ ਸਰਕਾਰਾਂ ਵੱਲੋਂ ਗਲਤ ਨੀਤੀਗਤ ਫੈਸਲੇ ਲਏ ਜਾਂਦੇ ਹਨ। ਭਾਰਤ ਦੇ ਰਾਜ ਗੁਜਰਾਤ ਦੀ ਮਿਸਾਲ ਸਾਹਮਣੇ ਹੈ। ਗੁਜਰਾਤ ਨੂੰ ਭਾਰਤ ਦੇ ਸਾਰੇ ਰਾਜਾਂ ਵਿੱਚੋਂ ਰਾਜ ਪ੍ਰਬੰਧ ਪੱਖੋਂ ਇੱਕ ਨੰਬਰ ਤੇ ਗਿਣਿਆਂ ਜਾਂਦਾ ਹੈ ਜਿਸਦਾ ਲਾਹਾ ਲੈਣ ਲਈ ਬੀ.ਜੇ.ਪੀ. ਵੱਲੋਂ ਚੋਣਾਂ ਦੌਰਾਨ 'ਗੁਜਰਾਤ ਮਾਡਲ' ਵੱਜੋਂ ਖੂਬ ਪ੍ਰਚਾਰਿਆ ਜਾਂਦਾ ਰਿਹਾ ਹੈ, ਪਰੰਤੂ ਇਸ ਐਚ.ਡੀ.ਆਈ. ਸੂਚੀ ਵਿੱਚ ਗੁਜਰਾਤ ਦਾ ਸਥਾਨ 11ਵਾਂ ਹੈ ਕਿਉਂਕਿ ਇਹ ਰਾਜ ਐਚ.ਡੀ.ਆਈ. ਦੇ ਮਾਪਦੰਡਾਂ, ਗਰੀਬੀ ਘਟਾਉਣ, ਉਜਰਤਾਂ ਵਧਾਉਣ ਤੇ ਗਰੀਬਾਂ ਨੂੰ ਮਿਆਰੀ ਸਿੱਖਿਆ ਦੇਣ 'ਚ ਫੇਲ੍ਹ ਰਿਹਾ ਹੈ।

**(2) ਸੰਮਲਿਤ (Inclusive) ਵਿਕਾਸ ਤੇ ਅਸਮਾਨਤਾ**

ਯੂ.ਐਨ. ਤੋਂ ਬਿਨਾਂ ਹੋਰ ਕਈ ਕੌਮਾਂਤਰੀ ਸੰਸਥਾਵਾਂ/ਏਜੰਸੀਆਂ ਵੱਲੋਂ ਸਮੁੱਚੇ ਮਨੁੱਖੀ ਵਿਕਾਸ ਨਾਲ ਜੁੜੇ ਹੋਰ ਪਸਾਰਾਂ ਦੇ ਆਧਾਰ 'ਤੇ ਵੀ ਸੰਸਾਰ ਦੇ ਮੁਲਕਾਂ ਬਾਰੇ ਰਿਪੋਰਟਾਂ ਜਾਰੀ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦਾ ਵੀ ਇਥੇ ਜਿਕਰ ਕਰਨਾ ਪ੍ਰਸੰਗਿਕ ਤੇ ਸਾਰਥਿਕ ਹੋਵੇਗਾ। ਪਿਛੇ ਜਿਹੇ 22 ਜਨਵਰੀ, 2018 ਨੂੰ ਸਵਿਟਜ਼ਰਲੈਂਡ ਦੇ ਸ਼ਹਿਰ ਦਾਵੋਸ ਵਿਖੇ, 'ਸੰਸਾਰ ਆਰਥਿਕ ਮੰਚ' ਦੀ ਹੋਈ ਸਾਲਾਨਾ ਮੀਟਿੰਗ ਦੌਰਾਨ 'ਕੌਮਾਂਤਰੀ ਅਧਿਕਾਰ ਗਰੁੱਪ, ਆਕਸਫਾਮ' ਸੰਸਥਾ ਵੱਲੋਂ ਸੰਸਾਰ ਭਰ ਦੇ ਉਭਰਦੇ 74 ਅਰਥਚਾਰਿਆਂ ਵਾਲੇ ਮੁਲਕਾਂ ਦੀ ਸਾਲ 2017 ਦੀ ਰਿਪੋਰਟ ਜਾਰੀ ਕੀਤੀ ਗਈ ਸੀ। ਇਸ ਮੀਟਿੰਗ ਵਿੱਚ 75 ਮੁਲਕਾਂ ਦੇ ਮੁੱਖੀ ਸ਼ਾਮਲ ਹੋਏ ਸਨ ਤੇ ਜਿਸ ਦਾ ਉਦਘਾਟਨੀ ਭਾਸ਼ਣ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਦਿੱਤਾ ਸੀ। 'ਆਕਸਫਾਮ' ਸੰਸਥਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਉਨ੍ਹਾਂ ਮੁਲਕਾਂ ਦੀ 'ਸੰਮਲਿਤ ਵਿਕਾਸ ਸੂਚਕ ਅੰਕ ਦੇ ਆਧਾਰ 'ਤੇ ਸੂਚੀ ਬਣਾਈ ਗਈ ਹੈ। ਸੰਮਲਿਤ ਵਿਕਾਸ ਦਾ ਅਰਥ ਮੁਲਕ ਦੇ 'ਸਭਨਾ ਲੋਕਾਂ ਦਾ ਸਮਾਨ ਵਿਕਾਸ' ਹੈ ਜਿਸ ਬਾਰੇ ਮੋਦੀ ਵੱਲੋਂ ਆਪਣੇ ਉਦਘਾਟਨੀ ਭਾਸ਼ਣ 'ਚ ਭਾਰਤ 'ਚ ਮੁੱਖ ਤੌਰ 'ਤੇ ਹੋ ਰਹੇ 'ਸਭ ਦੇ ਵਿਕਾਸ' ਦੇ ਸੋਹਲੇ ਗਾਏ ਗਏ ਸਨ। ਪਰ ਆਈ.ਡੀ.ਆਈ. ਦੀ ਇਸ ਸੂਚੀ ਵਿੱਚ ਵੀ ਭਾਰਤ ਫ਼ਾਡੀ ਰਿਹਾ ਹੈ। 74 ਮੁਲਕਾ ਦੀ ਸੂਚੀ ਵਿੱਚ ਭਾਰਤ ਦਾ ਸਥਾਨ 62ਵਾਂ ਹੈ। ਜਦ ਕਿ ਪਿਛਲੇ ਸਾਲ ਦੀ ਰਿਪੋਰਟ 'ਚ 79 ਮੁਲਕਾਂ ਵਿੱਚੋਂ 60ਵਾਂ ਸੀ। 2017 ਦੀ ਰਿਪੋਰਟ 'ਚ ਚੀਨ ਦਾ ਸਥਾਨ 26ਵਾਂ ਤੇ ਪਾਕਿਸਤਾਨ ਦਾ 47 ਵਾਂ ਹੈ। 29 ਵਿਕਸਤ ਮੁਲਕਾਂ ਦੀ ਰੈਂਕਿੰਗ ਵੱਖਰੀ ਜਾਰੀ ਕੀਤੀ ਗਈ ਹੈ ਜਿਸ ਵਿੱਚ ਨਾਰਵੇ ਪਹਿਲੇ ਨੰਬਰ ਤੇ ਹੈ ਪਰ ਸੰਸਾਰ ਦੇ ਸਭ ਤੋਂ ਤਾਕਤਵਰ ਅਰਥਚਾਰੇ ਤੇ ਜੀ.ਡੀ.ਪੀ. ਮੁਤਾਬਕ ਉੱਚ ਪ੍ਰਤੀ ਵਿਅਕਤੀ ਆਮਦਨ ਵਾਲੇ ਮੁਲਕ ਅਮਰੀਕਾ ਦਾ ਇਸ ਸੂਚੀ 'ਚ ਸਥਾਨ 23 ਵਾਂ ਹੈ। ਇਸ ਸੰਮਲਿਤ ਵਿਕਾਸ ਦੇ ਮਾਪਦੰਡ ਲਈ (1) ਲੋਕਾਂ ਦਾ ਰਹਿਣ ਸਹਿਣ ਦਾ ਪੱਧਰ (2) ਚੁਗਿਰਦੇ ਨੂੰ ਲੰਬੇ ਸਮੇਂ ਲਈ ਸੰਭਾਲ ਕੇ ਰੱਖਣ (3) ਲੋਕਾਂ ਨੂੰ ਕਰਜੇ ਦੇ ਬੋਝ ਤੋਂ ਬਚਾਉਣ, ਨੂੰ ਦੇਖਿਆ ਜਾਂਦਾ ਹੈ।

ਇਸੇ ਰਿਪੋਰਟ ਵਿੱਚ ਹੀ ਇਸੇ ਸੰਮਲਿਤ ਵਿਕਾਸ ਦੇ ਹੀ ਇੱਕ ਪਹਿਲੂ, 'ਅਸਮਾਨਤਾ' ਪੱਖੋਂ ਇਹ ਦਰਸਾਇਆ ਗਿਆ ਹੈ ਕਿ 2017 'ਚ ਭਾਰਤ ਅੰਦਰ ਜਿੰਨੀ ਦੌਲਤ ਦਾ ਵਾਧਾ ਹੋਇਆ ਹੈ, ਉਸਦਾ 73 ਫੀਸਦੀ ਹਿੱਸਾ ਭਾਰਤ ਦੇ ਉਪਰਲੇ 1ਫੀਸਦੀ ਅਮੀਰਾਂ ਕੋਲ ਚਲਾ ਗਿਆ ਹੈ ਤੇ ਇਨ੍ਹਾਂ 1 ਫੀਸਦੀ ਅਮੀਰਾਂ ਦੀ ਦੌਲਤ 2017 'ਚ ਵੱਧ ਕੇ 20.9 ਲੱਖ ਕਰੋੜ ਹੋ ਗਈ ਹੈ ਜਦਕਿ ਦੂਜੇ ਪਾਸੇ 67 ਕਰੋੜ ਭਾਰਤੀਆਂ ਦੀ ਦੌਲਤ 'ਚ ਮਹਿਜ 1 ਫੀਸਦੀ ਦਾ ਹੀ ਵਾਧਾ ਹੋਇਆ ਹੈ। ਇਸੇ ਰਿਪੋਰਟ ਅਨੁਸਾਰ ਹੀ ਭਾਰਤ ਦੇ ਉਪਰਲੇ 10 ਫੀਸਦੀ ਅਮੀਰਾਂ ਕੋਲ ਭਾਰਤ ਦੀ ਕੁੱਲ ਦੌਲਤ ਦਾ 80 ਫੀਸਦੀ ਹੈ ਅਤੇ ਉਪਰਲੇ 1 ਫੀਸਦੀ ਕੋਲ ਕੁੱਲ ਦੌਲਤ ਦਾ 58 ਫੀਸਦੀ ਹੈ। ਇਸ ਤੋਂ ਬਿਨਾਂ ਭਾਰਤ ਅੰਦਰ ਇਸੇ ਸਾਲ 17 ਨਵੇਂ ਅਰਬਪਤੀ ਹੋਰ ਬਣ ਗਏ ਹਨ ਤੇ ਅਰਬਪਤੀਆਂ ਦੀ ਕੁਲ ਗਿਣਤੀ 101 ਹੋ ਗਈ ਹੈ। 'ਨਵੀਂ ਵਿਸ਼ਵ ਪੂੰਜੀ' ਏਜੰਸੀ ਦੀ ਹੋਰ ਰਿਪੋਰਟ ਅਨੁਸਾਰ ਭਾਰਤ ਅੰਦਰ ਇਸ ਸਮੇਂ 119 ਅਰਬਪਤੀ ਹਨ ਜਿਨ੍ਹਾਂ ਵਿੱਚੋਂ ਕਿਸੇ ਦੀ ਵੀ ਪੂੰਜੀ/ਦੌਲਤ 6500 ਕਰੋੜ ਨਾਲੋਂ ਘੱਟ ਨਹੀਂ ਹੈ। 63.30 ਲੱਖ ਅਜਿਹੇ ਕਰੋੜਪਤੀ ਹਨ ਜਿਨ੍ਹਾਂ ਵਿੱਚੋਂ ਕਿਸੇ ਦੀ ਵੀ ਪੂੰਜੀ 6.5 ਕਰੋੜ ਤੋਂ ਘੱਟ ਨਹੀਂ ਹੈ। ਤੇ ਦੂਜੇ ਪਾਸੇ ਭਾਰਤ ਦੀ 37 ਫੀਸਦੀ ਆਬਾਦੀ ਭਾਵ 46 ਕਰੋੜ ਦੇ ਲਗਭਗ, ਗਰੀਬੀ ਦੀ ਰੇਖਾ ਤੋਂ ਹੇਠਾਂ ਹੈ। ਪਿਛਲੇ 20 ਸਾਲਾਂ ਦੌਰਾਨ ਭਾਰਤ ਅੰਦਰ 3 ਲੱਖ 20 ਹਜਾਰ ਦੇ ਲਗਭਗ ਕਿਸਾਨ ਤੇ ਖੇਤ ਮਜ਼ਦੂਰ ਗਰੀਬੀ ਤੇ ਕਰਜੇ ਦੇ ਬੋਝ ਹੇਠ ਦੱਬੇ ਹੋਣ ਕਾਰਨ ਖੁਦਕਸ਼ੀ ਕਰ ਚੁੱਕੇ ਹਨ। ਇਸੇ ਸੰਮਲਿਤ ਵਿਕਾਸ ਅੰਕ ਦੇ ਆਧਾਰ 'ਤੇ ਹੀ ਭਾਰਤ ਦਾ, ਅਸਮਾਨਤਾ ਪੱਖੋਂ ਸਥਾਨ 188 ਮੁਲਕਾ ਵਿੱਚੋਂ 175 ਵਾਂ ਹੈ।

**(3) ਪ੍ਰਸੰਨਤਾ ਤੇ ਸੰਤੁਸ਼ਟੀ**

ਸਮਾਂ ਲੰਘਦੇ ਵਿਕਾਸ ਪ੍ਰਤੀ ਨਜ਼ਰੀਆ ਹੋਰ ਬਦਲਦਾ ਜਾ ਰਿਹਾ ਹੈ। ਹੁਣ ਆਰਥਿਕ ਖੁਸ਼ਹਾਲੀ ਦੇ ਨਾਲ ਨਾਲ ਸਮਾਜਿਕ ਤੇ ਮਾਨਸਿਕ ਪ੍ਰਸੰਨਤਾ ਤੇ ਸੰਤੁਸ਼ਟੀ ਵਧੇਰੇ ਜ਼ਰੂਰੀ ਸਮਝੀ ਜਾ ਰਹੀ ਹੈ। ਯੂ.ਐਨ. ਨੇ ਹੀ 20 ਮਾਰਚ, 2012 ਨੂੰ ਆਪਣੀ ਆਮ ਸਭਾ 'ਚ ਇੱਕ ਮਤਾ ਪਾਸ ਕਰਕੇ ਆਪਣੀ ਏਜੰਸੀ 'ਟਿਕਾਊ ਵਿਕਾਸ ਰਾਹ ਨੈਟਵਰਕ' ਵੱਲੋਂ ਐਚ.ਡੀ.ਆਈ.ਦੇ ਨਾਲ ਨਾਲ, ਇੱਕ ਅਪ੍ਰੈਲ, 2012 ਤੋਂ ਵਿਸ਼ਵ ਪ੍ਰਸੰਨਤਾ ਰਿਪੋਰਟ ਜਾਰੀ ਕਰਨੀ ਸ਼ੁਰੂ ਕੀਤੀ। ਇਸ ਰਿਪੋਰਟ ਵਿੱਚ 'ਵਿਸ਼ਵ ਪ੍ਰਸੰਨਤਾ ਸੂਚਕ ਅੰਕ' (➡89) ਦੇ ਆਧਾਰ 'ਤੇ ਮੁਲਕਾਂ ਦੀ ਸੂਚੀ ਜਾਰੀ ਕੀਤੀ ਜਾਂਦੀ ਹੈ। ਇਸ ਸੂਚੀ ਲਈ ਆਧਾਰ ਬਣਾਏ ਜਾਂਦੇ ਮਾਪਦੰਡ ਹਨ: (1) ਆਮਦਨ (2) ਤੰਦਰੁਸਤ ਜੀਵਨ (3) ਸਮਾਜਿਕ ਤੇ ਸਰਕਾਰੀ ਸਹਿਯੋਗ (4) ਵਿਅਕਤੀਗਤ ਆਜ਼ਾਦੀ (5) ਉਦਾਰਤਾ (6) ਭ੍ਰਿਸ਼ਟਾਚਾਰ ਤੋਂ ਨਿਜ਼ਾਤ (7) ਯਕੀਨੀ ਰੁਜਗਾਰ। ਇਸ ਸੰਦਰਭ 'ਚ ਯੂ.ਐਨ. ਵੱਲੋਂ ਸਾਲ 2017 ਦੀ 'ਵਿਸ਼ਵ ਪ੍ਰਸੰਨਤਾ ਸੂਚਕ ਅੰਕ' ਦੀ ਜਾਰੀ ਕੀਤੀ ਗਈ ਰਿਪੋਰਟ ਵਿੱਚ ਵੀ ਭਾਰਤ ਦਾ ਸਥਾਨ 157 ਮੁਲਕਾਂ ਵਿੱਚੋਂ 122ਵਾਂ ਹੈ। ਤੇ ਇਹ ਸਥਾਨ ਸਾਡੇ ਗੁਆਂਢੀ ਮੁਲਕਾਂ ਚੀਨ (70), ਪਾਕਿਸਤਾਨ (80), ਨੇਪਾਲ (99), ਭੂਟਾਨ (97), ਬੰਗਲਾ ਦੇਸ਼ (110) ਨਾਲੋਂ ਹੇਠਾਂ ਹੈ। ਸੰਸਾਰ ਭਰ ਵਿੱਚੋਂ ਨਾਰਵੇ ਦਾ ਸਥਾਨ ਪਹਿਲਾ ਹੈ ਜਦਕਿ ਸੰਸਾਰ ਭਰ 'ਚੋਂ ਸਭ ਤੋਂ ਤਾਕਤਵਰ ਅਰਥਚਾਰੇ ਵਾਲੇ ਮੁਲਕ ਅਮਰੀਕਾ ਦਾ ਸਥਾਨ 14ਵਾਂ ਹੈ। ਲਾਤੀਨੀ ਅਮਰੀਕੀ ਮੁਲਕ ਇਕੁਆਡੋਰ ਨੇ (ਜਿਸਦਾ ਇਸ ਸੂਚੀ ਵਿੱਚ ਸਥਾਨ 51ਵਾਂ ਹੈ) ਪ੍ਰਸੰਨਤਾ ਲਈ ਇੱਕ ਵੱਖਰਾ 'ਗੁੱਡ ਲਿਵਿੰਗ' ਵਿਭਾਗ ਬਣਾਇਆ ਹੈ ਅਤੇ ਆਪਣੇ ਸੰਵਿਧਾਨ ਅੰਦਰ ਇਹ ਸੋਧ ਕੀਤੀ ਹੈ, "ਅਸੀਂ ਉੱਚੇ ਜੀਵਨ ਪੱਧਰ ਲਈ, ਸਦਭਾਵਨਾ ਤੇ ਸਹਿਹੋਂਦ ਦੇ ਨਿਰਮਾਣ ਕਰਨ ਦਾ ਫੈਸਲਾ ਕਰਦੇ ਹਾਂ।" ਸਾਡੇ ਗੁਆਂਢੀ ਮੁਲਕ ਭੂਟਾਨ ਨੇ ਵੀ ਆਪਣਾ ਵੱਖਰਾ 'ਕੁੱਲ ਪ੍ਰਸੰਨਤਾ ਸੂਚਕ ਅੰਕ ਤਹਿ ਕੀਤਾ ਹੈ ਜਿਸ ਦਾ ਆਧਾਰ ਹੈ (1) ਚੰਗਾ ਰਾਜ ਪ੍ਰਬੰਧ (2) ਆਰਥਿਕ ਵਿਕਾਸ ਲਈ ਸਰੋਤਾਂ ਦੀ ਸੰਤੁਲਿਤ ਵਰਤੋਂ (3) ਚੁਗਿਰਦੇ ਦੀ ਸੰਭਾਲ (4) ਸਦਭਾਵਨਾ ਤੇ (5) ਆਪਣੇ ਸਭਿਆਚਾਰ ਤੇ ਪਹਿਚਾਣ (Identity) ਪ੍ਰਤੀ ਸੰਵੇਦਨਾ ਤੇ ਇਸ ਬਾਰੇ ਸਾਰੇ ਮੰਤਰਾਲਿਆਂ ਨੂੰ ਹਦਾਇਤ ਕੀਤੀ ਗਈ ਹੈ। ਥਾਈਲੈਂਡ ਤੇ ਸਿੰਗਾਪੁਰ ਨੇ ਵੀ ਅਜਿਹੇ ਕਦਮ ਪੁੱਟੇ ਹਨ।

ਜਿਹੜੇ ਮਾਪਦੰਡਾਂ ਨੂੰ 'ਵਿਸ਼ਵ ਪ੍ਰਸੰਨਤਾ ਸੂਚਕ ਅੰਕ' ਲਈ ਆਧਾਰ ਬਣਾਇਆ ਜਾਂਦਾ ਹੈ, ਇਨ੍ਹਾਂ ਪੱਖੋਂ, ਮੌਜੂਦਾ ਮੋਦੀ ਸਰਕਾਰ ਤੇ ਉਸ ਦੀਆ ਸਹਿਯੋਗੀ ਤੇ ਹਮਾਇਤੀ ਸੰਸਥਾਵਾਂ ਦੇ ਮੁਲਕ ਭਰ ਅੰਦਰ ਚਲ ਰਹੇ ਸੰਕੀਰਨ ਵਿਵਹਾਰ ਤੇ ਚਲਣ ਕਾਰਨ ਨਿੱਜੀ ਤੇ ਸਮਾਜਿਕ ਜੀਵਨ ਅੰਦਰ ਪੈ ਰਹੇ ਖਲਲ ਤੇ ਪੈਦਾ ਹੋ ਰਹੇ ਤਣਾਉ ਨਾਲ, ਭਾਰਤ ਦਾ ਇਹ ਸੂਚਕ ਅੰਕ ਹੋਰ ਹੇਠਾਂ ਡਿੱਗਣਾ ਯਕੀਨੀ ਹੈ।

**(4) ਕੰਗਾਲੀ ਤੇ ਭੁਖਮਰੀ**

ਮਨੁੱਖੀ ਵਿਕਾਸ ਨਾਲ ਹੀ ਜੁੜੇ ਇੱਕ ਹੋਰ ਪਸਾਰ 'ਕੰਗਾਲੀ ਤੇ ਭੁਖਮਰੀ' ਸੰਬੰਧੀ ਇੱਕ ਹੋਰ ਸੰਸਥਾ, 'ਕੌਮਾਂਤਰੀ ਭੋਜਨ ਨੀਤੀ ਖੋਜ ਸੰਸਥਾ' ਵੱਲੋਂ ਇੱਕ ਰਿਪੋਰਟ ਜਾਰੀ ਕੀਤੀ ਜਾਂਦੀ ਹੈ। ਇਸ ਰਿਪੋਰਟ ਵਿੱਚ ਸੰਸਾਰ ਭਰ ਦੇ ਮੁਲਕਾਂ ਦੀ, 'ਵਿਸ਼ਵ ਭੁੱਖਮਰੀ ਸੂਚਕ ਅੰਕ' ਸੂਚੀ ਹੁੰਦੀ ਹੈ। ਇਸ ਸੂਚੀ ਲਈ ਆਧਾਰ ਬਣਾਏ ਗਏ ਮਾਪਦੰਡ ਹਨ (1) ਵੱਖ ਵੱਖ ਉਮਰ ਗੁੱਟਾਂ ਲਈ ਲੋੜੀਂਦੀਆਂ ਕੈਲੋਰੀਆਂ ਦੀ ਘਾਟ (2) 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਉਮਰ ਦੇ ਹਿਸਾਬ ਨਾਲੋਂ ਕੱਦ ਘੱਟ ਹੋਣਾ (3) 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਕੱਦ ਦੇ ਹਿਸਾਬ ਨਾਲ ਭਾਰ ਘੱਟ ਹੋਣਾ (4) 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ। ਇਹ ਸੰਸਥਾ ਸਾਲ 2000 ਤੋਂ ਇਹ ਰਿਪੋਰਟ ਜਾਰੀ ਕਰਦੀ ਆ ਰਹੀ ਹੈ। ਸਾਲ 2000 ਦੀ ਰਿਪੋਰਟ ਅੰਦਰ ਭਾਰਤ ਦਾ ਇਸ 'ਵਿਸ਼ਵ ਭੁਖਮਰੀ ਸੂਚਕ ਅੰਕ' ਦੀ ਸੂਚੀ 'ਚ 118 ਮੁਲਕਾਂ ਵਿੱਚੋਂ 83ਵਾਂ ਸਥਾਨ ਸੀ ਅਤੇ 2016 ਦੀ ਰਿਪੋਰਟ 'ਚ ਇਹ ਸਥਾਨ ਹੇਠਾਂ ਡਿੱਗ ਕੇ 97 ਤੱਕ ਚਲਾ ਗਿਆ ਹੈ। ਇਸ ਪੱਖੋਂ ਭਾਰਤ ਦੇ ਨਾਲ ਸ਼ਾਮਲ 'ਬਰਿਕਸ' ਮੁਲਕਾਂ ਦਾ ਸਥਾਨ, ਬਰਾਜ਼ੀਲ (4), ਰੂਸ (24), ਚੀਨ (29) ਹੈ। ਭਾਰਤ ਦੇ ਗੁਆਂਢੀ ਦੱਖਣੀ ਏਸੀਆ ਖੇਤਰ ਦੇ ਮੁਲਕਾਂ ਵਿੱਚ ਪਾਕਿਸਤਾਨ (110) ਨੂੰ ਛੱਡ ਕੇ ਬਾਕੀ ਮੁਲਕਾਂ, ਨੇਪਾਲ (72), ਮੀਆਂਮਾਰ (75), ਸ੍ਰੀ ਲੰਕਾ (84) ਤੇ ਬੰਗਲਾ ਦੇਸ਼ (90) ਦਾ ਸਥਾਨ ਭਾਰਤ ਨਾਲੋਂ ਉਪਰ ਹੈ।

ਇਸੇ ਕੰਗਾਲੀ ਤੇ ਭੁਖਮਰੀ ਨਾਲ ਹੀ ਜੁੜਿਆ ਇਕ ਹੋਰ ਪਹਿਲੂ ਹੈ ਜਿਸਦੀ ਰਿਪੋਰਟ 'ਬਹੁਪਸਾਰੀ ਗਰੀਬੀ ਸੂਚਕ ਅੰਕ' ਵੱਜੋਂ ਜਾਰੀ ਕੀਤੀ ਜਾਂਦੀ ਹੈ। ਇਸ ਮਾਪਦੰਡ ਦਾ ਇਹ ਆਧਾਰ ਹੈ ਕਿ ਇੱਕੋ ਘਰ ਵਿੱਚ ਸਿੱਖਿਆ, ਸਿਹਤ ਤੇ ਜੀਵਨ ਪੱਧਰ ਸਭਨਾਂ ਪੱਖੋਂ ਹੀ ਕੰਗਾਲੀ ਦੀ ਹਾਲਤ ਦਾ ਹੋਣਾ। ਇਸ ਨੂੰ 0 ਤੋਂ ਲੈ ਕੇ 10 ਅੰਕਾਂ ਤੱਕ ਮਾਪਿਆ ਜਾਂਦਾ ਹੈ ਤੇ ਇਸ ਰਿਪੋਰਟ ਮੁਤਾਬਕ ਭਾਰਤ ਦਾ ਅੰਕ 0.283 ਹੈ। ਇਸ ਦਾ ਅਰਥ ਇਹ ਹੈ ਕਿ ਭਾਰਤ ਦੀ ਲਗਭਗ 53 ਫੀਸਦੀ ਆਬਾਦੀ ਇਸ ਹਾਲਤ 'ਚ ਰਹਿ ਰਹੀ ਹੈ।

ਤੇ ਇਹ ਹੈ ਹਕੀਕੀ ਤਸਵੀਰ, ਸੰਸਾਰ ਬੈਂਕ ਵੱਲੋਂ ਐਲਾਨੇ ਗਏ, ਜੀ.ਡੀ.ਪੀ. ਵਾਧੇ ਮੁਤਾਬਕ ਸੰਸਾਰ ਭਰ 'ਚੋਂ 'ਸਭ ਤੋਂ ਤੇਜ ਆਰਥਿਕ ਵਿਕਾਸ ਗਤੀ' ਦੇ ਰਾਹ ਤੇ ਅੱਗੇ ਵਧ ਰਹੇ, ਅਮਰੀਕਾ ਵੱਲੋਂ ਸੰਸਾਰ ਦੀ ਇੱਕ ਵੱਡ ਸ਼ਕਤੀ/ਮਹਾਂ ਸ਼ਕਤੀ ਗਰਦਾਨੇ ਜਾ ਰਹੇ ਅਤੇ ਮੋਦੀ ਵੱਲੋਂ 'ਸਭ ਕਾ ਵਿਕਾਸ' ਕਰ ਰਹੇ 'ਨਿਊ ਇੰਡੀਆ' ਦੀ। ਮਨੁੱਖੀ ਵਿਕਾਸ ਨਾਲ ਜੁੜੇ ਸਾਰੇ ਪਹਿਲੂਆਂ ਦੇ ਮਾਪਦੰਡਾਂ ਮੁਤਾਬਕ ਭਾਰਤ ਫਾਡੀ ਰਹਿ ਰਿਹਾ ਹੈ, ਜਦ ਕਿ ਜੀ.ਡੀ.ਪੀ. ਵਾਧੇ ਦੇ ਹਿਸਾਬ ਨਾਲ ਸਭ ਤੋਂ ਉਪਰਲੇ ਮੁਲਕਾਂ 'ਚ ਹੈ।

**ਵਿਕਾਸ ਦਾ ਨਵਾਂ ਸਾਂਚਾ ਘੜਨ ਦੀ ਜ਼ਰੂਰਤ** : ਲਗਭਗ ਪਿਛਲੇ ਪੰਜ ਦਹਾਕਿਆਂ ਤੋਂ ਸੰਸਾਰ ਭਰ 'ਚ ਪੈਦਾਵਾਰ ਵਾਧੇ ਨੂੰ ਹੀ ਇੱਕੋ ਇੱਕ ਨੀਤੀ ਟੀਚਾ ਸਮਝਿਆ ਜਾ ਰਿਹਾ ਹੈ। ਸਾਨੂੰ ਇਹ ਸੁਆਲ ਖੜ੍ਹਾ ਕਰਨਾ ਚਾਹੀਦਾ ਹੈ ਕਿ "ਵਾਧਾ ਕਿਸਦਾ? ਵਾਧਾ ਕਿਸ ਲਈ? ਵਾਧਾ ਕਿਸ ਕੀਮਤ ਤੇ? ਕਿਨ੍ਹਾਂ ਦੀ ਕੀਮਤ ਤੇ? ਅਤੇ ਵਾਧਾ ਆਖਰ ਕਿੰਨਾ ਕੁ?" ਸਾਡੇ ਲਈ ਇਹ ਸਮਝਣ ਦੀ ਜ਼ਰੂਰਤ ਹੈ ਕਿ ਬੇਰੋਕ ਉਪਭੋਗਤਾਵਾਦ (Consumerism) 'ਤੇ ਆਧਾਰਤ ਕਾਰਪੋਰੇਟ ਪੱਖੀ ਆਰਥਿਕ ਵਿਕਾਸ ਮਾਡਲ ਬੁਨਿਆਦੀ ਤੌਰ ਤੇ ਨੁਕਸਦਾਰ ਹੈ ਅਤੇ ਇਹੋ ਮਾਡਲ ਹੀ ਵਿਸ਼ਵ ਆਰਥਿਕ ਸੰਕਟ ਲਈ ਤੇ ਦਰਪੇਸ਼ ਚੁਗਿਰਦੇ ਤੇ ਸਮਾਜ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਲਈ ਜਿੰਮੇਵਾਰ ਹੈ। ਭਾਰਤ ਵੀ ਮਾਰੂ-ਖਤਰਨਾਕ ਨਤੀਜਿਆਂ ਵਾਲੇ ਇਸੇ ਪੱਛਮੀ ਆਰਥਿਕ ਵਿਕਾਸ ਮਾਡਲ ਦੀ ਅੰਨ੍ਹੇਵਾਹ ਨਕਲ ਕਰਦਾ ਆ ਰਿਹਾ ਹੈ। ਇਹ ਸਮਾਂ ਹੈ ਕਿ ਅਸੀਂ ਇਸ ਮਾਡਲ ਦੀਆਂ ਸੀਮਤਾਈਆਂ ਨੂੰ ਸਮਝੀਏ। ਇਹ ਸਮਾਂ ਹੈ, ਮੁਲਕ ਦੀਆਂ ਆਰਥਿਕ ਅਲਾਮਤਾਂ ਨੂੰ ਹੱਲ ਕਰਨ ਲਈ ਇਸੇ ਮਾਡਲ ਨੂੰ ਹੀ 'ਰਾਮਬਾਣ' ਸਮਝਕੇ ਇਸ ਦੇ ਅੰਨ੍ਹੇ ਪਿਛਲੱਗ ਬਣਨ ਤੋਂ ਖਹਿੜਾ ਛੁਡਾਇਆ ਜਾਵੇ। ਇਹ ਵੀ ਸਮਝਣ ਦੀ ਜ਼ਰੂਰਤ ਹੈ ਕਿ ਜਿਨ੍ਹਾਂ ਮਾਨਵੀ ਕਦਰਾਂ-ਕੀਮਤਾਂ ਤੇ ਹਰਜਿਆਂ ਨੂੰ ਦਾਅ ਤੇ ਲਾਕੇ ਇਹ ਵਿਕਾਸ ਹੋ ਰਿਹਾ ਹੈ, ਉਨ੍ਹਾਂ ਲਈ ਜੀ.ਡੀ.ਪੀ. ਮਾਪਦੰਡ ਤੇਜੀ ਨਾਲ ਗੈਰਪ੍ਰਸੰਗਿਕ ਹੋ ਰਹੇ ਹਨ ਤੇ ਦੂਰ ਹੋ ਰਹੇ ਹਨ। ਇਹ ਜੀ.ਡੀ.ਪੀ. ਮਾਪਦੰਡ ਕੇਵਲ ਆਮਦਨ-ਪੈਦਾਵਾਰ ਨੂੰ ਹੀ ਦਰਸਾਉਂਦੇ ਹਨ ਪਰੰਤੂ ਆਮਦਨ-ਵੰਡ ਨੂੰ ਲੁਕੋਂਦੇ ਹਨ ਕਿ ਇਹ ਕਿਵੇਂ ਹੋ ਰਹੀ ਹੈ। ਇਹ ਮਾਪਦੰਡ ਉਸ ਖੁਸ਼ਹਾਲੀ 'ਚ ਆਈ ਗਿਰਾਵਟ ਨੂੰ ਦਰਜ ਕਰਨ 'ਚ ਅਸਫਲ ਰਹਿੰਦੇ ਹਨ ਜਿਹੜੀ ਟਿਕਾਊ ਚੁਗਿਰਦੇ-ਸੰਤੁਲਨ, ਸਮਾਜਿਕ ਤੇ ਭਾਈਚਾਰੇ ਦੀ ਖੁਸ਼ਹਾਲੀ ਉਪਰ ਬਣਦਾ ਵਜ਼ਨ ਦਿੰਦੇ ਹੋਏ, ਮਾਨਵੀ ਸਮਰਥਾ/ਯੋਗਤਾ ਅਤੇ ਆਮਦਨ ਦੀ ਸਾਵੀਂ ਵੰਡ ਦੇ ਆਧਾਰ 'ਤੇ ਮਾਪੀ ਜਾਂਦੀ ਹੈ।

ਉੱਘੇ ਸਿਆਸੀ-ਸਮਾਜਿਕ ਵਿਸ਼ਲੇਸ਼ਕ ਡਾ. ਪ੍ਰਮੋਦ ਕੁਮਾਰ ਦੇ ਵਿਚਾਰ ਅਨੁਸਾਰ ਪੰਜਾਬ ਰਾਜ ਦੇ ਸੰਦਰਭ 'ਚ ਦੇਖਿਆਂ, ਇਸ ਨੂੰ ਇਉਂ ਸਮਝਿਆ ਜਾ ਸਕਦਾ ਹੈ, "ਪੰਜਾਬ ਅੰਦਰ 1960ਵਿਆਂ ਦੌਰਾਨ 'ਹਰੀ ਕ੍ਰਾਂਤੀ' ਨੂੰ ਵਾਧੇ/ਤਰੱਕੀ ਦਾ ਇੱਕ ਜਬਰਦਸਤ ਚਾਲਕ-ਇੰਜਨ ਸਮਝਿਆ ਗਿਆ ਸੀ ਜਿਸ ਨਾਲ ਪੰਜਾਬ ਰਾਜ ਦੀ ਜੀ.ਡੀ.ਪੀ. 'ਚ ਭਾਰੀ ਵਾਧਾ ਹੋਇਆ, ਜਦ ਕਿ ਦੋ ਦਹਾਕਿਆਂ ਬਾਅਦ ਜਾਕੇ ਇਹ 'ਖੋਜ' ਹੋਈ ਕਿ ਇਸ ਹਰੀ ਕ੍ਰਾਂਤੀ ਨੇ ਕਿਸਾਨਾਂ ਦੀ ਆਮਦਨ ਘਟਾਉਣ ਦੇ ਨਾਲ ਨਾਲ ਪਾਣੀ ਦਾ ਪੱਧਰ ਵੀ ਹੇਠਾਂ ਡੇਗ ਦਿੱਤਾ, ਚੁਗਿਰਦੇ ਦਾ ਵੀ ਨਾਸ਼ ਮਾਰ ਦਿੱਤਾ ਅਤੇ ਜ਼ਮੀਨ ਨੂੰ ਵੀ ਕਮਜ਼ੋਰ ਤੇ ਪਲੀਤ ਕਰ ਦਿੱਤਾ। ਜੀ.ਡੀ.ਪੀ. ਵਰਗੇ ਇੱਕੋ ਇੱਕ ਮਾਪਦੰਡ ਦੀ ਖ਼ਬਤ ਨੇ ਖੇਤੀ ਦੇ ਭਵਿੱਖ ਨੂੰ, ਕਿਸਾਨਾਂ ਦੇ ਭਵਿੱਖ ਨੂੰ ਅਤੇ ਘੱਟੋ ਘੱਟ ਪੰਜਾਬੀਆਂ ਦੀ ਇੱਕ ਪੀੜ੍ਹੀ ਦੇ ਭਵਿੱਖ ਨੂੰ ਦਾਅ 'ਤੇ ਲਾ ਦਿੱਤਾ।"

**203/13 ਮੋਹਾਲੀ ਇਮ. ਕੋਆਪ. ਸੋਸਾਇਟੀ, ਸੈਕਟਰ 68, ਮੋਹਾਲੀ**

# ਭਗਤ ਸਿੰਘ ਦੇ ਸ਼ਬਦਾਂ 'ਚ ਇਨਕਲਾਬ ਦੇ ਅਰਥ

ਇਨਕਲਾਬੀ ਵਿਸ਼ਵਾਸ਼ ਰੱਖਦੇ ਹਨ ਕਿ ਉਹਨਾਂ ਦੇ ਦੇਸ਼ ਦੀ ਬੰਦ ਖਲਾਸੀ ਇਨਕਲਾਬੀ ਢੰਗ ਰਾਹੀਂ ਹੀ ਹੋਵੇਗੀ। ਇਨਕਲਾਬ ਜਿਸਦੀ ਉਹ ਕਾਮਨਾ ਕਰਦੇ ਹਨ ਅਤੇ ਜਿਸ ਲਈ ਉਹ ਲਗਾਤਾਰ ਕੰਮ ਕਰ ਰਹੇ ਹਨ, ਸਿਰਫ਼ ਬਦੇਸ਼ੀ ਸਰਕਾਰ ਅਤੇ ਉਸ ਦੇ ਹਮਾਇਤੀਆਂ ਅਤੇ ਜਨਤਾ ਵਿਚਾਲੇ ਹਥਿਆਰਬੰਦ ਲੜਾਈ ਦੀ ਸ਼ਕਲ ਵਿੱਚ ਹੀ ਨਹੀਂ ਹੋਵੇਗਾ ਸਗੋਂ ਇੱਕ ਨਵੇਂ ਸਮਾਜਿਕ ਢਾਂਚੇ ਦਾ ਸੂਚਕ ਹੋਵੇਗਾ। ਇਹ ਯੁੱਗ ਪਲਟਾ ਪੂੰਜੀਵਾਦ ਅਤੇ ਹਰ ਤਰ੍ਹਾਂ ਦੇ ਜਮਾਤੀ ਵਖਰੇਵਿਆਂ ਅਤੇ ਵਿਤਕਰਿਆਂ ਦਾ ਖ਼ਾਤਮਾ ਕਰ ਦੇਵੇਗਾ। ਅੱਜ ਜੋ ਲੱਖਾਂ ਲੋਕ ਭੁੱਖਮਰੀ ਦੇ ਸ਼ਿਕਾਰ ਹੋ ਰਹੇ ਹਨ ਅਤੇ ਵਿਦੇਸ਼ੀ ਅਤੇ ਦੇਸੀ ਲੁਟੇਰਿਆਂ ਦੇ ਜੂਲੇ ਹੇਠ ਪਿਸ ਰਹੇ ਹਨ ਉਹਨਾਂ ਵਾਸਤੇ ਇਹ ਖੁਸ਼ੀ ਅਤੇ ਖੁਸ਼ਹਾਲੀ ਲਿਆਏਗਾ। ਇਹ ਕੌਮ ਨੂੰ ਨਵਾਂ ਜੀਵਨ ਦੇਵੇਗਾ, ਇਹ ਨਵੇਂ ਸਮਾਜ ਦਾ ਜਨਮ ਦਾਤਾ ਹੋਵੇਗਾ। ਇਸ ਤੋਂ ਵੱਧ ਕੇ ਇਹ ਕਿਰਤੀ ਦੀ ਸਰਦਾਰੀ ਸਥਾਪਤ ਕਰਕੇ ਸਮਾਜਿਕ ਜੋਕਾਂ ਨੂੰ ਸਦਾ ਲਈ ਰਾਜ ਗੱਦੀਓਂ ਹਟਾ ਦੇਵੇਗਾ।


**('ਬੰਬ ਦਾ ਫਲਸਫਾ' ਵਿੱਚੋਂ)**

ਸਮਾਜਿਕ ਤਬਦੀਲੀ ਸਦਾ ਤਾਕਤ ਅਤੇ ਖ਼ਾਸ ਸਹੂਲਤਾਂ ਮਾਨਣ ਵਾਲਿਆਂ ਲਈ ਡਰ ਪੈਦਾ ਕਰਦੀ ਹੈ। ਇਨਕਲਾਬ ਇੱਕ ਅਜਿਹਾ ਕ੍ਰਿਸ਼ਮਾ ਹੈ ਜਿਸ ਨੂੰ ਕੁਦਰਤ ਪਿਆਰ ਕਰਦੀ ਹੈ ਅਤੇ ਜਿਸ ਦੇ ਬਗ਼ੈਰ ਕੋਈ ਉੱਨਤੀ ਨਹੀਂ ਹੋ ਸਕਦੀ, ਨਾ ਕੁਦਰਤ ਵਿੱਚ ਨਾ ਇਨਸਾਨੀ ਕਾਰੋਬਾਰ ਵਿੱਚ। ਇਨਕਲਾਬ ਯਕੀਨਨ ਬਿਨਾਂ ਸੋਚੇ ਸਮਝੇ, ਕਤਲਾਂ ਅਤੇ ਸਾੜ ਫੂਕ ਦੀ ਦਰਿੰਦਾ ਮੁਹਿੰਮ ਨਹੀਂ ਅਤੇ ਨਾ ਹੀ ਕੁਝ ਕੁ ਬੰਬ ਇੱਧਰ-ਉੱਧਰ ਸੁੱਟਣ ਅਤੇ ਗੋਲੀਆਂ ਚਲਾਉਣਾ ਹੈ ਅਤੇ ਨਾ ਹੀ ਇਹ ਸਭਿਅਤਾ ਦੇ ਸਾਰੇ ਨਿਸ਼ਾਨ ਮਿਟਾਉਣ ਅਤੇ ਸਮੇਂ ਅਨੁਕੂਲ ਇਨਸਾਫ ਅਤੇ ਬਰਾਬਰੀ ਦੇ ਅਸੂਲ ਤਬਾਹ ਕਰਨਾ ਹੈ। ਇਨਕਲਾਬ ਕੋਈ ਮਾਯੂਸੀ ਤੋਂ ਪੈਦਾ ਹੋਇਆ ਫ਼ਲਸਫ਼ਾ ਵੀ ਨਹੀਂ ਤੇ ਨਾ ਹੀ ਸਿਰਲੱਥਾਂ ਦਾ ਕੋਈ ਸਿਧਾਂਤ ਹੈ। ਇਨਕਲਾਬ ਰੱਬ ਵਿਰੋਧੀ ਹੋ ਸਕਦਾ ਹੈ, ਪਰ ਮਨੁੱਖ ਵਿਰੋਧੀ ਨਹੀਂ। ਇਹ ਇੱਕ ਪੁਖਤਾ ਤੇ ਜਿੰਦਾ ਤਾਕਤ ਹੈ। ਨਵੇਂ ਤੇ ਪੁਰਾਣੇ ਦੀ, ਜੀਵਨ ਤੇ ਮੌਤ, ਰੋਸ਼ਨੀ ਅਤੇ ਹਨ੍ਹੇਰੇ ਦੀ ਅੰਤਰੀਵੀ ਟੱਕਰ ਦਾ ਇਜ਼ਹਾਰ ਹੈ, ਕੋਈ ਇਤਫ਼ਾਕ ਨਹੀਂ ਹੈ, ਨਾ ਕੋਈ ਸੰਗੀਤਮਈ ਇਕਸਾਰਤਾ ਹੈ ਅਤੇ ਨਾ ਹੀ ਕੋਈ ਤਾਲ ਜੋ ਕਿ ਇਨਕਲਾਬ ਬਗ਼ੈਰ ਆਈ ਹੋਏ। 'ਗੋਲੀਆਂ ਦਾ ਰਾਗ' ਜਿਸ ਬਾਰੇ ਕਵੀ ਗਾਉਂਦੇ ਹਨ, ਅਸਲੀਅਤ ਰਹਿਤ ਹੋ ਜਾਵੇਗਾ ਅਗਰ ਇਨਕਲਾਬ ਨੂੰ ਖਲਾਅ ਵਿਚੋਂ ਖ਼ਤਮ ਕਰ ਦਿੱਤਾ ਜਾਵੇ। ਇਨਕਲਾਬ ਇਕ ਨਿਯਮ ਹੈ। ਇਨਕਲਾਬ ਇਕ ਆਦੇਸ਼ ਹੈ ਅਤੇ ਇਨਕਲਾਬ ਸੱਚ ਹੈ।

**('ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਦਾ ਮੈਨੀਫੈਸਟੋ' ਵਿੱਚੋਂ)**

ਅਸੀਂ ਦੇਸ਼ ਵਿੱਚ ਬੇਹਤਰ ਤਬਦੀਲੀ ਦੀ ਸਪਿਰਟ ਤੇ ਉੱਨਤੀ ਦੀ ਖ਼ਾਹਸ਼ ਲਈ ਇਸ ਲਫ਼ਜ਼ ਇਨਕਲਾਬ ਦੀ ਵਰਤੋਂ ਕਰ ਰਹੇ ਹਾਂ। ਹੁੰਦਾ ਇਹ ਹੈ ਕਿ ਆਮ ਤੌਰ ਤੇ ਇਕ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਕੰਜੇ ਵਿੱਚ ਜਕੜ ਲੈਂਦੀ ਹੈ ਅਤੇ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ। ਬਸ ਇਸ ਜਮੂਦ ਤੇ ਬੇਹਰਕਤੀ ਨੂੰ ਤੋੜਨ ਦੀ ਖ਼ਾਤਰ ਇੱਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਨਹੀਂ ਤਾਂ ਇਕ ਗਿਰਾਵਟ, ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਗ਼ੈਰ-ਤਰੱਕੀਪਸੰਦ ਤਾਕਤਾਂ ਉਹਨਾਂ ਨੂੰ ਗਲਤ ਰਾਹ ਲੈ ਜਾਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ। ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿੱਚ ਖੜੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿੱਚ ਇੱਕ ਹਰਕਤ ਪੈਦਾ ਹੋ ਜਾਵੇ ਅਤੇ ਰੂੜੀਵਾਦੀ ਤਾਕਤਾਂ ਇਨਸਾਨੀ ਉੱਨਤੀ ਦੇ ਰਾਹ ਵਿੱਚ ਰੋੜਾ ਨਾ ਅਟਕਾ ਸਕਣ ਤੇ ਨਾ ਹੀ ਇਸ ਰਾਹ ਨੂੰ ਖ਼ਤਮ ਕਰਨ ਲਈ ਇਕੱਠੀਆਂ ਅਤੇ ਮਜ਼ਬੂਤ ਹੋ ਸਕਣ। ਇਨਸਾਨੀ ਉੱਨਤੀ ਦਾ ਲਾਜ਼ਮੀ ਅਸੂਲ ਇਹੀ ਹੈ ਕਿ ਪੁਰਾਣੀ ਚੀਜ਼ ਨਵੀਂ ਚੀਜ਼ ਲਈ ਥਾਂ ਖ਼ਾਲੀ ਕਰਦੀ ਚਲੀ ਜਾਵੇ।


**('ਇਨਕਲਾਬ ਜ਼ਿੰਦਾਬਾਦ ਦਾ ਨਾਹਰਾ ਕਿਉਂ' ਵਿੱਚੋਂ)**



Kaylie Tiessen

# Canada's labour market: It's stronger than you think

Last week's national jobs report may have included some shocking numbers but looking more closely at the data shows that the Canadian labour market has been on a strong upswing over the last 12 months.




With attention grabbing headlines like: Canadian economy loses 88,000 jobs in January and Don't panic: Canada sheds 88,000 jobs in January, biggest decline since 2009, you couldn't be blamed for feeling like Canada is on the precipice of a jobs decline, but there is so much more going on than the attention grabbing headlines can portray.


**Monthly data are volatile**

First and most important to remember is that the labour force survey collects jobs report data on a monthly basis, producing fairly volatile results. And while the numbers are indicators of what may be happening in the labour market—one month of data does not a trend make.

Last week, the monthly jobs numbers showed a decline of 88,000 jobs in the month of January prompting one headline to shout that this was the biggest monthly decline in 9 years. But looking at the trend on a 3- or 12-month average basis shows similar job trends to last year. Year-over-year job growth in the month of January was the smallest since (wait for it…….) April 2017. The 3-month average job growth was the smallest since October 2017, again a relatively short time ago.

In fact, even with the January decline, annual job growth on a percentage basis is higher last month than any month in 2014, 2015 or 2016.

Some headlines have tried to make hay out of the fact that the largest (monthly) jobs decline was in Ontario. The thing is Ontario also has the largest labour force of any province in the country so it makes sense that the raw numbers show larger movements in the data. However, on a percentage basis, the decline is not nearly as dramatic. New Brunswick's monthly numbers showed a 1.7% decline in employment (and a year-over-year 1.1% increase) while Ontario posted a 0.7% decline. Manitoba came in third with a 0.56% decline. The general consensus among economists regarding what effect the minimum wage increase had on the labour market in Ontario is to say we have to wait and see.[1]




What's more pertinent than the monthly numbers is a look at what has happened in the labour market across the country in the last 12 months.

**Employment gains strongest in higher minimum wage provinces**


Overall, Canada saw a year-over-year increase in employment of 1.6%. That included a 3.5% reduction in part-time work and a 2.8% increase in full-time work. A similar trend of declining part-time work and increasing full-time work is evident in 8 out of 10 provinces. Prince Edward Island is the only province to see a larger increase in part-time work than full-time work (the largest increases in employment in PEI were in the construction industry and among business, building and other support services). Alberta saw the largest decline in part-time work at (-9.7%) and the largest increase in full-time work over the year. Incidentally, Alberta increased its minimum wage to $12.20 on October 1st 2016 (and to $13.60 on October 1st, 2017) giving the province the highest minimum wage in the country for the full 2017 year.[2]

**Average hours worked is on a strong upward trajectory**

Not only are there more jobs since January 2017 but average hours worked is growing too. Average hours worked has been on a strong upward trend over the last year—growing 0.8% in January 2018. At the industrial level, growth in average hours was strongest among other services, information, culture and recreation, and health care and social services.

At the provincial level, Alberta, Quebec and PEI led the pack in growth of average hours worked. Overall every province with the exception of Manitoba (-0.8%) and New Brunswick (no change) saw increases in this indicator.

**Average wage growth showing strong year-over-year gains**




At 3.3%, average hourly wage growth (aggregated over all industries and ell employee types, from management to new entrants) marked strong gains year-over-year. The highest gains were evident in Finance, Insurance, Real Estate, Rental and Leasing while the industries with the smallest gains included manufacturing and education at 1.8% and 0.8 percent respectively. Overall, Canada's average wage growth has been weak since the 08-09 recession. The country saw declining wage growth from the end of 2015 through mid-2017. The strong upswing in the last 8 months does not reverse the weak wage growth trend but does pose the possibility that there is light at the end of the tunnel.

If the labour market continues to tighten as it did over the course of 2017, it is predicted that wage growth will continue to strengthen as employers have to compete for workers in a more competitive environment where supply is closer to meeting demand and workers have more power to demand higher wages and better working conditions. Here's hoping that theory rings true.

**Chart to watch: median wage in low wage sectors**

On average median wages have tended to grow at a slightly lower rate than average wages. This is often true in the aggregate as well as industry level. When median wage growth does outperform average wage growth, the differentials between the two tend to be quite small.


In January, low-wage sectors bucked that trend in a big way. At the industrial level, the accommodation and food services and agriculture industries have some of the lowest median wages. The median wage in accommodation and food services hovered around $12.75 last year. In January, the year-over-year increase in the median wage for this sector was more than 14% to $14. The agriculture industry saw a substantial increase in the median wage as well, increasing by 9% from $16.50 to $18 between January 2017 and January 2018. As provinces across the country have been increasing the minimum wage and some are implementing plans to move to $15 an hour, the median wages in these two industries are important indicators to keep an eye on.

This is exactly what a higher minimum wage is designed to accomplish: lifting the floor for workers who are experiencing extremely low-wage work.

——

Canada's labour market has been on a positive trend for the past 12 months. The unemployment rate is relatively low, wages have grown, hours worked has increased and the economy has seen an employment increase of 1.6% and traded part-time jobs for full-time jobs.


Last week's jobs numbers, though certainly alarming on the surface, do not provide enough information to say whether or not the trend has been bucked or if the numbers are just the same continuation of volatility that is always present in the labour force survey.




[1] See last week's post from Sheila Block and David MacDonald for more information on the changes in Ontario's labour market.

[2] See Ian Hussey's recent work outlining the effects of the minimum wage increases in Alberta in the Globe and Mail for more information on Alberta's experience with raising the minimum wage.

**Kaylie is an economist working in the research department at Unifor. Follow her on Twitter @KaylieTiessen.**





ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

# ਪੰਜਾਬੀ ਗੀਤਾਂ 'ਚ ਲੱਚਰਤਾ, ਹਿੰਸਾ, ਨਸ਼ਿਆਂ, ਨਸਲਵਾਦ, ਗੈਂਗਵਾਦ ਆਦਿ ਸ਼ਬਦਾਵਲੀ ਦੀਆਂ ਕੁਝ ਝਲਕੀਆਂ






-ਦੁੱਕੀ ਤਿੱਕੀ ਠੋਕ ਠੋਕ ਰੱਖਦਾ, ਜੱਟ ਡੇਂਜਰ ਤੇ ਨਾਮ-ਲੇਵਾ ਸ਼ੌਕ ਰੱਖਦਾ, ਡੱਬ ਵਿੱਚ ਭਰ ਕੇ ਗਲੌਕ (ਅਮਰੀਕਨ ਪਿਸਟਲ) ਰੱਖਦਾ।
-ਤੇਰੇ। ਯਾਰ ਨੇ ਰਸ਼ੀਆ ਦੇ ਰੱਖੇ ਹਥਿਆਰ ਸੋਹਣੀਏ। ਹਿੱਕ ਵਿੱਚੋਂ ਕੱਢਣੇ ਦਾ ਗੋਲੀ ਪੂਰਾ ਸ਼ੌਕ ਨੀ। ਭਰਿਆ (ਲਾਸ਼ਾਂ ਨਾਲ) ਨੀ ਰਹਿਣਾ ਤੇਰੇ ਪਿੰਡ ਆਲਾ ਚੌਕ ਨੀ। ਮੈਥੋਂ ਕੰਬਦੀ ਇਹ ਪੂਰੀ ਸਰਕਾਰ ਸੋਹਣੀਏ ਨੀ। ਰਸ਼ੀਆ ਦੇ ਰੱਖੇ ਹਥਿਆਰ ਸੋਹਣੀਏ।

-ਲੋਕੀਂ ਕਹਿੰਦੇ ਤੇਰੇਂ ਵੱਚ ਮੈਂ ਬੋਲਦਾ। ਮੇਰੇ ਵਿੱਚ ਬੋਲੇ ਬਿਲੋ ਬੱਤੀ ਬੋਰ ਦਾ।

-ਗੇੜਾ ਤੇਰੇ ਪਿੰਡ ਵੱਜੂ ਨਿੱਤ ਕਾਲੀ ਥਾਰ ਦਾ। ਮੇਰਾ ਕਿਸੇ ਨਾ ਕਿਸੇ ਨੇ ਰਾਹ ਰੋਕ ਲੈਣਾ ਏ, ਫਿਰ ਨਾ ਕਹੀਂ ਬੰਦਾ ਮਾਰ ਹੋ ਗਿਆ।
-ਚੰਡੀਗੜ੍ਹ 'ਚ ਕੁੜੀ ਚਾਕਲੇਟ ਵਰਗੀ, ਚੌਥਾ ਪੈਗ ਲਾ ਕੇ ਉਹਦੀ ਬਾਂਹ ਫੜਨੀ।

-ਤੇਰੇ ਡੌਨ ਜੱਟਾਂ ਦੀ ਚੜਾਈ ਐ, ਇੱਕ ਚਿੱਟੀ ਬੈਂਟਲੇ (5 ਕਰੋੜ ਦੀ ਕਾਰ) ਕਢਾਈ ਆ। ਬੁਲਟ ਪਰੂਫ ਹਿੱਕਾਂ ਪਾੜਦੀ ਗਲੌਕ (ਅਮਰੀਕਨ ਪਿਸਟਲ) ਦੀ ਦਾ ਮੁੰਡਾ ਤਾਂ ਸ਼ੌਕੀਨ ਆ।
-ਮੁੰਡਾ ਮਿੱਤਰਾਂ ਦਾ ਗੈਂਗਸਟਰ ਸੀਨ ਐ, ਮੁੰਡਾ ਜੱਟ ਤੇ ਤੂੰ ਜੱਟ ਦੀ ਕੁਈਨ ਐਂ।
-ਜਗਾ ਤੇਰੀ, ਟੈਮ ਤੇਰਾ, ਡਾਂਗ ਮੇਰੀ। ਵਹਿਮ ਤੇਰਾ, ਰਹੀਂ ਖੜਾ, ਕੱਢੂ ਜੱਟ ਆਣ ਕੇ।
-ਜੇਲਾਂ ਵਿੱਚੋਂ ਫ਼ੋਨ ਆਉਣਗੇ, ਤੂੰ ਪਰਖੀਂ ਨਾ ਪਹੁੰਚ ਜੱਟ ਦੀ।
-ਜੱਟ ਨੇ ਕੀਤਾ ਸਦਾ ਸ਼ੇਰਾਂ ਦਾ ਸ਼ਿਕਾਰ ਆ, ਜੱਟ ਰੱਖਦਾ ਬੰਬ ਜਿਹੀ ਨਾਰ ਐ ਤੇ ਸਾਡੇ ਪਟਾਕੇ ਜਿਹੇ ਯਾਰ ਆ।
-ਮੁੱਛਾਂ ਖੁੰਡੀਆਂ ਕਰਾਈਆਂ ਤੇਰੇ ਕਰਕੇ, ਕਰੀ ਕੋਰਟਾਂ 'ਚ ਚੱਲਦੇ ਨੇ ਪਰਚੇ, ਕੁੜੀਆਂ ਦੇ ਦਿਲ ਵਿੱਚ ਠਾਹ ਵੱਜਦਾ, ਮੁੰਡਾ ਯੂ.ਪੀ. ਦੇ ਨਾਜਾਇਜ਼ ਹਥਿਆਰ ਵਰਗਾ।
-ਦੇਖਾਂਗੇ ਹੁਸਨ ਤੇਰਾ ਕੀ ਕਰੂਗਾ, ਪਹਿਲੇ ਤੋੜ ਦੀ ਸ਼ਰਾਬ ਵਾਂਗੂੰ ਨਿਕਲੀ ਦਾ। ਤਿੰਨ ਚਾਰ ਮੁੰਡੇ ਜੇ ਹਲਾਕ ਕੀਤੇ ਨਾ, ਫ਼ੈਦਾ ਕੀ ਪਲਾਜੋ (ਸੂਟ ਦਾ ਸਟਾਈਲ) ਪਾ ਕੇ ਨਿੱਕਲੀ ਦਾ।
-ਹੁੰਦੇ ਨੇ ਜੁਗਾੜੀ ਬੜੇ ਜੱਟ ਬੱਲੀਏ, ਲੈਂਦੇ ਨੇ ਜੁਗਾੜ ਲਾ ਕੇ ਪੱਟ ਬੱਲੀਏ।

-ਜੀਨੇ ਚੁੱਕਣਾ ਕਿਸੇ ਨੂੰ, ਉਹ ਵਰੰਟ ਨਹੀਂ ਲੈਂਦੇ। ਜੀਨੇ ਉਧੇੜ ਨੀਆਂ ਹਿੱਕਾਂ, ਉਹ ਲਸੰਸ ਨਹੀਂ ਲੈਂਦੇ।

-ਠਾਣੇ ਵਿੱਚ ਡੇਰਾ ਜੱਟ ਦਾ, ਕਿਤੇ ਮਿਲ ਜੀਂ ਸੋਹਣੀਏ ਆ ਕੇ।

-ਪਾਊ ਜੈਟੀਚੂਡ ਦੇ ਖਿਲਾਰੇ ਜੱਟੀਏ, ਜੱਟੀ ਵੱਚ ਜਦੋਂ ਜੱਟਵਾਦ ਆ ਗਿਆ।

-ਪਿੰਡੋਂ ਸਰਪੰਚ ਉਹਨੂੰ ਮੂਹਰੋਂ ਮੱਥਾ ਟੇਕੇ, ਠੋਕਣ ਲੱਗਾ ਜਿਹੜਾ ਨਾ ਅੱਗਾ ਪਿੱਛਾ ਦੇਖੇ।

-ਠਾਹਰਵੇਂ 'ਚ ਮੁੰਡਾ ਬਦਨਾਮ ਹੋ ਗਿਆ। ਚੋਰੀ ਦੀ ਬੰਦੂਕ ਉਨੇ ਮੁੱਲ ਲੈ ਲਈ, ਦਾਦੇ ਆਲਾ ਅਸਲਾ ਲੁਕੋ ਕੇ ਪਾ ਲਿਆ। ਯਾਰ ਦੇ ਵਿਆਹ 'ਚ ਡੀਕ ਲਾ ਗਿਆ, ਖ਼ੂਨ ਡੀ ਜੇ ਦੀ ਫਲੋਰ ਉਤੇ ਖਿਲਰੇ। ਠਾਹਰਵੇਂ 'ਚ ਮੁੰਡਾ ਬਦਨਾਮ ਹੋ ਗਿਆ।

-ਸਾਡੀ ਖੁੱਲ੍ਹੀ ਆ ਜ਼ਮੀਨ, ਉੱਤੋਂ ਤੱਤੀ ਆ ਤਸੀਰ ਜੱਟ ਦੀ, ਤੂੰ ਬਚ ਕੇ ਰਹੀਂ ਸੋਹਣੀਏ।

-ਵੈਲੀਆਂ ਦੀ ਅੱਖ ਅੱਜ ਲਾਲ ਐ, ਜੇ ਬੰਦਾ ਬੁੰਦਾ ਮਾਰਨਾ ਤਾਂ ਦੱਸ ਨੀ।

ਮਿੱਤਰਾਂ ਨੂੰ ਸ਼ੌਕ ਗੋਲ਼ੀਆਂ ਚਲਾਉਣ ਦਾ।

• • •

## ਸਾਡੇ ਦੇਸੀ ਲੀਡਰਾਂ ਦਾ ਕਿਰਦਾਰ

ਜਦੋਂ ਅਸੀਂ ਬਾਹਰ ਕਮਿਉਨਿਟੀ ਦੇ ਕਿਸੇ ਛੋਟੇ ਤੋਂ ਵੱਡੇ ਫੰਕਸ਼ਨ ਤੇ ਜਾਂਦੇ ਹਾਂ, ਕਿਸੇ ਪਰਿਵਾਰ ਦੇ ਨਿੱਜੀ ਪ੍ਰੋਗਰਾਮ ਤੇ ਜਾਂਦੇ ਹਾਂ, ਕਿਸੇ ਦੇ ਵਿਆਹ ਜਾਂ ਫਿਊਨਰਲ ਤੇ ਜਾਂਦੇ ਹਾਂ, ਗਾਇਕਾਂ ਦੇ ਕਿਸੇ ਸ਼ੋਅ ਤੇ ਜਾਂਦੇ ਹਾਂ, ਕਿਸੇ ਸਪੋਰਟਸ ਟੂਰਨਾਮੈਂਟ ਤੇ ਜਾਂਦੇ ਹਾਂ ਜਾਂ ਕਿਸੇ ਵੀ ਤਰ੍ਹਾਂ ਦੇ ਸਮਾਜਿਕ, ਧਾਰਮਿਕ, ਰਾਜਨੀਤਕ, ਸਾਹਿਤਕ, ਸਭਿਆਚਾਰਕ, ਸਪੋਰਟਸ ਆਦਿ ਕਹਿਣ ਤੋਂ ਭਾਵ ਕੋਈ ਜਗ੍ਹਾ ਤੁਹਾਨੂੰ ਨਹੀਂ ਮਿਲੇਗੀ, ਜਿਥੇ ਸਾਡੇ ਦੇਸੀ ਲੀਡਰ ਮੂਹਰਲੀ ਕਤਾਰ ਵਿੱਚ ਨਾ ਬੈਠੇ ਮਿਲਣ ਜਾਂ ਸਟੇਜ ਤੇ ਬੋਲਦੇ ਨਾ ਮਿਲਣ ਜਾਂ ਕਿਸੇ ਨੂੰ ਸਨਮਾਨ ਕਰਦੇ ਜਾਂ ਸਨਮਾਨ ਹੁੰਦੇ ਨਾ ਮਿਲਣ। ਇਸ ਤੋਂ ਦੇਖਣ ਨੂੰ ਪ੍ਰਭਾਵ ਇਹੀ ਮਿਲਦਾ ਹੈ ਕਿ ਇਨ੍ਹਾਂ ਨੂੰ ਸਾਡੇ ਹਰ ਤਰ੍ਹਾਂ ਦੇ ਦੁੱਖ-ਸੁੱਖ ਦਾ ਅਹਿਸਾਸ ਹੈ, ਜੀਵਨ ਦੇ ਹਰ ਮੋੜ ਤੇ ਇਹ ਸਾਡੇ ਨਾਲ ਹਨ, ਸਾਡੀ ਕੇਅਰ ਕਰਦੇ ਹਨ, ਸਭ ਜਗ੍ਹਾ ਸਾਡੇ ਨਾਲ ਖੜੇ ਹਨ। ਪਰ ਅਸਲੀਅਤ ਇਸਦੇ ਬਿਲਕੁਲ ਉਲਟ ਹੈ। ਤੁਹਾਡੇ ਨਿੱਜੀ ਮਸਲਿਆਂ ਤੋਂ ਲੈ ਕੇ ਕਮਿਉਨਿਟੀ ਦੇ ਹਰ ਮਸਲੇ ਤੇ ਇਹ ਪੱਖਪਾਤੀ ਹੁੰਦੇ ਹਨ। ਹਰ ਜਗ੍ਹਾ ਇਹ ਆਪਣੇ ਕੁਝ ਕੁ ਚਾਪਲੂਸਾਂ ਦੇ ਹੀ ਕੰਮ ਆਉਂਦੇ ਹਨ। ਹਰ ਜਗ੍ਹਾ ਇਹ ਆਪਣੀ ਵੋਟ ਰਾਜਨੀਤੀ ਤੇ ਕਮਿਉਨਿਟੀ ਦੇ ਵੱਖ-ਵੱਖ ਧੜਿਆਂ ਜਾਂ ਗਰੁੱਪਾਂ ਦੀ ਅੰਦਰੂਨੀ ਰਾਜਨੀਤੀ ਅਨੁਸਾਰ ਚੱਲਦੇ ਹਨ। ਜੇ ਤੁਸੀਂ ਇਨ੍ਹਾਂ ਨੂੰ ਕਿਸੇ ਪ੍ਰੋਗਰਾਮ ਦੀ ਮੂਹਰਲੀ ਕਤਾਰ ਵਿੱਚ ਬਿਠਾਉਣਾ ਹੈ, ਕੋਈ ਉਦਘਾਟਨ ਕਰਾਉਣਾ ਹੈ, ਇਨ੍ਹਾਂ ਤੋਂ ਸਨਮਾਨ ਦਿਵਾਉਣੇ ਹਨ ਜਾਂ ਜਿਨ੍ਹਾਂ ਨੂੰ ਸਨਮਾਨਿਤ ਕਰਨਾ ਹੈ ਤਾਂ ਇਹ ਸੱਤੇ ਦਿਨ ਚੌਵੀ ਘੰਟੇ ਹਾਜ਼ਰ ਹਨ। ਪਰ ਜਦੋਂ ਕੋਈ ਕਮਿਉਨਿਟੀ ਦਾ ਸਾਂਝਾ ਮਸਲਾ ਹੈ, ਕੋਈ ਸਮੱਸਿਆ ਹੈ, ਇਹ ਕਦੇ ਤੁਹਾਡੇ ਨਾਲ ਨਹੀਂ ਖੜਣਗੇ, ਇਨ੍ਹਾਂ ਕੋਲੋਂ ਕਿਸੇ ਮਸਲੇ ਦੇ ਹੱਕ ਜਾਂ ਵਿਰੋਧ ਵਿੱਚ ਕਦੇ ਦੋ ਸ਼ਬਦ ਮੂੰਹੋਂ ਨਹੀਂ ਨਿਕਲਦੇ। ਮੈਂ ਕਦੇ ਨਹੀਂ ਦੇਖਿਆ ਕਿ ਕਿਸੇ ਦੇਸੀ ਲੀਡਰ ਨੇ ਕਮਿਉਨਿਟੀ ਦਾ ਕੋਈ ਸਾਂਝਾ ਮਸਲਾ ਉਠਾਇਆ ਹੋਵੇ। ਕਿਸੇ ਮਸਲੇ ਤੇ ਮੋਰਚਾ ਲਾਇਆ ਹੋਵੇ। ਜੇ ਕਿਸੇ ਮਸਲੇ ਤੇ ਤੁਸੀਂ ਇਨ੍ਹਾਂ ਨੂੰ ਹੱਕ ਜਾਂ ਵਿਰੋਧ ਵਿੱਚ ਆਉਣ ਲਈ ਕਹੋ ਤਾਂ ਸ਼ਿੱਦ ਹੀ ਕਦੇ ਬੋਲਣਗੇ ਜਾਂ ਖੜਣਗੇ, ਉਹ ਵੀ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਤੋਂ ਬਾਅਦ। ਜੇ ਕਦੇ ਗਲਤੀ ਨਾਲ ਤੁਹਾਡੇ ਕਿਸੇ ਕੰਮ ਆ ਹੀ ਜਾਣ, ਭਾਵੇਂ ਕਿ ਉਹ ਕੰਮ ਇਨ੍ਹਾਂ ਦੀ ਜੌਬ ਦਾ ਹੀ ਹਿੱਸਾ ਹੋਵੇ ਤਾਂ ਚਾਹੁਣਗੇ ਕਿ ਹੁਣ ਸਾਰੀ ਉਮਰ ਤੁਸੀਂ ਪਰਿਵਾਰ ਤੇ ਦੋਸਤਾਂ ਮਿੱਤਰਾਂ ਸਮੇਤ ਉਨ੍ਹਾਂ ਦੇ ਪੱਕੇ ਵੋਟਰ ਤੇ ਸਪੋਟਰ ਬਣੇ ਰਹੋ।

ਅੱਜ ਸਾਡੀ ਕਮਿਉਨਿਟੀ ਨੂੰ ਅਨੇਕਾਂ ਅੰਦਰੂਨੀ ਤੇ ਬਾਹਰੀ ਮਸਲੇ ਦਰਪੇਸ਼ ਹਨ। ਪਰ ਇਹ ਕਿਸੇ ਮਸਲੇ ਤੇ ਕਦੇ ਗੱਲ ਨਹੀਂ ਕਰਦੇ। ਤਕਰੀਬਨ ਸਾਰੇ ਕਨੇਡਾ ਵਿੱਚ ਸਾਡੇ ਆਪਣੇ ਦੇਸੀ ਬਿਜਨੈਸਮੈਨਾਂ ਵੱਲੋਂ ਆਪਣੇ ਪੰਜਾਬੀ ਨਵੇਂ ਇਮੀਗਰੈਂਟਸ, ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ੇ ਤੇ ਆਉਂਦੇ ਵਿਅਕਤੀਆਂ ਦੀ ਬੁਰੀ ਤਰ੍ਹਾਂ ਲੁੱਟ ਕੀਤੀ ਜਾ ਰਹੀ ਹੈ। ਮਿਨੀਮਮ ਵੇਜ ਤੋਂ ਅੱਧੀ ਪੇਅ ਤੇ ਕੰਮ ਕਰਾਇਆ ਜਾਂਦਾ ਹੈ। ਇਥੇ ਹੀ ਬੱਸ ਨਹੀਂ, 12-12 ਘੰਟੇ ਕੰਮ ਕਰਾ ਕੇ ਓਵਰ ਟਾਈਮ ਤਾਂ ਕੀ ਦੇਣਾ, ਮਿਨੀਮਮ ਵੇਜ ਵੀ ਨਹੀਂ ਦਿੱਤੀ ਜਾਂਦੀ। ਲੋਕਾਂ ਦਾ ਖ਼ੂਨ ਚੂਸ ਕੇ ਇਹੀ ਬਿਜਨੈਸਮੈਨ ਲੰਗਰ ਲਾਉਂਦੇ ਹਨ, ਟੂਰਨਾਮੈਂਟਾਂ ਜਾਂ ਸ਼ੋਆਂ ਨੂੰ ਸਪੌਂਸਰ ਕਰਦੇ ਹਨ।

# 500 plus people join protest demanding end to manual scavenging and arrest of guilty officials

College students, activists, BBMP Contract workers, BWSSB contract workers and others join protest



70 plus people have been killed due to Manual Scavenging in the last 10 years (list attached). This inhuman practice has not just been banned but made illegal several years ago , there are several High Court and Supreme Court judgements about the same, but still this practice continues. We have submitted several memorandums to the government but there has been no action, hence we had no option but to protest.

People started pouring into town hall from 11am in the morning for the protest. The gathering at town hall was addressed by Dr.Akhila Vasan of the Karnataka Janoragya Chaluvali, Mr.Purushottam Das of the Canara Bank SC/ST employees union, Sebastain Devaraj of Karnataka Garment Workers Union, Prof Nagagere Ramesh of Peoples Democratic Forum, Prof Mangaluru Vijaya of National Alliance of Peoples Movements, Abhisek a student of St.Josephs college.

Addressing the gathering, Nirmala , Gen Secy of BBMP Guttige Powrakarmikara Sanghtane said this protest is a fight for dignity. Why is it that society makes only Dalits clean others excreta, as a society we all have to reflect on this she said. She also said that the caste system is the root of Manual Scavenging and that we need to eradicate caste to end manual scavenging. Sathish of the BWSSB Contract Workers union spoke of how they are forced to clean excreta manually in the 37 STPs set up by BWSSB. He said that although a complaint about the same has been lodged with the Safai Karmachari Commission and they have recommended action, the government is yet to act. State secretary of the CPI(Marxist-Leninist) , Clifton D'Rozario said that the government has been very lax about identifying and rehabilitating manual scavengers. He also alleged that the police department is complicit in this issue since they show a great reluctance to book these cases as culpable homicide and book these incidents as just negligence. He also said that a country which has developed technology to send satellites to the moon and Mars has failed to develop a technology to clean sewers, manholes and septic tanks without human involvement and that its shameful. S. Balan, State President of the All India Central Council of Trade Unions said that the Chief Minister is happy to wear a 70 lakh Hublot watch and is lax about doing anything to stop the 70plus murders of those martyred in manual scavenging. He said that these deaths have happened during the reign of Yeddyurappa and Kumaraswamy too and they have also been lax about the issue. He said that none of the three main political parties have any intent in addressing this issue and said none have taken concrete steps to stop this practice.

Later, a delegation of those gathered met LK Atheeq, principal secretary to the Chief Minister in Vidhan Soudha. He gave a patient hearing and asked us what concrete steps need to be taken, here is what we demanded -

1) Appropriate budget allocation by both the Centre and State governments to rehabilitate all those engaged in manual scavenging

2) Register cases under 304 II, IPC against BWSSB, KUWS&DB engineers, apartment management, manhole cleaning contractors, and others who force workers to perform manual scavenging. Arrest them forthwith!

3) Pay compensation of Rs. 50 lakhs to the family of the deceased and provide decent, dignified jobs to them. Do not treat family as replacement for the deceased people who were performing manual scavenging.

4) Constitute a committee consisting of BBMP/UDD/DMA and Trade unions working with the manual scavengers to formulate rules, regulations, guidelines to end practice of manual scavenging.

5) Ensure toilets built under Swacch Bharath do not cause more manual scavenging

6) Ensure that none of the BWSSB STPs are cleaned through manual scavenging.


He promised to call for a inter-departmental meeting within 2 weeks to address the issue.

Based on this assurance the protest was called off, after deciding that in two weeks if the meeting is not called, the protest will resume.

For more information, please call 9880595032, 9448135832, 9686757053

# ਡਾਰਵਿਨ ਦਾ ਵਿਕਾਸ ਸਿਧਾਂਤ ਤੇ ਵਿਗਿਆਨ ਦਾ ਮੋਦੀਕਰਨ

ਡਾ. ਕੁਲਦੀਪ ਸਿੰਘ ਧੀਰ



ਮੈਂ ਨੂੰ ਸੰਵਿਧਾਨ ਦਾ ਬਹੁਤਾ ਪਤਾ ਨਹੀਂ, ਪਰ ਦੋਸਤ ਕਹਿੰਦੇ ਹਨ ਕਿ ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐੱਚ) ਅਨੁਸਾਰ ਸਰਕਾਰ ਦੇਸ਼ ਵਿੱਚ ਵਿਗਿਆਨਕ ਸੋਚ ਦੇ ਪਸਾਰ ਲਈ ਵਚਨਬੱਧ ਹੈ। ਇਸ ਵਚਨਬੱਧਤਾ ਨਾਲ ਮਜ਼ਾਕ ਅੱਜਕੱਲ੍ਹ ਆਮ ਹੋ ਰਿਹਾ ਹੈ। 68ਵੇਂ ਗਣਤੰਤਰ ਦਿਵਸ ਤੋਂ ਇੱਕ ਹਫ਼ਤਾ ਪਹਿਲਾਂ 19 ਜਨਵਰੀ 2018 ਨੂੰ ਔਰੰਗਾਬਾਦ (ਮਹਾਂਰਾਸ਼ਟਰ) ਵਿੱਚ ਦੇਸ਼ ਦੇ ਮਨੁੱਖੀ ਸਰੋਤ ਵਿਕਾਸ ਰਾਜ ਮੰਤਰੀ ਸਤਿਆਪਾਲ ਸਿੰਘ ਨੇ ਆਲ ਇੰਡੀਆ ਵੈਦਿਕ ਸੰਮੇਲਨ ਵਿੱਚ ਦੇਸ਼ ਤੇ ਦੁਨੀਆਂ ਨੂੰ ਇਹ ਕਹਿ ਕੇ ਚੌਂਕਾ ਦਿੱਤਾ ਕਿ ਡਾਰਵਿਨ ਦਾ ਵਿਕਾਸ ਸਿਧਾਂਤ ਗ਼ਲਤ ਹੈ। ਸਾਡੇ ਕਿਸੇ ਵੇਦ ਪੁਰਾਣ, ਧਾਰਮਿਕ ਗ੍ਰੰਥ ਵਿੱਚ ਮਨੁੱਖ ਦੇ ਬਾਂਦਰ/ਲੰਗੂਰ (ਏਪ) ਤੋਂ ਵਿਕਸਿਤ ਹੋਣ ਦਾ ਜ਼ਿਕਰ ਨਹੀਂ। ਸਾਡੇ ਕਿਸੇ ਵੱਡੇ-ਵਡੇਰੇ/ ਨਾਨੀ/ ਦਾਦੀ ਨੇ ਸਾਨੂੰ ਇਸ ਬਾਰੇ ਕਦੇ ਨਹੀਂ ਦੱਸਿਆ। ਕਿਸੇ ਨੇ ਵੀ ਲੰਗੂਰ/ਬਾਂਦਰ ਦੇ ਘਰ ਬੰਦਾ ਪੈਦਾ ਹੁੰਦਾ ਨਹੀਂ ਵੇਖਿਆ। ਕਿਸੇ ਨੇ ਲੰਗੂਰ ਨੂੰ ਬੰਦਾ ਬਣਦੇ ਨਹੀਂ ਵੇਖਿਆ। ਇਸ ਗ਼ਲਤ ਸਿਧਾਂਤ ਦਾ ਸਕੂਲਾਂ/ਕਾਲਜਾਂ ਤੇ ਪਾਠ ਪੁਸਤਕਾਂ ਰਾਹੀਂ ਅਧਿਆਪਨ ਬੰਦ ਹੋਣਾ ਚਾਹੀਦਾ ਹੈ।

ਬੜੇ 'ਸੂਝਵਾਨ' ਹਨ ਇਹ ਮੰਤਰੀ ਜੀ। ਉਨ੍ਹਾਂ ਦਾ ਖ਼ੂਬ ਵਿਰੋਧ ਹੋ ਰਿਹਾ ਹੈ, ਪਰ ਸਰਕਾਰ ਨੂੰ ਕੀ ਪ੍ਰਵਾਹ। ਪ੍ਰਧਾਨ ਮੰਤਰੀ ਆਪ ਦੋ ਸਾਲ ਪਹਿਲਾਂ ਮੁੰਬਈ ਦੀ ਇੰਡੀਅਨ ਸਾਇੰਸ ਕਾਂਗਰਸ ਵਿੱਚ ਬਾਹਾਂ ਉਲਾਰ ਕੇ ਕਹਿ ਚੁੱਕੇ ਹਨ ਕਿ 'ਪ੍ਰਾਚੀਨ ਭਾਰਤ ਵਿੱਚ ਪਲਾਸਟਿਕ ਸਰਜਰੀ ਇੰਨੀ ਵਿਕਸਿਤ ਸੀ ਕਿ ਅਸੀਂ ਸਿਰ ਟਰਾਂਸਪਲਾਂਟ ਕਰ ਲੈਂਦੇ ਸਾਂ।' ਇਸ਼ਾਰਾ ਉਹ ਗਣੇਸ਼ ਭਗਵਾਨ ਵੱਲ ਕਰ ਰਹੇ ਸਨ। "ਅਸੀਂ ਕਲੋਨਿੰਗ ਨਾਲ ਸੌ ਬੰਦੇ ਪੈਦਾ ਕਰ ਲੈਂਦੇ ਸਾਂ।" ਇਸ਼ਾਰਾ ਸੌ ਕੌਰਵ ਪੁੱਤਰਾਂ ਵੱਲ ਸੀ। "ਅਸੀਂ ਭਾਂਤ ਭਾਂਤ ਦੇ ਜਹਾਜ਼, ਰਾਕੇਟ ਤੇ ਬੰਬ ਬਣਾ ਲੈਂਦੇ ਸਾਂ।" ਇਸ਼ਾਰਾ ਪੌਰਾਣਿਕ ਅਗਨ ਬਾਣਾਂ ਤੇ ਪੁਸ਼ਪਕ ਵਿਮਾਨਾਂ ਵੱਲ ਸੀ। ਰਾਸ਼ਟਰੀ/ ਅੰਤਰਰਾਸ਼ਟਰੀ ਪੱਧਰ ਉੱਤੇ ਦੇਸ਼ ਦੇ ਗੌਰਵ ਨਾਲ ਇਹ ਮਜ਼ਾਕ ਨਹੀਂ, ਤਾਂ ਹੋਰ ਕੀ ਸੀ। ਪਿੱਛੇ ਜਿਹੇ ਉਨ੍ਹਾਂ ਦੇ ਇੱਕ ਹੋਰ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਨਿਊਟਨ ਦੇ ਗੁਰੂਤਾ ਸਿਧਾਂਤ ਦੀ ਖੋਜ ਉਸ ਤੋਂ ਕਿਤੇ ਪਹਿਲਾਂ ਭਾਰਤੀ ਵਿਗਿਆਨੀ ਕਰ ਚੁੱਕੇ ਸਨ।

ਵਿਗਿਆਨ ਹਰਫ਼-ਏ-ਆਖ਼ਿਰ ਦਾ ਦਾਅਵਾ ਨਹੀਂ ਕਰਦਾ। ਨਵੀਂ ਖੋਜ ਵਿਗਿਆਨਕ ਲੱਭਤਾਂ/ ਸਿਧਾਂਤਾਂ ਨੂੰ ਰੱਦ ਕਰ ਸਕਦੀ ਹੈ, ਸੋਧ ਸਕਦੀ ਹੈ। ਇਨ੍ਹਾਂ ਦੀ 'ਮੌਡੀਫਿਕੇਸ਼ਨ' (ਸੁਧਾਈ) ਕਰ ਸਕਦੀ ਹੈ। ਕੇਂਦਰੀ ਮੰਤਰੀ ਵਿਗਿਆਨਕ ਸਿਧਾਂਤਾਂ ਦੀ ਖੋਜ ਤੇ ਦਲੀਲ ਨਾਲ 'ਮੌਡੀਫਿਕੇਸ਼ਨ' ਜੀਅ ਸਕਦੇ ਕਰਨ, ਪਰ ਇਨ੍ਹਾਂ ਦੀ ਮੋਦੀਫਿਕੇਸ਼ਨ ਕਰਕੇ ਭਾਰਤੀ ਪ੍ਰਾਪਤੀਆਂ ਦਾ ਮਜ਼ਾਕ ਨਾ ਉਡਾਉਣ। ਅਜਿਹੇ ਬਿਆਨਾਂ ਉਪਰੰਤ ਲੋਕ ਸਾਡੀਆਂ ਵਾਸਤਵਿਕ ਪ੍ਰਾਪਤੀਆਂ ਨੂੰ ਵੀ ਗੰਭੀਰਤਾ ਨਾਲ ਨਹੀਂ ਲੈਣਗੇ।

ਕੇਂਦਰੀ ਮੰਤਰੀ ਦੀ ਗੱਲ ਮੰਨੀਏ ਤਾਂ ਨਿਊਟਨ ਦੇ ਨੇਮ ਵੀ ਗ਼ਲਤ ਹਨ ਕਿਉਂ ਜੋ ਇਨ੍ਹਾਂ ਦਾ ਜ਼ਿਕਰ ਵੇਦਾਂ ਵਿੱਚ ਨਹੀਂ। ਆਇੰਸਟਾਈਨ ਦੇ ਸਾਪੇਖਤਾ ਸਿਧਾਂਤ ਤੇ ਕੁਆਂਟਮ ਥਿਊਰੀ ਗ਼ਲਤ ਹਨ। ਇਨ੍ਹਾਂ ਬਾਰੇ ਸਾਡੇ ਵੱਡੇ-ਵਡੇਰਿਆਂ ਨੇ ਸਾਨੂੰ ਕਦੇ ਦੱਸਿਆ ਨਹੀਂ ਸੀ। ਚੰਨ/ ਮੰਗਲ ਜਾਂ ਪੁਲਾੜ ਵਿੱਚ ਕਿਸੇ ਗ੍ਰਹਿ ਉੱਤੇ ਪਾਣੀ/ਮਨੁੱਖ ਨਹੀਂ ਹੋ ਸਕਦੇ। ਹੁੰਦੇ ਤਾਂ ਉਹ ਹੇਠਾਂ ਡਿੱਗਦੇ ਸਾਨੂੰ ਕਦੋਂ ਦੇ ਦਿਸ ਜਾਂਦੇ। ਕੀ ਕਹੀਏ? 'ਸਰੇ ਤਸਲੀਮ ਖ਼ਮ ਹੈ ਜੋ ਮਜ਼ਾਜੇ ਯਾਰ ਮੇਂ ਆਏ।' ਵਿਚਾਰੇ ਡਾਰਵਿਨ ਨਾਲ ਇੰਨੀ ਮਾੜੀ ਸ਼ਾਇਦ ਹੀ ਕਦੇ ਹੋਈ ਹੋਵੇ। ਚਲੋ ਉਸ ਬਾਰੇ ਵੀ ਆਮ ਭਾਰਤੀਆਂ ਨੂੰ ਕੁਝ ਦੱਸ ਦੇਈਏ ਜਿਸ ਨੂੰ ਲੈ ਕੇ ਇਹ ਬਿਆਨ ਦੇਣ ਦਾ ਕਸ਼ਟ ਕੇਂਦਰੀ ਮੰਤਰੀ ਨੇ ਕੀਤਾ ਹੈ।

ਡਾਰਵਿਨ 12 ਫਰਵਰੀ 1809 ਨੂੰ ਇੰਗਲੈਂਡ ਵਿੱਚ ਉਸੇ ਦਿਨ ਜੰਮਿਆ ਜਿਸ ਦਿਨ ਅਮਰੀਕਾ ਵਿੱਚ ਅਬਰਾਹਮ ਲਿੰਕਨ। ਡਾਰਵਿਨ ਨੇ ਵੱਡੀ ਗੱਲ ਇਹ ਕਹੀ ਕਿ ਮਨੁੱਖ, ਪਸ਼ੂ ਤੋਂ ਵੀ ਹੇਠਲੇ ਪੱਧਰ ਉੱਤੋਂ ਤੁਰ ਕੇ ਇੱਥੇ ਤਕ ਪੁੱਜਾ ਹੈ। ਨਾਨਕੇ ਦਾਦਕੇ ਦੋਵਾਂ ਪਰਿਵਾਰਾਂ ਵੱਲੋਂ ਉਹ ਚੰਗੇ ਨਾਂਅ-ਥਾਂ ਵਾਲਾ ਸੀ। ਦਾਦਾ 18ਵੀਂ ਸਦੀ ਦਾ ਮੰਨਿਆ ਹੋਇਆ ਬੁੱਧੀਜੀਵੀ ਸੀ ਇਰੈਸਮਸ ਡਾਰਵਿਨ। ਨਾਨਾ ਜੋਸੀਆ ਵੈਸਵੁਡ ਚੰਗਾ ਵਪਾਰੀ। ਪਿਤਾ ਨੇ ਡਾਰਵਿਨ ਨੂੰ ਡਾਕਟਰ ਬਣਾਉਣ ਲਈ ਐਡਿਨਬਰਾ ਯੂਨੀਵਰਸਿਟੀ (ਸਕੌਟਲੈਂਡ) ਵਿੱਚ ਦਾਖਲ ਕਰਾਇਆ। ਉੱਥੇ ਉਸ ਦਾ ਦਿਲ ਨਾ ਲੱਗਾ। ਛੱਡ ਕੇ ਧਾਰਮਿਕ ਵਿੱਦਿਆ ਲਈ ਕੈਂਬਰਿਜ ਪਹੁੰਚ ਗਿਆ ਤਾਂ ਕਿ ਸਿਖਲਾਈ ਲੈ ਕੇ ਚਰਚ ਦੀ ਸੇਵਾ ਕਰੇ। ਕੈਂਬਰਿਜ ਵਿੱਚ ਵਿਗਿਆਨੀਆਂ ਦੇ ਸੰਪਰਕ ਵਿੱਚ ਆਇਆ ਤਾਂ ਉਸ ਦਾ ਮਨ ਵਿਗਿਆਨ ਵੱਲ ਮੁੜ ਗਿਆ। ਬਾਟਨੀ ਦੇ ਪ੍ਰੋਫ਼ੈਸਰ ਜੌਹਨ ਹੈਂਸਲੋ ਨੇ ਉਸ ਨੂੰ ਐੱਚ.ਐੱਮ.ਐੱਸ. ਬੀਗਲ ਨਾਂ ਦੇ ਸਮੁੰਦਰੀ ਜਹਾਜ਼ ਉੱਤੇ ਬਿਨਾਂ ਤਨਖ਼ਾਹ ਅਪਰੈਂਟਿਸ ਲਵਾ ਦਿੱਤਾ। ਇਸ ਨੇ ਪੰਜ ਸਾਲ ਦੀ ਲੰਬੀ ਯਾਤਰਾ ਵਿੱਚ ਦੂਰ ਦੇਸ਼ਾਂ ਦੇ ਕੀਟ-ਪਤੰਗੇ, ਪੌਦੇ, ਚੱਟਾਨਾਂ, ਮਿੱਟੀ ਆਦਿ ਇਕੱਠੇ ਕਰਨੇ ਸਨ। ਇਸ ਆਸਰੇ ਹੀ ਡਾਰਵਿਨ ਨੇ ਆਪਣਾ ਵਿਕਾਸ ਸਿਧਾਂਤ ਪੇਸ਼ ਕੀਤਾ।

ਉਸ ਨੇ ਜੀਅ-ਜੰਤ ਵਿੱਚ ਨਿਰੰਤਰ ਵਾਪਰੇ ਸੂਖ਼ਮ ਪਰਿਵਰਤਨਾਂ ਨੂੰ ਮੂਟੇਸ਼ਨ ਦੇ ਸੰਕਲਪ ਰਾਹੀਂ ਸਮਝਾਇਆ। ਉਸ ਨੇ ਕਿਹਾ ਕਿ ਵਿਕਾਸ ਦੇ ਹਰ ਪੜਾਅ ਉੱਤੇ ਹਾਲਾਤ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਣ ਵਾਲੀਆਂ ਨਸਲਾਂ ਹੀ ਅੱਗੇ ਤੁਰਦੀਆਂ ਹਨ। ਹਰ ਨਵੀਂ ਪ੍ਰਜਾਤੀ ਵਿੱਚ ਨਵੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਵਾਲੇ ਅੰਗ, ਗੁਣ, ਲੱਛਣ ਉਸ ਦਾ ਮੁਹਾਂਦਰਾ ਨਿਸ਼ਚਿਤ ਕਰਦੇ ਹਨ। ਉਹ ਇਸ ਸਿਧਾਂਤ ਲਈ ਇੱਕ ਪਾਸੇ ਲਾਈਲ ਦੀ ਕਿਤਾਬ 'ਪ੍ਰਿੰਸੀਪਲਜ਼ ਆਫ ਜ਼ਿਆਲੌਜੀ' ਅਤੇ ਦੂਜੇ ਪਾਸੇ ਜੀਵ-ਜੰਤੂਆਂ ਦੇ ਪਥਰਾਟਾਂ ਦੇ ਅਧਿਐਨ ਤੋਂ ਪ੍ਰਭਾਵਿਤ ਹੋਇਆ। ਇਸ ਤੋਂ ਇਲਾਵਾ ਉਹ ਮਾਲਥਸ ਦੇ ਜਨਸੰਖਿਆ ਅਤੇ ਪ੍ਰਕ੍ਰਿਤਕ ਸਾਧਨਾਂ ਦੇ ਪਰਸਪਰ ਰਿਸ਼ਤੇ ਬਾਰੇ ਪੇਸ਼ ਧਾਰਨਾਵਾਂ ਤੋਂ ਵੀ ਪ੍ਰਭਾਵਿਤ ਹੋਇਆ। ਉਸ ਨੇ ਆਪਣਾ ਸਿਧਾਂਤ ਐਵੇਂ ਤਤਫੱਟ ਪੇਸ਼ ਨਹੀਂ ਕੀਤਾ। ਇਸ ਬਾਰੇ ਵੀਹ ਸਾਲ ਸੋਚਿਆ। ਇਸੇ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਸ ਵਰਗੇ ਹੀ ਵਿਚਾਰ ਇੱਕ ਹੋਰ ਵਿਗਿਆਨੀ ਐਲਫਰੈਡ ਰਸਲ ਵੈਲੇਸ ਦੇ ਵੀ ਹਨ। ਡਾਰਵਿਨ ਨੇ ਉਸ ਨਾਲ ਰਾਬਤਾ ਕੀਤਾ। 1858 ਵਿੱਚ ਦੋਵਾਂ ਨੇ ਇਸ ਬਾਰੇ ਸਾਂਝਾ ਐਲਾਨ ਕੀਤਾ। 1859 ਵਿੱਚ ਡਾਰਵਿਨ ਨੇ ਆਪਣਾ ਪਹਿਲਾ ਸਿਧਾਂਤਕ ਗ੍ਰੰਥ 'ਆਨ ਦਿ ਓਰਿਜਿਨ ਆਫ ਸਪੀਸ਼ੀਜ਼ ਬਾਈ ਨੈਚੁਰਲ ਸਿਲੈਕਸ਼ਨ' ਪ੍ਰਕਾਸ਼ਿਤ ਕੀਤਾ।

ਇਸ ਨਾਲ ਤਰਥੱਲੀ ਮਚ ਗਈ। ਸਾਡੇ ਮੰਤਰੀ ਵਾਂਗ ਕਿੰਨੇ ਹੀ ਕਹਿੰਦੇ ਕਹਾਉਂਦੇ ਬੰਦੇ ਇਸ ਦੇ ਵਿਰੋਧ ਵਿੱਚ ਉੱਠ ਖਲੋਤੇ। ਲੰਗੂਰ ਨੂੰ ਮਨੁੱਖ ਦਾ ਵਡੇਰਾ ਮੰਨਣਾ ਸੌਖਾ ਨਹੀਂ ਸੀ। ਉਨ੍ਹਾਂ ਲੰਗੂਰ ਉੱਤੇ ਡਾਰਵਿਨ ਦਾ ਸਿਰ ਲਾ ਕੇ ਕਾਰਟੂਨ ਬਣਾਏ। ਉਸ ਵਿਰੁੱਧ ਜਲੂਸ ਕੱਢੇ। ਇਸੇ ਤੂਫ਼ਾਨ ਦੌਰਾਨ ਕਈ ਵੱਡੇ ਬੰਦੇ ਉਸ ਦੇ ਸਮਰਥਨ ਵਿੱਚ ਵੀ ਅੱਗੇ ਆਏ। ਟੀ.ਐੱਚ. ਹਕਸਲੇ, ਜੇ.ਬੀ.ਐੱਸ. ਹਾਲਡੇਨ, ਸੀਵਾਲ ਰਾਈਟ ਤੇ ਰੋਨਾਲਡ ਫਿਸ਼ਰ ਇਨ੍ਹਾਂ ਵਿੱਚੋਂ ਪ੍ਰਮੁੱਖ ਸਨ। ਤੀਹ ਜੂਨ 1860 ਨੂੰ ਆਕਸਫੋਰਡ ਵਿੱਚ ਇਸ ਸਿਧਾਂਤ ਉੱਤੇ ਬਹਿਸ ਹੋਈ। ਆਰਚਬਿਸ਼ਪ ਵਿਲਬਰਫੋਰਸ, ਡਾਰਵਿਨ ਦਾ ਮਜ਼ਾਕ ਉਡਾਉਂਦਿਆਂ ਹਕਸਲੇ ਨਾ ਤਿੱਖੀ ਨੋਕ ਝੋਕ ਸ਼ੁਰੂ ਕਰ ਬੈਠਾ। ਉਸ ਨੇ ਹਕਸਲੇ ਨੂੰ ਸਵਾਲ ਕੀਤਾ: "ਲੰਗੂਰ ਨਾਲ ਤੁਹਾਡਾ ਰਿਸ਼ਤਾ ਨਾਨਕਿਆਂ ਵੱਲੋਂ ਜਾਂ ਦਾਦਕਿਆਂ ਵੱਲੋਂ?" ਹਕਸਲੇ ਦਾ ਉੱਤਰ ਸੀ: "ਆਕਸਫੋਰਡ ਦੇ ਤੇਰੇ ਜਿਹੇ ਜਾਹਿਲ ਬਿਸ਼ਪ ਦੀ ਔਲਾਦ ਹੋਣ ਨਾਲੋਂ ਤਾਂ ਮੈਂ ਨਾਨਕਿਆਂ ਦਾਦਕਿਆਂ ਦੋਵਾਂ ਵੱਲੋਂ ਹੀ ਲੰਗੂਰ ਦੀ ਨਸਲ ਨਾਲ ਨਾਤਾ ਜੋੜਨਾ ਫ਼ਖਰ ਦੀ ਗੱਲ ਸਮਝਦਾ ਹਾਂ।" ਹਕਸਲੇ ਨੇ ਥਾਂ ਥਾਂ ਡਾਰਵਿਨ ਦੇ ਹੱਕ ਵਿੱਚ ਭਾਸ਼ਣ ਕੀਤੇ।

ਡਾਰਵਿਨ ਤੇ ਵੈਲੇਸ ਦਾ ਰਿਸ਼ਤਾ ਵੀ ਕਮਾਲ ਸੀ। ਇੱਕ ਪਾਸੇ ਡਾਰਵਿਨ ਨੇ ਵਿਕਾਸ ਸਿਧਾਂਤ ਦਾ ਸਿਹਰਾ ਵੈਲੇਸ ਦੇ ਸਿਰ ਬੰਨ੍ਹਣ ਦੀ ਗੱਲ ਕੀਤੀ। ਦੂਜੇ ਪਾਸੇ ਵੈਲੇਸ ਨੇ ਕਿਹਾ ਕਿ ਵਿਕਾਸ ਸਿਧਾਂਤ ਪੂਰੇ ਦਾ ਪੂਰਾ ਡਾਰਵਿਨ ਦੀ ਦੇਣ ਹੈ। ਡਾਰਵਿਨ ਸੁਭਾਅ ਪੱਖੋਂ ਚੁੱਪ ਤੇ ਸ਼ਰਮੀਲਾ ਸੀ। 'ਓਰਿਜਿਨ ਆਫ ਸਪੀਸ਼ੀਜ਼' ਦੇ ਪ੍ਰਕਾਸ਼ਨ ਲਈ ਜੌਹਨ ਮਰੇ ਨਾਲ ਇਕਰਾਰਨਾਮਾ ਹੋ ਗਿਆ। ਡਾਰਵਿਨ ਨੂੰ ਲੱਗਾ ਕਿ ਇਹ ਕਿਤਾਬ ਪ੍ਰਕਾਸ਼ਨ ਲਈ ਘਾਟੇਵੰਦੀ ਰਹੇਗੀ। ਉਸ ਨੇ ਜੌਹਨ ਨੂੰ ਲਿਖਿਆ: 'ਹੁਣ ਤਕ ਤੁਸੀਂ ਮੇਰੀ ਕਿਤਾਬ ਚੰਗੀ ਤਰ੍ਹਾਂ ਫਰੋਲ ਕੇ ਸਮਝ ਲਈ ਹੋਵੇਗੀ। ਜੇ ਤੁਹਾਨੂੰ ਇਹ ਸੌਦਾ ਘਾਟੇਵੰਦਾ ਲੱਗੇ ਤਾਂ ਤੁਸੀਂ ਇਸ ਇਕਰਾਰਨਾਮੇ ਨੂੰ ਜਦੋਂ ਚਾਹੋ ਰੱਦ ਕਰ ਸਕਦੇ ਹੋ।"

ਲੰਗੂਰ ਤੋਂ ਮਨੁੱਖ ਬਣਨ ਵਾਲੀ ਗੱਲ ਸਿੱਧੇ ਰੂਪ ਵਿੱਚ ਡਾਰਵਿਨ ਨੇ 1859 ਵਾਲੀ ਆਪਣੀ ਪਹਿਲੀ ਕਿਤਾਬ ਵਿੱਚ ਨਹੀਂ ਸੀ ਕਹੀ। ਇਹ ਉਸ ਨੇ ਸਪਸ਼ਟ ਰੂਪ ਵਿੱਚ 1871 ਵਿੱਚ ਪ੍ਰਕਾਸ਼ਿਤ ਆਪਣੀ ਦੂਜੀ ਕਿਤਾਬ 'ਡਿਸੈਂਟ ਆਫ ਮੈਨ' ਵਿੱਚ ਕਹੀ ਸੀ। ਉਂਜ, ਉਸ ਦਾ ਵਿਰੋਧ ਉਸ ਦੀ ਮੌਤ ਪਿੱਛੋਂ ਵੀ ਦੇਰ ਤਕ ਹੁੰਦਾ ਰਿਹਾ। ਚਰਚ ਤੇ ਡਾਰਵਿਨ ਦੇ ਉਮਰ ਭਰ ਦੇ ਵਿਰੋਧ ਦੇ ਬਾਵਜੂਦ 1882 ਵਿੱਚ ਉਸ ਦੀ ਮੌਤ ਉਪਰੰਤ ਚਰਚ ਨੇ ਉਸ ਨੂੰ ਵੈਸਟਮਿਨਸਟਰ ਐਬੇ ਵਿੱਚ ਨਿਊਟਨ ਦੀ ਕਬਰ ਨੇੜੇ ਸ਼ਾਹੀ ਸਨਮਾਨਾਂ ਨਾਲ ਦਫ਼ਨਾਉਣ ਦੀ ਆਗਿਆ ਦਿੱਤੀ। 10 ਪੌਂਡ ਦੇ ਬ੍ਰਿਟਿਸ਼ ਨੋਟ ਉੱਤੇ ਡਾਰਵਿਨ ਦੀ ਫੋਟੋ ਛਾਪ ਕੇ ਇੰਗਲੈਂਡ ਉਸ ਨੂੰ ਆਪਣੀ ਅਕੀਦਤ ਕਾਫ਼ੀ ਦੇਰ ਪਹਿਲਾਂ ਭੇਟ ਕਰ ਚੁੱਕਾ ਹੈ।

ਡਾਰਵਿਨ ਆਪ ਇਸ ਵਿਰੋਧ ਤੇ ਮਾਨ-ਸਨਮਾਨ ਦੌਰਾਨ ਨਿਮਰ ਤੇ ਸਹਿਜ ਰਿਹਾ। ਇੱਕ ਵਾਰ ਇੰਗਲੈਂਡ ਦਾ ਪ੍ਰਧਾਨ ਮੰਤਰੀ ਗਲੈਡਸਟੋਨ ਉਸ ਨੂੰ ਮਿਲਣ ਆਇਆ। ਉਹ ਮਿਲ ਕੇ ਗਿਆ ਤਾਂ ਡਾਰਵਿਨ ਨੇ ਦੋਸਤਾਂ ਨੂੰ ਕਿਹਾ, "ਗਲੈਡਸਟਨ ਨੂੰ ਇਹ ਨਹੀਂ ਸੀ ਪਤਾ ਕਿ ਉਹ ਕਿੱਡਾ ਵੱਡਾ ਬੰਦਾ ਹੈ। ਮੇਰੇ ਨਾਲ ਇੰਜ ਗੱਲਾਂ ਕਰਦਾ ਰਿਹਾ ਜਿਵੇਂ ਉਹ ਮੇਰੇ ਜਿਹਾ ਸਾਧਾਰਨ ਬੰਦਾ ਹੋਵੇ।" ਇਹ ਟਿੱਪਣੀ ਜਦੋਂ ਕਿਸੇ ਨੇ ਗਲੈਡਸਟੋਨ ਨੂੰ ਦੱਸੀ ਤਾਂ ਉਸ ਨੇ ਕਿਹਾ, "ਕਮਾਲ ਹੈ, ਮੈਂ ਵੀ ਡਾਰਵਿਨ ਬਾਰੇ ਇਹੀ ਸੋਚ ਰਿਹਾ ਸਾਂ।"

ਡਾਰਵਿਨ ਦਾ ਵਿਰੋਧ ਮਰਨ ਉਪਰੰਤ ਵੀ ਕਰਨ ਵਾਲੇ ਦੇਰ ਤਕ ਸਰਗਰਮ ਰਹੇ। ਅਮਰੀਕਾ ਦੇ ਇੱਕ ਸਕੂਲ ਅਧਿਆਪਕ ਟੌਮਸ ਸਕੋਪਸ ਉੱਤੇ 1925 ਵਿੱਚ ਵਿਕਾਸ ਸਿਧਾਂਤ ਪੜ੍ਹਾਉਣ ਕਾਰਨ ਮੁਕੱਦਮਾ ਠੋਕ ਦਿੱਤਾ ਗਿਆ। ਦੋਸ਼ ਇਹ ਲਾਇਆ ਗਿਆ ਕਿ ਇਹ ਬਾਈਬਲ ਦੇ ਉਲਟ ਹੈ। ਜੱਜਾਂ ਨੇ ਸਕੋਪਸ ਨੂੰ ਇੱਕ ਸੌ ਡਾਲਰ ਜੁਰਮਾਨਾ ਕੀਤਾ। ਅਮਰੀਕੀ ਸੂਬੇ ਟੈਨੇਸੀ ਦਾ ਕਾਨੂੰਨ ਹੀ ਐਸਾ ਸੀ। ਇਹ ਕਾਨੂੰਨ 1967 ਵਿੱਚ ਰੱਦ ਕੀਤਾ ਗਿਆ।

ਮੰਤਰੀ ਸਤਿਆਪਾਲ ਸਿੰਘ ਦੇ ਬਿਆਨ ਦਾ ਦੇਸ਼ ਭਰ ਵਿੱਚ ਵਿਆਪਕ ਪੱਧਰ ਉੱਤੇ ਵਿਰੋਧ ਹੋਇਆ ਹੈ। ਵਿਗਿਆਨਕ ਸੋਚ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਸ ਨਾਲ ਵਿਗਿਆਨਕ ਸੋਚ ਦੇ ਪਸਾਰ ਦੇ ਯਤਨਾਂ ਨੂੰ ਸੱਟ ਵੱਜੀ ਹੈ। ਵਿਸ਼ਵ ਪੱਧਰ ਉੱਤੇ ਦੇਸ਼ ਦੀ ਛਵੀ ਖਰਾਬ ਹੋਈ ਹੈ। ਦੇਸ਼ ਦੀਆਂ ਵਿਗਿਆਨ ਨਾਲ ਸਬੰਧਿਤ ਤਿੰਨ ਮੁੱਖ ਅਕੈਡਮੀਆਂ ਇਸ ਦੇ ਵਿਰੋਧ ਵਿੱਚ ਅੱਗੇ ਆਈਆਂ ਹਨ। ਇਹ ਹਨ: ਨਵੀਂ ਦਿੱਲੀ ਦੀ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ, ਬੰਗਲੌਰ ਦੀ ਇੰਡੀਅਨ ਅਕੈਡਮੀ ਆਫ ਸਾਇੰਸਿਜ਼ ਅਤੇ ਅਲਾਹਾਬਾਦ ਦੀ ਨੈਸ਼ਨਲ ਅਕੈਡਮੀ ਆਫ ਸਾਇੰਸਿਜ਼।

ਅਕੈਡਮੀਆਂ ਤੋਂ ਇਲਾਵਾ ਦੇਸ਼ ਦੇ ਨਾਮਵਰ ਵਿਗਿਆਨੀ ਤੇ ਸਮਾਜਿਕ ਖੇਤਰ ਦੀਆਂ ਸ਼ਖ਼ਸੀਅਤਾਂ ਨੇ ਮੰਤਰੀ ਦੇ ਬੇਤੁਕੇ ਬਿਆਨ ਦਾ ਵਿਰੋਧ ਕੀਤਾ ਹੈ। ਇਹ ਸਾਰੇ ਲੋਕ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਟਵੀਟਾਂ, ਬਿਆਨਾਂ, ਪੱਤਰਾਂ ਆਦਿ ਰਾਹੀਂ ਆਪਣਾ ਵਿਰੋਧ ਦਰਸਾ ਚੁੱਕੇ ਹਨ ਅਤੇ ਦਰਸਾ ਰਹੇ ਹਨ। ਵਿਗਿਆਨਕ ਸੋਚ ਦੇ ਪਸਾਰ ਲਈ ਪ੍ਰਤੀਬੱਧ ਹਰ ਪੰਜਾਬੀ ਨੂੰ ਇਸ ਕਿਸਮ ਦੀ ਗ਼ੈਰ-ਵਿਗਿਆਨਕ ਸੋਚ ਦੇ ਪਸਾਰ ਦੇ ਯਤਨਾਂ ਦਾ ਪੂਰੇ ਜ਼ੋਰ ਨਾਲ ਵਿਰੋਧ ਕਰਨਾ ਚਾਹੀਦਾ ਹੈ।

× ਸਾਬਕਾ ਪ੍ਰੋਫ਼ੈਸਰ ਅਤੇ ਡੀਨ, ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਸੰਪਰਕ: 98722-60550

# ਸਮੁੰਦਰੋ ਪਾਰ

ਮਨਦੀਪ (ਨਿਊਜ਼ੀਲੈਂਡ)

ਆਪਣਾ ਘਰ ਛੱਡਕੇ ਸਮੁੰਦਰੋਂ ਪਾਰ ਮਿਹਨਤ ਕਰਦੇ ਮਿਹਨਤੀ ਹੱਥਾਂ ਨੂੰ ਸਲਾਮ ਕਰਦਾ ਹਾਂ। ਪਰ ਜਿੱਥੇ ਮਿਹਨਤ ਨੂੰ ਸਲਾਮ ਕਰਨਾ ਬਣਦਾ ਹੈ। ਉੱਥੇ ਹੀ ਮਿਹਨਤ ਦੀ ਲੁੱਟ ਨੂੰ ਵੀ ਪਦਾਰਥਵਾਦੀ ਅੱਖ ਨਾਲ਼ ਦੇਖਣਾ ਬਣਦਾ ਹੈ। ਜੇ ਇਹ ਹੀ ਸੱਚ ਹੈ ਕਿ ਮਿਹਨਤ ਕਰਨ ਵਾਲ਼ੇ ਨੂੰ ਹੀ ਰੋਟੀ ਮਿਲ਼ਦੀ ਹੈ ਤਾਂ ਸਾਡੀ ਕਿਰਤ ਨੂੰ ਲੁੱਟ ਕੇ ਖਾਣ ਵਾਲ਼ਿਆਂ ਨੂੰ ਮਿਹਨਤ ਕਰਨ ਤੋਂ ਬਗੈਰ ਰੋਟੀ ਕਿਵੇਂ?

ਸਾਲ 2015 ਵਿੱਚ ਛਪੀ ਇੱਕ ਰਿਪੋਰਟ ਮੁਤਾਬਿਕ ਨਿਊਜ਼ੀਲੈਂਡ ਵਿੱਚ 40,000 ਬੱਚੇ ਸਵੇਰੇ ਸਕੂਲ ਭੁੱਖੇ ਪਹੁੰਚਦੇ ਹਨ। ਇੱਥੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਹਨਾਂ ਦੇ ਮਾਂ-ਬਾਪ ਕੰਮ ਨਹੀਂ ਕਰਦੇ ਹੋਣਗੇ ਜਾਂ ਉਹ ਡੌਲ (ਭੱਤੇ) 'ਤੇ ਹੋਣਗੇ। ਕਿਉਂਕਿ ਉਸੇ ਹੀ ਰਿਪੋਰਟ ਵਿੱਚ ਸਾਫ-ਸਾਫ ਦਰਜ਼ ਹੈ ਕਿ ਉਹ 40,000 ਬੱਚੇ ਘੱਟ ਉਜ਼ਰਤ ਵਾਲ਼ੇ ਪਰਿਵਾਰਾਂ ਵਿੱਚੋਂ ਸਨ। ਜਾਹਿਰ ਹੈ, ਉਹਨਾਂ ਦੇ ਮਾਂ-ਬਾਪ ਮਿਹਨਤ ਕਰਦੇ ਹੋਣਗੇ ਪਰ ਉਹਨਾਂ ਦੀ ਮਿਹਨਤ ਦਾ ਇੰਨਾ ਮੁੱਲ ਵੀ ਨਹੀਂ ਸੀ ਪੈ ਰਿਹਾ ਕੇ ਉਹ ਜਿਉਣ ਜੋਗੇ ਸਾਧਨ ਜੁਟਾ ਸਕਣ।

ਉਸ ਸਮੇਂ ਦੇ ਵਿੱਤ ਮੰਤਰੀ ਬਿਲ ਇੰਗਲਿਸ਼ ਅਤੇ ਸਾਬਾ ਪ੍ਰਧਾਨ ਮੰਤਰੀ ਨੇ 79 ਕਰੋੜ ਡਾਲਰ ਦਾ ਪੈਕੇਜ ਜਾਰੀ ਕੀਤਾ ਜੋ ਘੱਟ ਉਜ਼ਰਤਾਂ ਵਾਲ਼ਿਆਂ ਵਾਸਤੇ ਸੀ। ਹੁਣ ਇੱਥੇ ਭੁੱਖ ਦਾ ਅਸਲ ਕਾਰਨ ਜਾਣ ਕੇ ਉਸ ਦਾ ਨਿਪਟਾਰਾ ਕਰਨ ਦੀ ਜਗਾ ਮਜ਼ਦੂਰਾਂ ਵੱਲ ਬੁਰਕੀ ਸੁੱਟੀ ਗਈ ਹੈ। ਕੀ ਇਸ ਦੀ ਜਗਾ 'ਤੇ ਮਜ਼ਦੂਰ ਜੋ ਪੈਦਾਵਾਰ ਕਰਦੇ ਹਨ, ਉਸ ਕੁੱਲ ਪੈਦਾਵਾਰ ਵਿੱਚੋਂ ਆਪਣਾ ਹਿੱਸਾ ਲੈਣ ਦੇ ਹੱਕਦਾਰ ਨਹੀਂ ਸਨ? ਕੀ ਜੋ ਮਜ਼ਦੂਰ ਹੱਡ ਭੰਨਵੀਂ ਮਿਹਨਤ ਕਰਦੇ ਸਨ, ਉਹਨਾਂ ਦਾ ਪਹਿਲਾਂ ਹੀ ਇੰਨਾ ਹੱਕ ਨਹੀਂ ਸੀ ਬਣਦਾ ਕੇ ਉਹਨਾਂ ਦੇ ਬੱਚੇ ਸਕੂਲ ਭੁੱਖੇ ਨਾ ਜਾਣ?

ਜਿੱਥੇ ਮਜ਼ਦੂਰਾਂ ਦੀ ਇਹ ਹਾਲਤ ਅਖੌਤੀ ਵਿਕਾਸ ਦੇ ਨਾਮ 'ਤੇ ਛਾਪ ਛੱਡਦੀ ਹੈ ਉੱਥੇ ਹੀ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਵੀ ਪ੍ਰਸ਼ਨ ਖੜ੍ਹੇ ਕਰਦੀਆਂ ਹਨ। ਸਾਲ 2012-13 ਵਿੱਚ 19 ਕਿਸਾਨ, ਸਾਲ 2014-15 ਵਿੱਚ 27 ਕਿਸਾਨ, 2016-17 ਵਿੱਚ 22 ਕਿਸਾਨ ਨੇ ਆਤਮ ਹੱਤਿਆ ਕੀਤੀ। ਪਿਛਲੇ 8 ਸਾਲਾਂ ਵਿੱਚ 20 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਇਹਨਾਂ ਵਿੱਚੋਂ ਕੁੱਝ ਦੀ ਨਿੱਜੀ ਸਮੱਸਿਆ ਵੀ ਹੋ ਸਕਦੀ ਹੈ ਪਰ ਸਭਨਾ ਦੀ ਨਹੀਂ। ਸਮੱਸਿਆ ਕਿਤੇ ਨਾ ਕਿਤੇ ਮੰਡੀ ਦੀ ਦੌੜ ਅਤੇ ਕਰਜੇ ਨਾਲ਼ ਵੀ ਬੱਝੀ ਹੋਵੇਗੀ। ਇਹ ਉਸ ਦੇਸ਼ ਦੇ ਹਲਾਤ ਹਨ ਜਿੱਥੇ ਜੀਡੀਪੀ (ਕੁੱਲ ਘਰੇਲੂ ਪੈਦਾਵਾਰ) ਦਾ ਵੱਡਾ ਹਿੱਸਾ ਖੇਤੀ ਤੋਂ ਆਉਂਦਾ ਹੋਵੇ।

ਜੇ ਘਰੇਲੂ ਹਿੰਸਾ ਵਿੱਚ ਔਰਤਾਂ ਅਤੇ ਮਰਦਾਂ ਦੀ ਗੱਲ ਕੀਤੀ ਜਾਵੇ ਤਾਂ ਸਾਲ 2016 ਵਿੱਚ ਨਿਊਜੀਲੈਂਡ ਪੁਲਿਸ ਨੇ 1,18,910 ਹਿੰਸਾ ਦੀਆਂ ਘਟਨਾਵਾਂ ਦੀ ਜਾਂਚ ਕੀਤੀ ਜੋ ਕਿ ਹਰ 5 ਮਿੰਟ ਵਿੱਚ 1 ਸੀ। ਚਾਰ ਸਾਲਾਂ ਵਿੱਚ (2009 ਤੋਂ 2012) ਵਿੱਚ ਔਸਤਨ 13 ਔਰਤਾਂ, 10 ਮਰਦ ਅਤੇ 9 ਬੱਚੇ ਹਰ ਸਾਲ ਮਰੇ ਹਨ। 24% ਔਰਤਾਂ ਅਤੇ 6% ਮਰਦ ਜਿਨਸੀ ਸ਼ੋਸ਼ਣ ਦੇ ਸ਼ਿਕਾਰ ਬਣੇ। 50% ਮੌਤਾਂ ਨਜਦੀਕੀ ਸਾਥੀ ਵੱਲੋਂ ਵਟਵਾਰੇ ਸਮੇਂ ਹੋਈਆਂ। 3 ਵਿੱਚੋਂ 1 ਔਰਤ ਆਪਣੀ ਜ਼ਿੰਦਗੀ ਵਿੱਚ ਆਪਣੇ ਸਾਥੀ ਵਲੋਂ ਸਰੀਰਕ ਤੇ ਜਿਨਸੀ ਹਿੰਸਾ ਦੀ ਸ਼ਿਕਾਰ ਹੋਈ। 76% ਕਤਲ ਨਜ਼ਦੀਕੀ ਸਾਥੀ ਵਲੋਂ ਕੀਤੀ ਹਿੰਸਾ ਵਿੱਚ ਮਰਦ ਦੁਆਰਾ ਅਤੇ 24% ਔਰਤਾਂ ਦੁਆਰਾ ਕੀਤੇ ਗਏ।

ਭਾਰਤੀ ਸਮਾਜ ਲਈ ਤਾਂ ਘਰੇਲੂ ਹਿੰਸਾ ਜਿਵੇਂ ਸੱਭਿਆਚਾਰ ਦਾ ਹਿੱਸਾ ਹੋਵੇ ਜਿੱਥੇ ਸਿਖਾਇਆ ਜਾਂਦਾ ਹੈ ਕਿ ਵੱਡਿਆਂ ਦਾ ਕਿਹਾ ਮੰਨੀਦਾ ਵਾਲ਼ੇ ਰੀਤੀ ਰਿਵਾਜ ਨਾ ਛੱਡਣ ਤੇ ਪੂਰਾ ਜੋਰ ਦਿੱਤਾ ਜਾਂਦਾ ਹੈ। ਭਾਵੇਂ ਭਾਰਤ ਵਿੱਚ ਦਹੇਜ ਸੰਨ 1961 ਦਾ ਗੈਰ-ਕਨੂੰਨੀ ਹੋਇਆ ਹੈ ਪਰ ਵਿਦੇਸ਼ੀ ਦਹੇਜ 'ਤੇ ਕਿਸੇ ਦਾ ਧਿਆਨ ਨਹੀਂ ਜਾਂਦਾ, ਜਿੱਥੇ ਕੁੜੀ ਨੂੰ ਕਿਸੇ ਵਿਦੇਸ਼ੀ ਮੁਲਕ ਵਿਆਉਣ ਲਈ ਹਜ਼ਾਰਾਂ ਡਾਲਰ ਦੀ ਮੰਗ ਰੱਖੀ ਜਾਂਦੀ ਹੈ। ਕੁਝ ਘਟਨਾਵਾਂ ਰਾਹੀਂ ਇਹ ਸੱਚ ਦੇਖ ਸਕਦੇ ਹਾਂ :

ਇੱਕ 24 ਸਾਲਾ ਔਰਤ ਇੱਕ ਗੁਲਾਮ ਵਾਂਗ ਰਹਿ ਰਹੀ ਸੀ ਜਦ ਕਿ ਉਸ ਦਾ ਪਤੀ ਉਸੇ ਘਰ ਵਿੱਚ ਕਿਸੇ ਹੋਰ ਔਰਤ ਨਾਲ਼ ਵੀ ਰਹਿ ਰਿਹਾ ਸੀ। ਉਹ 24 ਸਾਲਾ ਔਰਤ ਉਸ ਜੋੜੇ ਲਈ ਖਾਣਾ ਬਣਾਉਂਦੀ, ਕੱਪੜੇ ਸਾਫ ਕਰਦੀ ਤੇ ਘਰ ਦੀ ਸਫਾਈ ਕਰਦੀ। ਉਹ ਕਹਿੰਦੀ-ਮੈਂ ਦੰਗ ਰਹਿ ਗਈ ਸੀ। ਪਰ ਹੁਣ ਮੈਨੂੰ ਇਹਸਾਸ ਹੁੰਦਾ ਹੈ ਕਿ ਉਸ ਨੂੰ ਭਾਰਤੀ ਪਤਨੀ ਨਹੀਂ ਸਗੋਂ ਇੱਕ ਗੁਲਾਮ ਚਾਹੀਦੀ ਸੀ। ਮੈਂ ਪੁਲਿਸ ਨੂੰ ਵੀ ਸੰਪਰਕ ਕੀਤਾ, ਪਰ ਕਹਿੰਦੇ ਕਿ ਤੁਹਾਡਾ ਆਪਣਾ ਮਸਲਾ ਹੈ ਤੇ ਤੇਰਾ ਪਤੀ ਕੋਈ ਕਨੂੰਨ ਨਹੀਂ ਤੋੜ ਰਿਹਾ।

ਇੱਕ 28 ਸਾਲਾ ਔਰਤ ਦੇ ਪਤੀ ਨੇ ਆਪਣਾ ਇੱਕ ਮਹੀਨੇ ਦਾ ਬੱਚਾ ਛੱਡ ਕੇ ਤਲਾਕ ਦੇਣ ਦੀ ਧਮਕੀ ਦਿੱਤੀ, ਜੇਕਰ ਉਸ ਨੂੰ ਔਰਤ ਦਾ ਪਰਿਵਾਰ 20,000 ਡਾਲਰ ਦਾ ਭੁਗਤਾਨ ਨਹੀਂ ਕਰਦਾ।

ਮੈਂ ਇੱਕ ਚੰਗੇ ਪਰਿਵਾਰ ਵਿੱਚੋਂ ਆਈ ਹਾਂ ਤੇ ਤਲਾਕ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂ ਕਿ ਇਹ ਮੇਰੇ ਪਰਿਵਾਰ ਲਈ ਬਹੁਤ ਸ਼ਰਮ ਵਾਲ਼ੀ ਗੱਲ ਹੋਵੇਗੀ।

ਇਹ ਸਭ ਘਟਨਾਵਾਂ ਕੱਲੀਆਂ ਕਾਰੀਆਂ ਨਹੀਂ ਸਗੋਂ ਸਮਾਜਿਕ ਵਰਤਾਰਾ ਹਨ ਜੋ ਔਰਤਾਂ ਦੇ ਆਰਥਿਕ ਤੌਰ 'ਤੇ ਮਰਦਾਂ ਉੱਤੇ ਨਿਰਭਰ ਹੋਣ ਨਾਲ਼ ਬੱਝੀਆਂ ਹੋਈਆਂ ਹਨ। ਉਹੀ ਸਮਾਜ ਜਿੱਥੇ ਅੱਜ ਵੀ ਪੈਸਾ ਪ੍ਰਧਾਨ ਹੈ, ਜਿੱਥੇ ਅੱਜ ਵੀ ਵਿਆਹ ਵਰਗੇ ਬੰਧਨ ਨੂੰ ਪੈਸਾ ਬਣਾਉਂਣ ਵਾਲ਼ੀ ਮਸ਼ੀਨ ਸਮਝਿਆ ਜਾਂਦਾ ਹੈ, ਜਿੱਥੇ ਅੱਜ ਵੀ ਔਰਤ ਨੂੰ ਉਸ ਦਾ ਬਣਦਾ ਰੁਤਬਾ ਨਹੀਂ ਦਿੱਤਾ ਜਾਂਦਾ, ਜਿੱਥੇ ਅੱਜ ਵੀ ਔਰਤ ਨੂੰ ਪਤੀ ਨੂੰ ਪ੍ਰਮੇਸ਼ਵਰ ਸਮਝਣ ਵਾਲ਼ੇ ਟੁੱਚੇ ਸੰਸਕਾਰਾਂ ਨਾਲ਼ ਬੰਨ ਦਿੱਤਾ ਜਾਂਦਾ ਹੈ। ਸ਼ਾਇਦ ਇਸੇ ਕਰਕੇ ਵਿਦੇਸ਼ ਵਿੱਚ ਪੈਰ ਜਮਾਉਣ ਤੋਂ ਬਾਅਦ ਮਰਦ ਪੰਜਾਬ ਵਿੱਚੋਂ ਗੁੱਤਾ ਵਾਲ਼ੀਆਂ ਗੁਲਾਮ ਲੱਭਣ ਤੁਰ ਪੈਂਦੇ ਹਨ, ਜੋ ਮਰਦ ਪਹਿਲਾਂ ਆਪ ਇੱਥੋਂ ਦੀਆਂ ਵਸਨੀਕ ਔਰਤਾਂ ਨਾਲ਼ ਵਿਆਹ ਕਰਵਾ ਕੇ ਪੱਕੇ ਹੋਏ ਹੁੰਦੇ ਹਨ। ਸ਼ਾਇਦ ਉਹ ਇੱਥੇ ਦੀਆਂ ਵਸਨੀਕ ਔਰਤਾਂ ਨੂੰ ਬਰਾਬਰ ਦੀ ਖੁੱਲ ਦੇਣ ਤੋਂ ਡਰਦੇ ਹਨ। ਸਾਨੂੰ ਇਹਨਾਂ ਸਭ ਸਮੱਸਿਆਵਾਂ ਦੀ ਆਪਸ ਵਿੱਚ ਜੁੜਦੀ ਹੋਈ ਕੜੀ ਨੂੰ ਸਮਝ ਕੇ ਜੋ ਚੱਲ ਰਿਹਾ ਉਸ 'ਤੇ ਲੀਕ ਮਾਰ ਕੇ, ਦਿਮਾਗ ਨੂੰ ਖੋਜੀ ਬਣਾ ਕੇ, ਆਰਥਿਕ ਗੁਲਾਮੀ ਤੋਂ ਰਹਿਤ ਸਮਾਜ ਦੀ ਉਸਾਰੀ ਦੇ ਰਾਹ ਪੈਣਾ ਹੋਵੇਗਾ।

ਪਰਦੇ ਦੀਆਂ ਪਰਤਾਂ-10

# ਸ਼ਬਦਾਂ ਤੋਂ ਦ੍ਰਿਸ਼-ਲੜੀ ਬਣਨ ਦਾ ਬਿਖੜਾ ਪੈਂਡਾ

## ਕਿਤਾਬਾਂ ਤੇ ਆਧਾਰਿਤ ਹਿੰਦੀ ਸਿਨੇਮਾ (ਭਾਗ-ਦੂਜਾ)




ਕੁਲਦੀਪ ਕੌਰ
98554-04330

ਜੁੰਪਾ ਲਹਿਰੀ ਦੇ ਨਾਵਲ 'ਨੇਮਸੇਕ' ਤੇ ਇਸੇ ਨਾਮ ਦੀ ਬਣੀ ਫਿਲਮ ਆਪਣੀ ਸੱਭਿਆਚਾਰਕ ਉਲ਼ਝਣਾਂ ਵਾਲੀ ਪਟਕਥਾ ਅਤੇ ਕਲਾਤਮਿਕ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਤੱਬੂ ਦੀ ਸ਼ਾਨਦਾਰ ਅਦਾਕਾਰੀ ਵਾਲੀ ਇਸ




ਫਿਲਮ ਰਾਹੀ ਦੱਖਣ-ਏਸ਼ਿਆਈ ਖਿੱਤੇ ਵਿੱਚੋਂ ਅਮਰੀਕਾ ਜਾਕੇ ਵੱਸਣ ਵਾਲੀ ਪਹਿਲੀ ਤੇ ਦੂਜੀ ਪੀੜ੍ਹੀ ਆਪਣੇ ਦਵੰਦਾਂ ਅਤੇ ਸੰਸਿਆਂ ਨਾਲ ਸਹਿਜੇ ਹੀ ਸੰਵਾਦ ਕਰ ਸਕਦੀ ਹੈ। ਫਿਲਮ ਦਾ ਮੁੱਖ ਕਿਰਦਾਰ ਗਗੋਲ ਹੈ ਜਿਸ ਦੇ ਬੰਗਾਲੀ ਮਾਪਿਆਂ ਨੇ ਸੋਵੀਅਤ ਲੇਖਕ ਨਿਕੋਲਾਈ ਗਗੋਲ ਦੀ ਯਾਦ ਨੂੰ ਜ਼ਿੰਦਗੀ ਭਰ ਲਈ ਆਪਣੇ ਨਾਲ ਤੋਰੀ ਰੱਖਣ ਲਈ ਆਪਣੇ ਬੱਚੇ ਨੂੰ ਇਹ ਨਾਮ ਦਿੱਤਾ ਹੈ। ਗਗੋਲ ਨਾਮ ਦਾ ਇਹ ਕਿਰਦਾਰ ਵੱਖ-ਵੱਖ ਸੱਭਿਆਚਾਰਕ ਚੌਖਟਿਆਂ ਵਿੱਚ ਆਪਣੇ-ਆਪ ਨੂੰ ਫਿੱਟ ਕਰਨ ਲਈ ਕੀ-ਕੀ ਤਰਦੱਦ ਕਰਦਾ ਹੈ, ਇਸ ਦਾ ਮਾਰਮਿਕ ਚਿਤਰਣ ਇਸ ਫਿਲਮ ਵਿੱਚ ਕੀਤਾ ਗਿਆ ਹੈ। ਫਿਲਮ ਦੀ ਕਹਾਣੀ ਕਲਕੱਤਾ ਅਤੇ ਨਿਊਯਾਰਕ ਵਿੱਚ ਵਾਪਰਦੀ ਹੈ। ਗਗੋਲ ਨੂੰ ਆਪਣੀ ਤਰਜ਼ੇ ਜ਼ਿੰਦਗੀ ਅਮਰੀਕੀ ਸੱਭਿਆਚਾਰ ਦੇ ਜ਼ਿਆਦਾ ਨਜ਼ਦੀਕ ਲੱਗਦੀ ਹੈ ਪਰ ਉਸ ਦੇ ਮਾਪਿਆਂ ਲਈ ਬੰਗਾਲੀ ਬੌਧਿਕ ਪ੍ਰੰਪਰਾਵਾਂ ਨਾਲ ਆਪਣੀ ਨਵੀਂ ਪੀੜ੍ਹੀ ਦਾ ਜੁੜਣਾ ਮਹਤੱਵਪੂਰਣ ਮੁੱਦਾ ਹੈ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਅਚਾਨਕ ਬੰਗਾਲ ਆਉਣ ਕਾਰਣ ਗਗੋਲ ਆਪਣੀ ਵਿਰਾਸਤ ਨੂੰ ਨਜ਼ਦੀਕ ਤੋਂ ਜਾਂਚਦਾ ਹੈ ਅਤੇ ਸਵੀਕਾਰ ਕਰਦਾ ਹੈ। ਇਸ ਫਿਲਮ ਦੀ ਨਿਰਦੇਸ਼ਕ ਮੀਰਾ ਨਾਇਰ ਹੋਣ ਕਾਰਣ ਫਿਲਮ ਕਿਰਦਾਰਾਂ ਦੀ ਮਨੋਵਿਗਿਆਨਕ ਉੱਥਲ-ਪੁੱਥਲ ਨੂੰ ਗਹਿਰਾਈ ਨਾਲ ਫੜਣ ਵਿੱਚ ਵੀ ਕਾਮਯਾਬ ਰਹੀ ਹੈ।


ਸਲਮਾਨ ਰਸ਼ਦੀ ਦੇ ਨਾਵਲ 'ਮਿਡਨਾਈਟ ਚਿਲਡਰਨ' ਤੇ ਆਧਾਰਿਤ ਇਸੇ ਨਾਮ ਦੀ ਫਿਲਮ ਦੀ ਨਿਰਦੇਸ਼ਕ ਦੀਪਾ ਮਹਿਤਾ ਹੈ। ਇਸ ਨਾਵਲ ਦੀ ਕਹਾਣੀ ਨੂੰ ਪਿਲਮੀ ਪਟਕਥਾ ਦਾ ਰੂਪ ਦੇਣ ਦਾ ਕੰਮ ਖੁਦ ਸਲਮਾਨ ਰਸ਼ਦੀ ਨੇ ਕੀਤਾ ਹੈ। ਇਸ ਨਾਵਲ ਦੀ ਕਹਾਣੀ ਸੰਤਾਲੀ ਦੀ ਵੰਡ ਦੀ ਰਾਤ ਤੋਂ ਸ਼ੁਰੂ ਹੁੰਦੀ ਹੈ ਅਤੇ ਦੋ ਜੋੜੇ ਬੱਚਿਆਂ ਦੇ ਵਿਛੜਣ ਤੇ ਆਧਾਰਿਤ ਹੈ। ਫਿਲਮ ਦਾ ਬਿਰਤਾਂਤ ਵੰਡ ਦੌਰਾਨ ਸ਼ੁਰੂ ਹੋਕੇ ਪਿੱਛਲੀ ਸਦੀ ਦੇ ਅੰਤ ਤੱਕ ਫੈਲਦਾ ਹੈ। ਫਿਲਮ ਦੇ




ਪਹਿਲੇ ਅੱਧ ਵਿੱਚ ਰਾਸ਼ਟਰ ਦਾ ਨਾਅਰਾ 1957 ਵਿੱਚ ਬਣੀ ਫਿਲਮ 'ਮਦਰ ਇੰਡੀਆ' ਦੇ ਹਵਾਲੇ ਨਾਲ ਆਉਂਦਾ ਹੈ। ਇਸ ਤੋਂ ਬਾਅਦ ਫਿਲਮ ਭਾਰਤ-ਪਾਕਿਸਤਾਨ ਦੀ ਆਪਸੀ ਰੰਜ਼ਿਸ਼, ਇੰਦਰਾ ਗਾਂਧੀ ਦੁਆਰਾ ਥੋਪੀ ਐਮਰਜੈਂਸੀ ਅਤੇ ਬੰਗਲਾ ਦੇਸ਼ ਦੇ ਬਣਨ ਸਮੇਂ ਦੀ ਰਾਜਨੀਤੀ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਫਿਲਮ ਕਸ਼ਮੀਰ, ਆਗਰਾ, ਦਿੱਲੀ, ਬੰਬਈ ਅਤੇ ਕਰਾਚੀ ਵਰਗੇ ਸ਼ਹਿਰਾਂ ਵਿੱਚ ਵੱਖ-ਵੱਖ ਸਮੇਂ ਵਾਪਰੀਆਂ ਮੁੱਖ ਸਿਆਸੀ ਅਤੇ ਸਮਾਜਿਕ ਘਟਨਾਵਾਂ ਬਾਰੇ ਲਗਾਤਾਰ ਇੱਕ ਕੋਲਾਜ਼ ਦੀ ਸਿਰਜਣਾ ਕਰਦੀ ਹੈ। ਸਲੀਮ ਦਾ ਕਿਰਦਾਰ ਕਿਸੇ ਵੀ ਅਜਿਹੇ ਭਾਰਤੀ ਦਾ ਕਿਰਦਾਰ ਹੋ ਸਕਦਾ ਹੈ ਜਿਹੜਾ ਨਾ ਤਾ ਮੁਲ਼ਕ ਨੂੰ ਝੱਲ ਪਾ ਰਿਹਾ ਅਤੇ ਨਾ ਹੀ ਮੁਲਕ ਉਸ ਨੂੰ ਮੰਨਣ ਨੂੰ ਤਿਆਰ ਹੈ। ਫਿਲਮ ਆਪਣੀ ਸ਼ਾਨਦਾਰ ਪਟਕਥਾ ਦੇ ਬਾਵਜੂਦ ਕਿਰਦਾਰਾਂ ਦੀ ਭਰਮਾਰ ਕਾਰਣ ਗਵਾਚਕੇ ਰਹਿ ਗਈ।

ਰਸਕਿਨ ਬਾਂਡ ਦੇ ਨਾਵਲ 'ਪੀਜ਼ਨ ਫਲਾਈਟ' ਤੇ ਬਣੀ ਫਿਲਮ 'ਜਨੂੰਨ' ਕਈ ਪੱਖਾਂ ਤੋਂ ਬੇਹੱਦ ਮਹਤੱਵਪੂਰਨ ਫਿਲਮ ਹੈ। ਫਿਲਮ ਦੇ ਨਿਰਦੇਸ਼ਕ ਸ਼ਿਆਮ ਬੈਨੇਗਲ ਸਨ ਅਤੇ ਉਹਨਾਂ ਨੇ ਇਸ ਫਿਲਮ ਦੇ ਕਿਰਦਾਰਾਂ ਲਈ ਥੀਏਟਰ ਦੇ ਸਮਰੱਥ ਅਦਾਕਾਰਾਂ ਸ਼ਸ਼ੀ ਕਪੂਰ, ਨਫੀਸਾ ਅਲੀ ਅਤੇ ਜੈਨੀਫਰ ਨੂੰ ਲਿਆ ਜਿਹਨਾਂ ਨੇ 1857 ਦੇ ਗਦਰ ਨਾਲ ਜੁੜੀ ਪਿਆਰ, ਧੋਖੇ, ਬੇਵਫਾਈ ਅਤੇ ਰਹਿਮਦਿਲੀ ਦੇ ਜਨੂੰਨ ਨੂੰ ਹੂ-ਬ-ਹੂ ਪਰਦੇ ਤੇ ਸਾਕਾਰ ਕਰ ਦਿੱਤਾ। ਸ਼ਸ਼ੀ ਕਪੂਰ ਨੇ ਜਾਵੇਦ ਖਾਨ ਦੇ ਕਿਰਦਾਰ ਰਾਹੀ ਅਤੇ ਇਸਮਤ ਚੁਗਤਾਈ ਨੇ ਰੂਥ ਦੀ ਮਾਂ ਦੇ ਤੌਰ ਤੇ ਵਕਤ ਨਾਲ ਦਸਤ-ਪੰਜਾ ਲੈਂਦੇ ਕਿਰਦਾਰਾਂ ਨੂੰ ਨਿਭਾਇਆ। ਜਾਵੇਦ ਲਈ ਕਿਸੇ ਵੀ ਕੀਮਤ ਤੇ ਅੰਗਰੇਜ਼ ਕੁੜੀ ਰੂਥ ਨਾਲ ਵਿਆਹ ਕਰਵਾਉਣ ਦੀ ਜ਼ਿੱਦ ਅਤੇ ਆਪਣੇ ਪਿਤਾ ਦੀ ਗਦਰੀ ਸਿਪਾਹੀਆਂ ਵੱਲੋਂ ਕੀਤੀ ਨਿਰਸਮ ਹੱਤਿਆ ਨਾਲ ਜੂਝ ਰਹੀ ਰੂਥ ਦੋਵੇਂ ਕਿਰਦਾਰ ਆਪਣੇ ਮਾਨਸਿਕ ਲੈਂਡਸਕੇਪਾਂ ਨਾਲ ਦਰਸ਼ਕਾਂ ਨੂੰ ਹੈਰਾਨ ਕਰਦੇ ਹਨ। ਇਸ ਫਿਲਮ ਬਾਰੇ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਸਧਾਰਣ ਨਾਵਲ ਦੀ ਅਸਾਧਾਰਣ ਦ੍ਰਿਸ਼-ਵਿਆਖਿਆ ਹੈ।

ਦੀਪਾ ਮਹਿਤਾ ਦੁਆਰਾ ਨਿਰਦੇਸ਼ਿਤ ਕੀਤੀ ਅਤੇ ਬਾਪਸੀ ਸਿਧਵਾ ਦੇ ਨਾਵਲ 'ਕਰੈਕਿੰਗ ਇੰਡੀਆ' ਤੇ ਅਧਾਰਿਤ ਫਿਲਮ '1947-ਅਰਥ' ਸੰਤਾਲੀ ਦੀ ਵੰਡ ਦੇ ਸੰਤਾਪ ਨੂੰ ਫਿਰ ਤੋਂ ਜ਼ਿੰਦਾ ਕਰਦੀ ਹੈ। ਫਿਲਮ ਨੂੰ ਦੇਖਦਿਆਂ ਸੁੱਤੇ-ਸਿੱਧੇ ਹੀ 'ਗੌਨ ਵਿੰਦ ਦੀ ਵਿੰਡ' ਦੇ ਸ਼ਬਦੀ-ਚਿੱਤਰ ਪਰਦੇ ਤੇ ਸਾਕਾਰ ਹੋਣ ਲੱਗਦੇ ਹਨ। ਫਿਲਮ ਦੀ ਕਹਾਣੀ ਜਿਉਂ-ਜਿਉਂ ਅੱਗੇ ਤੁਰਦੀ ਹੈ ਇਹਨਾਂ ਦ੍ਰਿਸ਼ਾਂ ਵਿੱਚ ਹਿੰਦੂ-ਮੁਸਲਿਮ-ਸਿੱਖਾਂ ਦੀ ਬੇਬਸੀ ਘੁਲਦੀ ਜਾਂਦੀ ਹੈ। ਫਿਲਮ ਦੀ ਸਾਰੀ ਕਹਾਣੀ ਅੱਠ ਸਾਲਾਂ ਲੈਨੀ ਸਾਥਾ ਦੀ ਨਜ਼ਰ ਰਾਹੀ ਦੇਖੀ ਗਈ ਹੋਣ ਕਾਰਣ ਇਸ ਵਿਚਲੀ ਮਸੂਮੀਅਤ ਅਤੇ ਬੇਬਾਕੀ ਬਰਕਰਾਰ ਰਹੀ ਹੈ। ਪਾਰਸੀਆਂ ਦੀ ਧੀ ਹੋਣ ਕਾਰਨ ਉਸਦੀ ਨਜ਼ਰ ਇਨਸਾਨੀਅਤ ਦੇ ਚਸ਼ਮੇ ਵਿੱਚੋਂ ਸਾਰੇ ਘਟਨਾਕ੍ਰਮ ਨੂੰ ਦੇਖਦੀ ਹੈ ਅਤੇ ਫਿਰਕੂ ਕੁੜੱਤਣ ਤੋਂ ਮੁਕਤ ਹੈ। ਲੈਨੀ ਨੂੰ ਜਦੋਂ ਤੱਕ ਮਸਲੇ ਦੀ ਸਮਝ ਆਉਂਦੀ ਹੈ ਤਦ ਤੱਕ ਕਤਲੇਆਮ ਉਸਦੇ ਘਰ ਤੱਕ ਪਹੁੰਚ ਚੁੱਕਾ ਹੁੰਦਾ ਹੈ। ਆਪਣੀ ਦਾਈ




(ਨੰਦਿਤਾ ਸੇਨ) ਨੂੰ ਨਾ ਬਚਾ ਸਕਣ ਦੀ ਤਰਾਸਦੀ ਉਸ ਦੌਰ ਵਿੱਚ ਮਾਨਵਤਾ ਦੇ ਹੱਕ ਵਿੱਚ ਖੜ੍ਹੇ ਹਰ ਬੰਦੇ ਦੀ ਤਰਾਸਦੀ ਬਣਕੇ ਉਭਰਦੀ ਹੈ। ਆਮਿਰ ਖਾਨ ਅਤੇ ਰਾਹੁਲ ਖੰਨਾ ਨੇ ਆਪਣੇ ਕਿਰਦਾਰਾਂ ਨਾਲ ਪੂਰਾ ਇਨਸਾਫ ਕੀਤਾ ਹੈ।ਫਿਲਮ ਦੀ ਇੱਕ ਖਿੱਚ ਇਸ ਦਾ ਭਾਵਪੂਰਤ ਸੰਗੀਤ ਹੈ ਜਿਹੜਾ ਫਿਲਮ ਦੀ ਟੋਨ ਨਾਲ ਇੱਕ-ਮਿੱਕ ਹੋਇਆ ਮਿਲਦਾ ਹੈ।

---

# 'ਮਿੱਟੀ' ਦਾ ਮਾਧੋ





ਉਹ ਸੱਚਮੁੱਚ ਮਿੱਟੀ ਦਾ ਮਾਧੋ ਸੀ। ਅਨਪੜ੍ਹ, ਮਾਨਸਿਕ ਰੋਗੀ, ਗਰੀਬ ਤੇ ਮੈਲ਼ਾ-ਕੁਚੈਲਾ। ਭੁੱਖਾ ਤੇ ਚੋਰ। ਉਹ ਚੌਲਾਂ ਦੀ ਚੋਰੀ ਦਾ ਸੰਗੀਨ ਅਪਰਾਧੀ ਸੀ। ਉਹਦੀ ਭੁੱਖ ਉਸਦੀ 'ਔਕਾਤ' ਵਾਂਗ ਛੋਟੀ ਸੀ। ਬੱਸ ਇੱਕ ਮੁੱਠ ਚੌਲ। ਮਿੱਟੀ ਦਾ ਮਾਧੋ ਚੋਰੀ ਵੀ ਕਰਦਾ ਹੈ ਤੇ ਭੱਜਦਾ ਵੀ ਨਹੀਂ। ਭੀੜ ਦੁਆਰਾ ਕੀਤੀ ਜਾਂਦੀ ਰਹੀ ਗਾਲੀ-ਗਲੋਚ ਤੇ ਕੁੱਟ-ਮਾਰ ਦਾ ਉਸਤੇ ਕੋਈ ਅਸਰ ਨਹੀਂ ਹੁੰਦਾ। ਮਾਧੋ ਸਹਿਜ-ਸੁਭਾਅ, ਬਿਨਾਂ ਕਿਸੇ ਪ੍ਰਤਿਕਰਮ ਦੇ ਸਭ ਕੁੱਝ ਆਪਣੇ ਪਿੰਡੇ ਤੇ ਝੱਲ ਰਿਹਾ ਸੀ। ਜਿਵੇਂ ਉਸਨੂੰ ਇਸਦੀ ਆਦਤ ਜਿਹੀ ਹੋਵੇ ਜਾਂ ਸ਼ਾਇਦ ਢਿੱਡ ਦੀ ਅੱਗ ਨੇ ਪਿੰਡੇ ਤੇ ਕੁੱਟ ਦੇ ਸੇਕ ਨੂੰ ਅਣਡਿੱਠ ਕਰ ਦਿੱਤਾ ਹੋਵੇ। ਹੁਣ ਮਿੱਟੀ ਦਾ ਮਾਧੋ ਮਰ ਗਿਆ ਹੈ। ਭੁੱਖ ਤੇ ਕੁੱਟ ਉਸਦਾ ਹੁਣ ਕੁੱਝ ਨਹੀਂ ਵਿਗਾੜ ਸਕਦੇ। ਪਰ ਉਹ ਸਮਾਜ ਨੂੰ ਉਹ ਸਭ ਕੁੱਝ ਦੇ ਗਿਆ ਜੋ ਉਸਦੇ ਕੋਲ ਨਹੀਂ ਸੀ। ਮਿੱਟੀ ਦਾ ਮਾਧੋ ਮਰਕੇ 'ਬ੍ਰੇਕਿੰਗ ਨਿਊਜ' ਬਣ ਗਿਆ। ਉਹ ਮੌਜੂਦਾ ਵੋਟ ਰਾਜਨੀਤੀ ਦੇ ਇਤਿਹਾਸ ਦਾ ਅਹਿਮ ਪੰਨਾ ਬਣ ਗਿਆ ਜਿਸਨੂੰ ਘੱਟੋ-ਘੱਟ 2019 ਤੱਕ ਵਾਰ-ਵਾਰ ਪਲਟਿਆ ਜਾਵੇਗਾ। ਉਸਨੂੰ ਕਬਰ ਚੋਂ ਨਿੱਤ ਦਿਨ ਉਖਾੜਿਆ ਜਾਵੇਗਾ। ਮਾਧੋ ਬਚ ਵੀ ਸਕਦਾ ਸੀ ਜੇਕਰ ਉਸਨੂੰ 'ਚੌਕੀਦਾਰ' ਦਾ ਪਤਾ ਹੁੰਦਾ। ਜੇ ਉਹ ਸ਼ੋਸ਼ਲ ਮੀਡੀਆ ਤੇ ਨੀਰਵ ਮੋਦੀ ਦੀਆਂ ਤਾਜਾ ਸੁਰਖ਼ੀਆਂ ਪੜ੍ਹ ਲੈਂਦਾ ਤਾਂ ਵੀ ਬਚਾਅ ਹੋ ਜਾਂਦਾ। ਘੱਟੋ-ਘੱਟ ਉਸਨੂੰ ਪਤਾ ਤਾਂ ਲੱਗ ਹੀ ਜਾਂਦਾ ਕਿ ਪੈਸੇ ਦੀ ਭੁੱਖ ਦੇ ਮੁਕਾਬਲੇ ਢਿੱਡ ਦੀ ਭੁੱਖ ਤਾਂ ਬਹੁਤ ਸਸਤੀ ਤੇ ਨਿੱਕੀ ਹੁੰਦੀ ਹੈ। ਚੋਰੀ ਤੋਂ ਬਾਅਦ ਭੱਜਣਾ ਵੀ ਹੁੰਦਾ ਹੈ। ਸ਼ਾਇਦ ਉਸਨੂੰ ਪਕੌੜੇ ਬਣਾਉਣੇ ਨਹੀਂ ਸੀ ਆਉਂਦੇ। ਨਹੀਂ ਤਾਂ ਉਹ ਗਰੀਬ ਤੇ ਚੋਰ ਕਿਉਂ ਹੁੰਦਾ? ਸ਼ਾਇਦ ਮਿੱਟੀ ਦੇ ਮਾਧੋ ਨੂੰ ਇਹ ਪਤਾ ਸੀ ਕਿ ਜਿਸ ਧਰਤੀ ਦਾ ਉਹ ਵਾਸੀ ਹੈ ਉਸਦੇ ਲੋਕ ਸਭ ਤੋਂ ਵੱਧ ਪੜ੍ਹੇ-ਲਿਖੇ ਭਾਵ ਸਭ ਤੋਂ ਵੱਧ ਸਾਖਰ ਹਨ। ਇਸ ਲਈ ਉਸਨੂੰ ਯਕੀਨ ਸੀ ਕਿ ਉਹ ਸੱਭਿਅਕ ਲੋਕ ਗਾਲੀ-ਗਲੋਚ ਤੇ ਕੁੱਟ-ਮਾਰ ਤਾਂ ਕਰ ਹੀ ਨਹੀਂ ਸਕਦੇ। ਉਸਨੇ ਇਹ ਵੀ ਕਿਤੇ ਸੁਣਿਆਂ ਹੋਵੇਗਾ ਕਿ ਉਸਦੇ ਸੂਬੇ 'ਚ ਤਾਂ ਮਜ਼ਦੂਰ ਜਮਾਤਦਾ ਰਾਜ ਹੈ। ਕੁੱਝ ਵੀ ਹੋਵੇ ਮਿੱਟੀ ਦਾ ਮਾਧੋ ਮਰ ਗਿਆ ਹੈ, ਮੁਕਿਆ ਨਹੀਂ। ਪਰ ਪਤਾ ਨਹੀਂ ਮਨ ਬੇਚੈਨ ਹੈ, ਦਿਲ ਉਦਾਸ ਤੇ ਸੋਚਦਾਂ ਹਾਂ ਕਿ ਜਿਵੇਂ ਉਹ ਗਹਿਰ-ਗੰਭੀਰ, ਸ਼ਾਂਤ-ਚਿੱਤ ਸਾਡੇ ਵੱਲ ਵੇਖਕੇ ਕਹਿ ਰਿਹਾ ਹੋਵੇ ਕਿ 'ਮਿੱਟੀ ਦਾ ਮਾਧੋ' ਮੈਂ ਹਾਂ ਜਾਂ ...

ਕੇਰਲਾ, ਸੀਪਐਮ, ਪੂਰਾ ਨਾਮ $ ਫੀਜਅਦ

ਅੱਜ ਦੋ ਘਟਨਾਵਾਂ ਮੇਰੇ ਵਿਚਾਰ ਮੁਤਾਬਕ ਮਹੱਤਵਪੂਰਨ ਵਾਪਰੀਆਂ ਹਨ। ਇੱਕ ਹੈ ਫਿਲਮੀ ਐਕਟਰ ਸ੍ਰੀਦੇਵੀ ਦੀ ਮੌਤ।

ਦੂਸਰੀ ਜਿਸ ਨੇ ਮੇਰਾ ਧਿਆਨ ਖਿੱਚਿਆ ਉਹ ਹੈ ਕੇਰਲਾ ਦਾ ਰਹਿਣ ਵਾਲਾ "ਲੱਪ ਚੌਲਾਂ ਦੀ ਚੋਰੀ ਬਦਲੇ" ਕੁੱਟ ਕੁੱਟ ਕੇ ਮਾਰ ਦਿੱਤਾ ਗਿਆ "ਮਾਧੋ"। ਸ੍ਰੀ ਦੇਵੀ ਦੀ ਮੌਤ ਦੀ ਖੂਬ ਚਰਚਾ ਹੈ ਪਰ ਮਿੱਟੀ ਦੇ "ਮਾਧੋ" ਦੇ ਕਤਲ ਦੀ ਚਰਚਾ ਸ਼ਾਇਦ ਹੀ ਸੁਨਣ, ਵੇਖਣ ਨੂੰ ਮਿਲੇ। ਕਦ ਤੱਕ ਚੁੱਪ ਚਾਪ ਅਜਿਹੇ ਅਣਮਨੁੱਖੀ ਵਰਤਾਰਿਆਂ ਪ੍ਰਤੀ ਚੁੱਪ ਕਰਕੇ ਬੈਠੈ ਰਹੋਗੇ? ਅਗਲਾ ਕਤਲ ਤੁਹਾਡਾ ਅਤੇ ਮੇਰਾ ਹੋਵੇਗਾ। ਅਸੀਂ ਤੁਹਾਡੀ ਜ਼ਮੀਨ, ਤੁਹਾਡਾ ਘਰ ਅਤੇ ਤੁਹਾਡੇ ਹੱਕ ਚੋਰੀ ਕਰ ਲਏ ਹਨ ਅਤੇ ਤੁਹਾਨੂੰ ਚੋਰ ਕਰਾਰ ਦੇ ਕੇ ਤੁਹਾਡੀ ਜ਼ਿੰਦਗੀ ਦੀ ਕੀਮਤ ਤਹਿ ਕਰ ਦਿੱਤੀ ਹੈ. ਅਫਸੋਸ, ਅਸੀਂ ਸੱਭਿਆ ਹੋਣ ਦਾ ਸਿਰਫ ਦਿਖਾਵਾ ਕਰ ਰਹੇ ਹਾਂ ਅਤੇ ਦਿਖਾਵਾ ਵੀ ਇਹ ਧਿਆਨ ਰਖਦੇ ਹੋਏ ਕਰ ਰਹੇ ਹਾਂ ਕਿ ਤੁਹਾਡੇ ਅਤੇ ਸਾਡੇ ਦਰਮਿਆਨ ਇੱਕ ਲਕੀਰ ਬਰਕਰਾਰ ਰਹੇ। ਤੁਹਾਡੇ ਸਹਿਯੋਗ ਲਈ ਧੰਨਵਾਦ।

---

# ਚਲੀ ਗਈ ਫਿਲਮਾਂ ਦੀ 'ਚਾਂਦਨੀ', ਹਮੇਸ਼ਾ ਯਾਦ ਆਉਣਗੇ ਉਹ 'ਲਮਹੇ'



ਪਰਦੇ ਉੱਤੇ ਆਪਣੇ ਚੁਲਬੁਲੇ ਅੰਦਾਜ ਨਾਲ ਹਲਚਲ ਮਚਾਉਣ ਵਾਲੀ ਅਦਾਕਾਰਾ ਸ਼੍ਰੀਦੇਵੀ ਦਾ ਦੁਬਈ ਵਿੱਚ ਦਿਲ ਦੀ ਧੜਕਣ ਰੁਕਣ ਕਾਰਨ 54 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ ਹੈ। ਦੁਬਈ ਵਿੱਚ ਉਹ ਇੱਕ ਵਿਆਹ ਸਮਾਰੋਹ ਵਿੱਚ ਹਿੱਸਾ ਲੈਣ ਗਏ ਸੀ। ਇਹ ਉਹ ਅਦਾਕਾਰਾ ਸੀ ਜਿਸ ਨੇ ਆਪਣੀ ਧੀ ਦੀ ਪਹਿਲੀ ਫਿਲਮ ਲਈ ਆਪਣੇ ਆਪ ਨੂੰ ਇੰਨਾ ਤਿਆਰ ਕਰ ਲਿਆ ਸੀ ਕਿ ਮੰਨੋ ਇਹ ਉਸ ਦੀ ਆਪਣੀ ਪਹਿਲੀ ਫਿਲਮ ਹੋਵੇ। ਲੇਕਿਨ ਉਹ ਆਪਣੀ ਧੀ ਜਾਹਨਵੀ ਨੂੰ ਪਰਦੇ ਉੱਤੇ ਵੇਖ ਸਕਦੀ, ਇਸ ਤੋਂ ਪਹਿਲਾਂ ਹੀ ਕਿਸਮਤ ਨੇ ਉਨ੍ਹਾਂ ਦੀ ਜ਼ਿੰਦਗੀ ਦਾ ਪਰਦਾ ਸੁੱਟ ਦਿੱਤਾ। ਸ਼੍ਰੀਦੇਵੀ ਨੇ ਆਪਣੀ ਗਜਬ ਦੀ ਖ਼ੂਬਸੂਰਤੀ, ਦਿਲਕਸ਼ ਅਦਾਵਾਂ ਅਤੇ ਦਮਦਾਰ ਅਭਿਨੈ ਨਾਲ ਦਰਸ਼ਕਾਂ ਉੱਤੇ ਆਪਣੀ ਅਮਿੱਟ ਛਾਪ ਛੱਡੀ ਹੈ। ਭਾਰਤੀ ਫਿਲਮਾਂ ਦੀ ਮਸ਼ਹੂਰ ਅਦਾਕਾਰਾ ਨੇ ਹਿੰਦੀ ਫਿਲਮਾਂ ਤੋਂ ਇਲਾਵਾ ਤਮਿਲ, ਮਲਿਆਲਮ, ਤੇਲਗੂ, ਕੰਨੜ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ। ਬਿਹਤਰੀਨ ਅਭਿਨੈ ਦੇ ਕਾਰਨ ਉਨ੍ਹਾਂ ਦੀ ਗਿਣਤੀ ਸਰਬੋਤਮ ਕਲਾਕਾਰਾਂ ਵਿੱਚ ਕੀਤੀ ਜਾਂਦੀ ਹੈ।

# ਵਰ, ਵਿਚੋਲੇ ਤੇ ਆਈਲੈੱਟਸ: ਕੀ ਅੰਗਰੇਜ਼ੀ ਦੀ ਡਿਗਰੀ ਹੈ ਵਿਆਹ ਦਾ ਪਾਸਪੋਰਟ?



ਜਦੋਂ ਮੈਂ ਕਾਲਜ ਵਿੱਚ ਪੜ੍ਹਨ ਲੱਗੀ ਤਾਂ ਆਪਣੇ-ਆਪ ਨੂੰ ਬਾਕੀ ਕੁੜੀਆਂ ਵਾਂਗ ਵੱਡੀ ਸਮਝਣ ਲੱਗੀ। ਇਸੇ ਦੌਰਾਨ ਮੇਰੀ ਵੱਡੀ ਭੈਣ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਬੀ.ਐੱਡ ਕਰ ਰਹੀ ਸੀ।

ਪੰਜਾਬ ਯੂਨੀਵਰਸਟੀ ਚੰਡੀਗੜ੍ਹ ਵਿੱਚ ਖੋਜਾਰਥੀ ਅਤੇ ਕਾਲਜ ਵਿੱਚ ਲੈਕਚਰਾਰ ਅਮਨਦੀਪ ਕੌਰ ਵਿਦੇਸ਼ ਜਾਣ ਦੇ ਰੁਝਾਨ 'ਤੇ ਆਪਣੇ ਨਿੱਜੀ ਤਜ਼ਰਬੇ ਤੇ ਵਿਚਾਰ ਸਾਂਝੇ ਕਰ ਰਹੇ ਹਨ। ਇਹ ਕਹਾਣੀ ਸਾਡੀ ਖਾਸ ਲੜੀ ਵਰ ਵਿਚੋਲੇ ਤੇ ਆਈਲੈੱਟਸ ਦਾ ਹਿੱਸਾ ਹੈ।

ਘਰ ਵਿੱਚ ਮੇਰੇ ਤੋਂ ਲੁਕੋ ਕੇ ਕੁਝ ਗੱਲਾਂ ਹੁੰਦੀਆਂ ਸੀ ਤੇ ਕਈਆਂ ਗੱਲਾਂ ਕਰਕੇ ਮੇਰੀ ਵੱਡੀ ਭੈਣ ਵੀ ਪ੍ਰੇਸ਼ਾਨ ਸੀ।

ਉਹ ਪੜ੍ਹਨਾ ਚਾਹੁੰਦੀ ਸੀ ਪਰ ਸਾਡਾ ਬਹੁਤ ਨੇੜਲਾ ਰਿਸ਼ਤੇਦਾਰ ਉਸ ਲਈ ਵਿਦੇਸ਼ੀਂ ਵਸਦੇ ਮੁੰਡੇ ਨਾਲ ਰਿਸ਼ਤਾ ਕਰਵਾਉਣਾ ਚਾਹੁੰਦਾ ਸੀ।

ਜਦੋਂ ਮੈਨੂੰ ਪਤਾ ਲੱਗਿਆ ਕਿ ਇਹ ਰਿਸ਼ਤਾ ਸਿਰਫ਼ ਮੇਰੀ ਭੈਣ ਲਈ ਨਹੀਂ ਸੀ ਸਗੋਂ ਮਾਮਲਾ ਵੱਡਾ ਹੈ ਤਾਂ ਮੇਰੀ ਸਾਰੀ ਸਿਆਣਪ ਸੁਆਲਾਂ ਦੇ ਘੇਰੇ ਵਿੱਚ ਆ ਗਈ।

**'ਵਿਦੇਸ਼ ਜਾਣ ਲਈ ਵੇਲੇ ਜਾਂਦੇ ਪਾਪੜਾਂ ਵਿੱਚ ਵਿਆਹ'**

ਮੇਰੀ ਭੈਣ ਲਈ ਆਉਣ ਵਾਲੇ ਰਿਸ਼ਤੇ ਦੀਆਂ ਸ਼ਰਤਾਂ ਵਿੱਚ ਸ਼ਾਮਿਲ ਸੀ ਕਿ ਕੁੜੀ ਦੀ ਛੋਟੀ ਭੈਣ ਯਾਨਿ ਕਿ ਮੈਂ ਮੁੰਡੇ ਦੇ ਭਰਾ ਨਾਲ ਵਿਆਹ ਕਰਵਾ ਕੇ ਉਸ ਨੂੰ ਵਿਦੇਸ਼ ਲੈ ਕੇ ਜਾਵਾਂਗੀ।

ਉਸ ਵੇਲੇ ਮੈਂ ਸੋਚਦੀ ਸੀ ਕਿ ਜੇ ਕਿਸੇ ਨੇ ਵਿਦੇਸ਼ ਜਾਣਾ ਹੈ ਤਾਂ ਵਿਆਹ ਦੀ ਕੀ ਲੋੜ ਹੈ? ਬਾਅਦ ਵਿੱਚ ਪਤਾ ਲੱਗਿਆ ਕਿ ਵਿਦੇਸ਼ ਜਾਣ ਲਈ ਵੇਲੇ ਜਾਣ ਵਾਲੇ ਪਾਪੜਾਂ ਵਿੱਚ ਇੱਕ ਵਿਆਹ ਵੀ ਹੈ।

ਕੁਝ ਦਿਨਾਂ ਦੀ ਪਰੇਸ਼ਾਨੀ ਤੋਂ ਬਾਅਦ ਮੇਰੀ ਭੈਣ ਇਸ ਖਲ਼ਜਗਣ ਵਿੱਚੋਂ ਨਿਕਲ ਆਈ ਅਤੇ ਮੇਰੀ ਧਿਰ ਮਜ਼ਬੂਤ ਹੋ ਗਈ।

ਕਾਲਜ ਦੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਮੈਂ ਆਪਣੀ ਭੈਣ ਦੀਆਂ ਪੈੜਾਂ ਨੱਪਦੀ ਪੰਜਾਬ ਯੂਨੀਵਰਸਿਟੀ ਪਹੁੰਚ ਗਈ।


ਵਿਦੇਸ਼ ਜਾਣ ਵਾਸਤੇ ਕੁੜੀਆਂ ਅੰਗਰੇਜ਼ੀ ਦੀ ਪੜ੍ਹਾਈ ਕਰ ਰਹੀਆਂ ਹਨ।

ਮੈਂ ਇੰਗਲਿਸ਼ ਡਿਪਾਰਟਮੈਂਟ ਵਿੱਚ ਦਾਖ਼ਲਾ ਲਿਆ ਤਾਂ ਇਹ ਫ਼ਿਕਰਾ ਸੁਣਨ ਨੂੰ ਹਰ ਦੂਜੇ-ਤੀਜੇ ਦਿਨ ਮਿਲ ਜਾਂਦਾ ਸੀ, "ਅੰਗਰੇਜ਼ੀ ਦੀ ਐੱਮ.ਏ. ਤਾਂ ਤੁਹਾਡੇ ਲਈ ਵਿਆਹ ਦਾ ਪਾਸਪੋਰਟ ਹੈ।"

"ਤੁਹਾਡੇ ਵਿੱਚੋਂ ਜ਼ਿਆਦਾਤਰ ਕੁੜੀਆਂ ਨੇ ਵਿਆਹ ਕਰਵਾ ਕੇ ਕੈਨੇਡਾ ਜਾਣਾ ਹੈ।"

ਇਹ ਫ਼ਿਕਰਾ ਸੁਣ ਕੇ ਅਜੀਬ ਜਿਹਾ ਲਗਦਾ ਸੀ ਪਰ ਬਾਕੀ ਦੇ ਰੁਝੇਵਿਆਂ ਕਾਰਨ ਇਸ ਬਾਬਤ ਜ਼ਿਆਦਾ ਨਹੀਂ ਸੋਚਿਆ।

ਯੂਨੀਵਰਸਿਟੀ ਵਿੱਚ ਬਹਿਸਾਂ ਅਤੇ ਸੈਮੀਨਾਰ ਮੇਰੀ ਜ਼ਿੰਦਗੀ ਸਨ ਅਤੇ ਬਾਕੀ ਸਮਾਂ ਦੋਸਤਾਂ ਅਤੇ ਕਿਤਾਬਾਂ ਨਾਲ ਲੰਘ ਜਾਂਦਾ ਸੀ।

ਹੁਣ ਆਪਣੀਆਂ ਹਮ ਜਮਾਤਣਾਂ ਬਾਰੇ ਸੋਚਦੀ ਹਾਂ ਤਾਂ ਜ਼ਿਆਦਾਤਰ ਵਿਦੇਸ਼ੀਂ ਬੈਠੀਆਂ ਹਨ ਅਤੇ ਬੱਚੇ ਪਾਲ ਰਹੀਆਂ ਹਨ।

ਹੁਣ ਸਮਝ ਆਈ ਹੈ ਕਿ ਕਦੇ ਬੇਮਾਅਨਾ ਲੱਗਣ ਵਾਲਾ ਫਿਕਰਾ ਅਧਿਆਪਕਾਂ ਦੇ ਤਜਰਬੇ ਦੀ ਤਰਜ਼ਮਾਨੀ ਕਰਦਾ ਸੀ।

ਮੇਰੀ ਹਾਣ ਦੀਆਂ ਬਹੁਤ ਸਾਰੀਆਂ ਕੁੜੀਆਂ ਆਈਲੈੱਟਸ ਦਾ ਇਮਤਿਹਾਨ ਦੇ ਰਹੀਆਂ ਸਨ ਅਤੇ ਮੈਂ ਇਸ ਰੁਝਾਨ ਦੀ ਫਿਰੋਜ਼ਪੁਰ ਦੇ ਕਾਲਜ ਤੋਂ ਗਵਾਹ ਹਾਂ।

ਮੈਂ ਐੱਮ.ਫ਼ਿਲ ਕਰ ਕੇ ਪੀ.ਐੱਚਡੀ ਕਰ ਰਹੀ ਹਾਂ ਅਤੇ ਚੰਡੀਗੜ੍ਹ ਦੇ ਇੱਕ ਕਾਲਜ ਵਿੱਚ ਅੰਗਰੇਜ਼ੀ ਪੜ੍ਹਾਉਂਦੀ ਹਾਂ।

ਮੈਂ ਪੜ੍ਹਾਈ ਅਤੇ ਜ਼ਿੰਦਗੀ ਦੇ ਰਿਸ਼ਤੇ ਬਾਬਤ ਸੋਚਦੀ ਹਾਂ ਤਾਂ ਵਿਆਹ ਦਾ ਸੁਆਲ ਅਹਿਮ ਬਣ ਕੇ ਸਾਹਮਣੇ ਆਉਂਦਾ ਹੈ।

ਮੇਰੇ ਘਰ ਰਿਸ਼ਤੇਦਾਰ ਅਤੇ ਸਾਕ-ਸਬੰਧੀ ਇਹ ਗੱਲ ਕਈ ਵਾਰ ਸੋਚਦੇ ਹਨ ਕਿ ਹੁਣ ਕੁੜੀ ਤਾਂ ਅੰਗਰੇਜ਼ੀ ਪੜ੍ਹ ਗਈ ਹੈ ਤਾਂ ਕੈਨੇਡਾ ਦਾ ਪੱਕਾ ਮੁੰਡਾ ਲੱਭ ਜਾਵੇਗਾ।

ਪਰ ਮੈਂ ਆਪਣੀ ਪਸੰਦ ਦਾ ਕੰਮ ਕਰਨ ਲਈ ਪੜ੍ਹਾਈ ਕਰਦੀ ਹਾਂ ਅਤੇ ਉਹ ਮੇਰੀ ਪੜ੍ਹਾਈ ਦਾ ਵਿਆਹ ਦੀ ਮੰਡੀ ਵਿੱਚ ਮੁੱਲ ਪਾਉਂਦੇ ਹਨ।


'ਜੱਦੀ-ਪੁਸ਼ਤੀ ਕੰਮਾਂ ਵਿੱਚ ਨਾ ਆਮਦਨ ਬਚੀ'

ਮੇਰੇ ਹੋਸਟਲ ਅਤੇ ਹੋਰ ਜਾਣੂ ਘੇਰੇ ਵਿੱਚ ਕੁਝ ਗੱਲਾਂ ਲਗਾਤਾਰ ਸੁਣੀਦੀਆਂ ਹਨ। ਡੌਲੀ ਨੇ ਫੈਸ਼ਨ ਤਕਨਾਲੋਜੀ ਵਿੱਚ ਮਾਸਟਰਜ਼ ਕਰ ਲਈ ਹੈ ਅਤੇ ਆਈਲੈੱਟਸ ਦੇ ਇਮਤਿਹਾਨ ਦੀ ਤਿਆਰੀ ਕਰ ਰਹੀ ਹੈ।

ਉਸ ਦਾ ਭਰਾ ਕੈਨੇਡਾ ਵਿੱਚ ਰਹਿੰਦਾ ਹੈ ਅਤੇ ਕੈਨੇਡਾ ਵਿੱਚ ਪੱਕਾ ਕਰਵਾਉਣ ਵਿੱਚ ਸਹਾਈ ਹੋ ਸਕਣ ਵਾਲੀ ਕੁੜੀ ਦੀ ਭਾਲ ਹੋ ਰਹੀ ਹੈ। ਇਹ ਪੂਰਾ ਮਾਮਲਾ ਪੇਚੀਦਾ ਹੈ।

ਮੇਰਾ ਇੱਕ ਵਿਦਿਆਰਥੀ ਬਲਵਿੰਦਰ ਸਿੰਘ ਬੀ.ਏ. ਵਿੱਚ ਪੜ੍ਹਦਾ ਹੈ ਅਤੇ ਵਿਦੇਸ਼ ਜਾਣ ਦਾ ਚਾਹਵਾਨ ਹੈ। ਉਹ ਕਹਿੰਦਾ ਹੈ, "ਜੱਦੀ-ਪੁਸ਼ਤੀ ਕੰਮਾਂ ਵਿੱਚ ਨਾ ਆਮਦਨ ਬਚੀ ਹੈ ਅਤੇ ਨਾ ਮੈਂ ਉਹ ਕਰਨਾ ਚਾਹੁੰਦਾ ਹਾਂ। ਅਸੀਂ ਤਾਂ ਆਪਣੀ ਜਾਇਦਾਦ ਵੇਚ ਕੇ ਕੈਨੇਡਾ ਜਾਂ ਆਸਟਰੇਲੀਆ ਚਲੇ ਜਾਣਾ ਹੈ।"



ਉਹ ਤਫ਼ਸੀਲ ਵਿੱਚ ਗੱਲ ਕਰਦਾ ਹੈ ਕਿ ਉਹ ਆਪਣੇ ਮਾਪਿਆਂ ਵਾਂਗ ਹੱਡ-ਭੰਨਵੀ ਮਿਹਨਤ ਕਰ ਕੇ ਗੁਜ਼ਾਰਾ ਨਹੀਂ ਕਰਨਾ ਚਾਹੁੰਦਾ ਸਗੋਂ ਚੰਗੀ ਤਰ੍ਹਾਂ ਜਿਉਣਾ ਚਾਹੁੰਦਾ ਹੈ।

ਇਸੇ ਤਰ੍ਹਾਂ ਮੇਰਾ ਇੱਕ ਹੋਰ ਵਿਦਿਆਰਥੀ ਇਸ ਰੁਝਾਨ ਨੂੰ ਅਰਥਚਾਰੇ ਨਾਲ ਜੋੜ ਦਿੰਦਾ ਹੈ, "ਨਿੱਜੀਕਰਨ ਕਾਰਨ ਨੌਕਰੀਆਂ ਘੱਟ ਗਈਆਂ ਹਨ ਅਤੇ ਕੰਪਨੀਆਂ ਦੀਆਂ ਚੰਗੀਆਂ ਨੌਕਰੀਆਂ ਅਮੀਰਾਂ ਦੀਆਂ ਹੋ ਗਈਆਂ ਹਨ।"

ਅੰਗਰੇਜ਼ੀ ਵਿੱਚ ਐੱਮ.ਫਿਲ ਕਰਦਾ ਪ੍ਰਦੀਪ ਸ਼ਰਮਾ ਕਹਿੰਦਾ ਹੈ, "ਮੈਂ ਕਹਿਣ ਨੂੰ ਉੱਚੀ ਜਾਤ ਨਾਲ ਸਬੰਧ ਰੱਖਦਾ ਪਰ ਮੇਰੀ ਵਿੱਤੀ ਹਾਲਤ ਦੀ ਸਮਝ ਭਾਰਤੀ ਸਮਾਜ ਜਾਂ ਨਿਜ਼ਾਮ ਨੂੰ ਨਹੀਂ ਹੈ। ਮੈਨੂੰ ਆਪਣਾ ਭਵਿੱਖ ਇਸ ਥਾਂ ਉੱਤੇ ਮਹਿਫ਼ੂਜ਼ ਨਹੀਂ ਲੱਗਦਾ।"

ਉਸ ਦੀਆਂ ਗੱਲਾਂ ਤੋਂ ਇਹ ਸਮਝ ਆਉਂਦੀ ਹੈ ਕਿ ਬਿਮਾਰੀ, ਗ਼ੁਰਬਤ ਅਤੇ ਮੰਦਹਾਲੀ ਬੰਦੇ ਨੂੰ ਇੱਕ ਥਾਂ ਤੋਂ ਦੂਜੀ ਥਾਂ ਕਿਵੇਂ ਲਿਜਾਂਦੀ ਹੈ।

ਇਸੇ ਰੁਝਾਨ ਦੀਆਂ ਕਹਾਣੀਆਂ ਸੁਣਨ ਲਈ ਚੰਡੀਗੜ੍ਹ ਦੀਆਂ ਲੇਬਰ ਕਾਲੋਨੀਆਂ ਦੇ ਵਾਸੀਆਂ ਨੂੰ ਮਿਲਿਆ ਜਾ ਸਕਦਾ ਹੈ। ਉਹ ਦੱਸਦੇ ਹਨ ਕਿ ਕਿਵੇਂ ਉਹ ਵੱਖ-ਵੱਖ ਸੂਬਿਆਂ ਤੋਂ ਮੌਜੂਦਾ ਹਾਲਾਤ ਵਿੱਚ ਇੱਥੇ ਪਹੁੰਚੇ ਹਨ।



ਆਈਲੈੱਟਸ ਦੀ ਤਿਆਰੀ ਕਰਦੇ ਨੌਜਵਾਨ

ਇਸੇ ਰੁਝਾਨ ਦਾ ਦੂਜਾ ਪੱਖ ਅਖ਼ਬਾਰਾਂ ਅਤੇ ਟੈਲੀਵਿਜ਼ਨ ਉੱਤੇ ਨਸ਼ਰ ਹੁੰਦੇ ਵਿਆਹਾਂ ਅਤੇ ਵਿਦੇਸ਼ ਜਾਣ ਦੇ ਮੌਕਿਆਂ ਦੇ ਇਸ਼ਤਿਹਾਰਾਂ ਵਿੱਚੋਂ ਸਮਝ ਹੁੰਦਾ ਹੈ। ਆਪਣੀ-ਆਪਣੀ ਗੁੰਜਾਇਸ਼ ਮੁਤਾਬਕ ਲੋਕ ਇੱਕ ਥਾਂ ਤੋਂ ਦੂਜੀ ਥਾਂ ਤੁਰੇ ਫਿਰਦੇ ਹਨ।

ਅਰਥਸ਼ਾਸਤਰ ਵਿੱਚ ਐੱਮ. ਫਿਲ ਕਰਦੀ ਅਮਨਦੀਪ ਕੌਰ ਇਸ ਰੁਝਾਨ ਦੀ ਇੱਕ ਹੋਰ ਪਰਤ ਖੋਲ੍ਹਦੀ ਹੈ, "ਮੈਂ ਜਿਸ ਰੂੜੀਵਾਦੀ ਸਮਾਜ ਵਿੱਚ ਰਹਿੰਦੀ ਹਾਂ ਅਤੇ ਜਿਸ ਤਰ੍ਹਾਂ ਦੀ ਪੜ੍ਹਾਈ ਕਰਦੀ ਹਾਂ ਇਨ੍ਹਾਂ ਵਿੱਚ ਕੋਈ ਮੇਲ ਨਹੀਂ ਬਣਦਾ।




'ਅੰਗਰੇਜ਼ੀ ਪੜ੍ਹ ਲਈ, ਤਾਂ ਕੈਨੇਡਾ ਮੁੰਡਾ ਪੱਕਾ ਲੱਭ ਜਾਊ'

ਭਾਰਤੀ ਰੂੜੀਵਾਦੀ ਸਮਾਜ ਆਪਣੇ ਹੀ ਪੜ੍ਹੇ-ਲਿਖੇ ਬੱਚਿਆਂ ਦੀ ਖੁੱਲ੍ਹਨਜ਼ਰੀ ਨੂੰ ਕਬੂਲ ਨਹੀਂ ਕਰ ਸਕਦਾ। ਇਸੇ ਕਾਰਨ ਵੱਡੇ ਪੱਧਰ 'ਤੇ ਹਿੰਸਾ ਹੁੰਦੀ ਹੈ ਅਤੇ ਕੋਈ ਇਨ੍ਹਾਂ ਹਾਲਾਤ ਤੋਂ ਤੰਗ ਆ ਕੇ ਦੂਜੇ ਮੁਲਕਾਂ ਦੀ ਤਿਆਰੀ ਕਰ ਲੈਂਦਾ ਹੈ।"

**ਪੀੜ੍ਹੀਆਂ ਵਿਚਲਾ ਪਾੜ੍ਹਾ ਵੀ ਹੈ ਕਾਰਨ**

ਅਮਨਦੀਪ ਨੂੰ ਰੂੜੀਵਾਦੀ ਸਮਾਜ ਤੋਂ ਨਿਜ਼ਾਤ ਅਤੇ ਜ਼ਿੰਦਗੀ ਦੀ ਆਜ਼ਾਦੀ ਚਾਹੀਦੀ ਹੈ। ਉਹ ਪੱਛਮੀ ਸੱਭਿਆਚਾਰ ਵਿੱਚ ਵਿਆਹ ਦੇ ਲਚਕੀਲੇਪਣ ਨੂੰ ਬਿਹਤਰ ਮੰਨਦੀ ਹੈ।



ਰਸਾਇਣ ਸ਼ਾਸਤਰ ਵਿੱਚ ਐੱਮ.ਫਿਲ ਕਰ ਰਹੀ ਨਵਪ੍ਰੀਤ ਦੀ ਦਲੀਲ ਹੈ ਕਿ ਪੁਰਾਣੀ ਅਤੇ ਨਵੀਂ ਪੀੜ੍ਹੀ ਦੀ ਸਮਝ ਵਿਚਲਾ ਪਾੜਾ ਬਹੁਤ ਸਾਰੇ ਨੌਜਵਾਨਾਂ ਨੂੰ ਵਿਦੇਸ਼ਾਂ ਦੇ ਰਾਹ ਤੋਰਦਾ ਹੈ।

ਸਾਡੀ ਇੱਕ ਸਾਂਝੀ ਦੋਸਤ ਵਿਦੇਸ਼ ਜਾ ਰਹੀ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ ਪੰਜਾਬੀ ਸਮਾਜ ਉਸ ਨੂੰ ਆਪਣੀ ਪਸੰਦ ਦੇ ਮੁੰਡੇ ਨਾਲ ਵੱਖਰੇ ਧਰਮ ਕਾਰਨ ਵਿਆਹ ਦੀ ਇਜਾਜ਼ਤ ਨਹੀਂ ਦੇਵੇਗਾ।

ਅਸੀਂ ਜਾਣਦੀਆਂ ਹਾਂ ਕਿ ਇਹ ਮੁੰਡਾ-ਕੁੜੀ ਵਿਦੇਸ਼ ਜਾਣ ਲਈ ਪਿਛਲੇ ਇੱਕ ਸਾਲ ਤੋਂ ਆਈਲੈੱਟਸ ਦੀਆਂ ਦੁਕਾਨਾਂ ਦੇ ਚੱਕਰ ਕੱਟ ਰਹੇ ਹਨ।

ਮੇਰੇ ਨਾਲ ਦੀਆਂ ਕਈ ਸਿਆਣੀਆਂ ਕੁੜੀਆਂ ਅਤੇ ਵਿਦਿਆਰਥੀ ਵਿਦੇਸ਼ ਦੇ ਰੁਝਾਨ ਨੂੰ ਪਾਗ਼ਲਪਨ ਕਰਾਰ ਦਿੰਦੇ ਹਨ।

ਮੇਰੀਆਂ ਯਾਦਾਂ ਮੈਨੂੰ ਆਪਣੇ ਬਚਪਨ ਵਿੱਚ ਲੈ ਜਾਂਦੀਆਂ ਹਨ ਤਾਂ ਕਈ ਗੱਲਾਂ ਸਮਝ ਆਉਂਦੀਆਂ ਹਨ ਜੋ ਉਸ ਵੇਲੇ ਸਮਝ ਨਹੀਂ ਆਈਆਂ ਸਨ।

ਇਹ ਪਾਗ਼ਲਪਣ ਤਾਂ ਨਵਾਂ ਨਹੀਂ ਹੈ ਤਾਂ ਇਸ ਦਾ ਦੋਸ਼ ਤਾਂ ਨੌਜਵਾਨਾਂ ਸਿਰ ਨਹੀਂ ਮੜ੍ਹਿਆ ਜਾ ਸਕਦਾ। ਮੇਰੇ ਅਧਿਆਪਕ ਉਂਝ ਹੀ ਤਾਂ ਨਹੀਂ ਕਹਿੰਦੇ ਸੀ ਕਿ ਸੱਤਰ ਫ਼ੀਸਦੀ ਕੁੜੀਆਂ ਅੰਗਰੇਜ਼ੀ ਵਿਦੇਸ਼ ਜਾਣ ਲਈ ਪੜ੍ਹਦੀਆਂ ਹਨ।

ਮੇਰੇ ਕੋਲ ਕੋਈ ਅੰਕੜਾ ਤਾਂ ਨਹੀਂ ਪਰ ਮੇਰੀਆਂ ਹਮ ਜਮਾਤਣਾਂ ਨੇ ਉਨ੍ਹਾਂ ਦੀ ਸਮਝ ਦੀ ਤਸਦੀਕ ਹੀ ਕੀਤੀ ਹੈ।

ਮੇਰੇ ਦੋਸਤੀ ਦੇ ਘੇਰੇ ਵਿੱਚ ਜ਼ਿਆਦਾਤਰ ਕੁੜੀਆਂ-ਮੁੰਡੇ ਆਪਣੀ ਸੋਚ ਰੱਖਦੇ ਹਨ ਅਤੇ ਲੋੜ ਪੈਣ ਉੱਤੇ ਸਮਾਜਿਕ ਰੀਤੀ-ਰਿਵਾਜ਼ ਉੱਤੇ ਸੁਆਲ ਕਰਦੇ ਹਨ।

ਅਸੀਂ ਕਈ ਵਾਰ ਗੱਲ ਕਰਦੀਆਂ ਹਾਂ ਕਿ ਵਿਦੇਸ਼ ਜਾਣਾ ਕਿਸੇ ਨਾ ਕਿਸੇ ਤਰ੍ਹਾਂ ਦੀ ਕਮਜ਼ੋਰੀ ਦਾ ਨਤੀਜਾ ਹੈ। ਜਦੋਂ ਮੈਂ ਸ਼ਾਂਤ ਮਨ ਨਾਲ ਸੋਚਦੀ ਹਾਂ ਕਿ ਸਾਡੀ ਸਮਝ ਆਪਣੇ-ਆਪ ਨੂੰ ਧੁਰਾ ਸਮਝ ਕੇ ਬਣਾਈ ਗਈ ਹੈ।

ਉਂਝ ਇੱਥੇ ਰਹਿਣ ਅਤੇ ਕੁਝ ਉਸਾਰੂ ਕਰਨ ਦੀ ਇੱਛਾ ਰੱਖਣ ਵਾਲਿਆਂ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਵੀ ਨਹੀਂ ਹੈ।

ਇਸ ਮਾਹੌਲ ਵਿੱਚ ਗਿਣਤੀਆਂ-ਮਿਣਤੀਆਂ ਨਾਲ ਮਾਪਿਆਂ-ਰਿਸ਼ਤੇਦਾਰਾਂ ਦੇ ਤੈਅ ਕੀਤੇ ਰਿਸ਼ਤਿਆਂ ਦੀ ਯੋਗਤਾ ਜੇ ਪਾਸਪੋਰਟ ਉੱਤੇ ਲੱਗੀਆਂ ਮੋਹਰਾਂ ਜਾਂ ਅੰਗਰੇਜ਼ੀ ਪੜ੍ਹ ਕੇ ਪੂਰੀ ਹੋਣੀ ਹੈ ਤਾਂ ਸਮਾਜਿਕ ਅਤੇ ਵਿਦਿਅਕ ਅਦਾਰੇ ਆਪਣੇ ਟੀਚੇ ਤੋਂ ਖੁੰਝ ਗਏ ਹਨ।

ਇਸ ਤੋਂ ਬਾਅਦ ਅਖ਼ਬਾਰਾਂ ਵਿੱਚ ਆਉਂਦੇ ਕੱਚੇ, ਕਾਗ਼ਜ਼ੀ ਅਤੇ ਸ਼ਰਤਾਂ ਵਾਲੇ ਵਿਆਹਾਂ ਦੇ ਇਸ਼ਤਿਹਾਰ ਜਾਂ ਆਈਲੈੱਟਸ ਦਾ ਵਧਦਾ ਕਾਰੋਬਾਰ ਹੈਰਾਨ ਨਹੀਂ ਕਰਦਾ ਪਰ ਪਰੇਸ਼ਾਨ ਤਾਂ ਕਰਦਾ ਹੈ।

ਹੁਣ ਤਾਂ ਮੈਨੂੰ ਪੜ੍ਹਨ-ਪੜ੍ਹਾਉਣ ਦਾ ਬਹੁਤ ਸੁਆਦ ਆਉਂਦਾ ਹੈ ਪਰ ਮੌਜੂਦਾ ਮਾਹੌਲ ਵਿੱਚ ਕਦੇ ਵੀ ਇਹ ਸੁਆਲ ਆ ਸਕਦਾ ਹੈ ਕਿ ਅੰਗਰੇਜ਼ੀ ਪੜ੍ਹ ਕੇ ਵਿਦੇਸ਼ ਕਿਉਂ ਨਹੀਂ ਗਈ?

ਮੈਨੂੰ ਨਹੀਂ ਪਤਾ ਕਿ ਮੈਂ ਇਹ ਜੁਆਬ ਕਦੋਂ ਤੱਕ ਦੇ ਸਕਦੀ ਹਾਂ ਕਿ ਮੈਂ ਆਪਣੀ ਪਸੰਦ ਦੇ ਲੋਕਾਂ ਵਿੱਚ ਆਪਣੀ ਪਸੰਦ ਦਾ ਕੰਮ ਕਰਦੀ ਹਾਂ।

**(ਅਮਨਦੀਪ ਕੌਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਅੰਗਰੇਜ਼ੀ ਦੀ ਖੋਜਾਰਥੀ ਹੈ ਅਤੇ ਕਾਲਜ ਵਿੱਚ ਪੜ੍ਹਾਉਂਦੀ ਹੈ।)**

# ਪੰਜਾਬ ਸਰਕਾਰ ਵਲੋਂ ਥੋਪੇ ਜਾ ਰਹੇ ਕਾਲੇ ਕਾਨੂੰਨਾਂ ਵਿਰੁੱਧ ਲੜਿਆ ਜਾ ਰਿਹਾ ਸਾਂਝਾ ਸੰਘਰਸ਼




**ਬੂਟਾ ਸਿੰਘ ਨਵਾਂਸ਼ਹਿਰ**

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਲੋਂ ਜੂਨ 2017 ਵਿਚ ਚੁੱਪਚੁਪੀਤੇ ਜਨਤਕ ਅਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਐਕਟ ਲਾਗੂ ਕਰਕੇ ਅਤੇ ਮਹਾਂਰਾਸ਼ਟਰ ਦੇ ਬਹੁਤ ਹੀ ਬਦਨਾਮ ਕਾਨੂੰਨ ਮਕੋਕਾ ਦੀ ਤਰਜ਼ 'ਤੇ ਪਕੋਕਾ ਕਾਨੂੰਨ ਬਣਾਉਣ ਦੀ ਤਜਵੀਜ਼ ਤਿਆਰ ਕਰਕੇ ਪੰਜਾਬ ਦੀ ਸਮੁੱਚੀ ਜਮਹੂਰੀ ਲਹਿਰ ਲਈ ਜੋ ਵੱਡੀ ਚੁਣੌਤੀ ਪੇਸ਼ ਕੀਤੀ ਗਈ ਸੀ ਇਹ ਲਾਜ਼ਮੀ ਸੀ ਕਿ ਉਸ ਦਾ ਸੰਘਰਸ਼ਸ਼ੀਲ ਤਾਕਤਾਂ ਗੰਭੀਰ ਨੋਟਿਸ ਲੈਂਦੀਆਂ। ਇਸ ਚੁਣੌਤੀ ਨੂੰ ਕਬੂਲ ਕਰਦੇ ਹੋਏ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ 2 ਦਸੰਬਰ ਨੂੰ ਪੰਜਾਬ ਦੀਆਂ ਪੰਜ ਦਰਜਨ ਤੋਂ ਵੱਧ ਜਥੇਬੰਦੀਆਂ ਵਲੋਂ ਮੀਟਿੰਗ ਕਰਕੇ ਬਣ ਰਹੀ ਗੰਭੀਰ ਹਾਲਤ ਬਾਰੇ ਸੋਚ-ਵਿਚਾਰ ਕੀਤੀ ਗਈ ਅਤੇ ਸਾਂਝਾ ਸੰਘਰਸ਼ ਵਿੱਢਣ ਦੀ ਰੂਪਰੇਖਾ ਉਲੀਕੀ ਗਈ। ਸੰਘਰਸ਼ ਦੇ ਪਹਿਲੇ ਪੜਾਅ ਵਜੋਂ 10 ਦਸੰਬਰ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਸਾਰੇ ਪੰਜਾਬ ਵਿਚ ਜ਼ਿਲਾ ਕੇਂਦਰਾਂ 'ਤੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦਿੱਤੇ ਗਏ ਅਤੇ ਮੰਗ-ਪੱਤਰਾਂ ਦਾ ਉਤਾਰਾ ਯੂ. ਐਨ. ਓ. ਦੀ ਮਨੁੱਖੀ ਅਧਿਕਾਰਾਂ ਦੀ ਬਾਡੀ ਨੂੰ ਵੀ ਭੇਜਿਆ ਗਿਆ। ਇਸ ਪਿੱਛੋਂ ਜਥੇਬੰਦੀਆਂ ਦੀ ਅਗਲੀ ਵੱਡੀ ਮੀਟਿੰਗ ਕੀਤੀ ਗਈ ਜਿਸ ਵਿਚ ਰਾਜ ਦੇ ਇਸ ਹਮਲੇ ਦਾ ਮੁਕਾਬਲਾ ਕਰਨ ਲਈ ਸਾਂਝੀ ਸਮਝ ਤੈਅ ਕਰਦੇ ਹੋਏ ਕਾਲੇ ਕਾਨੂੰਨਾਂ ਵਿਰੁੱਧ ਜਨਤਕ ਜੱਥੇਬੰਦੀਆਂ ਦਾ ਤਾਲਮੇਲ ਫਰੰਟ ਪੰਜਾਬ ਬਣਾਇਆ ਗਿਆ। 31 ਦਸੰਬਰ ਨੂੰ ਇਸ ਫਰੰਟ ਦੇ ਝੰਡੇ ਹੇਠ ਜਲੰਧਰ ਵਿਖੇ ਵਿਸ਼ਾਲ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਗਈ ਜਿਸ ਵਿਚ ਵੱਖ-ਵੱਖ ਜਨਤਕ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਇਸ ਕਨਵੈਨਸ਼ਨ ਵਿਚ ਐਲਾਨ ਕੀਤਾ ਗਿਆ ਕਿ ਅਗਲੇ ਡੇਢ ਮਹੀਨੇ ਦੌਰਾਨ ਪੰਜਾਬ ਭਰ ਵਿਚ ਵਿਆਪਕ ਪ੍ਰਚਾਰ ਮੁਹਿੰਮ ਚਲਾਕੇ ਮਿਹਨਤਕਸ਼ ਲੋਕਾਂ ਨੂੰ ਕੈਪਟਨ ਸਰਕਾਰ ਦੇ ਤਾਨਾਸ਼ਾਹ ਇਰਾਦਿਆਂ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਮੁਹਿੰਮ ਦੇ ਅੰਤ ਵਿਚ ਸਮੁੱਚੇ ਸੂਬੇ ਨੂੰ ਦੋ ਹਿੱਸਿਆਂ ਵਿਚ ਵੰਡਕੇ ਦੋ ਵੱਡੇ ਜਨਤਕ ਇਕੱਠ ਕਰਕੇ ਇਸ ਤਾਨਾਸ਼ਾਹ ਹਮਲੇ ਨੂੰ ਪਛਾੜਣ ਲਈ ਜਨਤਕ ਦਬਾਓ ਲਾਮਬੰਦ ਕੀਤਾ ਜਾਵੇਗਾ।

ਇਸ ਪ੍ਰੋਗਰਾਮ ਅਨੁਸਾਰ ਤਾਲਮੇਲ ਫਰੰਟ ਦੇ ਸੱਦੇ 'ਤੇ ਸਮੂਹ ਜਨਤਕ ਜਥੇਬੰਦੀਆਂ ਵੱਲੋਂ 16 ਫਰਵਰੀ ਨੂੰ ਬਰਨਾਲਾ ਸ਼ਹਿਰ ਦੀ ਦਾਣਾ ਮੰਡੀ ਵਿੱਚ ਕਾਲੇ ਕਾਨੂੰਨਾਂ ਵਿਰੁੱਧ ਮਹਾਂ ਰੈਲੀ ਕੀਤੀ ਗਈ ਜਿਸ ਵਿੱਚ ਹਜਾਰਾਂ ਕਿਸਾਨਾਂ, ਮਜਦੂਰਾਂ, ਮੁਲਾਜਮਾਂ, ਨੌਜਵਾਨਾਂ, ਵਿਦਿਆਰਥੀਆਂ ਤੇ ਜਮਹੂਰੀ ਅਧਿਕਾਰਾਂ ਪ੍ਰਤੀ ਚੇਤੰਨ ਲੋਕਾਂ ਨੇ ਜੋਸ਼ਖਰੋਸ਼ ਨਾਲ ਹਿੱਸਾ ਲਿਆ। ਰੈਲੀ ਵਿਚ ਮਨੁੱਖ ਦੇ ਆਪਣੇ ਹਿਤਾਂ ਦੀ ਰਾਖੀ ਲਈ ਇਕੱਠੇ ਹੋਕੇ ਸੋਚ-ਵਿਚਾਰ ਕਰਨ ਅਤੇ ਜਥੇਬੰਦ ਹੋ ਕੇ ਸੰਘਰਸ਼ ਕਰਨ ਦੇ ਜਮਹੂਰੀ ਹੱਕਾਂ ਦੀ ਰਾਖੀ ਲਈ ਸੰਘਰਸ਼ਾਂ ਦੇ ਪਿੜ ਮੱਲਣ ਦਾ ਹੋਕਾ ਦਿੱਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਸਪਸ਼ਟ ਕੀਤਾ ਕਿ ਦੇਸ਼ ਦੀਆਂ ਸਰਕਾਰੀ ਤੇ ਲੋਕਾਂ ਦੀਆਂ ਜਾਇਦਾਦਾਂ ਨੂੰ ਅਸਲ ਖ਼ਤਰਾ ਲੋਟੂ ਸਰਕਾਰਾਂ ਤੋਂ ਹੈ ਜੋ ਲੋਕਾਂ ਵਲੋਂ ਦਿੱਤੇ ਟੈਕਸਾਂ ਦੇ ਪੈਸੇ ਨਾਲ ਉਸਾਰੇ ਸਰਕਾਰੀ ਖੇਤਰ ਦੇ ਤਮਾਮ ਅਦਾਰਿਆਂ ਅਤੇ ਅਮੀਰ ਕੁਦਰਤੀ ਵਸੀਲਿਆਂ - ਜੰਗਲ, ਜ਼ਮੀਨ ਅਤੇ ਧਰਤੀ ਹੇਠਲੇ ਖਣਿਜ - ਨੂੰ ਦੇਸੀ ਅਤੇ ਬਦੇਸ਼ੀ ਕੰਪਨੀਆਂ ਦੇ ਹੱਥਾਂ ਵਿਚ ਦੇ ਰਹੀਆਂ ਹਨ ਅਤੇ ਪੂਰੀ ਬੇਸ਼ਰਮੀ ਨਾਲ ਵੱਡੀ ਸਰਮਾਏਦਾਰੀ ਅਤੇ ਹੋਰ ਲੋਟੂ ਜਮਾਤਾਂ ਦੀ ਸੇਵਾ ਕਰ ਰਹੀਆਂ ਹਨ। ਸਰਕਾਰ ਵੱਲੋਂ ਗੈਂਗਸਟਰਾਂ ਨਾਲ ਨਜਿੱਠਣ ਦੇ ਨਾਮ ਹੇਠ ਬਣਾਏ ਜਾ ਰਹੇ ਪੰਜਾਬ ਕੰਟਰੋਲ ਆਫ ਆਰਗੇਨਾਈਜਡ ਕਰਾਈਮ ਐਕਟ (ਪਕੋਕਾ) ਦਾ ਅਸਲ ਨਿਸ਼ਾਨਾ ਲੁੱਟਖਸੁੱਟ, ਬੇਇਨਸਾਫ਼ੀਆਂ, ਅੱਤਿਆਚਾਰ ਤੇ ਧੱਕੇਸਾਹੀਆਂ ਖ਼ਿਲਾਫ਼ ਲੜ ਰਹੀਆਂ ਲੋਕ ਜਥੇਬੰਦੀਆਂ ਅਤੇ ਉਹਨਾਂ ਦੇ ਹੱਕੀ ਸੰਘਰਸ਼ ਹਨ। ਮਿਹਨਤਕਸ਼ ਅਤੇ ਦੱਬੇਕੁਚਲੇ ਲੋਕਾਂ ਨੂੰ ਇਸ ਖ਼ਤਰੇ ਦੀ ਗੰਭੀਰਤਾ ਨੂੰ ਬੁੱਝਣਾ ਚਾਹੀਦਾ ਹੈ ਅਤੇ ਨਿੱਜੀ ਤੇ ਸਰਕਾਰੀ ਜਾਇਦਾਦ ਭੰਨਤੋੜ ਰੋਕੂ ਕਾਨੂੰਨ ਵਾਪਸ ਕਰਾਉਣ, ਪਕੋਕਾ ਦੀ ਤਜਵੀਜ਼ ਪੱਕੇ ਤੌਰ 'ਤੇ ਖ਼ਤਮ ਕਰਾਉਣ, ਸੀ.ਆਰ.ਪੀ.ਸੀ. ਦੀ ਧਾਰਾ 295 ਏ ਵਿਚ ਕੀਤੀ ਸੋਧ ਰੱਦ ਕਰਾਉਣ ਅਤੇ ਲੋਕ ਸੰਘਰਸ਼ਾਂ ਵਿਰੁੱਧ ਧਾਰਾ 144 ਤੇ 107/51 ਆਦਿ ਧਾਰਾਵਾਂ ਥੋਪੇ ਜਾਣ ਦਾ ਤਾਨਾਸ਼ਾਹ ਦਸਤੂਰ ਬੰਦ ਕਰਾਉਣ ਲਈ ਸੰਘਰਸ਼ ਵਿਚ ਵੱਧ-ਚੜਕੇ ਸ਼ਾਮਲ ਹੋਣਾ ਚਾਹੀਦਾ ਹੈ।

ਇਸੇ ਲੜੀ ਵਿਚ ਦੁਆਬਾ ਅਤੇ ਮਾਝਾ ਖੇਤਰਾਂ ਦੇ ਜ਼ਿਲਿਆਂ ਦੀ ਮਹਾਂ ਰੈਲੀ 17 ਫਰਵਰੀ ਨੂੰ ਜਲੰਧਰ ਵਿਚ ਕੀਤੀ ਗਈ ਅਤੇ ਪ੍ਰਸ਼ਾਸਨ ਵੱਲੋਂ ਲਗਾਈਆਂ ਰੋਕਾਂ ਨੂੰ ਨਾਕਾਮ ਬਣਾਕੇ ਮਹਾਂ ਰੈਲੀ ਨੂੰ ਪੂਰੀ ਕਾਮਯਾਬੀ ਨਾਲ ਨੇਪਰੇ ਚਾੜ੍ਹਿਆ ਗਿਆ।

ਇਸ ਦੌਰਾਨ ਪੰਜਾਬ ਸਰਕਾਰ ਵਲੋਂ ਪੰਜਾਬ ਦੀਆਂ ਸੱਤ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੇ 7 ਫਰਵਰੀ ਦੇ ਦੋ ਘੰਟੇ ਸੜਕ ਜਾਮ ਦੇ ਐਕਸ਼ਨ ਨੂੰ ਅਧਾਰ ਬਣਾਕੇ ਜਥੇਬੰਦੀਆਂ ਦੇ ਆਗੂਆਂ ਸਮੇਤ ਸੈਂਕੜੇ ਕਿਸਾਨਾਂ ਉੱਪਰ ਪੁਲਿਸ ਨੇ ਇਸੇ ਐਕਟ ਦੀ ਧਾਰਾ 283 ਅਤੇ 341,188,149 ਤਹਿਤ ਪਰਚੇ ਦਰਜ ਕਰਕੇ ਡਰ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਜਿਸ ਤੋਂ ਬੇਪ੍ਰਵਾਹ ਹੋਕੇ ਪੰਜਾਬ ਦੇ ਲੋਕਾਂ ਨੇ ਬਰਨਾਲਾ ਅਤੇ ਜਲੰਧਰ ਵਿਚ ਆਯੋਜਤ ਮਹਾਂ ਰੈਲੀਆਂ ਵਿਚ ਹਿੱਸਾ ਲਿਆ। ਇਹਨਾਂ ਇਕੱਠਾਂ ਨੂੰ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ, ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ), ਮਜ਼ਦੂਰ ਮੁਕਤੀ ਮੋਰਚਾ, ਬੀ.ਕੇ.ਯੂ. ਏਕਤਾ (ਉਗਰਾਹਾਂ), ਬੀ.ਕੇ.ਯੂ.ਏਕਤਾ (ਡਕੌਂਦਾ), ਕਿਰਤੀ ਕਿਸਾਨ ਯੂਨੀਅਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ), ਕਿਸਾਨ ਸੰਘਰਸ ਕਮੇਟੀ ਪੰਜਾਬ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ, ਜਮਹੂਰੀ ਕਿਸਾਨ ਸਭਾ, ਪੰਜਾਬ ਕਿਸਾਨ ਯੂਨੀਅਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ), ਸੀ.ਟੀ.ਯੂ. ਪੰਜਾਬ, ਕਾਰਖਾਨਾ ਮਜ਼ਦੂਰ ਯੂਨੀਅਨ, ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ, ਥਰਮਲ ਕੰਟਰੈਕਟ ਵਰਕਰਜ਼ ਕੋਆਰਡੀਨੇਸ਼ਨ, ਮਜ਼ਦੂਰ ਅਧਿਕਾਰ ਸੰਘਰਸ਼ ਅਭਿਆਨ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਥੀਨ ਡੈਮ ਵਰਕਰਜ਼ ਯੂਨੀਅਨ, ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ, ਨੌਜਵਾਨ ਭਾਰਤ ਸਭਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਨੌਜਵਾਨ ਭਾਰਤ ਸਭਾ, ਨੌਜਵਾਨ ਭਾਰਤ ਸਭਾ (ਅਸ਼ਵਨੀ ਘੁੱਦਾ), ਪੰਜਾਬ ਸਟੂਡੈਂਟਸ ਯੂਨੀਅਨ, ਪੰਜਾਬ ਸਟੂਡੈਂਟਸ ਫੈਡਰੇਸ਼ਨ, ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ), ਡੈਮੋਕਰੇਟਿਕ ਸਟੂਡੈਂਟਸ ਆਰਗੇਨਾਈਜੇਸ਼ਨ, ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ, ਪੰਜਾਬ ਰੋਡਵੇਜ ਇੰਪਲਾਈਜ਼ ਯੂਨੀਅਨ (ਆਜ਼ਾਦ), ਗੌਰਮਿੰਟ ਟੀਚਰਜ਼ ਯੂਨੀਅਨ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ, ਆਰ.ਸੀ.ਐਫ. ਇੰਪਲਾਈਜ਼ ਯੂਨੀਅਨ (ਕਪੂਰਥਲਾ), ਟੀ.ਐਸ.ਯੂ. (ਸੇਖੋਂ), ਐੱਸ.ਐੱਸ.ਏ./ਰਮਸਾ ਅਧਿਆਪਕ ਯੂਨੀਅਨ, ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ, ਪੈਪਸੀਕੋ ਇੰਡੀਆ ਹੋਲਡਿੰਗ ਵਰਕਰਜ਼ ਯੂਨੀਅਨ (ਏਟਕ), ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ, ਠੇਕਾ ਮੁਲਾਜ਼ਮ ਪਾਵਰਕਾਮ ਅਤੇ ਟਰਾਂਸਕੋ ਯੂਨੀਅਨ ਪੰਜਾਬ, ਜਨਵਾਦੀ ਇਸਤਰੀ ਸਭਾ, ਇਸਤਰੀ ਜਾਗਰਿਤੀ ਮੰਚ, ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ, ਆਂਗਣਵਾੜੀ ਵਰਕਰਜ਼ ਯੂਨੀਅਨ ਅਤੇ ਟੈਕਨੀਕਲ ਸਰਵਸਿਜ਼ ਯੂਨੀਅਨ, ਜਮਹੂਰੀ ਅਧਿਕਾਰ ਸਭਾ ਪੰਜਾਬ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਪੰਜਾਬ ਲੋਕ ਸੱਭਿਆਚਾਰ ਮੰਚ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ, ਇਨਸਾਫ਼ ਦੀ ਆਵਾਜ਼, ਡੀ.ਐੱਮ.ਐੱਫ, ਥਰਮਲ ਕੰਟਰੈਕਟ ਵਰਕਰਜ਼ ਕੋਆਰਡੀਨੇਸ਼ਨ ਕਮੇਟੀ, ਡੀ.ਐੱਸ.ਓ.ਪਟਿਆਲਾ, ਅਸੂਲ ਮੰਚ ਪੰਜਾਬ, ਥਰਮਲ ਟੀ.ਐੱਸ.ਯੂ., ਕ੍ਰਾਂਤੀਕਾਰੀ ਮਜ਼ਦੂਰ ਯੂਨੀਅਨ, ਇਸਤਰੀ ਮਜ਼ਦੂਰ ਸੰਗਠਨ, ਟੀ.ਯੂ.ਸੀ.ਆਈ, ਕਿਸਾਨ ਮੋਰਚਾ ਸੰਗਰੂਰ ਅਤੇ ਆਟੋ ਰਿਕਸ਼ਾ ਵਰਕਰਜ਼ ਯੂਨੀਅਨਾਂ ਆਦਿ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕੀਤਾ ਅਤੇ ਕਾਲੇ ਕਾਨੂੰਨਾਂ ਨੂੰ ਵਾਪਸ ਕਰਾਉਣ ਤਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ।

# ਮਹਾਨ ਇਨਕਲਾਬੀ ਦੇਸ਼-ਭਗਤ : ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ



ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ

ਅਮਰ ਗ਼ਦਰੀ ਸੂਰਮੇ ਗੁਰਮੁੱਖ ਸਿੰਘ ਨੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਲਲਤੋਂ ਖੁਰਦ ਵਿਖੇ ਇੱਕ ਗਰੀਬ ਕਿਸਾਨ ਹੁਸ਼ਨਾਕ ਸਿੰਘ ਦੇ ਘਰੇ 3 ਦਸੰਬਰ 1892 'ਚ ਜਨਮ ਲਿਆ। ਮੁਢਲੀ ਪੜ੍ਹਾਈ ਪਿੰਡ 'ਚ ਕਰਨ ਉਪਰੰਤ ਆਪ ਨੇ ਮਿਸ਼ਨ ਸਕੂਲ ਲੁਧਿਆਣਾ 'ਚੋਂ ਮੈਟਰਿਕ ਪਾਸ ਕੀਤੀ ।

ਉਚ-ਵਿੱਦਿਆ ਤੇ ਰੋਟੀ-ਰੋਜ਼ੀ ਲਈ, ਹਾਂਗਕਾਂਗ ਹੁੰਦੇ ਹੋਏ 23 ਮਈ 1914 ਨੂੰ ਕਾਮਾਗਾਟਾਮਾਰੂ ਜਹਾਜ਼ ਰਾਹੀਂ ਵੈਨਕੂਵਰ (ਕੈਨੇਡਾ) ਨੇੜੇ ਪਹੁੰਚੇ। ਬਰਤਾਨਵੀ ਤੇ ਕੈਨੇਡਾ ਸਰਕਾਰਾਂ ਨੇ ਜਹਾਜ਼ ਨੂੰ ਬੰਦਰਗਾਹ 'ਤੇ ਨਾ ਲੱਗਣ ਦਿੱਤਾ। ਅਗਨਬੋਟਾਂ ਰਾਹੀਂ ਸਾਮਰਾਜੀ ਪੁਲਿਸ ਨੇ ਮੁਸਾਫਰਾਂ 'ਤੇ ਹੱਲਾ ਬੋਲਿਆ। ਮੁਸਾਫਰਾਂ ਨੇ ਇਸਦਾ ਟਾਕਰਾ ਕੀਤਾ। ਜ਼ਿੰਦਗੀ-ਮੌਤ ਦੀ ਇਸ ਲੜਾਈ 'ਚ ਬਹਾਦਰ ਗੁਰਮੁੱਖ ਸਿੰਘ ਦਾ ਨਾਂਅ ਉਭਰ ਕੇ ਸਾਹਮਣੇ ਆਇਆ ਤੇ ਉਹ ਗ਼ਦਰ ਪਾਰਟੀ ਦਾ ਮੈਂਬਰ ਬਣਿਆ। ਕਾਮਾਗਾਟਾਮਾਰੂ ਦੀ ਇਸ ਮਿਸਾਲੀ ਲੜਾਈ ਤੋਂ ਕੈਨੇਡਾ ਵਸਦੀ ਭਾਰਤੀ ਜਨਤਾ ਦੇ ਹੱਕੀ ਸੰਘਰਸ਼ ਦੇ ਸਿੱਟੇ ਵਜੋਂ ਮੁਸਾਫਰਾਂ ਨੂੰ ਰਾਸ਼ਨ-ਪਾਣੀ ਦੇਣ ਦੀ ਆਗਿਆ ਮਿਲੀ। ਜਹਾਜ਼ ਵਾਪਸ ਹੋ ਕੇ ਬੱਜ-ਬੱਜ ਘਾਟ, ਕਲਕੱਤਾ 'ਤੇ ਆ ਲੱਗਿਆ। ਅੰਗਰੇਜ਼ੀ ਹਕੂਮਤ ਨੇ ਬੇਤਹਾਸ਼ਾ ਗੋਲੀਆਂ ਚਲਾ ਕੇ 19 ਯਾਤਰੀਆਂ ਨੂੰ ਸ਼ਹੀਦ ਕਰ ਦਿੱਤਾ ਤੇ 9 ਗੰਭੀਰ ਫੱਟੜ ਕਰ ਦਿੱਤੇ। ਗੁਰਮੁੱਖ ਸਿੰਘ ਸਮੇਤ ਅਨੇਕਾਂ ਜੁਝਾਰੂਆਂ ਨੂੰ ਫੜ ਕੇ ਅਲੀਪੁਰ ਜੇਲ੍ਹ 'ਚ ਡੱਕ ਦਿੱਤਾ ਤੇ ਪਿੱਛੋਂ ਪਿੰਡਾਂ 'ਚ ਜੂਹਬੰਦੀ ਕਰ ਦਿੱਤੀ ਗਈ। ਇਨ੍ਹਾਂ ਰੋਕਾਂ ਨੂੰ ਤੋੜਦੇ ਹੋਏ, ਆਪ ਗ਼ਦਰ ਪਾਰਟੀ ਦੀਆਂ ਮੋਹਰੀ ਸਫਾਂ 'ਤ ਹੋ ਕੇ ਬਰਤਾਨਵੀ ਰਾਜ ਦਾ ਤਖਤਾ ਪਲਟਣ ਲਈ ਹਥਿਆਰਬੰਦ ਗ਼ਦਰ ਦੀ ਤਿਆਰੀ 'ਚ ਜੁੱਟ ਗਏ।

ਸਤੰਬਰ 1915 'ਚ ਆਪ ਲਹੌਰ ਤੋਂ ਗ੍ਰਿਫ਼ਤਾਰ ਕਰ ਲਏ ਗਏ। ਕਾਲੇ ਪਾਣੀ ਦੀ ਉਮਰ ਕੈਦ ਹੋਈ, ਘਰ-ਬਾਰ ਤੇ ਜ਼ਮੀਨ ਜ਼ਬਤ ਕਰ ਲਈ ਗਈ। 1917 'ਚ ਅੰਡੇਮਾਨ ਭੇਜ ਦਿੱਤਾ ਗਿਆ। 1922 'ਚ ਜੇਲ੍ਹ ਬਦਲੀ ਮੌਕੇ ਆਪ ਨੇ ਤਰਿਚਨਾਪਲੀ (ਮਦਰਾਸ) ਨੇੜੇ ਚੱਲਦੀ ਰੇਲ ਗੱਡੀ 'ਚੋਂ ਸਣੇ ਹੱਥਕੜੀਆਂ-ਬੇੜੀਆਂ ਛਾਲਾਂ ਮਾਰ ਦਿੱਤੀਆਂ। ਸੰਗਲ ਕਟਵਾ ਕੇ, ਫੁਰਤੀ ਨਾਲ ਗੁਪਤਵਾਸ ਹੋ ਕੇ ਅਫ਼ਗਾਨਿਸਤਾਨ ਜਾ ਪੁੱਜੇ ਤੇ ਅੰਗਰੇਜ਼ ਸਰਕਾਰ ਵਿਰੁੱਧ ਗ਼ਦਰ ਦੇ ਨਵੇਂ ਪੜਾਅ ਦੀ ਤਿਆਰੀ ਲਈ ਡਟ ਗਏ।

ਰੂਸ 'ਚ ਅਕਤੂਬਰ 1917 ਦੇ ਮਹਾਨ ਇਨਕਲਾਬ ਦੇ ਸਾਰੀ ਦੁਨੀਆਂ 'ਤੇ ਡੂੰਘੇ ਪ੍ਰਭਾਵ ਅਧੀਨ 1925 'ਚ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ। ਅੱਡ-ਅੱਡ ਮੁਲਕਾਂ 'ਚ ਜਾ ਕੇ ਦੇਸ਼ ਦੀ ਮੁਕਤੀ ਲਈ ਸੰਘਰਸ਼ ਜਾਰੀ ਰੱਖਿਆ। ਕਈ ਵਾਰੀ ਰੂਸ ਪੁੱਜ ਕੇ, ਕਮਿਊਨਿਸਟ ਵਿੱਦਿਆ ਤੇ ਸਿਖਲਾਈ ਹਾਸਲ ਕੀਤੀ। 1928 'ਚ ਅਮਰੀਕਾ ਜਾ ਕੇ ਗ਼ਦਰ ਪਾਰਟੀ ਦੀ ਮੁੜ ਜੱਥੇਬੰਦੀ ਦਾ ਕਾਰਜ ਆਰੰਭਿਆ। 1929 'ਚ ਮੁੜ ਕਾਬਲ ਆ ਕੇ ਇਨਕਲਾਬੀ ਕੰਮ ਦੀ ਵਾਗਡੋਰ ਸਾਂਭੀ।

1934 'ਚ 'ਕੇਸ਼ੋ ਰਾਮ' ਦੇ ਨਾਂਅ ਹੇਠ ਕਿਰਤੀ ਪਾਰਟੀ ਦੀ ਅਗਵਾਈ 'ਚ ਕਿਸਾਨ ਮੋਰਚੇ ਦੀ ਕਮਾਨ ਸਾਂਭ ਲਈ। 1935 'ਚ ਇਸ ਪਾਰਟੀ ਦੇ ਸਕੱਤਰ ਬਣੇ। ਪਾਰਟੀ ਦੇ 2 ਪਰਚਿਆਂ-'ਕਿਰਤੀ' ਤੇ 'ਲਾਲ ਢੰਡੋਰਾ' ਦੇ ਇੰਚਾਰਜ ਰਹੇ। 1936 'ਚ ਲਾਹੌਰ ਤੋਂ ਮੁੜ ਫੜੇ ਗਏ। ਦੁਬਾਰਾ ਕਾਲੇ ਪਾਣੀ ਭੇਜਿਆ ਗਿਆ। 1946 ਤੱਕ ਵੱਖ-ਵੱਖ ਜੇਲ੍ਹਾਂ 'ਚ ਰਹਿ ਕੇ ਬਾਮੁਸ਼ੱਕਤ ਕੈਦਾਂ ਕੱਟੀਆਂ ਅਤੇ ਅਨੇਕਾਂ ਜੇਲ੍ਹ-ਘੋਲਾਂ ਦੀ ਰਹਿਨੁਮਾਈ ਕੀਤੀ।

1947 'ਚ ਅੰਗਰੇਜ਼ਾਂ ਨੂੰ ਭਾਰਤ 'ਚੋਂ ਨਿਕਲਣਾ ਪਿਆ। ਆਪ ਨੇ 1948 ਤੋਂ 52 ਤੱਕ ਗੁਪਤਵਾਸ ਰਹਿ ਕੇ ਸਾਮਰਾਜੀ-ਜਗੀਰੂ ਪ੍ਰਬੰਧ ਨੂੰ ਬਦਲ ਕੇ ਨਵਾਂ ਲੋਕਰਾਜੀ ਪ੍ਰਬੰਧ ਕਾਇਮ ਕਰਨ ਲਈ ਹਥਿਆਰਬੰਦ ਮੁਜਾਰਾ ਲਹਿਰ ਦੀ ਅਗਵਾਈ 'ਚ ਅਹਿਮ ਰੋਲ ਨਿਭਾਇਆ। 1959 'ਚ ਆਪ ਦੀ ਕਮਾਂਡ ਹੇਠ ਪੰਜਾਬ ਕਿਸਾਨ ਸਭਾ ਨੇ ਖੁਸ਼ਹੈਸੀਅਤੀ ਟੈਕਸ ਵਿਰੁੱਧ ਇਤਿਹਾਸਕ ਜੇਤੂ ਮੋਰਚਾ ਲਾਇਆ। 1962 ਦੀ ਹਿੰਦ-ਚੀਨ ਜੰਗ ਵੇਲੇ ਆਪ ਨੂੰ ਮੁੜ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। ਆਪ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਉਸਾਰੀ ਲਈ ਬਿਰਧ ਅਵਸਥਾ ਦੇ ਬਾਵਜੂਦ ਦੇਸ਼-ਪ੍ਰਦੇਸ਼ ਵਿੱਚੋਂ ਬੇਮਿਸਾਲ ਸਹਾਇਤਾ ਹਾਸਲ ਕਰਵਾਈ। ਚੜ੍ਹਦੀ ਜਵਾਨੀ ਵੇਲੇ ਤੋਂ ਲੈ ਕੇ ਅੰਤਮ ਸਾਹਾਂ ਤੱਕ ਆਪ ਦੀ ਜ਼ਿੰਦਗੀ ਦਾ ਪਲ ਪਲ ਜਮਹੂਰੀ ਇਨਕਲਾਬ ਰਾਹੀਂ ਨਵਾਂ ਨਰੋਆ ਸਮਾਜਵਾਦੀ ਰਾਜ ਪ੍ਰਬੰਧ ਉਸਾਰਨ ਦੇ ਮਹਾਨ ਕਾਜ ਨੂੰ ਸਮਰਪਤ ਸੀ। 13 ਮਾਰਚ 1977 ਨੂੰ ਵਤਨ-ਵਾਸੀਆਂ ਨੂੰ ਸਦੀਵੀ ਅਲਵਿਦਾ ਕਹਿ ਗਏ। ਮਿਹਨਤਕਸ਼ ਲੋਕਾਂ ਲਈ ਤੇ ਦੇਸ਼ ਲਈ ਕੀਤੀਆਂ ਭਾਰੀ ਕੁਰਬਾਨੀਆਂ ਤੇ ਵੱਡੇ ਤਿਆਗ ਸਦਕਾ ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ ਸਦਾ ਲਈ ਅਮਰ ਰਹਿਣਗੇ ਤੇ ਰੌਸ਼ਨ ਲਾਲ ਸਿਤਾਰੇ ਦੀ ਹੈਸੀਅਤ 'ਚ ਨਵੀਂ ਰੋਸ਼ਨੀ ਦਿੰਦੇ ਰਹਿਣਗੇ।


ਸਕੂਲ ਵਿਦਿਆਰਥੀਆਂ ਦੀਆਂ ਸਲਾਨਾ ਪ੍ਰੀਖਿਆਵਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ, ਅੱਜ 3 ਮਾਰਚ 2018 ਦਿਨ ਐਤਵਾਰ ਨੂੰ ਉਨ੍ਹਾਂ ਦੀ ਵਾਰਿਸ-ਗਦਰੀ ਬਾਬਾ ਗੁਰਮੁੱਖ ਸਿੰਘ ਯਾਦਗਾਰ ਕਮੇਟੀ ਲਲਤੋਂ ਖੁਰਦ ਵਲੋਂ ਕੌਮਾਗਾਟਾਮਾਰੂ ਯਾਦਗਾਰੀ ਕਮੇਟੀ ਜ਼ਿਲ੍ਹਾ ਲੁਧਿਆਣਾ ਦੀ ਸਰਪ੍ਰਸਤੀ ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਮੁੱਖ ਸਰਪ੍ਰਸਤੀ ਹੇਠ ਅਤੇ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਉਨ੍ਹਾਂ ਦੀ 41ਵੀਂ ਸਲਾਨਾ ਬਰਸੀ ਵਿਸ਼ਾਲ ਦੇਸ਼ ਭਗਤ ਮੇਲਾ ਲਲਤੋਂ ਖੁਰਦ (ਜ਼ਿਲ੍ਹਾ ਲੁਧਿਆਣਾ) ਦੇ ਸਕੂਲ ਵਿਖੇ ਲਗਾਇਆ ਜਾ ਰਿਹਾ ਹੈ। ਇਸ ਵਿੱਚ ਇਨਕਲਾਬੀ ਨਾਟਕ, ਕੋਰੀਓਗ੍ਰਾਫੀਆਂ, ਗੀਤ-ਸੰਗੀਤ, ਤੇ ਚੋਣਵੇਂ ਬੁਲਾਰੇ ਗਦਰੀ ਬਾਬਾ ਜੀ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਨਗੇ ।

**ਜਸਦੇਵ ਸਿੰਘ ਲਲਤੋਂ**
ਫੋਨ ਨੰ: 0161-2805677

# ਕ੍ਰਾਂਤੀ ਦੀ ਗਾਥਾ ਦਾ ਸ਼ਾਇਰ : ਸੰਤ ਰਾਮ ਉਦਾਸੀ

- ਅਜਮੇਰ ਸਿੱਧੂ

## (20 ਅਪ੍ਰੈਲ 1939- 6 ਨਵੰਬਰ 1986)




ਗ਼ਦਰ, ਕਿਰਤੀ ਅਤੇ ਮਾਰਕਸੀ-ਲੈਨਿਨੀ ਆਦਿ ਲਹਿਰਾਂ ਨੇ ਭਾਰਤ ਦੇ ਸਿਆਸੀ ਮੋਰਚੇ ਅਤੇ ਸਾਹਿਤਕ ਖੇਤਰ ਵਿੱਚ ਸਰਗਰਮ ਭੂਮਿਕਾ ਹੀ ਨਹੀਂ ਨਿਭਾਈ ਸਗੋਂ ਵੱਡਮੁੱਲਾ ਤੇ ਇਤਿਹਾਸਕ ਰੋਲ ਨਿਭਾਇਆ ਹੈ। ਖਾਸ ਤੌਰ 'ਤੇ ਇਨ੍ਹਾਂ ਲਹਿਰਾਂ ਦੀ ਕਵਿਤਾ ਅਤੇ ਸਾਹਿਤ ਦੀਆਂ ਹੋਰ ਵਿਧਾਵਾਂ ਨੇ ਸੰਪੂਰਨ ਆਜ਼ਾਦੀ ਅਤੇ ਕ੍ਰਾਂਤੀ ਦੇ ਬੀਜ ਲੋਕ ਮਨਾਂ ਵਿੱਚ ਬੀਜੇ। ਉਨ੍ਹਾਂ ਨੂੰ ਹਲੂਣਿਆਂ ਅਤੇ ਤਬਦੀਲੀ ਦੀ ਚਿਣਗ ਲਾਈ। ਵੀਹਵੀਂ ਸਦੀ ਦਾ ਸੱਤਵਾਂ ਦਹਾਕਾ ਪੰਜਾਬੀ ਕਵਿਤਾ ਦੇ ਜੁਝਾਰੂ ਯੁੱਗ ਦਾ ਦਹਾਕਾ ਕਿਹਾ ਜਾ ਸਕਦਾ ਹੈ। ਇਸ ਸਮੇਂ ਨੌਜਵਾਨ ਇਨਕਲਾਬਪਸੰਦ ਹੋ ਗਏ ਸਨ। ਉਨ੍ਹਾਂ ਭਾਰਤੀ ਆਵਾਮ ਦੀ ਕੰਗਾਲੀ ਦੂਰ ਕਰਨ ਅਤੇ ਰਾਜ ਸੱਤਾ ਲੋਟੂ ਹਾਕਮ ਜਮਾਤਾਂ ਤੋਂ ਖੋਹ ਕੇ ਕਿਰਤੀ ਦੇ ਹੱਥ ਦੇਣ ਲਈ ਕਮਰ ਕੱਸ ਲਈ ਸੀ। ਜਿਹੜੇ ਨੌਜਵਾਨ ਇਨਕਲਾਬੀ ਤਬਦੀਲੀ ਦਾ ਸੁਪਨਾ ਲੈ ਕੇ ਤੁਰੇ, ਉਨ੍ਹਾਂ ਵਿੱਚ ਕਿਰਤੀਆਂ ਦੀ ਆਵਾਜ਼ ਦਾ ਪਹਿਰੇਦਾਰ ਸੰਤ ਰਾਮ ਉਦਾਸੀ ਵੀ ਸ਼ਾਮਿਲ ਸੀ। ਉਹ ਜੁਝਾਰੂ ਪੰਜਾਬੀ ਸਾਹਿਤ ਉੱਤੇ ਰੌਸ਼ਨੀ ਵਾਂਗ ਫੈਲਿਆ। ਉਹ ਬੇਬਾਕ, ਨਿਡਰ ਤੇ ਨਿਧੜਕ ਲੇਖਕ ਹੋ ਨਿਬੜਿਆ। ਉਸਦੀ ਸਮੁੱਚੀ ਕਵਿਤਾ ਵਿੱਚ ਦਿੱਲੀ ਲਈ ਵੰਗਾਰ ਪਈ ਹੈ।

ਸੰਤ ਰਾਮ ਉਦਾਸੀ ਜੁਝਾਰੂ ਕਾਵਿ-ਯੁੱਗ ਦਾ ਸਟਾਰ ਕਵੀ ਤੇ ਗਾਇਕ ਸੀ। ਉਸਨੇ ਅਤੇ ਉਸਦੇ ਸਮਕਾਲੀ ਇਨਕਲਾਬੀ ਸ਼ਾਇਰਾਂ ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ, ਹਰਭਜਨ ਹਲਵਾਰਵੀ, ਡਾ. ਜਗਤਾਰ, ਅਮਰਜੀਤ ਚੰਦਨ, ਗੁਰਦੀਪ ਗਰੇਵਾਲ, ਵਰਿਆਮ ਸੰਧੂ, ਫਤਹਿਜੀਤ, ਜੈਮਲ ਸਿੰਘ ਪੱਡਾ, ਦਰਸ਼ਨ ਦੁਸਾਂਝ ਅਤੇ ਓਮ ਪ੍ਰਕਾਸ਼ ਸ਼ਰਮਾ ਆਦਿ ਨੇ ਆਪਣੇ ਯੁੱਗ ਦੇ ਸਾਹਿਤਕ, ਸਮਾਜਿਕ ਸਿਆਸੀ ਅਤੇ ਇਤਿਹਾਸਕ ਸਵਾਲਾਂ ਨੂੰ ਮੁਖ਼ਾਤਬ ਹੁੰਦਿਆਂ ਅਜਿਹੀ ਕਵਿਤਾ ਦੀ ਰਚਨਾ ਕੀਤੀ ਜੋ ਹਥਿਆਰਬੰਦ ਸੰਘਰਸ਼ ਵਾਲੀ ਸਿਆਸਤ ਨੂੰ ਉਚਿਆਂਦੀ ਹੋਈ ਲਾਲ ਪਰਚਮ ਲਹਿਰਾਉਂਦੀ ਹੈ। ਇਸ ਜੁਝਾਰਵਾਦੀ ਕਵਿਤਾ ਨੇ ਨਕਸਲਬਾੜੀ ਲਹਿਰ ਦੇ ਸਰੋਕਾਰਾਂ, ਸਰੂਪਾਂ, ਤੇ ਸੰਕਲਪਾਂ ਨੂੰ ਲੋਕਾਈ ਸਾਹਮਣੇ ਪੇਸ਼ ਕੀਤਾ। ਪੰਜਾਬੀ ਕਵਿਤਾ ਨੂੰ ਨਵੀਆਂ ਲੀਹਾਂ 'ਤੇ ਤੋਰਿਆ। ਉਸ ਸਮੇਂ ਦੀ ਪ੍ਰਚੱਲਤ ਪ੍ਰਯੋਗਵਾਦੀ ਕਵਿਤਾ ਨੂੰ ਠੱਲ੍ਹ ਪਾ ਕੇ ਇਹ ਕਵਿਤਾ ਕਿਰਤੀ, ਕਿਸਾਨ, ਦਲਿਤ ਅਤੇ ਔਰਤ ਦੇ ਮਸਲਿਆਂ ਨੂੰ ਸੰਬੋਧਨ ਹੋਈ।

ਛਿੜ ਪਈ ਚਰਚਾ ਹੈ ਕਿਸ ਦੀ ਕੌਣ ਹੈ ਉਹ ਸੂਰਮਾ,
ਸਰਘੀਆਂ ਦੇ ਬੋਲ ਜੋ ਖੇਤਾਂ 'ਚ ਸਾਡੇ ਗਾ ਰਿਹਾ।
ਧਰਤੀ ਦੇ ਪੁੱਤਾਂ ਵਾਸਤੇ ਇਹੋ ਸੁਨੇਹਾ ਹੈ ਨਵਾਂ,
ਤੁਰਦਾ ਜਾਂਦਾ ਹੈ ਹਨੇਰਾ ਤੇ ਸਵੇਰਾ ਆ ਰਿਹਾ।
(ਦਰਸ਼ਨ ਦੁਸਾਂਝ, ਲੂਣੀ ਧਰਤੀ, ਪੰਨਾ 14)

ਜਾ ਰਹੇ ਨੇ ਬਸਤੀਆਂ ਨੂੰ ਫੁਟਪਾਥ
ਜਾ ਰਹੀ ਹੈ ਝੀਲ ਕੋਈ ਦਫ਼ਤਰੋਂ
ਨੌਕਰੀ ਤੋਂ ਲੈ ਜਵਾਬ
ਪੀ ਰਹੀ ਏ ਝੀਲ ਕੋਈ ਜਲ ਦੀ ਪਿਆਸ
ਤੁਰ ਪਿਆ ਏ ਸ਼ਹਿਰ ਕੁਝ ਪਿੰਡਾਂ ਦੇ ਰਾਹ
ਸੁੱਟ ਕੇ ਕੋਈ ਜਾ ਰਿਹਾ ਸਾਰੀ ਕਮਾਈ
ਪੂੰਝਦਾ ਕੋਈ ਆ ਰਿਹਾ ਧੋਤੀ ਦੇ ਨਾਲ
ਕਮਜ਼ੋਰ ਪਸ਼ੂਆਂ ਦੇ ਪਿੰਡੇ ਤੋਂ ਆਰਾਂ ਦਾ ਖ਼ੂਨ
ਸ਼ਾਮ ਦਾ ਰੰਗ ਫਿਰ ਪੁਰਾਣਾ ਹੈ....
(ਲਾਲ ਸਿੰਘ ਦਿਲ, ਸਤਲੁਜ ਦੀ ਹਵਾ, ਪੰਨਾ 10)

ਜੁਝਾਰਵਾਦੀ ਕਵਿਤਾ ਨੇ ਜਨਮਾਨਸ ਦਾ ਧਿਆਨ ਇਸ ਕਰਕੇ ਖਿੱਚਿਆ, ਕਿਉਂਕਿ ਉਨ੍ਹਾਂ ਭਾਰਤ ਦੀ ਰਸਮੀ ਆਜ਼ਾਦੀ ਅਤੇ ਗਰੀਬ ਵਿਰੋਧੀ ਸਿਆਸਤ ਨੂੰ ਨੰਗਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਨਵੇਂ ਤੇ ਬਰਾਬਰੀ ਵਾਲੇ ਰਾਜ ਪ੍ਰਬੰਧ ਦਾ ਸੁਪਨਾ ਦਿਖਾਇਆ। ਨਵੇਂ ਮਨੁੱਖ ਅਤੇ ਨਵੇਂ ਸਮਾਜ ਦੀ ਸਿਰਜਣਾ ਕਰਨ ਦਾ ਇਨਕਲਾਬੀ ਸੰਕਲਪ ਲੋਕਾਈ ਸਾਹਮਣੇ ਰੱਖਿਆ। ਉਸ ਵਿੱਚੋਂ ਲੋਕ ਆਪਣਾ ਚੰਗੇਰਾ ਭਵਿੱਖ ਅਤੇ ਜਿਉਣ ਹਾਲਤਾਂ ਤਲਾਸ਼ਣ ਲੱਗੇ। ਇਸੇ ਕਰਕੇ ਪ੍ਰੋ. ਮੈਨੇਜਰ ਪਾਂਡੇ ਨੇ ਭਵਿੱਖ ਦੀ ਕਵਿਤਾ ਲਿਖਣ 'ਤੇ ਜ਼ੋਰ ਦਿੱਤਾ ਹੈ-

"ਮੈਂ ਇਹ ਗੱਲ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਸਾਧਾਰਨ ਕਵੀ ਮਹਿਜ਼ ਆਪਣੇ ਸਮੇਂ ਦੀ ਹੀ ਕਵਿਤਾ ਲਿਖਦੇ ਹਨ ਪਰ ਵੱਡੇ ਕਵੀ ਉਹ ਹੁੰਦੇ ਹਨ ਜੋ ਆਪਣੇ ਸਮੇਂ ਦੇ ਨਾਲ-ਨਾਲ ਭਵਿੱਖ ਦੀ ਕਵਿਤਾ ਲਿਖਦੇ ਹਨ।"
(ਪਾਸ਼ ਦੀ ਪ੍ਰਸੰਗਿਕਤਾ, ਸੰਪਾਦਕ : ਡਾ. ਭੀਮ ਇੰਦਰ ਸਿੰਘ, ਪੰਨਾ 22)

ਜੁਝਾਰਵਾਦੀ ਕਵੀਆਂ ਨੇ ਦੱਬੇ ਕੁਚਲੇ ਤੇ ਨਪੀੜੇ ਮਨੁੱਖਾਂ ਲਈ ਕਵਿਤਾ ਲਿਖੀ। ਉਸ ਸਮੇਂ ਮਨੁੱਖ ਜੋ ਜ਼ਿੱਲਤ ਸਹਿ ਰਿਹਾ ਸੀ, ਉਨ੍ਹਾਂ ਉਸਦੇ ਵਿਰੋਧ ਅਤੇ ਮੁਕਤੀ ਲਈ ਕਵਿਤਾ ਰਚੀ। ਏਹੀ ਕਵਿਤਾ ਉਸ ਲੁੱਟੇ ਮਨੁੱਖ ਲਈ ਪ੍ਰੇਰਨਾ ਤੇ ਸ਼ਕਤੀ ਬਣੀ।

ਸਿਦਕ ਸਾਡੇ ਨੇ ਕਦੇ ਮਰਨਾ ਨਹੀਂ।
ਸੱਚ ਦੇ ਸੰਗਰਾਮ ਨੇ ਹਰਨਾ ਨਹੀਂ।
ਹੁਸਨ ਦੇ ਪੈਰਾਂ 'ਚ ਭਾਵੇਂ ਬੇੜੀਆਂ,
ਉਸਦੀ ਪਰ ਮਟਕ ਨੇ ਮਰਨਾ ਨਹੀਂ।
ਮੰਜ਼ਿਲਾਂ ਨੂੰ ਕਦਮ ਵਧਦੇ ਰਹਿਣਗੇ,
ਰਾਜ਼ੀਨਾਮਾ ਵਕਤ ਨਾਲ ਕਰਨਾ ਨਹੀਂ।
(ਜੈਮਲ ਸਿੰਘ ਪੱਡਾ, ਜੈਮਲ ਸਿੰਘ ਪੱਡਾ : ਜੀਵਨ ਤੇ ਚੋਣਵੀਂ ਰਚਨਾ, ਸੰਪਾਦਕ ਅਜਮੇਰ ਸਿੱਧੂ, ਪੰਨਾ 99)

ਫੇਰ ਦਮਾਮਾ ਯੁੱਧ ਦਾ ਵੱਜਿਆ
ਗੱਜੀਏ ਰਣ ਵਿੱਚ ਖੜ੍ਹ ਕੇ
ਹੱਕ ਅਤੇ ਇਨਸਾਫ ਦੀ ਖ਼ਾਤਰ
ਹੱਥ ਭਗੌਤੀ ਫੜ ਕੇ।
(ਹਰਭਜਨ ਹਲਵਾਰਵੀ, ਮਿੱਟੀ ਦਾ ਰੰਗ, ਪੰਨਾ 35)

ਪਰ ਅਸਾਂ ਨੇ ਸਿਰ ਨਿਵਾ ਕੇ
ਗੰਦਗੀ ਵਿੱਚ ਰੀਂਗਦੀ ਜ਼ਿੰਦਗੀ ਨਹੀਂ ਮੰਗਣੀ
ਸਿਰ ਉਠਾ ਕੇ ਬਿਜਲੀਆਂ ਨੂੰ ਅੱਖ ਮਾਰਾਂਗੇ
(ਦਰਸ਼ਨ ਖਟਕੜ, ਸੰਗੀ ਸਾਥੀ, ਪੰਨਾ 9)

ਦਰਅਸਲ ਜੁਝਾਰਵਾਦੀ ਕਵੀਆਂ ਨੇ ਇਹ ਅੱਗ ਆਪਣੀ ਜ਼ਿੰਦਗੀ ਦੇ ਤਲਖ਼ ਤਜਰਬਿਆਂ ਤੋਂ ਲਈ ਸੀ। ਇਨ੍ਹਾਂ ਕਵੀਆਂ ਦੀ ਸਿਰਜਣ ਪ੍ਰਕਿਰਿਆ ਨੂੰ ਸਮਝਣ ਲਈ ਪਾਸ਼ ਦਾ ਕਥਨ ਸੁਣੋ, ਜਿਹੜਾ ਉਦਾਸੀ ਸਮੇਤ ਹਰ ਜੁਝਾਰੂ ਕਵੀ 'ਤੇ ਢੁੱਕਦਾ ਹੈ-

"ਮੈਂ ਅੱਜ ਤਾਈਂ ਜਿੰਨੀ ਵੀ ਰਚਨਾ ਕੀਤੀ ਹੈ, ਉਸਦੇ ਏਡੀ ਛੇਤੀ ਪਾਪੂਲਰ ਹੋਣ ਦਾ ਇਹੀ ਕਾਰਨ ਹੈ ਕਿ ਇਸਨੂੰ ਲਿਖਣ ਪਿੱਛੇ ਕਿਸੇ ਮੂਡ ਦੀ ਤਰੰਗ ਜਾਂ (Hypocrisy) ਦਾ ਹੱਥ ਨਹੀਂ ਸਗੋਂ ਸਮਾਜੀ ਜ਼ਿੰਦਗੀ ਵਿੱਚ ਮਹਿੰਗੇ ਤੇ ਔਖੇ ਤਜਰਬੇ ਕਰਕੇ ਜੋ ਵੀ ਸਮਝਿਆ ਹੈ, ਲਿਖਿਆ ਹੈ। ਮੈਂ ਸਮਾਜ ਵਿੱਚ ਆਪਣੀ ਕੋਈ ਨਿਰਲੇਪ ਸ਼ਖ਼ਸੀਅਤ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਮੈਂ ਇਸਦੇ ਬੁਰੇ, ਭਲੇ, ਡਰ, ਦਲੇਰੀ, ਗੰਦਗੀ ਤੇ ਸਫ਼ਾਈ ਵਿੱਚ ਗਲ਼ ਤੱਕ ਡੁੱਬਿਆ ਜਾ ਰਿਹਾ ਹਾਂ। ਜੇ ਮੈਂ ਪੜ੍ਹ ਲਿਖ ਕੇ, ਸੈੱਟ ਹੋ ਕੇ ਪਰੰਪਰਾਗਤ ਰੂਪ ਵਿੱਚ ਪਤਵੰਤੇ ਸੱਜਣਾਂ ਵਿੱਚ ਆਪਣੀ ਥਾਂ ਬਣਾ ਲੈਂਦਾ ਤੇ ਮੈਂ ਇਹ ਕਦੀ ਨਹੀਂ ਸੀ ਬਣ ਸਕਦਾ ਜੋ ਅੱਜ ਹਾਂ"
(ਤਲਵੰਡੀ ਸਲੇਮ ਨੂੰ ਜਾਂਦੀ ਸੜਕ, ਪੰਨਾ 336)

ਸਮਾਜਿਕ ਤਬਦੀਲੀ ਦੀ ਇੱਛਾ ਰੱਖਣ ਵਾਲੇ ਸੱਭਿਆਚਾਰਕ ਕਾਮਿਆਂ ਦੀ ਇਹ ਧਾਰਨਾ ਰਹੀ ਹੈ ਕਿ ਇਨਕਲਾਬ ਨੂੰ ਸਿਰੇ ਚਾੜ੍ਹਨ ਤੱਕ ਕਲਾਕਾਰਾਂ ਅਤੇ ਸਾਹਿਤਕਾਰਾਂ ਦਾ ਮਹੱਤਵਪੂਰਨ ਰੋਲ ਹੁੰਦਾ ਹੈ, ਇਸੇ ਕਰਕੇ ਉਹ ਅਜਿਹੀਆਂ ਲਿਖਤਾਂ ਅਤੇ ਕਲਾ ਕ੍ਰਿਤਾਂ ਨੂੰ ਪੇਸ਼ ਕਰਨ ਵਿੱਚ ਯਕੀਨ ਰੱਖਦੇ ਹਨ, ਜਿਹੜੀਆਂ ਲੋਕਾਂ ਦੀ ਚੇਤਨਾ ਨੂੰ ਸਾਣ 'ਤੇ ਲਾਉਂਦੀਆਂ ਹਨ। ਉਦਾਸੀ ਵੀ ਏਹੋ ਜਿਹੇ ਲੇਖਕਾਂ ਅਤੇ ਕਲਾਕਾਰਾਂ ਨੂੰ ਦਰੁਸਤ ਮੰਨਦਾ ਹੈ ਜਿਹੜੇ ਲਿਖਤ ਅਤੇ ਕਰਮ ਪੱਖੋਂ ਇਨਕਲਾਬੀ ਵੀ ਹੋਣ। ਆਪਣੀ ਕਵਿਤਾ ਲਿਖਣ ਬਾਰੇ ਉਸਦਾ ਤਰਕ ਇਉਂ ਹੈ-

"ਹੁਣ ਸਵਾਲ ਇਹ ਹੈ ਕਿ ਮੈਂ ਕਵਿਤਾ ਕਿਉਂ ਲਿਖਦਾ ਹਾਂ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਮਾਜ ਦੇ ਜਿਸ ਤਬਕੇ ਨਾਲ ਮੈਂ ਸੰਬੰਧਿਤ ਹਾਂ, ਉਹ ਹਿੰਦੁਸਤਾਨ ਦਾ 80% ਦੱਬਿਆ ਕੁਚਲਿਆ ਤੇ ਲੁੱਟਿਆ ਜਾਂਦਾ ਵਰਗ ਹੈ। ਭਾਰਤ ਦੇ ਮੁੱਠੀ ਭਰ ਲੁਟੇਰਿਆਂ ਨੇ ਜਾਤ-ਪਾਤ, ਧਰਮ, ਇਲਾਕਾਪ੍ਰਸਤੀ, ਮੌਕਾਪ੍ਰਸਤੀ ਤੇ ਅੰਨ੍ਹੀ ਕੌਮਪ੍ਰਸਤੀ ਦਾ ਬੁਰਕਾ ਲੈ ਕੇ ਮੇਰੇ ਲੋਕਾਂ ਨੂੰ ਆਪਣੇ ਵਿੱਚ ਲਪੇਟਿਆ ਹੋਇਆ ਹੈ। ਇਹ ਜ਼ਰੂਰੀ ਨਹੀਂ ਕਿ ਮੇਰੇ ਬਹੁਤੇ ਲੋਕਾਂ ਨੂੰ ਇਹ ਪਤਾ ਹੋਵੇ ਕਿ ਉਹ ਕਿਸਦੀ ਲਪੇਟ ਵਿੱਚ ਹਨ। ਪਰ ਮੈਨੂੰ ਹਾਲਾਤ ਅਤੇ ਬੁੱਧੀ ਨੇ ਮੌਕਾ ਦਿੱਤਾ ਹੈ ਕਿ ਕੌਣ ਮੇਰੇ ਲੋਕਾਂ ਨੂੰ ਗ਼ੁਲਾਮ ਕਰਨ ਦੇ ਰੁਝਾਨ ਵਿੱਚ ਹੈ। ਉਪਰੋਕਤ ਬਹੁਪੱਖੀ ਲੁੱਟ ਦੀ ਮੈਨੂੰ ਇੱਕ ਦਿਨ ਵਿੱਚ ਵੀ ਸਮਝ ਨਹੀਂ ਆ ਗਈ ਸਗੋਂ ਲੁਟੇਰੇ ਵਰਗ ਦੇ ਉਪਰੋਕਤ ਅੱਡਿਆਂ ਨੇ ਮੈਨੂੰ ਵੀ ਆਪਣੀ ਲਪੇਟ ਵਿੱਚ ਲੈ ਕੇ ਆਪਣੇ ਹੋਰਾਂ ਲੋਕਾਂ ਵਰਗਾ ਬਣਾਉਣਾ ਚਾਹਿਆ। ਪਰ ਮੈਂ ਆਪਣੇ ਮਾਪਿਆਂ, ਰਿਸ਼ਤੇਦਾਰਾਂ, ਭੈਣ ਭਰਾਵਾਂ ਤੇ ਹੋਰ ਸੰਗੀ ਸਾਥੀਆਂ ਨੂੰ ਗੁਲਾਮੀ ਦੇ ਜੂਲੇ ਹੇਠ ਕੁਰਬਲ-ਕੁਰਬਲ ਕਰਦਿਆਂ ਦੇਖ ਕੇ ਜਰ ਨਾ ਸਕਿਆ। ਮੈਂ ਪਹਿਲਾਂ ਰੱਬ ਨੂੰ ਇਨ੍ਹਾਂ ਦੀ ਮੁਕਤੀ ਦਾ ਦਾਤਾ ਸਮਝ ਕੇ ਧਾਰਮਿਕ ਕਵਿਤਾਵਾਂ ਲਿਖੀਆਂ। ਫਿਰ ਭਾਰਤ ਦੀ ਅਖੌਤੀ ਸਮਾਜਵਾਦੀ ਸਰਕਾਰ ਵੱਲ ਝਾਕ ਰੱਖ ਕੇ ਕੌਮਪ੍ਰਸਤੀ ਤੇ ਦੇਸ਼ ਭਗਤੀ ਦੇ ਗੀਤ ਲਿਖੇ। ਪਰ ਜਿਉਂ-ਜਿਉਂ ਮੈਂ ਉਪਰੋਕਤ ਪ੍ਰਕਾਰ ਦੇ ਗੀਤ ਜਾਂ ਕਵਿਤਾ ਲਿਖਦਾ ਤਾਂ ਲੁਟੇਰਿਆਂ ਦੇ ਬੁਰਕੇ ਲੀਰੋ ਲੀਰ ਹੋਣ ਦੀ ਥਾਂ ਹੋਰ ਵੀ ਸੁਭਰ ਹੋ ਜਾਂਦੇ। ਖ਼ੈਰ ਲੁਟੇਰਿਆਂ ਦੇ ਇਸ ਰੁਝਾਨ ਨੇ ਮੇਰੇ ਵਿੱਚ ਤਰਕ ਜਗਾਈ। ਮੈਂ ਵੇਖਿਆ ਕਿ ਲੁਟੇਰੀਆਂ ਸਫ਼ਾਂ ਮੇਰੇ ਲੋਕਾਂ ਨੂੰ ਆਪਣੇ ਵਿੱਚ ਲਪੇਟ ਕੇ ਵੀ ਸਾਡਾ ਕੁਝ ਵੀ ਸੁਆਰਦੀਆਂ ਨਹੀਂ ਸਗੋਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਭਗਤ ਸਿੰਘ ਅਤੇ ਸਰਾਭੇ ਦੇ ਨਾਵਾਂ ਨੂੰ ਵਰਤ ਕੇ ਸਾਨੂੰ ਜਿਵੇਂ ਕਿਵੇਂ ਰੱਖਣਾ ਚਾਹੁੰਦੀਆਂ ਹਨ। ਫਿਰ ਮੈਂ ਧਾਰਮਿਕ ਕਿਤਾਬਾਂ ਗੁਰੂ ਗ੍ਰੰਥ ਸਾਹਿਬ ਤੋਂ ਲੈ ਕੇ ਅਕਾਲੀ ਮੋਰਚਿਆਂ ਦੇ ਇਤਿਹਾਸ ਤੋਂ ਅਗਵਾਈ ਲਈ। ਆਰਥਿਕ ਤੇ ਸਮਾਜਿਕ ਤੌਰ 'ਤੇ ਆਜ਼ਾਦ ਕੌਮਾਂ ਦੇ ਇਤਿਹਾਸ ਨੂੰ ਪੜ੍ਹਿਆ ਤੇ ਨਾਲ ਹੀ ਮਜ਼ਦੂਰਾਂ ਦੇ ਸਰਵੋਤਮ ਫ਼ਲਸਫ਼ੇ ਮਾਰਕਸਵਾਦ ਲੈਨਿਨਵਾਦ ਦਾ ਸਿੱਖਿਆਰਥੀ ਬਣਿਆ, ਤਾਂ ਮੈਨੂੰ ਆਪਣੀ ਤੇ ਆਪਣੇ ਪਰਿਵਾਰ, ਮਾਵਾਂ, ਭੈਣਾਂ ਅਥਵਾ ਰਿਸ਼ਤੇਦਾਰਾਂ ਨਾਲ ਹੋ ਰਹੀਆਂ ਵਧੀਕੀਆਂ ਦੁਨੀਆਂ ਭਰ ਦੇ ਲੁੱਟੇ ਜਾਂਦੇ ਵਰਗ ਨਾਲ ਲੈ ਗਈਆਂ। ਫਿਰ ਮੈਨੂੰ ਦੁਨੀਆਂ ਦਾ ਲੁਟੇਰਾ ਤੇ ਲੁੱਟਿਆ ਜਾਂਦਾ ਵਰਗ ਪ੍ਰਤੱਖ ਨਜ਼ਰ ਆਉਣ ਲੱਗ ਪਿਆ।"

(ਸੰਤ ਰਾਮ ਉਦਾਸੀ, ਲਹੂ ਤੋਂ ਲੋਹੇ ਤੱਕ, ਪੰਨਾ-6,7)

ਸੰਤ ਰਾਮ ਉਦਾਸੀ ਥੁੜ੍ਹਾਂ ਮਾਰੀ ਜ਼ਿੰਦਗੀ ਅਤੇ ਸਿਆਸੀ ਮਾਹੌਲ ਦੀ ਪੈਦਾਵਾਰ ਸੀ। ਜਦੋਂ ਉਹ ਲਿਖਣਾ ਸ਼ੁਰੂ ਕਰਦਾ ਹੈ, ਉਦੋਂ ਭਾਰਤ ਅੰਦਰ ਵਿਸ਼ੇਸ਼ ਤਰ੍ਹਾਂ ਦਾ ਉਥਲ ਪੁਥਲ ਵਾਲਾ ਸਿਆਸੀ ਮਾਹੌਲ ਸੀ। ਉਦੋਂ ਨੌਜਵਾਨਾਂ ਨੂੰ ਇਨਕਲਾਬ ਦੇ ਸੁਪਨੇ ਆ ਰਹੇ ਸਨ। ਉਨ੍ਹਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਟੁੱਟਣ ਵਾਲੀਆਂ ਲੱਗਦੀਆਂ ਸਨ। ਉਦਾਸੀ ਤੇ ਉਸਦੇ ਸਮਕਾਲੀਆਂ ਨੇ ਨੌਜਵਾਨਾਂ ਦੇ ਸੁਪਨਿਆਂ ਨੂੰ ਅੰਜਾਮ ਦਿੰਦੇ ਹੋਏ ਇਨਕਲਾਬ ਲਈ ਪ੍ਰਤੀਬੱਧ ਹੋ ਕੇ ਕਾਵਿ ਸਿਰਜਣਾ ਕੀਤੀ ਜੋ ਲੋਕ ਯੁੱਧ ਤੇ ਹਥਿਆਰਬੰਦ ਇਨਕਲਾਬ ਉੱਤੇ ਜ਼ੋਰ ਦਿੰਦੀ ਹੈ। ਉਸਦੀ ਕਵਿਤਾ ਦਾ ਨਾਇਕ ਜੰਗਜੂ, ਇਨਕਲਾਬੀ ਤੇ ਕੰਮੀਆਂ-ਕਮੀਣਾਂ-ਨਪੀੜਿਆਂ ਦੇ ਹੱਕਾਂ ਲਈ ਜੂਝਣ ਵਾਲਾ ਹੈ। ਏਹੋ ਜਿਹੀ ਕਵਿਤਾ ਉਨ੍ਹਾਂ ਲੁੱਟਿਆਂ ਪੁੱਟਿਆਂ ਨੂੰ ਜੂਝਣ ਦੀ ਪ੍ਰੇਰਨਾ ਦਿੰਦੀ ਹੈ। ਇਨਕਲਾਬੀ ਲਹਿਰ ਅਤੇ ਜੀਵਨ ਨੂੰ ਊਰਜਾ ਬਖ਼ਸ਼ਦੀ ਹੈ। ਡਿੱਗਿਆਂ ਨੂੰ ਖੜ੍ਹੇ ਕਰ ਦਿੰਦੀ ਹੈ। ਜੰਗ ਲੜ ਰਹੇ ਜੁਝਾਰੂਆਂ ਵਿੱਚ ਜੋਸ਼ ਭਰ ਦਿੰਦੀ ਹੈ। ਅਜਿਹਾ ਹੀ ਕਾਰਜ ਉਦਾਸੀ ਦੀ ਸਰੋਦੀ ਕਵਿਤਾ ਤੇ ਗੀਤ ਕਰ ਰਹੇ ਹਨ। ਮੂਲ ਰੂਪ ਵਿੱਚ ਉਹ ਗੀਤਕਾਰ ਸੀ। ਉਹ ਗਾ ਅੱਛਾ ਲੈਂਦਾ ਸੀ।

ਇਹ ਚੇਤਨ ਇਨਕਲਾਬੀ ਸ਼ਾਇਰ ਗਲੇ ਸੜੇ ਨਿਜ਼ਾਮ ਨੂੰ ਕ੍ਰਾਂਤੀਕਾਰੀ ਅਮਲ ਰਾਹੀਂ ਬਦਲਣ ਦਾ ਹੋਕਾ ਦਿੰਦੇ ਸਨ। ਇਨ੍ਹਾਂ ਜੁਝਾਰੂ ਕਵੀਆਂ ਦੀ ਕਲਮ ਅਤੇ ਆਵਾਜ਼ ਜ਼ੁਲਮ ਵਿਰੁੱਧ ਸੰਗੀਨ ਬਣ ਕੇ ਖੜ੍ਹ ਗਈਆਂ ਸਨ।

ਮੈਨੂੰ ਖੰਜਰ ਨਾਲ ਮਾਰੋ
ਜਾਂ ਸੂਲੀ 'ਤੇ ਟੰਗ ਦੇਵੋ
ਮੈਂ ਮਰ ਕੇ ਵੀ
ਚੁਗਿਰਦੇ 'ਚ ਬਿਖਰ ਜਾਵਾਂਗਾ
ਤੇ ਤੁਹਾਨੂੰ ਹਰ ਸਿਰ ਵਿੱਚੋਂ
ਮੇਰਾ ਹੀ ਅਕਸ ਦਿੱਸੇਗਾ।
(ਦਰਸ਼ਨ ਦੁਸਾਂਝ, ਲੂਣੀ ਧਰਤੀ, ਪੰਨਾ-44)

ਜੇਲ੍ਹ ਦੀ ਗੁੰਮ-ਸੁੰਮ
ਅਤੇ ਤੰਗ ਕੋਠੜੀ ਵਿੱਚ
ਉਸਨੇ ਦੀਵਾਰ 'ਤੇ
ਆਪਣੇ ਲਹੂ ਦੇ ਨਾਲ
ਪਹਿਲਾ ਸ਼ਬਦ ਲਿਖਿਆ
ਜ਼ਿੰਦਗੀ
ਦੂਸਰਾ ਕ੍ਰਾਂਤੀ
ਅਤੇ ਤੀਜਾ ਆਜ਼ਾਦੀ
(ਜਗਤਾਰ, ਲਹੂ ਦੇ ਨਕਸ਼, ਪੰਨਾ 41)

ਫਿਰ ਇੱਕ ਦਿਨ ਸੂਰਜ
ਉਸ ਦੀ ਦਹਿਲੀਜ਼ 'ਤੇ ਖੜ੍ਹੋਤਾ ਸੀ
ਜੋ ਸੋਚਾਂ ਤੇ ਚੜ੍ਹ ਰਹੀ
ਅਮਰ ਵੇਲ ਸਾੜਨੀ ਹੈ।
ਤਾਂ ਆ ਤੁਰ ਅੰਗਿਆਰ ਬਣ
ਆਪਣੀ ਅੱਗ 'ਚ ਸੜਿਆ
ਕੋਈ ਰਿਸ਼ੀ ਨਹੀਂ ਬਣਦਾ
ਜੇ ਜ਼ਿੰਦਗੀ ਦਾ ਅਜੇ ਵੀ ਕੋਈ ਨਾਮ ਹੈ
ਤਾਂ ਲਿਸ਼ਕਦਾ ਹਥਿਆਰ ਬਣ।
(ਗੁਰਦੀਪ ਗਰੇਵਾਲ, ਸਫ਼ਰ ਦੇ ਬੋਲ, ਪੰਨਾ 39-40)

ਲਾਲ ਕਿਲੇ ਵਿੱਚ ਲਹੂ ਲੋਕਾਂ ਦਾ ਜੋ ਕੈਦ ਹੈ।
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ।
ਪਿੰਡਾਂ ਵਿੱਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ
ਤੇਰੇ ਮਹਿਲੀਂ ਵੜੇ ਕਿ ਵੜੇ।
(ਸੰਤ ਰਾਮ ਉਦਾਸੀ, ਸੈਨਤਾਂ, ਪੰਨਾ 28)

ਜੇ ਰੋਟੀ ਦੀ ਅੱਗ ਚਾਹੀਦੀ ਤਾਂ ਫਿਰ ਸਾਂਭ ਬਾਰੂਦ ਨਾ ਰੱਖੀਂ,
ਜੇ ਕੁਝ ਮੁੜ੍ਹਕੇ ਦਾ ਮੋਹ ਹੈਗਾ ਤਾਂ ਫਿਰ ਨੱਪ ਖ਼ੂਦ ਨਾ ਰੱਖੀਂ।
ਤੂੰ ਐਟਮ ਦੀ ਧੂੜ ਵਿਚਾਲੇ ਸੁੱਟ ਚਾਨਣ ਦੀ ਮੁੱਠ ਵੇ,
ਉੱਠ ਕਿਰਤੀਆਂ ਉੱਠ ਵੇ! ਉੱਠਣ ਦਾ ਵੇਲਾ!!
(ਸੰਤ ਰਾਮ ਉਦਾਸੀ, ਸੈਨਤਾਂ, ਪੰਨਾ 32)

ਜਦੋਂ ਮਾਰਕਸੀ-ਲੈਨਿਨੀ ਲਹਿਰ ਸਿਖ਼ਰ 'ਤੇ ਸੀ, ਉਦੋਂ ਉਦਾਸੀ ਵਿਚਾਰਧਾਰਕ ਤੌਰ 'ਤੇ ਸਪੱਸ਼ਟ ਸੀ। ਉਹ ਇਸੇ ਪ੍ਰਗਤੀਸ਼ੀਲ ਪਹੁੰਚ ਕਾਰਨ ਸਮਾਜ ਵਿੱਚ ਪ੍ਰਚਾਰਿਆ ਤੇ ਸਤਿਕਾਰਿਆ ਜਾਂਦਾ ਰਿਹਾ ਹੈ। ਉਦਾਸੀ ਇਸ ਕਰਕੇ ਵੀ ਵੱਖਰਾ ਹੈ, ਉਸਨੇ ਬੇਜ਼ੁਬਾਨਿਆਂ ਨੂੰ ਜ਼ੁਬਾਨ ਦਿੱਤੀ। ਉਹ ਕਿਰਤੀਆਂ ਦੀ ਆਵਾਜ਼ ਬਣ ਕੇ ਉਭਰਿਆ। ਇਸਦਾ ਉਸਨੂੰ ਖਾਮਿਆਜਾ ਵੀ ਭੁਗਤਣਾ ਪਿਆ। ਉਹ ਜਦੋਂ ਭਾਰਤ ਦੇ ਮਿਹਨਤਕਸ਼ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹੋਇਆ, ਉਨ੍ਹਾਂ ਦੇ ਦੁੱਖਾਂ ਦੇ ਗੀਤ ਗਾਉਣ ਲੱਗਾ, ਤਾਂ ਇਸਦੇ ਬਦਲੇ ਸਟੇਟ ਨੇ ਉਸ ਨੂੰ ਬੇਸਹਾਰਾ ਕਰਨ ਦੀ ਕੋਸ਼ਿਸ਼ ਕੀਤੀ।


CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com

ਉਸਦੇ ਸਮਕਾਲੀ ਸ਼ਾਇਰ ਪਾਸ਼ ਦੇ ਸ਼ਬਦਾਂ ਵਿੱਚੋਂ ਉਦਾਸੀ ਤੇ ਉਸਦੇ ਸਾਥੀਆਂ ਦਾ ਵਿਚਾਰਧਾਰਕ ਨਜ਼ਰੀਆ ਸਪੱਸ਼ਟ ਹੋ ਜਾਂਦਾ ਹੈ–

"ਮੈਂ ਜ਼ਿੰਦਗੀ ਵਿੱਚ ਅਨੇਕ ਮਾਨਸਿਕ ਤੇ ਸਰੀਰਕ ਤਕਲੀਫ਼ਾਂ ਝੱਲੀਆਂ ਹਨ। ਗਲਤ ਸਮਾਜਿਕ ਤੇ ਰਾਜਨੀਤਕ ਪ੍ਰਬੰਧ ਦਾ ਇੱਕ ਸਾਧਾਰਨ ਆਦਮੀ ਵਾਂਗ ਸ਼ਿਕਾਰ ਰਿਹਾ ਹਾਂ ਤੇ ਇਸ ਵਾਤਾਵਰਨ ਨੂੰ ਕਿਸੇ ਨਾਤ੍ਰੇ–ਧੋਤੇ ਸਤਿਕਾਰਤ ਪਤਵੰਤੇ ਦਰਸ਼ਕ ਦੀ ਨਜ਼ਰ ਤੋਂ ਨਹੀਂ ਦੇਖ ਰਿਹਾ, ਸਗੋਂ ਇੱਕ ਦਰੜੇ ਜਾ ਰਹੇ ਆਮ ਆਦਮੀ ਦੇ ਪ੍ਰਤੀਕਰਮ ਵਜੋਂ ਦੇਖ ਰਿਹਾ ਹਾਂ। ਇਹੋ ਮੇਰਾ ਬਾਕੀ ਲੇਖਕਾਂ ਦੇ ਮੁਕਾਬਲੇ ਸਫ਼ਲਤਾ ਦਾ ਭੇਤ ਹੈ।"
(ਤਲਵੰਡੀ ਸਲੇਮ ਨੂੰ ਜਾਂਦੀ ਸੜਕ, ਪੰਨਾ 337)

ਇਸੇ ਕਾਰਨ ਉਦਾਸੀ ਦੇ ਗੀਤਾਂ ਦੇ ਨਾਇਕ ਸਟੇਟ ਦਾ ਜ਼ੁਲਮ ਸਹਿੰਦੇ ਹੋਏ ਵੀ ਲਿਫਦੇ ਨਹੀਂ ਸਗੋਂ ਦੂਣ ਸਵਾਏ ਹੋ ਸਟੇਟ ਨੂੰ ਟੱਕਰਦੇ ਹਨ। ਐਤਾਂ ਦਾ ਪੁਲਿਸ ਜਬਰ ਵੀ ਉਨ੍ਹਾਂ ਨੂੰ ਝੁਕਾ ਨਹੀਂ ਸਕਿਆ। ਦਰਅਸਲ ਉਦਾਸੀ ਸਿਆਸੀ ਚੇਤਨਾ ਦਾ ਸ਼ਾਇਰ ਹੈ। ਜੋ ਪਹਿਲਾਂ ਖੁਦ ਲੜਾਈ ਦੇ ਮੈਦਾਨ ਵਿੱਚ ਕੁੱਦ ਪੈਂਦਾ ਹੈ। ਪੁਲਿਸ ਤਸੀਹਾ ਕੇਂਦਰ ਬਹਾਦਰਗੜ੍ਹ ਸੀ ਆਈ. ਏ. ਸਟਾਫ (ਲੱਡਾ ਕੋਠੀ – ਸੰਗਰੂਰ) ਦੇ ਤਸ਼ੱਦਦ ਦੀ ਦਹਿਸ਼ਤ ਉਸਨੂੰ ਘਰ ਨਾ ਬਿਠਾ ਸਕੀ, ਸਗੋਂ ਉਹ ਛੋਟੇ ਕਿਸਾਨਾਂ, ਦਲਿਤਾਂ ਅਤੇ ਪਛੜੇ ਵਰਗਾਂ ਦੇ ਸਵੈਮਾਣ, ਮਾਣਮੱਤੇ ਜੀਵਨ, ਉਨ੍ਹਾਂ ਦੀ ਇਨਕਲਾਬੀ ਵਿਚਾਰਧਾਰਾ ਅਤੇ ਸਿਆਸਤ ਲਈ ਪ੍ਰਤੀਬੱਧ ਹੋ ਕੇ ਲਿਖਣ ਲੱਗਾ। ਇਨ੍ਹਾਂ ਬੋਲਾਂ ਨੂੰ ਉਨ੍ਹਾਂ ਤੱਕ ਪਹੁੰਚਾਉਣ ਲਈ ਉਸਦੀ ਜਾਦੂਮਈ ਆਵਾਜ਼ ਵਿਹੜਿਆਂ ਵਿੱਚ ਗੂੰਜਣ ਲੱਗੀ। ਉਸਦੀ ਨੱਬੇ ਫੀਸਦੀ ਕਵਿਤਾ ਇਨਕਲਾਬੀ ਜਜ਼ਬੇ ਨਾਲ ਭਰੀ ਪਈ ਹੈ। ਜੇ ਇਹ ਕਹਿ ਲਿਆ ਜਾਵੇ ਕਿ ਉਸਦਾ ਸਮੁੱਚਾ ਕਾਵਿ (ਮੁੱਢਲੇ ਦੌਰ ਦੀਆਂ 18 ਕਵਿਤਾਵਾਂ ਨੂੰ ਛੱਡ ਕੇ) ਕਮਿਊਨਿਸਟ ਇਨਕਲਾਬੀ (ਨਕਸਲਬਾੜੀ) ਸਿਆਸਤ ਨੂੰ ਪੇਸ਼ ਕਰਦਾ ਹੈ ਤਾਂ ਇਹ ਅੱਤਕਥਨੀ ਨਹੀਂ ਹੋਵੇਗੀ। ਉਹ ਕਿਰਤੀਆਂ ਦੀ ਸਿਆਸੀ ਧਿਰ ਖੜ੍ਹੀ ਕਰਦਾ ਹੈ ਤੇ ਉਨ੍ਹਾਂ ਨੂੰ ਕਿਰਤੀ ਦੇ ਰਾਜ ਲਈ ਲੜਨ ਲਈ ਪ੍ਰੇਰਦਾ ਹੈ। ਉਹ ਆਪਣੇ ਪਾਠਕਾਂ ਖਾਸ ਤੌਰ 'ਤੇ ਸਰੋਤਿਆਂ ਵਿੱਚ ਸਵੈਮਾਣ, ਅਣਖ, ਇੱਜ਼ਤ ਤੇ ਦਲੇਰੀ ਭਰਦਾ–ਭਰਦਾ ਉਨ੍ਹਾਂ ਨੂੰ ਇਨਕਲਾਬੀ ਸਿਆਸਤ ਨਾਲ ਜੋੜ ਦਿੰਦਾ ਹੈ–

ਅਸੀਂ ਆਪਣਿਆਂ ਵਿੱਛਾਂ ਦੀ ਮੰਗ ਲੈ ਕੇ,
ਨਿੱਤਰ ਆਏ ਹਾਂ ਏਕੇ ਦੀ ਲਾਮ ਉੱਤੇ।
ਲਾਰੇ ਵੇਖ ਕੇ ਇਨ੍ਹਾਂ ਮੁਸਾਹਿਬਾਂ ਦੇ,
ਨੀਝ ਲੱਗੀ ਏ ਹੁਣ ਤਾਂ ਸੰਗਰਾਮ ਉੱਤੇ।
ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ,
ਸਾਡੇ ਬੱਚਿਆਂ ਦੇ ਰਹਿਣੇ ਚੋਗਲ ਜਲਦੇ।
ਖੇਤਾਂ ਵਿੱਚ ਕਿਸਾਨ ਦੇ ਬੋਹਲ ਜਲਦੇ,
ਮੇਰੇ ਗੀਤ ਜਲਦੇ, ਮੇਰੇ ਘੋਲ ਜਲਦੇ।
(ਲਹੂ ਭਿੱਜੇ ਬੋਲ, ਪੰਨਾ 32)

ਉਦਾਸੀ ਆਪਣੀ ਪਾਰਟੀ [ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ–ਲੈਨਿਨਵਾਦੀ) ਦੀ ਨੀਤੀ ਅਨੁਸਾਰ ਭਾਰਤੀ ਸਮਾਜ ਅਤੇ ਲੋਕ ਦੋਖੀ ਰਾਜਨੀਤੀ ਨੂੰ ਬਦਲਣਾ ਚਾਹੁੰਦਾ ਸੀ। ਉਸਦੀ ਸਾਰੀ ਦੀ ਸਾਰੀ ਟੇਕ ਮਾਰਕਸਵਾਦ ਉੱਤੇ ਸੀ।

"ਪਾਪਾ ਜੀ ਕਿਹਾ ਕਰਦੇ ਸਨ ਕਿ ਭਾਰਤ ਦੀਆਂ ਬਹੁਤੀਆਂ ਅਲਾਮਤਾਂ ਦਾ ਹੱਲ ਮਾਰਕਸਵਾਦ ਵਿੱਚ ਪਿਆ ਹੈ। ਖਾਸ ਤੌਰ ਤੇ ਗਰੀਬ ਗੁਰਬੇ ਲਈ ਤਾਂ ਏਹੀ ਵਿਚਾਰਧਾਰਾ ਹਾਅ ਦਾ ਨਾਅਰਾ ਮਾਰਦੀ ਹੈ।"

(ਇਕਬਾਲ ਕੌਰ ਉਦਾਸੀ ਵੱਲੋਂ ਦੋਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੇ ਉਦਾਸੀ ਸਮਾਗਮ ਮਈ 2015 'ਤੇ ਦਿੱਤੇ ਭਾਸ਼ਣ 'ਚੋਂ)

ਉਦਾਸੀ ਮਾਰਕਸਵਾਦ ਦਾ ਮੁੱਦਈ ਸੀ। ਉਹ ਨਕਸਲਬਾੜੀ ਲਹਿਰ ਦਾ ਕਾਰਕੁਨ, ਸ਼ਾਇਰ ਤੇ ਗਾਇਕ ਸੀ। ਉਸਦੇ ਤਿੰਨ ਕਾਵਿ ਸੰਗ੍ਰਹਿਾਂ (ਲਹੂ ਭਿੱਜੇ ਬੋਲ–1971, ਸੈਨਤਾਂ– 1976 ਅਤੇ ਚਨੁੱਕਰੀਆਂ ਸੀਖਾਂ– 1978) ਅਤੇ ਬਾਕੀ ਕਵਿਤਾਵਾਂ (ਜੋ ਉਸਦੀ ਮੌਤ ਬਾਅਦ ਛਪੀਆਂ) ਦੀ ਬਹੁਤੀ ਸ਼ਾਇਰੀ ਨਕਸਲਬਾੜੀ ਦੌਰ ਦੀ ਚੜ੍ਹਤ, ਸੰਘਰਸ਼, ਜਬਰ ਅਤੇ ਉਤਰਾਅ ਦੇ ਸਮੇਂ ਦੀ ਹੈ। ਗੰਗੀਦੀ ਜ਼ਿੰਦਗੀ ਨਾਲੋਂ ਸੱਤਾ ਪਲਟਣ ਦਾ ਇਨਕਲਾਬੀ ਜੋਸ਼, ਨਵੇਂ ਰਾਜ ਪ੍ਰਬੰਧ ਦਾ ਚਾਅ ਅਤੇ ਕੁਰਬਾਨੀ ਦੀ ਅਟੱਲ ਲੋੜ ਪ੍ਰਤੱਖ ਦਿਸਦੀ ਹੈ। ਉਹ ਕਿਰਤੀ ਵਰਗ ਦੀ ਮੁਕਤੀ ਅਤੇ ਬੰਦ–ਖਲਾਸੀ ਸਮਾਜਵਾਦ ਵਿੱਚੋਂ ਦੇਖਦਾ ਸੀ ਅਤੇ ਉਸਨੂੰ ਕ੍ਰਾਂਤੀਕਾਰੀ ਯੁੱਧ ਨਾਲ ਜੋੜਦਾ ਸੀ। ਉਹ ਇਨਕਲਾਬ ਦਾ ਪੈਗਾਮ ਘਰ–ਘਰ ਪਹੁੰਚਾਉਣ ਲਈ ਦੋ ਟਕਰਾਵੀਆਂ ਸਥਿਤੀਆਂ ਪੈਦਾ ਕਰਦਾ ਹੈ। ਇਨ੍ਹਾਂ ਸਥਿਤੀਆਂ ਵਿੱਚੋਂ ਹੀ ਉਹ ਆਪਣੀ ਲਹਿਰ ਦੇ ਵਿਚਾਰ, ਮਨੋਰਥ ਤੇ ਰਾਜਨੀਤੀ ਪੇਸ਼ ਕਰ ਜਾਂਦਾ ਹੈ। ਉਹ ਮਾਰਕਸਵਾਦੀ ਸਿਧਾਂਤ ਅਤੇ ਪਾਰਟੀ ਪ੍ਰੋਗਰਾਮ ਨੂੰ ਗੀਤਾਂ, ਕਵਿਤਾਵਾਂ ਰਾਹੀਂ ਸਮਝਾਉਣ ਦਾ ਕੰਮ ਕਰਦਾ ਹੈ। ਉਦਾਸੀ ਕੋਲ ਇਹ ਕਲਾਕਾਰੀ ਸੀ ਕਿ ਉਹ ਮਾਰਕਸਵਾਦ ਵਰਗੇ ਵਿਗਿਆਨਕ ਸਿਧਾਂਤ ਅਤੇ ਅੰਤਰ–ਰਾਸ਼ਟਰੀ ਪੱਧਰ ਦੇ ਮਸਲਿਆਂ ਨੂੰ ਸੌਖੇ ਢੰਗ ਨਾਲ ਸਮਝਾ ਦਿੰਦਾ ਹੈ। ਉਹ ਦੇਸ਼ ਦੀਆਂ ਸਮੱਸਿਆਵਾਂ ਨੂੰ ਭਾਰਤ ਦੇ ਸਮਾਜਿਕ–ਆਰਥਿਕ ਪਰਿਪੇਖ ਅਨੁਸਾਰ ਹੀ ਸਮਝਦਾ ਨਜ਼ਰ ਆਉਂਦਾ ਹੈ। 'ਸੰਤ ਰਾਮ ਉਦਾਸੀ ਯਾਦਗਾਰੀ ਕੌਮਾਂਤਰੀ ਟਰੱਸਟ' ਦਾ ਪ੍ਰਧਾਨ ਸੁਖਵਿੰਦਰ ਕੰਦੋਲਾ ਆਪਣੀਆਂ ਯਾਦਾਂ ਸਾਂਝੀਆਂ ਕਰਦਾ ਕਹਿੰਦਾ ਹੈ–

"ਮੈਂ ਉਦੋਂ ਜੁਆਨ ਹੋ ਰਿਹਾ ਸੀ। ਉਦਾਸੀ ਨੇ ਜਦੋਂ ਸਾਡੇ ਪਿੰਡਾਂ ਵੱਲ ਆਉਣਾ। ਮੇਰੇ ਪਿਤਾ ਜੀ ਕਾਮਰੇਡ ਹਰਭਜਨ ਸਿੰਘ ਹੁੰਦਲ ਨੇ ਦੱਸਣਾ। ਸਟੇਜੀ ਪ੍ਰੋਗਰਾਮ ਤੋਂ ਬਾਅਦ ਜਦ ਸਭ ਕਾਮਰੇਡਾਂ ਨੇ ਇਕੱਠੇ ਬੈਠਣਾ ਤਾਂ ਗੰਭੀਰ ਵਿਚਾਰਾਂ ਹੋਣੀਆਂ। ਬਹੁਤੇ ਕਾਮਰੇਡ ਬਾਹਰਲੇ ਮੁਲਕਾਂ ਦੇ ਕ੍ਰਾਂਤੀਕਾਰੀ ਵਿਦਵਾਨਾਂ ਦੀਆਂ ਉਦਾਹਰਣਾਂ ਦੇ ਕੇ ਗੱਲ ਨੂੰ ਅੱਗੇ ਤੋਰਦੇ ਪਰ ਉਦਾਸੀ ਨੇ ਕਹਿਣਾ, ਦੋਸਤੋ, ਮਾਰਕਸਵਾਦ ਨੂੰ ਮੁਲਕ ਦੇ ਹਲਾਤ, ਸਮੱਸਿਆਵਾਂ ਅਤੇ ਪ੍ਰਸਥਿਤੀਆਂ ਮੁਤਾਬਕ ਹੀ ਸਮਝਣਾ ਤੇ ਫਿਰ ਲਾਗੂ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਮਿੱਥੇ ਟੀਚੇ ਵੱਲ ਵੱਧ ਸਕਦੇ ਹਾਂ।"

ਉਦਾਸੀ ਇਤਿਹਾਸਕ ਤੌਰ 'ਤੇ ਪੰਜਾਬ ਵਿੱਚ ਸਿੱਖ ਲਹਿਰ ਦੇ ਇਨਕਲਾਬੀ ਰੋਲ ਨੂੰ ਪ੍ਰਵਾਨ ਕਰਦਾ ਹੈ। ਉਸਦੀ ਬਹੁਤੀ ਕਵਿਤਾ ਵਿੱਚ ਸਿੱਖ ਸੱਭਿਆਚਾਰ ਤੇ ਇਤਿਹਾਸ ਨਾਲ ਸੰਬੰਧਤ ਬਿੰਬ ਪੇਸ਼ ਹੁੰਦੇ ਹਨ। ਨਾ ਕਿ ਸਿੱਖ ਧਰਮ ਦਾ ਧਾਰਮਿਕ ਪੱਖ। ਉਸਨੂੰ ਲੱਗਦਾ ਹੈ ਕਿ ਸਿੱਖ ਲਹਿਰ ਦੀ ਨਾਬਰੀ, ਬਰਾਬਰੀ ਤੇ ਖਾੜਕੂ ਵਿਰਸਾ ਪੰਜਾਬ ਦੇ ਲੋਕਾਂ ਨੂੰ ਛੇਤੀ ਸਮਝ ਆਉਂਦਾ ਹੈ। ਉਸਨੂੰ ਪੰਜਾਬੀ ਸੱਭਿਆਚਾਰ, ਸਿੱਖ ਲਹਿਰ ਤੇ ਪੰਜਾਬ ਦੇ ਵਰਤਾਰਿਆਂ ਦੀ ਡੂੰਘੀ ਸਮਝ ਸੀ। ਡਾ. ਕੇਸਰ ਸਿੰਘ ਕੇਸਰ ਵੀ ਆਪਣੀ ਲਿਖਤ ਵਿੱਚ ਲਿਖਦੇ ਹਨ–

"ਪੰਜਾਬ ਵਿੱਚ ਨਕਸਲੀ ਲਹਿਰ ਦਾ ਵਰਗ ਆਧਾਰ ਗਰੀਬ ਕਿਸਾਨੀ ਦਾ ਸੀ। ਕਿਸਾਨੀ ਦਾ ਵੱਡਾ ਹਿੱਸਾ ਸਿੱਖ–ਇਤਿਹਾਸ ਨੂੰ ਹਮੇਸ਼ਾ ਹੀ ਆਪਣੇ ਰਾਜਸੀ ਸੱਭਿਆਚਾਰਕ ਵਿਰਸੇ ਵੱਜੋਂ ਸਵੀਕਾਰਦਾ ਰਿਹਾ ਹੈ, ਭਾਵੇਂ ਸਿੱਖੀ ਦਾ ਲੋਕ–ਧਰਮੀ ਰੂਪ ਲੋਕ–ਰੋਮਾਂਸ ਦਾ ਹੀ ਇੱਕ ਭੇਦ ਹੈ।"

(ਪਾਸ਼ ਦੀ ਪ੍ਰਸੰਗਿਕਤਾ, ਪੰਨਾ 37)

ਮਾਰਕਸਵਾਦ ਦੇ ਹਮਾਇਤੀ ਸਾਹਿਤਕਾਰਾਂ ਵਿੱਚ ਸਾਹਿਤ ਵਿੱਚ ਧਾਰਮਿਕ ਬਿੰਬਾਂ ਨੂੰ ਵਰਤਣ, ਨਾ ਵਰਤਣ ਬਾਰੇ ਹਮੇਸ਼ਾ ਹੀ ਵਿਵਾਦ ਰਿਹਾ ਹੈ। ਪਹਿਲੀ ਧਿਰ (ਜੋ ਧਿਰਾਂ ਹਥਿਆਰ) ਬੰਦ ਇਨਕਲਾਬ ਵਿੱਚ ਵਿਸ਼ਵਾਸ ਨਹੀਂ ਰੱਖਦੀਆਂ) ਧਾਰਮਿਕ ਚਿੰਨ੍ਹਾਂ ਅਤੇ ਬਿੰਬਾਂ ਨੂੰ ਵਰਤਣ ਤੋਂ ਗੁਰੇਜ਼ ਕਰਦੀਆਂ ਹਨ। ਉਹ ਸ਼ੁੱਧ ਮਾਰਕਸੀ ਸਾਹਿਤ, ਇਤਿਹਾਸ ਸਿਧਾਂਤ, ਰਾਜਨੀਤੀ ਤੇ ਸੱਭਿਆਚਾਰ ਨੂੰ ਵਰਤਣ ਅਤੇ ਪ੍ਰਚਾਰਨ ਦੇ ਹੱਕ ਵਿੱਚ ਹਨ। ਹਥਿਆਰਬੰਦ ਇਨਕਲਾਬ ਦੀ ਪੈਰਵਾਈ ਕਰਦੀ ਰਹੀ ਦੂਜੀ ਧਿਰ ਜੁਝਾਰੂ ਧਾਰਮਿਕ ਬਿੰਬਾਂ ਨੂੰ ਵਰਤਦੀ ਵੀ ਹੈ ਤੇ ਇਸਦੀ ਵਕਾਲਤ ਵੀ ਕਰਦੀ ਹੈ। ਦਰਅਸਲ ਹਥਿਆਰਬੰਦ ਕ੍ਰਾਂਤੀ ਦੇ ਚਾਹਵਾਨ ਸੰਸਾਰ ਵਿੱਚ ਕਿਸੇ ਵੀ ਉਸ ਖਾੜਕੂ ਲਹਿਰ ਤੋਂ ਪ੍ਰੇਰਨਾ, ਇਤਿਹਾਸਕ ਸੂਝ, ਸ਼ਹਾਦਤ, ਕੁਰਬਾਨ ਹੋਣ ਦਾ ਬਲ ਅਤੇ ਬਿਬਕਾਰੀ ਲੈਣਾ ਚਾਹੁੰਦੇ ਹਨ ਜੋ ਉਨ੍ਹਾਂ ਦੇ ਸੰਘਰਸ਼ ਵਿੱਚ ਮਦਦਗਾਰ ਹੋਣ। ਪੰਜਾਬ ਦੇ ਨਕਸਲੀ ਗਰੁੱਪਾਂ ਦੇ ਪੇਪਰਾਂ ਦੇ ਨਾਂ ਵੀ ਸਿੱਖ ਸ਼ਬਦਕਾਰੀ ਵਿੱਚੋਂ ਲਏ ਹੋਏ ਸਨ। ਸੀ ਓ ਸੀ ਦਾ ਪੇਪਰ 'ਪ੍ਰਚੰਡ' ਅਤੇ ਨਾਗੀਰੈਡੀਆਂ ਦੇ ਪੇਪਰ 'ਜ਼ਫ਼ਰਨਾਮਾ' ਅਤੇ 'ਜੈਕਾਰਾ' ਇਸੇ ਦੀ ਉਦਾਹਰਣ ਹਨ। ਸਤਿਆ ਨਰੈਣ ਸਿੰਘ ਗਰੁੱਪ ਦੇ ਪੇਪਰ 'ਰੋਹਲੇ ਬਾਣ' ਉੱਤੇ ਗੁਰੂ ਗੋਬਿੰਦ ਸਿੰਘ ਦੀ ਫੋਟੋ ਹੁੰਦੀ ਸੀ। ਟਾਈਟਲ ਪੇਜ 'ਤੇ 'ਗੁਰੂ ਗੋਬਿੰਦ ਸਿੰਘ ਦਾ ਰਾਹ, ਸਾਡਾ ਰਾਹ' ਲਿਖਿਆ ਹੁੰਦਾ ਸੀ। 'ਨਾਗ ਨਿਵਾਸ' ਅਤੇ 'ਜੈਤੇਗ' ਸਾਹਿਤਕ ਪਰਚੇ ਸਨ। ਪੰਜਾਬ ਦੀ ਨਕਸਲੀ ਲਹਿਰ ਦਾ ਸਾਹਿਤ ਸਿੱਖ ਵਿਰਸੇ ਤੋਂ ਵੀ ਪ੍ਰੇਰਨਾ ਤੇ ਸ਼ਕਤੀ ਲੈਂਦਾ ਹੈ ਜਿਵੇਂ :

ਗੋਬਿੰਦ ਸਿੰਘ ਥਾਪਨਾ ਦੇ
ਕੱਚੀ ਗੜ੍ਹੀ ਚਮਕੌਰ ਨੂੰ ਜਾਣ ਦੀ ਹਿੰਮਤ ਵੀ ਦੇ
ਸਾਡੀ ਇਹ ਮਿੱਟੀ ਇੱਕ ਵਰਦਾਨ ਮੰਗਦੀ ਹੈ।
ਕਿ ਸਾਡੇ ਵਿੱਚ ਤੂੰ ਸਲਾਮਤ ਰਹੇਂ।
ਯਾਰ ਸਾਡੇ ਦੀਪ ਸਿੰਘ
ਆਪਣਾ ਕੁਝ ਵੀ ਵੇਚਿਆ ਨਹੀਂ
ਜਾਚ ਤਾਂ ਦੱਸ ਸਿਰ ਤਲੀ 'ਤੇ ਕਿਵੇਂ ਟਿਕਦਾ ਹੈ?
(ਦਰਸ਼ਨ ਖਟਕੜ, ਸੰਗੀ ਸਾਥੀ, ਪੰਨਾ 9)

ਪੁੱਤ ਪਾ ਕੇ ਸ਼ਹੀਦੀ ਤੇਰਾ!
ਅੰਮੀਏ ਅਮਰ ਹੋ ਗਿਆ।
ਉਹਦਾ ਤੱਕ ਕੇ ਪਹਾੜ ਜਿੱਡਾ ਜੇਰਾ,
ਵੈਰੀ ਵੀ ਹੈਰਾਨ ਹੋ ਗਿਆ।
ਉਹ ਜੋ ਅੜਵਾਇਰ,
ਅਸੀਂ 'ਊਧਮ' ਦੇ ਵੀਰ ਨੀਂ,
ਸਾਡੇ ਰੋਮ ਰੋਮ ਵਿੱਚ,
'ਬੰਦੇ' ਦੀ ਤਾਸੀਰ ਨ।
'ਰਿਘੜਾਂ' ਨੇ ਸਾਨੂੰ ਮੰਨਿਆ,
ਸਾਨੂੰ ਜਾਣਦੇ 'ਵਜੀਦੇ' ਵੀ ਵਥੇਰਾ
ਅੰਮੀਏ ਅਮਰ.....।
(ਜੈਮਲ ਸਿੰਘ ਪੱਡਾ, ਜੈਮਲ ਸਿੰਘ ਪੱਡਾ (ਜੀਵਨ ਤੇ ਚੋਣਵੀਂ ਰਚਨਾ), ਪੰਨਾ 98)

ਨਾਨਕ ਚੀਨ ਗਿਆ ਇਹ ਦੱਸਣ
ਕਿ ਲਾਲੋ ਦਾ ਲਹੂ ਚੂਸਦੇ
ਇਹ ਰੱਤ ਪੀਣੇ ਰਾਜੇ
ਪਾਲੇ ਜਿਨ੍ਹਾਂ ਮੁਕੱਦਮ ਕੁੱਤੇ
ਕਦ ਐਵੇਂ ਹਨ ਜਾਂਦੇ
ਬੋਲ ਮਹਾਂ–ਪੁਰਸ਼ਾਂ ਦੇ
ਬੇਦਰਦੀ ਸੰਗ ਮਾਰੇ
"ਰਾਜੇ ਸ਼ੀਹ ਮੁਕੱਦਮ ਕੁੱਤੇ।"
(ਲਾਲ ਸਿੰਘ ਦਿਲ, ਸਤਲੁਜ ਦੀ ਹਵਾ, ਪੰਨਾ 31)

ਰਾਵਣ ਤਾਂ ਅਸੀਂ ਅੱਜ ਹੀ ਇੱਕੇ ਡੱਕੇ ਹੋਏ ਹਾਂ
ਜੋ ਗਰਦਾਨੇ ਗਏ ਹਾਂ
ਨੀਚ, ਚੰਡਾਲ, ਰਾਖਸ਼ਿਸ਼ ਉਰਫ ਸਮਾਜ ਵਿਰੋਧੀ ਅਨਸਰ
ਤੇ ਜੋ ਕਰ ਰਹੇ ਹਾਂ
ਆਪਣੀ ਸੁਨਹਿਰੀ ਮਾਤ ਭੂਮੀ ਦੇ 80 ਪ੍ਰਤੀਸ਼ਤ
ਭੁੱਖੇ ਕਿਰਤੀਆਂ ਦੀ ਗੱਲ
ਰਾਵਣ ਦੇ ਪੁਤਲੇ ਸਾਹਮਣੇ
ਖੜ੍ਹੇ ਹਾਂ ਬੇਵੱਸ ਜਿਹੇ ਬਣਕੇ।
[ਸੰਤ ਰਾਮ ਉਦਾਸੀ (ਸ਼ਖ਼ਸੀਅਤ ਅਤੇ ਸਮੁੱਚੀ ਰਚਨਾ), ਪੰਨਾ 185]

ਉਨ੍ਹਾਂ ਦੇ ਦਿਲਾਂ 'ਚ ਹੁਣ ਐਪਰ
ਸੂਰਜ ਉਭਰ ਆਇਆ ਹੈ
ਕਲਗੀਆਂ ਵਾਲੇ ਦੇ ਹਜ਼ੂਰ 'ਚ
ਸੀਸ ਪੇਸ਼ ਕਰਕੇ ਚੰਡੀ ਦੀ ਮੰਗ ਕੀਤੀ ਹੈ।
(ਗੁਰਦੀਪ ਗਰੇਵਾਲ, ਸਫ਼ਰ ਦੇ ਬੋਲ, ਪੰਨਾ 11)

ਇੱਕੋ ਬਾਪ ਤੇ ਇੱਕੋ ਦੇ ਪੁੱਤ ਸਾਰੇ,
ਹੇ ਰਵਿਦਾਸ ਮੈਂ ਫਿਰ ਦੁਹਰਾ ਰਿਹਾ ਹਾਂ।
'ਬੇਗਮਪੁਰੇ' ਬਾਰੇ ਤੇਰੇ ਗੀਤ ਸਾਰੇ,
ਇਸ ਰਚਨਾ ਦੇ ਵਿੱਚ ਸਮਾਅ ਰਿਹਾ ਹਾਂ।
ਤੇਰੇ ਗੀਤਾਂ 'ਚੋਂ ਸਮਿਆਂ ਨੇ ਸੇਧ ਲੈ ਕੇ,
ਸਮਾਂ ਸੋਚਣਾ ਕਿਰਤ ਆਜ਼ਾਦੀਆਂ ਦਾ।
ਕਦੇ ਹੋਏਗਾ ਹਿੰਦ ਦੀ ਹਿੱਕ ਉੱਤੇ
ਬੇਗ਼ਮਪੁਰਾ ਇੱਕ ਪਿੰਡ ਆਬਾਦੀਆਂ ਦਾ।
[ਸੰਤ ਰਾਮ ਉਦਾਸੀ (ਸ਼ਖ਼ਸੀਅਤ ਅਤੇ ਸਮੁੱਚੀ ਰਚਨਾ), ਸੰਪਾਦਕ : ਅਜਮੇਰ ਸਿੱਧੂ, ਇਕਬਾਲ ਕੌਰ ਉਦਾਸੀ, ਪੰਨਾ 284, 285]

ਜਿਸ ਦੇ ਮਗਰ ਨਹੀਂ ਦਿਵਾਲਾ
ਉਹ ਖ਼ੁਸ਼ਹਾਲੀ ਹੋਰ ਹੋਏਗੀ
ਉਹ ਦੀਵਾਲੀ ਹੋਰ ਹੋਏਗੀ।
[ਸੰਤ ਰਾਮ ਉਦਾਸੀ, ਸੰਤ ਰਾਮ ਉਦਾਸੀ (ਸ਼ਖ਼ਸੀਅਤ ਅਤੇ ਸਮੁੱਚੀ ਰਚਨਾ), ਪੰਨਾ 268]

ਜਸਵੰਤ ਸਿੰਘ ਕੰਵਲ ਦੇ ਨਾਵਲ 'ਲਹੂ ਦੀ ਲੋਅ' ਦੇ ਪਾਤਰ ਵੀ ਸਿੱਖ ਨਾਇਕਾਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਹੋ ਕੇ ਸ਼ਹਾਦਤ ਦਾ ਜਾਮ ਪੀਂਦੇ ਹਨ। ਜੁਝਾਰਵਾਦੀ ਸਾਹਿਤਕਾਰ ਮੁਸਲਿਮ–ਹਿੰਦੂ ਧਰਮਾਂ ਅਤੇ ਹੋਰ ਮੁਲਕਾਂ ਦੇ ਬਾਗੀਆਂ, ਜੁਝਾਰੂਆਂ ਅਤੇ ਕੁਰਬਾਨੀਆਂ ਤੋਂ ਪ੍ਰੇਰਨਾ ਲੈਣ ਵਾਲਾ ਸਾਹਿਤ ਵੀ ਲਿਖਦੇ ਰਹੇ ਹਨ। ਸੰਤ ਰਾਮ ਉਦਾਸੀ ਗੁਰੂ ਰਵਿਦਾਸ, ਡਾ. ਅੰਬੇਦਕਰ, ਮਾਰਕਸ ਲੈਨਿਨ–ਮਾਓ–ਹੋਚੀਮਿਨ, ਰਮਾਇਣ ਤੇ ਮਹਾਂਭਾਰਤ ਦੇ ਪਾਤਰਾਂ, ਭਗਵਾਨ ਵਾਲਮੀਕ ਅਤੇ ਸਿੱਖ ਗੁਰੂਆਂ–ਨਾਇਕਾਂ ਨੂੰ ਆਪਣੀ ਗੀਤਕਾਰੀ ਵਿੱਚ ਪੰਚਮ ਸੁਰ ਵਿੱਚ ਸ਼ਾਮਿਲ ਕਰਦਾ ਰਿਹਾ ਹੈ। ਉਹ ਕਵਿਤਾ ਰਾਹੀਂ ਨਾਬਰਾਬਰੀ ਵਾਲੇ ਸਮਾਜ ਦੇ ਅਲੰਬਰਦਾਰਾਂ, ਰਾਜ ਨੇਤਾਵਾਂ, ਜਾਗੀਰਦਾਰਾਂ, ਸਰਮਾਏਦਾਰਾਂ ਅਤੇ ਸਾਮਰਾਜੀਆਂ ਨਾਲ ਸਿੱਧੇ ਟਕਰਾਅ ਵਿੱਚ ਰਹਿੰਦਾ ਹੈ। ਆਪਣੇ ਕਿਰਤੀ ਲੋਕਾਂ ਨੂੰ ਉਨ੍ਹਾਂ ਵਿਰੁੱਧ ਜਾਗਣ ਤੇ ਉੱਠਣ ਦਾ ਹੋਕਾ ਦਿੰਦਾ ਹੈ–

ਉੱਠ ਕਿਰਤੀਆਂ ਉੱਠ ਵੇ ਉੱਠਣ ਦਾ ਵੇਲਾ।
ਜੜ੍ਹ ਵੈਰੀ ਦੀ ਪੁੱਟ ਵੇ ਪੁੱਟਣ ਦਾ ਵੇਲਾ।
ਤੇਰੇ ਸਿਰ 'ਤੇ ਚੋਅ ਚੋਅ ਚਾਨਣ ਗਏ ਨੇ ਤੇਰੇ ਜੁੱਟ ਵੇ।
(ਸੈਨਤਾਂ, ਪੰਨਾ 32)

(ਬਾਕੀ ਅਗਲੇ ਅੰਕ 'ਚ)


# ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

ਮਾਸਟਰ ਭਜਨ ਸਿੰਘ : 403-455-4220, ਪ੍ਰੋ. ਗੋਪਾਲ ਕਾਊਂਕੇ : 403-970-3588



*– ਪਾਕਿਸਤਾਨ 'ਚ ਖੱਬੇਪੱਖੀ ਲਹਿਰ –*

# ਹਸਤਨਗਰ ਦਾ ਕਿਸਾਨ ਸੰਘਰਸ਼ ਜੋ ਪਾਕਿਸਤਾਨ ਨੂੰ ਹਮੇਸ਼ਾਂ ਲਈ ਬਦਲ ਸਕਦਾ ਸੀ

ਸ਼ਾਨੇਲ ਖਾਲਿਕ
ਅਨੁਵਾਦ: ਮਨਦੀਪ

ਪਾਕਿਸਤਾਨ ਦਾ ਨਾਮ ਆਉਂਦੇ ਹੀ ਸਾਡੇ ਦਿਮਾਗ 'ਚ ਇਸ ਦੇਸ਼ ਦੀ ਜੋ ਤਸਵੀਰ ਬਣਦੀ ਹੈ ਉਹ ਅੱਤਵਾਦ, ਫੌਜੀ ਤਾਨਾਸ਼ਾਹੀ, ਕੱਟੜਪੰਥੀ ਮੌਲਵੀਆਂ ਦੀ ਜਮਾਤ, ਕਸ਼ਮੀਰ, ਤਾਲਿਬਾਨ ਆਦਿ ਨਾਲ ਭਰੀ ਹੁੰਦੀ ਹੈ। ਦਰਅਸਲ ਮੀਡੀਆ ਨੇ ਇਹ ਤਸਵੀਰ ਤਿਆਰ ਕੀਤੀ ਹੈ। ਘੱਟ ਹੀ ਲੋਕਾਂ ਨੂੰ ਪਤਾ ਹੋਣਾ ਕਿ ਪਾਕਿਸਤਾਨ 'ਚ ਖੱਬੇਪੱਖੀ ਸੰਘਰਸ਼ ਕਾਫੀ ਪੁਰਾਣਾ ਹੈ ਅਤੇ ਭਾਵੇਂ ਉਹ ਹੁਣ ਖਿੰਡਿਆਂ ਹੋਇਆ ਹੈ ਪਰ ਦੇਸ਼ ਦਾ ਕੋਈ ਵੀ ਹਿੱਸਾ ਇਸ ਤੋਂ ਅਛੂਤਾ ਨਹੀਂ ਹੈ। 1960 ਅਤੇ 1970 ਦੇ ਦਹਾਕੇ 'ਚ ਪਖਤੂਨਖਾ ਪ੍ਰਾਂਤ ਦੇ ਹਸਤਨਗਰ 'ਚ ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਕਿਸਾਨਾਂ ਦਾ ਜਬਰਦਸਤ ਅੰਦੋਲਨ ਹੋਇਆ ਸੀ ਜਿਸਨੂੰ ਅੱਜ ਵੀ ਲੋਕ ਯਾਦ ਕਰਦੇ ਹਨ। ਇਹ ਅੰਦੋਲਨ ਐਨਾ ਜਬਰਦਸਤ ਸੀ ਕਿ ਪਾਕਿਸਤਾਨੀ ਹੁਕਮਰਾਨਾਂ ਦੀ ਫੌਜ ਵੀ ਕੁਝ ਨਹੀਂ ਕਰ ਸਕੀ ਅਤੇ ਇਕ ਬਹੁਤ ਵੱਡੇ ਇਲਾਕੇ ਨੂੰ ਕਿਸਾਨਾਂ ਨੇ ਮੁਕਤ ਕਰਾ ਲਿਆ। ਜਗੀਰਦਾਰੀ ਵਿਰੋਧੀ ਇਸ ਸੰਘਰਸ਼ ਦੀ ਧੜਕਣ ਹਾਲੇ ਵੀ ਇਸ ਇਲਾਕੇ ਵਿਚ ਮੌਜੂਦ ਹੈ ਜਿਸਦੀ ਝਲਕ 2002 'ਚ ਉਸ ਸਮੇਂ ਵੇਖਣ ਨੂੰ ਮਿਲੀ ਜਦ ਕੁਝ ਵੱਡੇ ਜਿਮੀਂਦਾਰਾਂ ਫੌਜ ਦੀ ਮਦਦ ਲੈ ਕੇ ਆਪਣੀਆਂ ਉਹ ਜਮੀਨਾਂ ਵਾਪਸ ਲੈਣੀਆਂ ਚਾਹੁੰਦੇ ਸਨ ਜਿਨ੍ਹਾਂ ਨੂੰ ਕਮਿਊਨਿਸਟਾਂ ਨੇ ਜਬਤ ਕਰਕੇ ਬੇਜਮੀਨੇ ਕਿਸਾਨਾਂ ਵਿਚ ਵੰਡ ਦਿੱਤਾ ਸੀ। ਪਾਕਿਸਤਾਨ ਮਜ਼ਦੂਰ ਕਿਸਾਨ ਪਾਰਟੀ ਦੀ ਅਗਵਾਈ 'ਚ ਇਕ ਵਾਰ ਫਿਰ ਕਿਸਾਨਾਂ ਨੇ ਵਿਰੋਧ ਕੀਤਾ ਅਤੇ ਫੌਜ ਨੂੰ ਨਾਕਾਮਯਾਬੀ ਮਿਲੀ ਹਾਲਾਂਕਿ ਇਸ ਸੰਘਰਸ਼ 'ਚ ਵੱਡੇ ਪੈਮਾਨੇ ਤੇ ਗ੍ਰਿਫਤਾਰੀਆਂ ਹੋਈਆਂ।

ਪਾਕਿਸਤਾਨ 'ਚ 'ਕਮਿਊਨਿਸਟ ਪਾਰਟੀ ਆੱਫ ਪਾਕਿਸਤਾਨ' ਦੇ ਇਲਾਵਾ ਕਈ ਖੱਬੇਪੱਖੀ ਅਤੇ ਅਗਾਂਹਵਧੂ ਪਾਰਟੀਆਂ ਹਨ। ਇਸ ਵਿਚ ਪ੍ਰਮੁੱਖ ਹਨ ਆਬਿਦ ਹਸਨ ਮਿੰਟੋ ਦੀ ਅਗਵਾਈ ਵਾਲੀ 'ਨੈਸ਼ਨਲ ਵਰਕਰਜ਼ ਪਾਰਟੀ', ਫਾਰੂਕ ਤਾਰਿਕ ਦੀ ਅਗਵਾਈ ਵਾਲੀ 'ਲੇਬਰ ਪਾਰਟੀ ਪਾਕਿਸਤਾਨ', ਰਸੂਲ ਬਖਸ਼ ਪਲੀਜੋ ਦੀ ਅਗਵਾਈ ਵਾਲੀ 'ਅਵਾਮੀ ਤਹਿਰੀਕ' ਅਫਜਲ ਖਾਮੋਸ਼ ਦੀ ਅਗਵਾਈ ਵਾਲੀ 'ਮਜ਼ਦੂਰ ਕਿਸਾਨ ਪਾਰਟੀ', ਗਿਨਵਾ ਭੁਟੋ ਦੀ ਅਗਵਾਈ ਵਾਲੀ 'ਪਾਕਿਸਤਾਨ ਪੀਪਲਜ਼ ਪਾਰਟੀ (ਸ਼ਹੀਦ ਭੁਟੋ ਗਰੁੱਪ), ਤੁਫੈਲ ਅਬਾਮ ਦੀ ਅਗਵਾਈ ਵਾਲੀ 'ਪਾਕਿਸਤਾਨ ਮਜ਼ਦੂਰ ਮੁਹਾਜ', ਅਸੀਮ ਸਜਾਦ ਦੀ ਅਗਵਾਈ ਵਾਲੀ 'ਪੀਪਲਜ਼ ਰਾਇਟਸ ਮੂਵਮੈਂਟ' ਅਤੇ ਸੂਫੀ ਅਬਦੁਲ ਖਾਲਿਸ਼ ਬਲੂਚ ਦੀ ਅਗਵਾਈ ਵਾਲੀ 'ਕਮਿਊਨਿਸਟ ਮਜ਼ਦੂਰ ਕਿਸਾਨ ਪਾਰਟੀ'। 1990 'ਚ ਸੋਵੀਅਤ ਸੰਘ ਦੇ ਟੁੱਟਣ ਦੇ ਬਾਅਦ ਕੌਮੀ ਮੁੱਦਿਆਂ ਅਤੇ ਦੇਸ਼ ਦੇ ਪਿਛੜੇ ਤਬਕਿਆਂ ਦੀਆਂ ਸਮੱਸਿਆਵਾਂ ਦੇ ਹੱਲ ਦੇ ਬਾਰੇ 'ਚ ਇਨ੍ਹਾਂ ਸਾਰੇ ਰਾਜਨੀਤਿਕ ਦਲਾਂ ਦੇ ਅਲੱਗ-ਅਲੱਗ ਵਿਸ਼ਲੇਸ਼ਣ ਅਤੇ ਅਲੱਗ-ਅਲੱਗ ਯੁੱਧਨੀਤੀਆਂ ਹਨ। ਇਸ ਸਭ ਦੇ ਬਾਵਜੂਦ ਸਮਾਂ ਬੀਤਣ ਦੇ ਨਾਲ ਹੀ ਉਪਰੋਕਤ ਸਾਰੀਆਂ ਖੱਬੇਪੱਖੀ ਤੇ ਅਗਾਂਹਵਧੂ ਪਾਰਟੀਆਂ ਗੰਭੀਰਤਾ ਨਾਲ ਇਸ ਗੱਲ ਤੇ ਵਿਚਾਰ ਕਰ ਰਹੀਆਂ ਹਨ ਕਿ ਇਕ 'ਸੰਯੁਕਤ ਮੋਰਚਾ' ਬਣਾਇਆ ਜਾਵੇ। ਆਉਣ ਵਾਲਾ ਵਕਤ ਹੀ ਦੱਸੇਗਾ ਕਿ ਇਨ੍ਹਾਂ ਦੀ ਇਕਜੁਟਤਾ ਕਿਵੇਂ ਹੋਵੇਗੀ ਅਤੇ ਕਿਸ ਤਰ੍ਹਾਂ ਮਾਰਕਸਵਾਦ-ਲੈਨਿਨਵਾਦ ਦੇ ਸਿਧਾਂਤਾਂ ਅਤੇ ਨਜ਼ਰੀਏ ਦੀ ਮਦਦ ਨਾਲ ਇਹ ਪਾਰਟੀਆਂ ਪੀੜਤ ਲੋਕਾਂ ਨੂੰ ਗੋਲਬੰਦ ਕਰਦੇ ਹੋਏ ਪਾਕਿਸਤਾਨ 'ਚ ਨਿਰੰਤਰ ਚੱਲ ਰਹੇ ਫੌਜੀ ਸ਼ਾਸ਼ਨ ਜਾਂ ਲੋਕ ਵਿਰੋਧੀ ਨਿਜ਼ਾਮ ਨੂੰ ਸਮਾਪਤ ਕਰ ਸਕੇਗੀ।

ਕਮਿਊਨਿਸਟ ਪਾਰਟੀ ਆੱਫ ਪਾਕਿਸਤਾਨ ਦੇ ਚੇਅਰਮੈਨ ਇੰਜੀਨੀਅਰ ਜਮੀਲ ਅਹਿਮਦ ਮਲਿਕ ਨੇ ਕੁਝ ਸਾਲ ਪਹਿਲਾਂ ਆਪਣੇ ਇਕ ਲੇਖ 'ਮਿਲਟਰੀ ਰੂਲ ਇਨ ਪਾਕਿਸਤਾਨ-ਦਿ ਚੈਲਿੰਜ ਆਫ ਫਿਊਚਰ' 'ਚ ਕਿਹਾ ਸੀ ਕਿ 'ਪਾਕਿਸਤਾਨ 'ਚ 57 ਸਾਲ ਤੋਂ ਵੀ ਵੱਧ ਸਮੇਂ ਤੋਂ ਚੱਲੇ ਆ ਰਹੇ ਕਮਿਊਨਿਸਟ ਅੰਦੋਲਨ ਅਤੇ ਨਿਰੰਤਰ ਜਾਰੀ ਫੌਜੀ ਸ਼ਾਸ਼ਨ ਦੇ ਤੌਰ-ਤਰੀਕਿਆਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕਰਨ ਦੇ ਬਾਅਦ ਪਾਰਟੀ ਦੀ ਰਾਇ ਹੈ ਕਿ ਸਾਡਾ ਫੌਰੀ ਕੰਮ ਲੋਕਾਂ ਦੀ ਲੋਕਸ਼ਾਹੀ (ਪੀਪਲਜ਼ ਡੈਮੋਕਰੇਸੀ) ਸਥਾਪਿਤ ਕਰਨਾ ਹੈ। ਪੀਪਲਜ਼ ਡੈਮੋਕਰੇਟਿਕ ਰੈਵੋਲਿਊਸ਼ਨ ਦੀ ਸਫਲਤਾ ਦੇ ਬਾਅਦ ਹੀ ਅਸੀਂ ਸਮਾਜਵਾਦ ਦਾ ਉਦੇਸ਼ ਹਾਸਲ ਕਰਨ ਦੀ ਦਿਸ਼ਾ 'ਚ ਅੱਗੇ ਵੱਧ ਸਕਾਂਗੇ।' ... ਇਨ੍ਹਾਂ ਕਮਿਊਨਿਸਟ ਪਾਰਟੀਆਂ ਦੇ ਇਲਾਵਾ ਟ੍ਰਾਟਸਕੀਵਾਦੀਆਂ ਦਾ ਵੀ ਅੰਦੋਲਨ ਉੱਥੇ ਕਾਫੀ ਮਜ਼ਬੂਤ ਹੈ। ਜਿਸਦੇ ਨਿਸ਼ਾਨੇ ਤੇ ਪੂੰਜੀਵਾਦ, ਸਾਮਰਾਜਵਾਦ ਅਤੇ ਧਾਰਮਿਕ ਕੱਟੜਤਾ ਹੈ। 'ਇੰਟਰਨੈਸ਼ਨਲ ਮਾਰਕਿਸਟ ਟੇਂਡੈਂਸੀ' ਦੇ ਬੈਨਰ ਹੇਠ ਪਾਕਿਸਤਾਨ ਦੇ ਟ੍ਰਾਟਸਕੀਵਾਦੀ ਲਹੌਰ, ਕਰਾਚੀ ਆਦਿ ਸ਼ਹਿਰਾਂ 'ਚ ਸਰਕਾਰੀ ਦਮਨ ਦੀ ਪ੍ਰਵਾਹ ਕੀਤੇ ਬਗੈਰ ਵੱਡੀਆਂ-ਵੱਡੀਆਂ ਸਭਾਵਾਂ ਕਰਦੇ ਰਹੇ ਹਨ ਅਤੇ ਸਾਮਰਾਜਵਾਦ ਵਿਰੋਧੀ ਜਲੂਸ ਨਿਕਲਦੇ ਰਹੇ ਹਨ। ਇਨ੍ਹਾਂ ਦੀ 32ਵੀਂ ਕਾਂਗਰਸ 10 ਮਾਰਚ 2013 ਨੂੰ ਲਾਹੌਰ 'ਚ ਹੋਈ ਸੀ ਜਿਸ ਵਿਚ ਪਹਿਲੇ ਦਿਨ 2769 ਪ੍ਰਤੀਨਿਧ ਸ਼ਾਮਲ ਸਨ।

'ਸਮਕਾਲੀਨ ਤੀਸਰੀ ਦੁਨੀਆਂ' ਦੇ ਇਸ ਅੰਕ ਵਿਚ (ਜਨਵਰੀ 2015-ਅਨੁ.) ਅਸੀਂ ਪਾਕਿਸਤਾਨ ਦੇ ਕਮਿਊਨਿਸਟ ਸੰਘਰਸ਼ ਤੇ ਅਤੇ ਉੱਥੋਂ ਦੇ ਸਾਮਰਾਜਵਾਦ, ਪੂੰਜੀਵਾਦ ਵਿਰੋਧੀ ਸੰਗਠਨਾਂ ਉਪਰ ਸਮੱਗਰੀ ਪ੍ਰਕਾਸ਼ਿਤ ਕਰ ਰਹੇ ਹਾਂ ਤਾਂ ਕਿ ਪਾਠਕਾਂ ਨੂੰ ਗਵਾਂਢੀ ਦੇਸ਼ ਦੇ ਇਸ ਪਹਿਲੂ ਦੀ ਵੀ ਜਾਣਕਾਰੀ ਮਿਲ ਸਕੇ।

– ਸੰਪਾਦਕ ('ਸਮਕਾਲੀਨ ਤੀਸਰੀ ਦੁਨੀਆਂ')

ਪਹਿਲਾ ਦ੍ਰਿਸ਼ ਖੈਬਰ ਪਖਤੂਨਖਵਾ ਪ੍ਰਾਂਤ ਦੇ ਇਕ ਛੋਟੇ ਜਿਹੇ ਪਿੰਡ ਦਾ ਹੈ ਜਿਥੇ ਕੁਝ ਸੌ ਲੋਕ ਕਲੀਜਾ ਮਨਾਉਣ ਲਈ ਇਕੱਠੇ ਹੋਏ ਹਨ। ਲੋਕ ਮੰਚ ਤੇ ਆਉਂਦੇ ਹਨ, ਭਾਸ਼ਣ ਦਿੰਦੇ ਹਨ, ਕਵਿਤਾਵਾਂ ਪੜ੍ਹਦੇ ਹਨ ਜਾਂ ਗੀਤ ਗਾਉਂਦੇ ਹਨ। ਇਨ੍ਹਾਂ ਦੇ ਗੀਤਾਂ 'ਚ ਵੀ ਅਤੇ ਭਾਸ਼ਣਾਂ 'ਚ ਵੀ ਪਖਤੂਨ ਰਾਸ਼ਟਰਵਾਦ, ਮੌਲਵੀਵਾਦ ਅਤੇ ਇਨਕਲਾਬੀ ਸਮਾਜਵਾਦ ਦਾ ਅਜੀਬ ਘਚੋਲਾ ਵਿਖਾਈ ਦਿੰਦਾ ਹੈ। ਇੱਥੇ ਇਸਲਾਮ ਤੇ ਨਸੀਹਤ ਦਿੰਦੇ ਮੌਲਵੀ ਵੀ ਆਪਣੀ ਗੱਲ ਕਹਿ ਰਹੇ ਹਨ ਅਤੇ ਸਿਰ ਤੇ ਲਾਲ ਟੋਪੀ ਰੱਖੀ ਕੁਝ ਨੌਜਵਾਨ ਫੈਜ਼ ਅਹਿਮਦ ਫੈਜ਼ ਦੀ ਨਜ਼ਮ ਪੜ੍ਹ ਰਹੇ ਹਨ ਤੇ ਨੱਚ ਰਹੇ ਹਨ।

ਦੂਜਾ ਦ੍ਰਿਸ਼ ਕੁਝ ਦਿਨ ਬਾਅਦ ਦਾ ਹੈ ਜੋ ਗਵਾਂਢ ਦੇ ਪਿੰਡ ਨਾਲ ਸਬੰਧਿਤ ਹੈ। ਇਸ ਪਿੰਡ ਦਾ ਨਾਮ ਹੈ 'ਸਾਰੇ ਕੋਠੇ' ਜਿਸਦਾ ਪਖਤੂਨ ਭਾਸ਼ਾ 'ਚ ਅਰਥ ਹੈ 'ਲਾਲ ਪਿੰਡ'। ਇਥੇ ਕੁਝ ਦਰਜਨ ਲੋਕ ਇਕੱਠੇ ਹੋਏ ਹਨ ਅਤੇ ਇਕ ਚਟਾਈ ਤੇ ਬੈਠਕੇ ਚਾਹ ਦੀਆਂ ਚੁਸਕੀਆਂ ਲੈ ਰਹੇ ਹਨ। ਉਹ ਆਪਣੀ ਜਾਣ-ਪਹਿਚਾਣ ਕਰਵਾਉਂਦੇ ਹਨ, ਕਾਮਰੇਡ ਫਰਮਾਨ ਅਲੀ, ਕਾਮਰੇਡ ਮੁਹੰਮਦ, ਕਾਮਰੇਡ ਮੀਆਂ ਮੁਨੀਰ ਯਾਨਿ ਇਹ ਸਾਰੇ ਲੋਕ ਕਾਮਰੇਡ ਹਨ। ਇਹ ਸਾਰੇ ਉਸ ਅੰਦੋਲਨ ਦਾ ਹਿੱਸਾ ਹਨ ਜਿਸਨੂੰ 'ਹਸਤਨਗਰ ਅੰਦੋਲਨ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਪਾਕਿਸਤਾਨ ਦੇ ਕਿਸਾਨ ਸੰਘਰਸ਼ ਦੇ ਇਤਿਹਾਸ ਵਿਚ ਅਤੀਅੰਤ ਸਫਲ ਅਤੇ ਜੁਝਾਰੂ ਕਿਸਾਨ ਸੰਘਰਸ਼ ਉਤਰ ਪੱਛਮੀ ਸੀਮਾ ਪ੍ਰਾਂਤ ਸੂਬੇ ਦੇ ਪਾਕਿਸਤਾਨ ਅਫਗਾਨਿਸਤਾਨ ਸੀਮਾ ਤੇ ਸਥਿਤ ਹਸਤਨਗਰ ਇਲਾਕੇ 'ਚ ਹੋਇਆ। ਇਸਦੀ ਅਗਵਾਈ ਮਜ਼ਦੂਰ ਕਿਸਾਨ ਪਾਰਟੀ ਨੇ ਕੀਤੀ। ਇੱਥੇ ਕਿਸਾਨਾਂ ਨੇ ਲੰਬੇ ਸੰਘਰਸ਼ ਦੇ ਬਾਅਦ ਇਲਾਕੇ ਨੂੰ ਮੁਕਤ ਖੇਤਰ ਐਲਾਨਿਆਂ ਅਤੇ ਆਪਣੀਆਂ ਕਿਸਾਨ ਕਮੇਟੀਆਂ ਦੇ ਰਾਹੀਂ ਜਿਮੀਂਦਾਰਾਂ ਦੀ ਜਬਤ ਕੀਤੀ ਜਮੀਨ ਨੂੰ ਫਿਰ ਤੋਂ ਕਿਸਾਨਾਂ ਵਿਚ ਵੰਡ ਦਿੱਤੀ। ਇਹ ਸੰਘਰਸ਼ ਐਨਾ ਜਬਰਦਸਤ ਸੀ ਕਿ ਸਰਕਾਰ ਦੀ ਪੁਲਿਸ ਅਤੇ ਫੌਜ਼ ਵੀ ਕੁਝ ਨਹੀਂ ਕਰ ਸਕੀ। ਅੱਜ ਵੀ ਹਸਤਨਗਰ ਇਕ ਮੁਕਤ ਖੇਤਰ ਹੈ ਅਤੇ ਜਗੀਰਦਾਰਾਂ ਦੇ ਲੱਖ ਯਤਨਾਂ ਦੇ ਬਾਵਜੂਦ ਉਨ੍ਹਾਂ ਦੀਆਂ ਜਮੀਨਾਂ ਤੇ ਕਿਸਾਨਾਂ ਦਾ ਕਬਜਾ ਬਰਕਰਾਰ ਹੈ। ਪਿਛਲੇ ਚਾਲੀ ਸਾਲ ਤੋਂ ਅਨੇਕਾਂ ਕਿਸਾਨ ਇਸ ਸੰਘਰਸ਼ ਵਿਚ ਸ਼ਹੀਦ ਹੋਏ ਹਨ।

ਹਸਤਨਗਰ ਦਾ ਸਮਾਜ ਇਕ ਦਕਿਆਨੂਸੀ ਸਮਾਜ ਹੈ, ਤਾਂ ਵੀ ਸ਼ੋਸ਼ਣ ਦੇ ਖਿਲਾਫ ਮਿਹਨਤਕਸ਼ ਜਮਾਤ ਨੂੰ ਗੋਲਬੰਦ ਹੋ ਕੇ ਅਵਾਜ਼ ਉਠਾਉਣ ਦੀ ਕਮਿਊਨਿਸਟ ਵਿਚਾਰਧਾਰਾ ਨੇ ਇੱਥੋਂ ਦੇ ਲੋਕਾਂ ਨੂੰ ਕਾਫੀ ਜਿਆਦਾ ਪ੍ਰਭਾਵਿਤ ਕੀਤਾ ਹੈ। 1954 'ਚ ਪਾਕਿਸਤਾਨ ਦੀ ਸਰਕਾਰ ਨੇ ਕਮਿਊਨਿਸਟ ਪਾਰਟੀ ਤੇ ਪਾਬੰਦੀ ਲਗਾ ਦਿੱਤੀ ਪਰ ਇੱਥੋਂ ਦੇ ਕਮਿਊਨਿਸਟ ਕਾਰਕੁੰਨ ਭੂਮੀਗਤ ਹੋ ਕੇ ਕਿਸਾਨਾਂ ਨੂੰ ਜੱਥੇਬੰਦ ਕਰਨ ਵਿਚ ਲੱਗੇ ਰਹੇ। ਮੁੱਢਲੇ ਦਿਨਾਂ ਵਿਚ ਜਿਮੀਂਦਾਰਾਂ ਨੂੰ ਜਿਵੇਂ ਹੀ ਪਤਾ ਲੱਗਦਾ ਸੀ ਕਿ ਬੇਥਾਹ ਲੋਕ ਸੰਘਰਸ਼ ਵਿਚ ਸ਼ਾਮਲ ਹੋ ਗਏ ਹਨ ਤਾਂ ਉਨ੍ਹਾਂ ਨੂੰ ਫੌਰਨ ਪਿੰਡ ਖਾਲੀ ਕਰਨ ਦਾ ਹੁਕਮ ਦੇ ਦਿੱਤਾ ਜਾਂਦਾ ਸੀ। ਇਸ ਸਭ ਦੇ ਬਾਵਜੂਦ ਸੰਘਰਸ਼ ਲਗਾਤਾਰ ਤੇਜ ਹੁੰਦਾ ਗਿਆ ਅਤੇ 1970 ਦੇ ਦਹਾਕੇ ਇਸਨੇ ਅਨੇਕਾਂ ਘਟਨਾਵਾਂ ਨੂੰ ਜਨਮ ਦਿੱਤਾ। ਕਮਿਊਨਿਸਟਾਂ ਨੇ ਇਥੋਂ ਦੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਸੰਗਠਿਤ ਕਰਕੇ 'ਮਜ਼ਦੂਰ ਕਿਸਾਨ ਪਾਰਟੀ' (ਐਮਕੇਪੀ) ਦਾ ਗਠਨ ਕੀਤਾ ਅਤੇ ਇੱਥੋਂ ਦੀ ਲਗਭਗ ਸਾਰੀ ਅਬਾਦੀ ਇਸ ਪਾਰਟੀ ਦੀ ਮੈਂਬਰ ਬਣ ਗਈ। ਹੁਣ ਇਹ ਪਾਰਟੀ ਇਸ ਲਾਇਕ ਹੋ ਗਈ ਸੀ ਕਿ ਉਹ ਇਲਾਕੇ ਦੇ ਵੱਡੇ ਜਿਮੀਂਦਾਰਾਂ ਨੂੰ ਕਾਰਗਰ ਢੰਗ ਨਾਲ ਚੁਣੌਤੀ ਦੇ ਸਕਦੀ ਸੀ।

ਸਮਾਜ ਵਿਗਿਆਨ ਦੀ ਦ੍ਰਿਸ਼ਟੀ ਤੋਂ ਹਸਤਨਗਰ ਦਾ ਇਲਾਕਾ ਪਾਕਿਸਤਾਨ ਦੇ ਹੋਰ ਇਲਾਕਿਆਂ ਤੋਂ ਬਿਲਕੁਲ ਭਿੰਨ ਹੈ। ਇਸਦਾ ਕਾਰਨ ਸ਼ਾਇਦ ਇਹੀ ਹੈ ਕਿ ਇਸ ਇਲਾਕੇ 'ਚ ਜਗੀਰਦਾਰਾਂ ਖਿਲਾਫ ਜਿਨ੍ਹਾਂ ਨੂੰ ਖਾਨ ਕਿਹਾ ਜਾਂਦਾ ਹੈ, ਕਿਸਾਨਾਂ ਨੇ ਜੱਥੇਬੰਦ ਹੋ ਕੇ ਇਕ ਲਮਕਵਾਂ ਹਥਿਆਰਬੰਦ ਸੰਘਰਸ਼ ਚਲਾਇਆ। ਪਾਕਿਸਤਾਨ ਵਿਚ ਉਂਝ ਤਾਂ ਕਮਿਊਨਿਸਟ ਪਾਰਟੀ ਦੀ ਹੋਂਦ ਸ਼ੁਰੂ ਤੋਂ ਹੀ ਹੈ ਅਤੇ ਅਨੇਕਾਂ ਕਮਿਊਨਿਸਟ ਗਰੁੱਪ ਆਪੋ-ਆਪਣੇ ਢੰਗ ਨਾਲ ਸਰਗਰਮ ਹਨ ਪਰ ਕਮਿਊਨਿਸਟਾਂ ਦੀ ਅਗਵਾਈ 'ਚ ਲਮਕਵੇਂ ਹਥਿਆਰਬੰਦ ਘੋਲ ਦੀ ਸ਼ੁਰੂਆਤ ਇਸੇ ਇਲਾਕੇ 'ਚ ਹੀ ਹੋ ਸਕੀ। 1967 'ਚ ਭਾਰਤ 'ਚ ਨਕਸਲਬਾੜੀ ਕਿਸਾਨ ਸੰਘਰਸ਼ ਹੋਇਆ ਅਤੇ 1970 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ 'ਚ ਹਸਤਨਗਰ ਦੇ ਇਸ ਇਲਾਕੇ ਵਿਚ ਸੰਘਰਸ਼ ਦੀ ਸ਼ੁਰੂਆਤ ਹੋਈ ਜੋ ਅੱਜ ਤੱਕ ਕਿਸੇ ਨਾ ਕਿਸੇ ਰੂਪ 'ਚ ਜਾਰੀ ਹੈ। ਇਥੋਂ ਦੇ ਜਿਮੀਂਦਾਰਾਂ ਨੇ ਜਾਂ ਤਾਂ ਇੱਥੋਂ ਪ੍ਰਵਾਸ ਕਰ ਲਿਆ ਜਾਂ ਕਿਲ੍ਹਾਨੁਮਾ ਘਰ ਬਣਾਕੇ ਖੁਦ ਨੂੰ ਉਸਦੇ ਅੰਦਰ ਸੀਮਤ ਕਰ ਲਿਆ। ਹਸਤਨਗਰ ਦਾ ਮਕਤੀ ਸੰਘਰਸ਼ 1969 'ਚ ਹੀ ਸ਼ੁਰੂ ਹੋ ਗਿਆ ਸੀ ਜਦ ਜਨਰਲ ਅਯੂਬ ਖਾਂ ਦੀ ਘੋਰ ਪਿਛਾਖੜੀ ਤਾਨਾਸ਼ਾਹੀ ਨੇ ਦੇਸ਼ 'ਚ ਭੂਮੀ ਸੁਧਾਰ ਦਾ ਕੰਮ ਸ਼ੁਰੂ ਕੀਤਾ ਸੀ। ਇਸ ਕੰਮ ਦੇ ਫਲਸਰੂਪ ਜਗੀਰੂ ਜਿਮੀਂਦਾਰਾਂ ਨੂੰ ਬਹੁਤ ਫਾਇਦਾ ਹੋਇਆ ਅਤੇ ਅਨੇਕਾਂ ਇਲਾਕਿਆਂ ਵਿਚ ਕਿਸਾਨਾਂ ਨੂੰ ਆਪਣੀ ਜਮੀਨ ਖਾਲੀ ਕਰਨੀ ਪਈ। ਹਸਤਨਗਰ ਦੇ ਕਿਸਾਨਾਂ ਨੇ ਇਸ ਤਰ੍ਹਾਂ ਦੇ ਭੂਮੀ ਸੁਧਾਰਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਅਤੇ ਉਹ ਆਪਣੀ ਜਮੀਨ ਤੇ ਡਟੇ ਰਹੇ। ਐਨਾ ਹੀ ਨਹੀਂ ਇਨ੍ਹਾਂ ਕਿਸਾਨਾਂ ਨੇ ਗੈਰ-ਕਾਨੂੰਨੀ ਢੰਗ ਨਾਲ ਖਾਨ ਲੋਕਾਂ ਦੁਆਰਾ ਕਬਜੇ ਹੇਠ ਕੀਤੀ ਗਈ ਆਪਣੀ ਜਮੀਨ ਨੂੰ ਵੀ ਲੜ੍ਹਕੇ ਹਾਸਲ ਕਰ ਲਿਆ ਅਤੇ ਉਸ ਉਪਰ ਕਮਿਊਨਿਸਟ ਪਾਰਟੀ ਦਾ ਲਾਲ ਝੰਡਾ ਲਗਾ ਦਿੱਤਾ।

ਹੁਣੇ ਜਿਹੇ ਇਕ ਸਭਾ ਵਿਚ ਪਾਰਟੀ ਦੇ ਨੇਤਾ ਅਬਦੁਲ ਸਤਾਰ ਇਕ ਹੱਥ 'ਚ ਕਿਤਾਬ ਲੈ ਕੇ ਤੇ ਦੂਜੇ 'ਚ ਬਾਦੂੰਕ ਲੈ ਕੇ ਲੋਕਾਂ ਨੂੰ ਸੰਬੋਧਿਤ ਹੋ ਰਹੇ ਸਨ ਅਤੇ ਕਹਿ ਰਹੇ ਸਨ ਕਿ ਦੋ ਮੋਰਚਿਆਂ ਤੇ ਲੜਾਈ ਲੜ੍ਹਨੀ ਹੈ ਇਕ ਤਾਂ ਹਥਿਆਰਬੰਦ ਸੰਘਰਸ਼ ਅਤੇ ਦੂਸਰਾ ਵਿਚਾਰਕ ਸੰਘਰਸ਼। ਉਨ੍ਹਾਂ ਦੀ ਯੋਜਨਾ ਹੈ ਕਿ ਉਹ ਕਮਿਊਨਾਂ ਦਾ ਗਠਨ ਕਰਨ ਅਤੇ ਜਮੀਨ ਤੇ ਕਬਜ਼ਾ ਕਰਕੇ ਸਮੂਹਿਕ ਖੇਤੀ ਕਰਨ। ਇਸ ਸਮੂਹਿਕ ਖੇਤੀ 'ਚ ਨਾ ਕੇਵਲ ਕਾਸ਼ਤਕਾਰ ਹੋਵੇਗਾ ਬਲਕਿ ਦਿਹਾੜੀ ਤੇ ਕੰਮ ਕਰਨ ਵਾਲੇ ਮਜ਼ਦੂਰ ਵੀ ਹੋਣਗੇ ਜੋ ਸੰਘਰਸ਼ ਦਾ ਹਿੱਸਾ ਬਣ ਚੁੱਕੇ ਹਨ।

ਕਾਮਰੇਡ ਮੀਆਂ ਮੁਨੀਰ ਦੱਸਦੇ ਹਨ ਕਿ ਕਿਸ ਤਰ੍ਹਾਂ ਉਨ੍ਹਾਂ ਨੇ 1970 'ਚ ਉਮੇਰੀ ਦੀ ਲੜ੍ਹਾਈ ਦੌਰਾਨ ਅਨੇਕਾਂ ਜਿਮੀਂਦਾਰਾਂ ਨੂੰ ਮਾਰ ਭਜਾਇਆ ਜਦੋਂ ਉਹ ਉਨ੍ਹਾਂ ਦੀ ਜਮੀਨ ਖਾਲੀ ਕਰਵਾਉਣਾ ਚਾਹੁੰਦੇ ਸਨ, 'ਅਸੀਂ ਸਵੇਰੇ ਤਿੰਨ ਵਜੇ ਮਾਰਚ ਕੀਤਾ ਅਤੇ ਜਿੱਥੇ ਜਮੀਨ ਖਾਲੀ ਕਰਵਾਈ ਜਾ ਰਹੀ ਸੀ ਉਥੇ ਦੁਪਹਿਰ ਬਾਅਦ ਪਹੁੰਚੇ। ਮੇਰੇ ਕੋਲ ਇਕ ਬਾਦੂੰਕ ਤੇ ਦੋ ਕਾਰਤੂਸ ਸਨ। ਸਾਡੇ ਵਿਚੋਂ ਜਿਆਦਾਤਰ ਕੋਲ ਡਾਂਗਾ ਸਨ ਪਰ ਅਸੀਂ ਪੂਰੀ ਤਿਆਰੀ ਨਾਲ ਗਏ ਸਾਂ ਅਤੇ ਸਾਡੇ ਕੋਲ ਲੜਾਈ ਦੀ ਇਕ ਮੁਕੰਮਲ ਯੋਜਨਾ ਸੀ। ਅਸੀਂ ਹਜ਼ਾਰਾਂ ਦੀ ਗਿਣਤੀ ਵਿਚ ਸਾਂ ਅਤੇ ਸਾਡਾ ਮਾਰਚ ਤਕਰੀਬਨ ਸੱਤ ਕਿਲੋਮੀਟਰ ਲੰਬਾ ਸੀ। ਅਸੀਂ ਉੱਥੋਂ ਦੇ ਸਮੁੱਚੇ ਘਰਾਂ ਅਤੇ ਖੇਤਾਂ 'ਚ ਆਪਣੀ ਪੁਜ਼ੀਸ਼ਨ ਲੈ ਲਈ। ਜਦ ਪੁਲਿਸ ਦੀ ਦੇਖ-ਰੇਖ 'ਚ ਜਿਮੀਂਦਾਰ ਆਪਣੇ ਬੰਦਿਆਂ ਨਾਲ ਆਏ ਤਾਂ ਉਹ ਸਾਡੇ ਵਿਛਾਏ ਜਾਲ ਵਿਚ ਫਸ ਗਏ ਅਤੇ ਫਿਰ ਗੰਨੇ ਦੇ ਖੇਤ ਵਿਚ ਲੁਕਣ ਲਈ ਭੱਜੇ। ਅਸੀਂ ਉਨ੍ਹਾਂ ਖੇਤਾਂ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਕਾਫੀ ਦੇਰ ਤੱਕ ਇਹ ਸਿਲਸਿਲਾ ਚੱਲਦਾ ਰਿਹਾ ਅਤੇ ਤਦ ਉੱਥੇ ਇਕ ਮਜਿਸਟ੍ਰੇਟ ਆਇਆ ਅਤੇ ਉਸਨੇ ਐਲਾਨ ਕੀਤਾ ਕਿ ਕੋਈ ਵੀ ਜਮੀਨ ਖਾਲੀ ਨਹੀਂ ਹੋਵੇਗੀ। ਇਥੇ ਲੜ੍ਹਾਈ ਅਸੀਂ ਜਿੱਤ ਲਈ ਸੀ।'

ਸੰਘਰਸ਼ ਨੂੰ ਇਸ ਗੱਲ ਤੋਂ ਸਫਲਤਾ ਮਿਲੀ ਕਿ ਜਮੀਨਾਂ ਉਨ੍ਹਾਂ ਲੋਕਾਂ ਨੂੰ ਮਿਲ ਗਈਆਂ ਜੋ ਉਨ੍ਹਾਂ ਨੂੰ ਜੋਤ ਰਹੇ ਸਨ। ਪਰ ਇਸਤੋਂ ਵੀ ਵੱਡੀ ਸਫਲਤਾ ਇਹ ਸੀ ਕਿ ਇਥੋਂ ਦੇ ਗਰੀਬ ਕਿਸਾਨਾਂ ਦੇ ਅੰਦਰ ਐਨੀ ਹਿੰਮਤ ਪੈਦਾ ਹੋ ਗਈ ਸੀ ਕਿ ਉਹ ਜਿਮੀਂਦਾਰਾਂ ਦਾ ਕਾਲਰ ਫੜ੍ਹ ਸਕਣ। ਇੱਥੋਂ ਦੇ ਪਰਿਵਾਰਾਂ ਦੀ ਹਾਲਤ ਅੱਜ ਪਹਿਲਾਂ ਦੇ ਮੁਕਾਬਲੇ ਕਈ ਗੁਣਾਂ ਚੰਗੀ ਹੈ ਅਤੇ ਉਹ ਹੁਣ ਇਸ ਕਾਬਲ ਹੋ ਗਏ ਹਨ ਕਿ ਆਪਣੇ ਬੱਚਿਆਂ ਨੂੰ ਸਕੂਲ ਭੇਜ ਸਕਣ। ਪਰ ਇਸ ਸਫਲਤਾ ਦੀ ਕੀਮਤ ਵੀ ਸਾਨੂੰ ਤਾਰਨੀ ਪਈ ਤਕਰੀਬਨ 300 ਲੋਕ ਇਸ ਸੰਘਰਸ਼ 'ਚ ਮਾਰੇ ਗਏ। ਬਦਕਿਸਮਤੀ ਨਾਲ ਇਹ ਹਾਲਤ ਜਿਆਦਾ ਦੇਰ ਤੱਕ ਨਹੀਂ ਬਣੀ ਰਹਿ ਸਕੀ। ਇਸ ਸੰਘਰਸ਼ ਨੇ ਦੂਸਰੇ ਇਲਾਕਿਆਂ ਦੇ ਸੰਘਰਸ਼ਾਂ ਨੂੰ ਵੀ ਪ੍ਰੇਰਿਤ ਕੀਤਾ ਪਰ ਪ੍ਰਬੰਧ ਨੂੰ ਲੱਗਿਆ ਸੀ ਕਿ ਇਹ ਬਹੁਤ ਵੱਡਾ ਖਤਰਾ ਪੈਦਾ ਕਰਨ ਜਾ ਰਿਹਾ ਹੈ। ਸਰਕਾਰੀ ਤੰਤਰ ਨੇ ਮਜ਼ਦੂਰ ਕਿਸਾਨ ਪਾਰਟੀ ਦੇ ਅੰਦਰ ਆਪਣੇ ਲੋਕਾਂ ਦੀ ਘੁਸਪੈਠ ਕਰਵਾਈ ਅਤੇ ਇਨ੍ਹਾਂ ਦੀਆਂ ਕਮਜ਼ੋਰੀਆਂ ਅਤੇ ਉਨ੍ਹਾਂ ਦੇ ਹੋਰ ਵਿਰੋਧਾਂ ਦਾ ਫਾਇਦਾ ਉਠਾਉਂਦੇ ਹੋਏ ਸੰਘਰਸ਼ ਨੂੰ ਖਤਮ ਕਰਨ 'ਚ ਉਹ ਕਾਮਯਾਬ ਹੋਏ। ਜਿਵੇਂ-ਜਿਵੇਂ ਸੰਘਰਸ਼ ਕਮਜੋਰ ਹੁੰਦਾ ਗਿਆ ਇਸਦੀ ਵਿਚਾਰਕ ਪਕੜ ਵੀ ਸੰਘਰਸ਼ ਤੋਂ ਦੂਰ ਹੁੰਦੀ ਗਈ। ਜਿਨ੍ਹਾਂ ਕਾਸ਼ਤਕਾਰ ਪਰਿਵਾਰਾਂ ਤੋਂ ਜਮੀਨ ਲਈ ਗਈ ਸੀ ਉਹ ਫਿਰ ਜਿਮੀਂਦਾਰਾਂ ਦੇ ਕੋਲ ਚਲੀ ਗਈ ਅਤੇ ਕਮਿਊਨ ਦਾ ਵਿਚਾਰ ਧਰਿਆ-ਧਰਾਇਆ ਰਹਿ ਗਿਆ।

ਇਨ੍ਹਾਂ ਕਾਮਰੇਡਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸੰਘਰਸ਼ ਦੌਰਾਨ ਕਿਸ ਤਰ੍ਹਾਂ ਦੀਆਂ ਸੰਭਾਵਨਾਵਾਂ ਤੋਂ ਉਨ੍ਹਾਂ ਨੂੰ ਜੂਝਣਾ ਪਿਆ। ਉਹ ਖੁੱਲ੍ਹ ਕੇ ਇਸਤੇ ਗੱਲ ਕਰਦੇ ਹਨ ਅਤੇ ਇਨ੍ਹਾਂ ਯਤਨਾਂ 'ਚ ਲੱਗੇ ਹੋਏ ਹਨ ਕਿ ਸੰਘਰਸ਼ ਤੇ ਅੰਤਰਵਿਰੋਧਾਂ ਤੇ ਕਾਬੂ ਪਾਇਆ ਜਾ ਸਕੇ। ਇਨ੍ਹਾਂ ਲੋਕਾਂ ਨੇ ਹਾਲ ਹੀ ਵਿਚ ਸਾਰੇ ਗਰੁੱਪਾਂ ਦਾ ਇਕ ਕਿਸਾਨ ਸੰਮੇਲਨ ਬੁਲਾਇਆ ਹੈ ਤਾਂ ਕਿ ਉਨ੍ਹਾਂ ਨੂੰ ਇਕ ਮੰਚ ਤੇ ਫਿਰ ਤੋਂ ਇਕੱਠਾ ਕੀਤਾ ਜਾ ਸਕੇ ਅਤੇ ਕਿਸਾਨਾਂ ਵੱਲੋਂ ਚੋਣਾਂ 'ਚ ਕਿਸੇ ਨੂੰ ਖੜ੍ਹਾ ਕੀਤਾ ਜਾ ਸਕੇ।

ਪਾਕਿਸਤਾਨੀ ਸਮਾਜ ਦੇ ਹਰ ਹਿੱਸੇ ਦੀ ਹੀ ਤਰ੍ਹਾਂ ਹਸਤਨਗਰ ਦਾ ਸੰਘਰਸ਼ ਵੀ ਜਿਆ-ਉਲ-ਹੱਕ ਦੀ ਤਾਨਾਸ਼ਾਹੀ ਦੇ ਕਾਰਨ ਇਸ ਹਾਲਤ ਵਿੱਚ ਪਹੁੰਚਾ। 1970 ਦੇ ਦਹਾਕੇ 'ਚ ਹਸਤਨਗਰ ਦੇ ਕਾਮਰੇਡਾਂ ਦੀ ਇਕ ਕਮਿਊਨਿਸਟ ਦੇ ਰੂਪ 'ਚ ਤੂਤੀ ਬੋਲਦੀ ਸੀ ਪਰ ਹੁਣ ਇਹ ਸੰਭਵ ਨਹੀਂ ਹੈ। ਉਨ੍ਹਾਂ ਦੀ ਲੜਾਈ ਦੇ ਵਿਚ ਧਰਮ ਦਾ ਸਵਾਲ ਵੀ ਪੈਦਾ ਹੋਇਆ ਜਿਸਨੇ ਫੁੱਟ ਪਾਉਣ ਦਾ ਕੰਮ ਕੀਤਾ ਕਿਉਂਕਿ ਜੱਥੇਬੰਦੀ 'ਚ ਅਜਿਹੇ ਲੋਕ ਸਨ ਜੋ ਇਸਲਾਮ ਨੂੰ ਨਹੀਂ ਮੰਨਦੇ ਸਨ ਪਰ ਕੁਝ ਲੋਕ ਅਜਿਹੇ ਵੀ ਸਨ ਜਿਨ੍ਹਾਂ ਦਾ ਮੰਨਣਾ ਸੀ ਕਿ ਇਸਲਾਮ ਤੇ ਕਮਿਊਨਿਜ਼ਮ ਦੋਵਾਂ ਨੂੰ ਨਾਲ-ਨਾਲ ਚਲਾਇਆ ਜਾ ਸਕਦਾ ਹੈ। ਕਾਮਰੇਡ ਮੀਆਂ ਮੁਨੀਰ ਪੁਰਾਣੇ ਸਮੂਹ ਦੇ ਮੈਂਬਰ ਸਨ ਤੇ ਉਨ੍ਹਾਂ ਦਾ ਮੰਨਣਾ ਹੈ ਕਿ ਇਸਲਾਮ ਅਜਿਹਾ ਹਥਿਆਰ ਹੈ ਜਿਸ ਦੀ ਵਰਤੋਂ ਇਥੋਂ ਦਾ ਕੁਲੀਨ ਵਰਗ ਇਸ ਲਈ ਕਰਦਾ ਹੈ ਤਾਂ ਜੋ ਉਹ ਕਿਸਾਨਾਂ ਤੇ ਆਪਣਾ ਕਬਜ਼ਾ ਬਣਾਈ ਰੱਖ ਸਕੇ। ਲੈਨਿਨ ਦੇ ਜੀਵਨ ਦੀ ਉਦਾਹਰਣ ਦਿੰਦੇ ਹੋਏ ਉਨ੍ਹਾਂ ਨੇ ਇਹ ਗੱਲ ਸਪੱਸ਼ਟ ਕੀਤੀ ਕਿ ਇਨ੍ਹਾਂ ਸਭ ਦੇ ਬਾਵਜੂਦ ਇਹ ਲੋਕ ਕਿਉਂ ਧਰਮ ਦੇ ਖਿਲਾਫ ਕੁਝ ਨਹੀਂ ਬੋਲਦੇ ਹਨ। ਮੀਆਂ ਮੁਨੀਰ ਨੇ ਕਿਹਾ ਕਿ ਇਕ ਵਾਰ ਲੈਨਿਨ ਦਾ ਇਕ ਪੈਰੋਕਾਰ ਇਕ ਪਿੰਡ 'ਚ ਜਾ ਕੇ ਧਰਮ ਦੇ ਖਿਲਾਫ ਬੋਲ ਰਿਹਾ ਸੀ ਤਾਂ ਪਿੰਡ ਵਾਲਿਆਂ ਨੇ ਉਸਦੀ ਬੁਰੀ ਤਰ੍ਹਾਂ ਕੁੱਟਮਾਰ ਕਰ ਦਿੱਤੀ। ਫਿਰ ਲੈਨਿਨ ਨੇ ਆਪਣੇ ਕਾਰਕੁੰਨਾਂ ਨੂੰ ਕਿਹਾ ਕਿ ਮੈਂ ਤੁਹਾਨੂੰ ਇਹ ਦੱਸਿਆ ਸੀ ਕਿ ਰੱਬ ਦੀ ਕੋਈ ਹੋਂਦ ਨਹੀਂ ਹੈ ਪਰ ਮੈਂ ਇਹ ਤਾਂ ਨਹੀਂ ਕਿਹਾ ਕਿ ਤੁਸੀਂ ਇਹੀ ਗੱਲ ਪਿੰਡ ਵਾਲਿਆਂ ਨੂੰ ਜਾ ਕੇ ਦੱਸੋ।

ਇਸ ਘਟਨਾ ਦੀ ਉਦਾਹਰਨ ਦਿੰਦੇ ਹੋਏ ਉਹ ਬੋਲਦੇ ਹਨ ਕਿ ਇਸਲਾਮ ਦੇ ਖਿਲਾਫ ਗੱਲ ਕਰਨਾ ਨਾ ਕੇਵਲ ਖਤਰਨਾਕ ਹੈ ਬਲਕਿ ਰਾਜਨੀਤਿਕ ਤੌਰ ਤੇ ਇਹ ਆਤਮਘਾਤੀ ਵੀ ਹੈ। ਕੁਝ ਹੋਰ ਕਾਮਰੇਡਾਂ ਨੇ ਆਪਣੀ ਰਾਇ ਪੇਸ਼ ਕੀਤੀ ਕਿ ਜੇ ਇਸਲਾਮ ਤੇ ਕਮਿਊਨਿਸਟ ਵਿਚਾਰਧਾਰਾ ਵਿਚ ਕੋਈ ਤਾਲਮੇਲ ਨਹੀਂ ਹੋ ਸਕਦਾ ਤਾਂ ਇਸਦੀ ਸਿੱਧੀ ਵਜ੍ਹਾ ਇਹ ਹੈ ਕਿ ਇਸਨੇ ਇਸਲਾਮ ਦੀ ਗਲਤ ਵਿਆਖਿਆ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸਲਾਮ ਵਿਚ ਜੋ ਦਾਨ ਦੇਣ (ਜ਼ਕਾਤ) ਦੀ ਪ੍ਰਥਾ ਹੈ ਉਸਦੀ ਬਦਲੀ ਹੋਈ ਸੰਪੱਤੀ ਦੀ ਮੁੜ ਵੰਡ ਵਿਚ ਹੀ ਹੋਣੀ ਹੈ ਪਰ ਅਜਿਹਾ ਕਰਦੇ ਹੋਏ ਅਸੀਂ ਆਪਣੇ ਖੁਦ ਦੇ ਅੰਤਰ ਵਿਰੋਧਾਂ ਨੂੰ ਨਹੀਂ ਸਮਝ ਪਾਉਂਦੇ ਕਿਉਂਕਿ ਕਿਸੇ ਵਰਗ ਰਹਿਤ ਸਮਾਜ ਵਿਚ ਜ਼ਕਾਤ ਦਾ ਕੋਈ ਅਰਥ ਨਹੀਂ ਹੈ। ਕੁਝ ਹੋਰ ਕਾਮਰੇਡਾਂ ਨੇ ਆਪਣੀ ਰਾਇ ਪੇਸ਼ ਕਰਦੇ ਹੋਏ ਕਿਹਾ ਕਿ ਇਸਲਾਮ ਨੂੰ ਜੇ ਸਹੀ ਢੰਗ ਨਾਲ ਅਮਲ 'ਚ ਲਿਆਂਦਾ ਜਾਵੇ ਤਾਂ ਇਸਦਾ ਅਰਥ ਸਮਾਨ ਰੂਪ ਵਿਚ ਹਰ ਵਿਅਕਤੀ ਵਿਚ ਸੰਪੱਤੀ ਦਾ ਬਟਵਾਰਾ ਹੋਵੇਗਾ। ਇਸਨੂੰ ਅਸੀਂ ਲੋਕ ਨਾ ਤਾਂ ਠੀਕ ਢੰਗ ਨਾਲ ਸਮਝ ਪਾ ਰਹੇ ਹਾਂ ਤੇ ਨਾ ਸਮਝਾ ਪਾ ਰਹੇ ਹਾਂ।

ਹਸਤਨਗਰ ਵਿਚ ਸੰਘਰਸ਼ ਦਾ ਪ੍ਰਭਾਵ ਉਥੋਂ ਦੇ ਸਮਾਜ ਤੇ ਵਿਆਪਕ ਰੂਪ ਵਿਚ ਪਿਆ। ਇਥੇ ਵੀ ਪਿਤਰਸੱਤਾਤਮਿਕ ਅਤੇ ਦਕਿਆਨੂਸੀ ਸਮਾਜ ਦੀ ਹੋਂਦ ਹੈ ਜੋ ਪਖਤੂਨ ਸੱਭਿਆਚਾਰ ਦਾ ਅਨਿਖੜਵਾਂ ਅੰਗ ਹੈ। ਪਰ ਮਜ਼ਦੂਰ ਕਿਸਾਨ ਪਾਰਟੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਕਿਸਾਨ ਪਰਿਵਾਰਾਂ ਨੇ ਪਛੜੇਪਣ ਦੀ ਮਾਨਸਿਕਤਾ ਤੋਂ ਨਿਜ਼ਾਤ ਪਾਈ ਤੇ ਵੱਡੀ ਗਿਣਤੀ ਵਿਚ ਇਨ੍ਹਾਂ ਲੋਕਾਂ ਨੇ ਆਪਣੀਆਂ ਕੁੜੀਆਂ ਨੂੰ ਸਕੂਲ 'ਚ ਸਿੱਖਿਆ ਪ੍ਰਾਪਤ ਕਰਨ ਲਈ ਭੇਜਿਆ ਜਦੋਂ ਕਿ ਇੱਥੇ ਇਸਦਾ ਰਿਵਾਜ ਬਿਲਕੁਲ ਨਹੀਂ ਸੀ। ਇਕ ਸਰਵੇ ਅਨੁਸਾਰ ਕੁਲ ਅਬਾਦੀ ਵਿਚ ਕੇਵਲ ਦੋ ਪ੍ਰਤੀਸ਼ਤ ਲੋਕ ਆਪਣੀਆਂ ਲੜਕੀਆਂ ਨੂੰ ਸਿੱਖਿਆ ਦਿਵਾਉਂਦੇ ਸਨ ਪਰ ਇਸ ਘਟਨਾ ਦੇ ਬਾਅਦ ਇਸ ਗਿਣਤੀ ਵਿਚ ਜਬਰਦਸਤ ਵਾਧਾ ਹੋਇਆ। ਇਸ ਸੰਘਰਸ਼ ਤੋਂ ਪ੍ਰੇਰਨਾ ਲੈ ਕੇ ਉੱਥੇ ਹੋਰ ਵੀ ਕਿਸਾਨਾਂ ਦੇ ਸੰਗਠਨ ਬਣੇ ਜੋ ਬਟਾਈਦਾਰੀ ਵਿਚ ਲੱਗੇ ਕਿਸਾਨਾਂ ਦੇ ਹਿੱਤਾਂ ਲਈ ਸੰਘਰਸ਼ ਕਰ ਰਹੇ ਹਨ।

ਹਸਤਨਗਰ ਸੰਘਰਸ਼ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਰਹੀ ਹੈ ਕਿ ਇਸਦਾ ਢਾਂਚਾ ਬੁਰੀ ਤਰ੍ਹਾਂ ਪਿਤਾਪੁਰਖੀ ਸੀ। ਧਰਮ ਦੇ ਨਾਲ ਕਮਿਊਜ਼ਿਮ ਦਾ ਤਾਲਮੇਲ ਜੇ ਔਖਾ ਹੈ ਤਾਂ ਇਸਤੋਂ ਵੀ ਜਿਆਦਾ ਔਖਾ ਪਿਤਾਪੁਰਖੀ ਪ੍ਰਬੰਧ ਨਾਲ ਇਨ੍ਹਾਂ ਦਾ ਤਾਲਮੇਲ ਹੈ। ਉਨ੍ਹਾਂ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਉਨ੍ਹਾਂ ਦੇ ਸੰਘਰਸ਼ ਵਿਚ ਔਰਤਾਂ ਦੀ ਭੂਮਿਕਾ ਕਿਸ ਤਰ੍ਹਾਂ ਦੀ ਸੀ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਆਮ ਤੌਰ ਤੇ ਉਹ ਬਹੁਤ ਧਾਰਮਿਕ ਹੁੰਦੀਆਂ ਹਨ। ਇਕ ਕਾਮਰੇਡ ਨੇ ਕਿਹਾ ਕਿ ਚਾਹੇ ਅਸੀਂ ਅਜ਼ਾਦੀ ਦੀ ਗੱਲ ਕਰਦੇ ਹਾਂ ਨਾਲ ਹੀ ਅਸੀਂ ਆਪਣੀਆਂ ਔਰਤਾਂ ਨੂੰ ਘਰਾਂ 'ਚ ਕੈਦ ਰੱਖਣਾ ਚਾਹੁੰਦੇ ਹਾਂ। ਕਾਮਰੇਡ ਫਰਮਾਨ ਅਲੀ ਨੇ ਇਸ ਮਾਮਲੇ ਤੇ ਆਪਣੀ ਰਾਇ ਜਾਹਰ ਕਰਦੇ ਹੋਏ ਕਿਹਾ ਕਿ ਔਰਤਾਂ ਦੀ ਭੂਮਿਕਾ ਬਹੁਤ ਮਾਅਨੇ ਰੱਖਦੀ ਹੈ। ਇਸ ਸਿਲਸਿਲੇ ਵਿਚ ਉਨ੍ਹਾਂ ਨੇ ਆਪਣੀ ਮਾਂ ਦੀ ਮਿਸਾਲ ਦਿੰਦੇ ਹੋਏ ਇਕ ਘਟਨਾ ਬਿਆਨ ਕੀਤੀ 'ਸਾਡੇ ਘਰ ਵਿਚ ਬਹੁਤ ਵੱਡੇ ਪੱਧਰ ਤੇ ਕਮਿਊਨਿਸਟ ਸਾਹਿਤ ਸੀ। ਉਨ੍ਹਾਂ ਦਿਨਾਂ 'ਚ ਹਥਿਆਰਾਂ ਤੋਂ ਵੀ ਜਿਆਦਾ ਖਤਰਨਾਕ ਇਸ ਤਰ੍ਹਾਂ ਦਾ ਸਾਹਿਤ ਰੱਖਣਾ ਹੁੰਦਾ ਸੀ ਇਕ ਦਿਨ ਪੁਲਿਸ ਦਾ ਇਕ ਦਸਤਾ ਮੇਰੇ ਘਰ ਤਲਾਸ਼ੀ ਲੈਣ ਆਇਆ ਤੇ ਮੇਰੀ ਮਾਂ ਨੇ ਸਾਰੀਆਂ ਕਮਿਊਨਿਸਟ ਕਿਤਾਬਾਂ ਗੱਦੇ ਦੇ ਥੱਲੇ ਵਿਛਾਕੇ ਉਪਰ ਚਾਦਰ ਲੈ ਕੇ ਬਿਮਾਰੀ ਦਾ ਬਹਾਨਾ ਕਰਦੇ ਹੋਏ ਉਸ ਉੱਤੇ ਸੌਂ ਗਈ। ਨਤੀਜਾ ਇਹ ਹੋਇਆ ਕਿ ਪੁਲਿਸ ਕੁਝ ਵੀ ਹਾਸਲ ਨਾ ਕਰ ਸਕੀ ਤੇ ਮੇਰੇ ਪਿਤਾ ਜੀ ਗ੍ਰਿਫਤਾਰੀ ਤੋਂ ਬਚ ਗਏ। ਉਸਨੇ ਜਾਰਜੀ ਨਾਮਕ ਔਰਤ ਦਾ ਵੀ ਜਿਕਰ ਕੀਤਾ। ਜਿਸਨੇ ਹਸਤਨਗਰ ਦੀ ਲੜਾਈ ਵਿਚ ਮਰਦਾਂ ਦੇ ਨਾਲ ਮਿਲ ਕੇ ਮੋਰਚਾ ਸੰਭਾਲਿਆ ਸੀ।

ਹਸਤਨਗਰ ਇਲਾਕੇ ਦੇ ਪਿੰਡਾ ਵਿਚ ਵੀ ਹੋਰ ਪਿੰਡਾਂ ਦੀ ਤਰ੍ਹਾਂ ਔਰਤਾਂ ਦੀ ਦੁਨੀਆਂ ਘਰ ਦੀ ਚਾਰ ਦੀਵਾਰੀ ਤੱਕ ਹੀ ਸੀਮਤ ਰਹਿੰਦੀ ਹੈ। ਉਨ੍ਹਾਂ ਨਾਲ ਗੱਲਬਾਤ ਕਰਨੀ ਬਹੁਤ ਮੁਸ਼ਕਲ ਹੈ ਕਿਉਂਕਿ ਉਨ੍ਹਾਂ 'ਚੋਂ ਜਿਆਦਾਤਰ ਸਕੂਲੀ ਸਿੱਖਿਆ ਹਾਸਲ ਨਹੀਂ ਕਰ ਸਕੀਆਂ ਅਤੇ ਇਸੇ ਕਰਕੇ ਉਨ੍ਹਾਂ ਨੂੰ ਉਰਦੂ ਨਹੀਂ ਆਉਂਦੀ। ਮੈਂ ਕੁਝ ਔਰਤਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੇ ਰਾਇ ਸਾਂਝੀ ਕੀਤੀ ਕਿ ਰਾਜਨੀਤੀ ਤਾਂ ਮਰਦਾਂ ਦਾ ਕੰਮ ਹੈ। ਅਜਿਹਾ ਨਹੀਂ ਕਿ ਉਹ ਰਾਜਨੀਤੀ 'ਚ ਭਾਗ ਨਹੀਂ ਲੈਣਾ ਚਾਹੁੰਦੀਆਂ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸੰਭਵ ਨਹੀਂ ਹੈ। ਸਮੱਸਿਆ ਇਹ ਹੈ ਕਿ ਅਜਿਹੇ ਆਦਮੀ ਵੀ ਜੋ ਔਰਤਾਂ ਦੇ ਰਾਜਨੀਤੀ 'ਚ ਭਾਗ ਲੈਣ ਦੇ ਪੱਖ ਵਿਚ ਹਨ ਉਹ ਵੀ ਆਪਣੇ ਪਰਿਵਾਰ ਦੀਆਂ ਔਰਤ ਮੈਂਬਰਾਂ ਨੂੰ ਬਾਹਰ ਜਾਣ ਤੋਂ ਰੋਕਦੇ ਹਨ ਕਿਉਂਕਿ ਉਹ ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਰਹਿੰਦੇ ਹਨ।

ਹਸਤਨਗਰ ਦੇ ਸੰਘਰਸ਼ ਦੀ ਇਹ ਕਹਾਣੀ ਸਾਰੇ ਅੰਤਰ ਵਿਰੋਧਾਂ ਨਾਲ ਭਰੀ ਪਈ ਹੈ। ਅੱਜ ਵੀ ਕਿਸਾਨ ਉਨ੍ਹਾਂ ਜਮੀਨਾਂ ਤੇ ਕਬਜਾ ਕਰ ਰਹੇ ਹਨ ਜਿਨ੍ਹਾਂ ਤੇ ਉਹ ਆਪਣਾ ਹੱਕ ਸਮਝਦੇ ਹਨ। ਅੱਜ ਵੀ ਚਾਲੀ ਸਾਲਾਂ ਦੇ ਬਾਅਦ ਵੀ ਇਹ ਸੰਘਰਸ਼ ਜਿਸਨੇ ਜਿਮੀਂਦਾਰਾਂ ਦੇ ਖਿਲਾਫ ਇਤਿਹਾਸਕ ਸੰਘਰਸ਼ ਛੇੜਿਆ ਸੀ ਕਿਸੇ ਨਾ ਕਿਸੇ ਰੂਪ ਵਿਚ ਜਿੰਦਾ ਹੈ। ਹਸਤਨਗਰ ਦੀ ਕਹਾਣੀ ਇਕ ਅਜਿਹੀ ਅਸਫਲ ਕ੍ਰਾਂਤੀ ਦੀ ਕਹਾਣੀ ਹੈ ਜਿਸਨੂੰ ਕੁਸ਼ਲਤਾਪੂਰਵਕ ਚਲਾਇਆ ਜਾਂਦਾ ਤਾਂ ਇਹ ਪਾਕਿਸਤਾਨ ਦੀ ਤਸਵੀਰ ਬਦਲ ਸਕਦੀ ਸੀ।

ਕਿਉਂਕਿ ਇਹ ਇਲਾਕਾ ਅਫਗਾਨਿਸਤਾਨ ਦੇ ਨਾਲ ਲੱਗਿਆ ਹੋਇਆ ਹੈ ਇਸ ਲਈ ਪਿਛਲੇ ਕੁਝ ਸਾਲਾਂ ਤੋਂ ਇਸਨੂੰ ਤਾਲੀਬਾਨ ਦੀ ਮੌਜੂਦਗੀ ਨਾਲ ਪੈਦਾ ਹੋਈਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਤਾਲੀਬਾਨੀਆਂ ਨੇ ਇਸ ਇਲਾਕੇ ਕੋਲ ਆਪਣਾ ਇਕ ਸੈਨਿਕ ਅੱਡਾ ਬਣਾ ਰੱਖਿਆ ਹੈ ਅਤੇ ਇਹ ਲੋਕ ਪਰਚੇ ਵੰਡ ਕੇ ਸਥਾਨਕ ਅਬਾਦੀ ਨੂੰ ਧਮਕਾਉਂਦੇ ਹਨ ਕਿ ਉਹ ਆਪਣੇ ਘਰਾਂ ਦੀਆਂ ਕੁੜੀਆਂ ਨੂੰ ਸਕੂਲਾਂ ਵਿਚ ਨਾ ਭੇਜਣ ਅਤੇ ਇਥੋਂ ਦੀਆਂ ਔਰਤਾਂ ਬੁਰਕਾ ਪਾਉਣ। ਅੱਜ ਹਸਤਨਗਰ ਦੇ ਕਮਿਊਨਿਸਟਾਂ ਨੂੰ ਇਸਲਾਮਾਬਾਦ ਦੀ ਸਰਕਾਰ ਦੇ ਨਾਲ-ਨਾਲ ਤਾਲੀਬਾਨ ਨਾਲ ਸਬੰਧਿਤ ਅੱਤਵਾਦੀਆਂ ਦਾ ਵੀ ਮੁਕਾਬਲਾ ਕਰਨਾ ਪੈ ਰਿਹਾ ਹੈ।

(ਸ਼ਾਨੇਲ ਖਾਲਿਕ, ਸਿੰਧੀ ਜ਼ਾਦ ਦੀ ਫੀਲਡ ਰਿਪੋਰਟ ਤੇ ਹੋਰ ਸ੍ਰੋਤਾਂ ਤੇ ਜੁਟਾਈ ਗਈ ਸਮੱਗਰੀ ਤੇ ਅਧਾਰਿਤ )

ਸੰਪਰਕ: +91 98764 42052

# ਇਰਾਨ ਵਿੱਚ ਫੁੱਟਿਆ ਨੌਜਵਾਨਾਂ ਅਤੇ ਗਰੀਬ ਲੋਕਾਈ ਦਾ ਗੁੱਸਾ

**ਸੁਖਦੇਵ ਹੁੰਦਲ**

'ਮਸ਼ਾਦ', ਇਰਾਨ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ। ਇਹ ਆਪਣੀਆਂ ਧਾਰਮਿਕ ਅਤੇ ਰਵਾਇਤੀ ਸਰਗਰਮੀਆਂ ਦੇ ਕੇਂਦਰ ਦੇ ਤੌਰ 'ਤੇ ਜਾਣਿਆਂ ਜਾਂਦਾ ਹੈ। 28 ਦਸੰਬਰ 2017 ਵਾਲ਼ੇ ਦਿਨ ਇੱਥੇ ਕੁਝ ਲੋਕਾਂ ਨੇ ਰਾਸ਼ਟਰਪਤੀ 'ਰੋਹਾਨੀ' ਖਿਲਾਫ਼ ਮੁਜ਼ਾਹਰਾ ਕੀਤਾ। ਵੇਖਦਿਆਂ ਹੀ ਵੇਖਦਿਆਂ, ਪਿਛਾਂਹ ਖਿੱਚੂ ਇਰਾਨੀ ਇਸਲਾਮਿਕ ਹਕੂਮਤ ਖਿਲਾਫ਼, ਆਮ ਲੋਕਾਂ ਦਾ ਰੋਸ ਫੁੱਟ ਨਿੱਕਲਿਆ। 70 ਤੋਂ ਵੱਧ ਸ਼ਹਿਰਾਂ ਅਤੇ ਯੂਨੀਵਰਸਿਟੀਆਂ ਵਿੱਚ ਸੰਘਰਸ਼ ਫੈਲ ਗਿਆ। 2018 ਦਾ ਪਹਿਲਾ ਹਫਤਾ, ਇਰਾਨੀ ਲੋਕਾਈ ਅਤੇ ਨੌਜਵਾਨਾਂ ਦੇ ਰੋਹ ਦਾ ਪ੍ਰਤੀਕ ਹੋ ਨਿੱਬੜਿਆ। ਲੋਕ ਮੁੱਲਾਂ-ਮੁਲਾਣਿਆਂ ਦੀ ਇਸਲਾਮਿਕ ਹਕੂਮਤ ਦੇ ਖਾਤਮੇ ਦੀ ਮੰਗ ਕਰ ਰਹੇ ਸਨ। ਸਰਮਾਏਦਾਰ ਪੱਖੀ ਅਤੇ ਪਿਛਾਂਹ-ਖਿੱਚੂ ਇਸਲਾਮਿਕ ਹਕੂਮਤ ਖਿਲਾਫ਼ ਨਾਹਰੇ ਲਾਉਂਦੇ ਲੋਕਾਂ ਵਿੱਚ ਨੌਜਵਾਨ ਮਜ਼ਦੂਰ ਅਤੇ ਕਿਰਤੀ ਲੋਕ ਬਹੁ ਗਿਣਤੀ ਵਿੱਚ ਸਨ। ਇੱਕ ਅਖ਼ਬਾਰ ਨੇ ਠੀਕ ਇਸ ਨੂੰ 'ਨੌਜਵਾਨਾ ਅਤੇ ਗਰੀਬਾਂ ਦਾ ਵਿਦ੍ਰੋਹ' ਲਿਖਿਆ ਹੈ। ਰਵਾਇਤੀ ਸਿਆਸੀ ਪਾਰਟੀਆਂ ਅਤੇ ਮੱਧਵਰਗ ਦੀ ਸਪੱਸ਼ਟ ਅਗਵਾਈ ਕਿਤੇ ਨਜ਼ਰ ਨਹੀਂ ਆ ਰਹੀ ਸੀ। ਪਹਿਲੀ ਨਜ਼ਰੇ ਇਹ ਆਪ ਮੁਹਾਰਾ ਰੋਸ ਪ੍ਰਗਟਾਵਾ ਜਾਪਦਾ ਸੀ। ਇਰਾਨੀ ਸਰਮਾਏਦਾਰੀ ਪ੍ਰਬੰਧ ਹੇਠ, ਖਾਸ ਕਰਕੇ ਨਵ-ਉਦਾਰਵਾਦੀ ਆਰਥਿਕ ਨੀਤੀਆਂ ਦੇ ਲਾਗੂ ਹੋਣ ਤੋਂ ਬਾਅਦ, ਇਰਾਨ ਦੇ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਦੀ, ਅੰਨੀ ਲੁੱਟ ਖਿਲਾਫ਼ ਇਸ ਆਪ ਮੁਹਾਰੇ ਰੋਸ ਵਿਚ ਹੀ ਅੱਗੇ ਚੱਲ ਕੇ ਜਥੇਬੰਦ ਇਨਕਲਾਬੀ ਵਿਦ੍ਰੋਹ ਦੀਆਂ ਸੰਭਾਵਨਾਵਾਂ ਛਿਪੀਆਂ ਹੋਈਆਂ ਹਨ। ਦੂਜੇ ਪਾਸੇ ਦੋ ਦਹਾਕਿਆਂ ਤੋਂ ਸਾਮਰਾਜੀ ਆਰਥਿਕ ਨਾਕੇਬੰਦੀ(ਖਾਸ ਕਰਕੇ ਅਮਰੀਕਾ ਦੀ ਅਗਵਾਈ ਵਿੱਚ) ਇਰਾਨੀ ਅਰਥਚਾਰੇ ਦੀ ਮੰਦਹਾਲੀ ਲਈ ਜ਼ਿੰਮੇਵਾਰ ਹੈ। ਸਰਕਾਰ ਅਤੇ ਹਾਕਮ ਜਮਾਤਾਂ ਵਿੱਚ ਘਬਰਾਹਟ ਫੈਲ ਗਈ। ਦਰਅਸਲ 2009 ਤੋਂ ਬਾਅਦ, ਪਹਿਲੀ ਵਾਰ ਇਰਾਨ ਨੇ ਏਨੇ ਵੱਡੇ ਪੱਧਰ ਤੇ ਰੋਸ ਮੁਜ਼ਾਹਰੇ ਵੇਖੇ ਹਨ। 2009 ਵਿੱਚ ਰਾਸ਼ਟਰਪਤੀ ਚੋਣਾਂ ਵਿੱਚ ਧਾਂਦਲੀ ਖਿਲਾਫ਼ ਰੋਸ, ਇੱਕ ਲੋਕ-ਲਹਿਰ ਬਣ ਗਈ ਸੀ ਜੋ ਬਾਅਦ ਵਿੱਚ 'ਗ੍ਰੀਨ ਮੂਵਮੈਂਟ' ਦੇ ਨਾਂ ਨਾਲ਼ ਮਸ਼ਹੂਰ ਹੋ ਗਿਆ। ਆਪਣੇ ਸਰਮਾਏਦਾਰਾ ਸੁਧਾਰਵਾਦੀ ਚਰਿੱਤਰ ਦੇ ਬਾਵਜੂਦ ਉਸ ਲਹਿਰ ਨੇ ਮੂਲਵਾਦੀ ਇਸਲਾਮਿਕ ਰਾਜ ਦੀਆਂ ਲੋਕ ਵਿਰੋਧੀ ਅਤੇ ਪਿਛਾਂਹ-ਖਿੱਚੂ ਨੀਤੀਆਂ ਖਿਲਾਫ਼ ਇਰਾਨੀ ਲੋਕਾਂ ਦੇ ਗੁੱਸੇ ਨੂੰ ਮੰਚ ਮੁਹੱਈਆ ਕੀਤਾ ਸੀ। ਵਰਤਮਾਨ ਲਹਿਰ ਦਾ ਜਮਾਤੀ ਚਰਿੱਤਰ ਖਾਸ ਤੌਰ ਤੇ ਧਿਆਨ ਖਿੱਚਦਾ ਹੈ ਹੇਠਲੇ ਮੱਧ-ਵਰਗ ਪੈਨਸ਼ਨ ਭੋਗੀਆਂ ਅਤੇ ਵਿਦਿਆਰਥੀਆਂ ਦੇ ਨਾਲ਼ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਅਤੇ ਗਰੀਬ ਕਿਰਤੀ ਲੋਕਾਂ ਦੀ ਸ਼ਮੂਲੀਅਤ ਭਵਿੱਖ ਦੇ ਜਮਾਤੀ ਸੰਘਰਸ਼ਾਂ ਦੀ ਦਿਸ਼ਾ ਦਾ ਸੰਕੇਤ ਹੈ। ਸਰਕਾਰੀ ਰਿਪੋਰਟਾਂ ਮੁਤਾਬਕ ਵੀ ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚ 90% ਤੋਂ ਵਧ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਸਨ। ਲੋਕਾਂ ਵਿੱਚ, ਮਜ਼ਦੂਰਾਂ ਦੇ ਟ੍ਰੇਡ ਯੂਨੀਅਨ ਅਧਿਕਾਰਾਂ ਦੀ ਰਾਖੀ ਅਤੇ ਸਰਕਾਰੀ ਜ਼ਬਰ ਦੇ ਵਿਰੋਧ ਦੀਆਂ ਮੰਗਾਂ ਨੂੰ ਜ਼ੋਰਦਾਰ ਤਰੀਕੇ ਨਾਲ਼ ਚੁੱਕੇ ਜਾਣ ਦੀਆਂ ਖ਼ਬਰਾਂ ਹਨ। ਮਜ਼ਦੂਰਾਂ ਦੀਆਂ ਕਈ ਕਈ ਮਹੀਨਿਆਂ ਦੀਆਂ ਤਨਖਾਹਾਂ ਅਟਕੀਆਂ ਹੋਈਆਂ ਹਨ। ਕਈ ਜਗਾ ਤੇ ਤਾਂ ਮਜ਼ਦੂਰਾਂ ਨੂੰ ਇੱਕ ਸਾਲ ਤੋਂ ਤਨਖਾਹਾਂ ਨਹੀਂ ਮਿਲੀਆਂ ਹਨ। ਮੁਲਾਣਿਆਂ ਦੀ ਤਾਨਾਸ਼ਾਹੀ ਮੁਰਦਾਬਾਦ ਦੇ ਨਾਹਰਿਆਂ ਦੇ ਨਾਲ਼ ਹੀ ਕਈ ਜਗਾ, ਇਰਾਨੀ ਹਾਕਮ ਜਮਾਤ ਦੇ ਸੁਪ੍ਰੀਮ ਧਾਰਮਿਕ ਆਗੂ ਅਯਾਤੁਲਾ ਖੁਮੈਨੀ ਦੇ ਪੋਸਟਰ ਵੀ ਸਾੜੇ ਗਏ ਹਨ।

ਇਸ ਥੋੜ-ਚਿਰੇ ਪਰ ਇਰਾਨੀ ਜਨਤਾ ਦੇ ਸ਼ਾਨਦਾਰ ਰੋਸ-ਪ੍ਰਗਟਾਵੇ ਵਾਲ਼ੇ ਸੰਘਰਸ਼ ਦਾ ਇਤਿਹਾਸਕ ਮਹੱਤਵ ਹੈ। ਇਰਾਨ ਦੇ ਭਵਿੱਖ ਨੂੰ ਦਿਸ਼ਾ ਦੇਣ ਵਾਲ਼ੇ ਵੱਡੇ ਸਵਾਲ, ਏਜੰਡੇ ਤੇ ਆ ਗਏ ਹਨ। 'ਫ਼ਾਰਸ'(ਪਰਸ਼ੀਅਨ) ਦੇਸ਼ ਨਾਲ਼ ਮਸ਼ਹੂਰ ਇਸ ਪੁਰਾਤਨ ਸੱਭਿਅਤਾ ਵਾਲ਼ੇ ਦੇਸ਼ ਦਾ ਆਧੁਨਿਕ ਇਤਿਹਾਸ, 20ਵੀਂ ਸਦੀ ਦੇ ਸ਼ੁਰੂ ਵਿੱਚ ਹੀ ਕੌਮੀ ਲਹਿਰ ਨਾਲ਼ ਸ਼ੁਰੂ ਹੁੰਦਾ ਹੈ। ਉਦੋਂ ਹੀ ਇਸ ਧਰਤੀ ਹੇਠ ਲੁਕੇ ਵਿਸ਼ਾਲ ਤੇਲ ਦੇ ਭੰਡਾਰਾਂ ਦਾ ਪਤਾ ਲੱਗਾ। ਇਹ ਉਹ ਸਮਾਂ ਸੀ ਜਦੋਂ ਸੰਸਾਰ ਸਰਮਾਏਦਾਰੀ ਸਾਮਰਾਜ ਵਿੱਚ ਬਦਲ ਚੁੱਕੀ ਸੀ। ਸਾਮਰਾਜੀ ਦੇਸ਼ ਦੁਨੀਆਂ ਭਰ ਦੇ ਕਿਰਤੀਆਂ ਦੀ ਸਸਤੀ ਕਿਰਤ ਸ਼ਕਤੀ ਲੁੱਟਣ ਅਤੇ ਕੁਦਰਤੀ ਸ੍ਰੋਤਾਂ ਅਤੇ ਕੱਚੇ ਮਾਲ ਦੀ ਲੁੱਟ ਲਈ ਸਾਰੇ ਸੰਸਾਰ ਨੂੰ ਆਪਣੀਆਂ ਬਸਤੀਆਂ ਬਣਾਉਣ ਦੀ ਗਲ-ਵੱਢ ਲੜਾਈ ਵਿੱਚ ਉਲਝੇ ਹੋਏ ਸਨ। ਇਸ ਦੇ ਗਵਾਂਢ ਵਿੱਚ ਹੀ ਵੱਡੀ ਸਲਤਨਤ 'ਓਟੋਮਾਨ' ਵੀ ਆਪਣੇ ਪਤਨ ਦੇ ਦੌਰ ਵਿਚ ਸੀ। ਅਰਬੀ ਕੌਮਵਾਦ ਦੇ ਉਭਾਰ ਦੇ ਇਸ ਦੌਰ ਨੂੰ ਸਾਮਰਾਜੀ ਸਰਮਾਏ ਦੀਆਂ ਸਾਜਸ਼ਾਂ ਦਾ ਸ਼ਿਕਾਰ ਹੋਣਾ ਪਿਆ ਅਤੇ ਇਸ ਖਿੱਤੇ ਵਿੱਚ ਕਬਾਇਲੀ ਅਤੇ ਧਾਰਮਿਕ ਪਛਾਣ ਨੂੰ ਹਵਾ ਦੇ ਕੇ ਬੇਹੱਦ ਪਿਛਾਂਹਖਿੱਚੂ 'ਸ਼ੇਖਾਂ' ਅਤੇ ਕਬਾਇਲੀ ਮੁਖੀਆਂ ਦੀ ਅਗਵਾਈ ਵਿੱਚ ਕਈ ਛੋਟੇ-ਛੋਟੇ ਦੇਸ਼ਾਂ ਦੇ ਬਣਨ ਦੀ ਕਿਰਿਆ ਨੂੰ ਸਿਰੇ ਚਾੜਿਆ। ਸਾਊਦੀ ਅਰਬ ਦੀ ਸਥਾਪਨਾ ਅਤੇ ਯਹੂਦੀ ਰਾਜ ਇਜ਼ਰਾਇਲ ਦਾ ਬਣਨਾ ਇਸੇ ਸਾਮਰਾਜੀ ਯੋਜਨਾ ਦਾ ਹਿੱਸਾ ਸੀ। ਮੁੱਖ ਗੱਲ ਇਹ ਸੀ ਕਿ ਇਰਾਨੀ ਅਤੇ ਅਰਬੀ ਕੌਮਵਾਦ ਦੀ ਕਿਰਿਆ ਸਾਮਰਾਜੀ ਸਾਜਸ਼ਾਂ ਦਾ ਸ਼ਿਕਾਰ ਹੋ ਗਈ। ਮੱਧ ਪੂਰਬ ਨਾਲ਼ ਜਾਣੇ ਜਾਂਦੇ ਇਸ ਖਿੱਤੇ ਦੇ ਦੇਸ਼ਾਂ ਵਿੱਚ ਸਾਮਰਾਜੀ ਰਜਪਲਟਿਆਂ ਅਤੇ ਕਠਪੁਤਲੀਆਂ ਹਕੂਮਤਾਂ ਦਾ ਆਪਣਾ ਇੱਕ ਇਤਿਹਾਸ ਹੈ। ਇੱਕ ਹੋਰ ਮਹੱਤਵਪੂਰਣ ਪੱਖ ਇਹ ਸੀ ਕਿ ਮਜ਼ਦੂਰ ਜਮਾਤ ਦੇ ਪਹਿਲੇ ਕਿਲੇ ਸੋਵੀਅਤ ਸੰਘ ਨਾਲ਼ ਵੀ ਇਰਾਨ ਦੀਆਂ ਸਰਹੱਦਾਂ ਲੱਗਦੀਆਂ ਸਨ। ਇਰਾਨ ਅਤੇ ਅਰਬ ਦੇਸ਼ਾਂ ਵਿੱਚ ਕਮਿਊਨਿਸਟ ਲਹਿਰ ਦੇ ਫੈਲਾਅ ਨੂੰ ਰੋਕਣਾ ਵੀ ਸਾਮਰਾਜੀ ਸਾਜਸ਼ਾਂ ਦਾ ਇੱਕ ਅਹਿਮ ਹਿੱਸਾ ਸੀ। ਸ਼ੀਆ ਧਰਮ ਨੂੰ ਮੰਨਣ ਵਾਲ਼ੀ ਇਰਾਨੀ ਅਬਾਦੀ ਅਤੇ ਮੁੱਖ ਤੌਰ 'ਤੇ ਸੁੰਨੀ ਧਰਮ ਦੇ ਪੈਰੋਕਾਰਾਂ ਵਾਲ਼ੀ ਅਰਬੀ ਅਬਾਦੀ ਵਿਚਕਾਰ ਸਾਮਰਾਜੀਆਂ ਨੇ ਹਮੇਸ਼ਾ ਹੀ 'ਸੇਹ ਦਾ ਤੱਕਲਾ' ਗੱਡੀ ਰੱਖਿਆ ਜਾਣੀ ਕਿ ਦੁਸ਼ਮਣੀ ਦਾ ਮਹੌਲ ਬਣਾਈ ਰੱਖਣ ਵਿੱਚ ਕੋਈ ਮੌਕਾ ਨਹੀਂ ਗੁਆਇਆ। ਲਗਾਤਾਰ ਖੇਤਰੀ ਜੰਗਾਂ ਆਰਥਿਕ ਨਾਕੇਬੰਦੀਆਂ ਅਤੇ ਫਿਰਕੂ ਲੜਾਈਆਂ ਇਹਨਾਂ ਮਹਾਨ ਸੱਭਿਅਤਾਵਾਂ ਦੇ ਦੇਸ਼ਾਂ ਦੀ ਹੋਣੀ ਬਣ ਗਈ। ਤੇਲ ਦੇ ਭੰਡਾਰਾਂ ਦੀ ਭਰਪੂਰ ਲੁੱਟ ਤੋਂ ਬਿਨਾਂ ਇਹ ਖਿੱਤਾ ਸਾਮਰਾਜੀਆਂ ਦੀ ਹਥਿਆਰਾਂ ਦੀ ਸੱਨਅਤ ਲਈ ਵੀ ਬੜਾ ਲਾਹੇਵੰਦਾ ਸਾਬਤ ਹੋਇਆ। 1953 ਵਿੱਚ, ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਨੇ, ਲੋਕਾਂ ਦੁਆਰਾ ਚੁਣੇ ਹੋਏ ਇਰਾਨ ਦੇ ਕੌਮੀ ਆਗੂ 'ਮੁਸੱਦਕ' ਦਾ ਤਖਤਾ ਪਲਟ ਕੇ ਆਪਣੀ ਕਠਪੁਤਲੀ ਹਕੂਮਤ ਕਾਇਮ ਕਰ ਦਿੱਤੀ। ਸ਼ਾਹ ਇਰਾਨ ਦੇ ਨਾਂ ਨਾਲ਼ ਮਸ਼ਹੂਰ ਰਜ਼ਾ ਸ਼ਾਹ ਪਹਿਲਵੀ ਦੀ ਅਗਵਾਈ ਵਿੱਚ ਇਰਾਨ ਇਸ ਖਿੱਤੇ ਵਿੱਚ ਅਮਰੀਕੀ ਸਾਮਰਾਜ ਦਾ ਪੁਲਸੀਆ ਬਣ ਗਿਆ। ਇਰਾਨੀ ਲੋਕਾਂ ਨੇ ਇਸ ਘ੍ਰਿਣਤ ਗੁਲਾਮੀ ਨੂੰ ਕਦੀ ਵੀ ਪ੍ਰਵਾਨ ਨਹੀਂ ਕੀਤਾ। 1979 ਵਿੱਚ ਇੱਕ ਵਿਸ਼ਾਲ ਲੋਕ ਲਹਿਰ ਨਾਲ਼ ਅਮਰੀਕਾ ਦੀ ਪਿੱਠੂ ਹਕੂਮਤ ਉਲਟਾ ਦਿੱਤੀ ਗਈ ਸ਼ਾਹ ਦੇਸ਼ ਛੱਡ ਕੇ ਭੱਜ ਗਿਆ। ਸਿਆਸੀ ਤੌਰ 'ਤੇ ਚੇਤਨ ਮਜ਼ਦੂਰ ਲਹਿਰ ਦੀ ਕਮਜ਼ੋਰੀ ਕਾਰਨ ਇਸਲਾਮਿਕ ਇਨਕਲਾਬ ਦੇ ਨਾਂ ਨਾਲ਼ ਜਾਣੀ ਜਾਂਦੀ ਇਸ ਲਹਿਰ ਦੀ ਅਗਵਾਈ ਧਾਰਮਿਕ ਮੂਲਵਾਦੀਆਂ ਦੇ ਹੱਥ ਵਿਚ ਸੀ।



ਇਸਲਾਮਿਕ ਇਨਕਲਾਬ ਤੋਂ ਬਾਅਦ- ਸਾਮਰਾਜ ਵਿਰੋਧੀ ਲੋਕ ਉਭਾਰ 'ਤੇ ਸਵਾਰ ਹੋ ਕੇ ਸੱਤਾ ਵਿੱਚ ਪਹੁੰਚੀ ਇਸਲਾਮਿਕ ਮੂਲਵਾਦੀ ਸਰਕਾਰ ਆਪਣੇ ਜਮਾਤੀ ਚਰਿੱਤਰ ਪੱਖੋਂ ਇੱਕ ਸਰਮਾਏਦਾਰ ਜਮਾਤ ਦੀ ਸੱਤਾ ਦੀ ਹੀ ਪ੍ਰਤਿਨਿਧ ਸੀ। 'ਤੂਦੇਹ ਪਾਰਟੀ' ਪਾਰਟੀ ਦੇ ਨਾਂ ਨਾਲ਼ ਜਾਣੀ ਜਾਂਦੀ ਇਰਾਨੀ ਕਮਿਊਨਿਸਟ ਪਾਰਟੀ ਅਨੁਸਾਰ ਵੱਡਾ ਵਪਾਰੀ ਵਰਗ ਅਤੇ ਨੌਕਰਸ਼ਾਹ ਬੁਰਜੂਆਜ਼ੀ, ਹਾਕਮ ਜੁੰਡਲੀ ਦਾ ਜਮਾਤੀ ਅਧਾਰ ਹੈ। ਭ੍ਰਿਸ਼ਟ ਅਤੇ ਲੋਕ ਵਿਰੋਧੀ ਸੱਤਾ ਦਾ ਢਾਂਚਾ ਨਾਂ ਕੇਵਲ ਸਿਆਸੀ ਬਣਤਰ ਸਗੋਂ ਹਰ ਤਰਾਂ ਦੀਆਂ ਆਰਥਿਕ ਸਰਗਰਮੀਆਂ ਨੂੰ ਵੀ ਭਿਆਨਕ ਲੁੱਟ-ਤੰਤਰ ਵਿੱਚ ਬਦਲ ਰਿਹਾ ਹੈ। ਪਿਛਲੇ ਚਾਰ ਦਹਾਕਿਆਂ ਤੋਂ ਏਨੀ ਭਿਆਨਕ ਹਾਲਤ ਇਰਾਨ ਦੇ ਲੋਕਾਂ ਨੇ ਨਹੀਂ ਵੇਖੀ ਸੀ। ਪਿਛਲੇ ਦੋ ਦਹਾਕਿਆਂ ਤੋਂ ਲਾਗੂ ਕੀਤੇ ਜਾਣ ਵਾਲ਼ੇ ਸੁਧਾਰ ਸਰਮਾਏਦਾਰੀ ਦੇ ਉਦਾਰ ਚੇਹਰੇ ਦਾ ਵਿਖਾਵਾ ਕਰਦੇ ਹੋਏ ਵੀ ਹਕੀਕਤ ਵਿੱਚ ਸੱਤਾ ਦੇ ਮੱਧ ਯੁਗੀ ਤਾਨਾਸ਼ਾਹ ਚਰਿੱਤਰ ਵਿੱਚ ਕੋਈ ਤਬਦੀਲੀ ਨਹੀਂ ਲਿਆ ਸਕੇ। ਅੱਜ ਇਰਾਨ ਦੇ ਬਹੁਗਿਣਤੀ ਲੋਕ ਇਸ ਜਾਲਮ ਤਾਨਾਸ਼ਾਹ ਧਰਮ-ਕੇਂਦਰਤ ਸੱਤਾ ਨੂੰ ਉਖਾੜ ਦੇਣਾ ਚਾਹੁੰਦੇ ਹਨ ਤਾਕਿ ਜ਼ਬਰ ਅਤੇ ਅਨਿਆਂ ਦਾ ਖ਼ਾਤਮਾ ਕੀਤਾ ਜਾ ਸਕੇ। ਧਰਮ ਕੇਂਦਰਤ ਦੀ ਥਾਂ ਮਨੁੱਖ ਕੇਂਦਰਤ ਅਤੇ ਜਮਹੂਰੀ ਸੱਤਾ ਚਾਹੁੰਦੇ ਹਨ ਤਾਕਿ ਸਮਾਜਕ ਨਿਆਂ ਅਤੇ ਅਜ਼ਾਦੀ ਦੀ ਸਥਾਪਨਾ ਹੋ ਸਕੇ। ਅਜ਼ਾਦ ਮਜ਼ਦੂਰ ਯੂਨੀਅਨਾਂ 'ਤੇ ਭਾਰੀ ਜ਼ਬਰ ਕੀਤਾ ਜਾ ਰਿਹਾ ਹੈ। ਮਜ਼ਦੂਰ ਲੀਡਰਾਂ ਨੂੰ ਜੇਲਾਂ ਵਿਚ ਬੰਦ ਕਰਨ ਅਤੇ ਮਜ਼ਦੂਰਾਂ ਦੇ ਟ੍ਰੇਡ ਯੂਨੀਅਨ ਹੱਕਾਂ 'ਤੇ ਹਮਲਿਆਂ ਵਿਰੁੱਧ ਮਜ਼ਦੂਰ ਜਮਾਤ ਵਿੱਚ ਭਾਰੀ ਰੋਸ ਹੈ।

ਇਰਾਨ ਵਿੱਚ ਨਵ ਉਦਾਰਵਾਦੀ ਨੀਤੀਆਂ ਦਾ ਦੌਰ- ਇਰਾਨੀ ਸਰਮਾਏਦਾਰੀ ਪ੍ਰਬੰਧ ਸੰਸਾਰ ਸਰਮਾਏਦਾਰੀ ਤੋਂ ਕੋਈ ਨਿੱਖੜਿਆ ਹੋਇਆ ਪ੍ਰਬੰਧ ਨਹੀਂ ਹੋ ਸਕਦਾ ਸੀ। ਦੁਨੀਆਂ ਭਰ ਵਿੱਚ ਕੀਨਜ਼ਵਾਦੀ ਪ੍ਰਬੰਧ ਦੇ ਭੋਗ ਪੈਣ ਦੇ ਨਾਲ਼ ਹੀ ਇਰਾਨ ਵਿੱਚ ਵੀ, ਨਿੱਜੀਕਰਨ ਅਤੇ ਕਿਰਸ ਦੀਆਂ ਨੀਤੀਆਂ ਲਾਗੂ ਕਰਦੇ ਹੋਏ ਆਰਥਿਕ ਖੇਤਰ ਵਿੱਚ ਨਵ-ਉਦਾਰਵਾਦੀ ਨੀਤੀਆਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਇਰਾਨ ਦੇ ਇਸਲਾਮਿਕ ਗਣ-ਰਾਜ ਦੇ ਮੋਢੀਆਂ ਵਿੱਚੋਂ ਇੱਕ ਅਯਾਤੁਲਾ ਖੁਮੈਨੀ ਦਾ ਖਾਸ ਚੇਲਾ ਇਰਾਨ ਦੇ ਮੱਧ-ਵਰਗੀ ਬੁੱਧੀਜੀਵੀਆਂ ਦਾ ਚਹੇਤਾ ਅਲੀ ਅਕਬਰ ਹਾਸ਼ਮੀ ਰਫਸਅੰਜਾਨੀ ਇਰਾਨ ਵਿੱਚ ਖੁਮੈਨੀ ਤੋਂ ਬਾਅਦ ਦੂਜਾ ਪ੍ਰਭਾਵਸ਼ਾਲੀ ਨੇਤਾ ਸਮਝਿਆ ਜਾਂਦਾ ਸੀ। 1989 ਵਿੱਚ ਰਾਸ਼ਟਰਪਤੀ ਬਣਨ ਤੋਂ ਬਾਅਦ ਇਸਨੇ ਇਰਾਨ ਵਿੱਚ ਨਵ-ਉਦਾਰਵਾਦੀ ਏਜੰਡਾ ਲਾਗੂ ਕੀਤਾ। ਇਸ ਨੇ ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ-ਕੋਸ਼ ਦੀਆਂ ਨੀਤੀਆਂ ਦੀਆਂ ਸ਼ਰਤਾਂ 'ਤੇ ਕਰਜੇ ਲਏ ਨਤੀਜੇ ਵਜੋਂ ਭਾਰੀ ਸਿੱਕੇ ਦੇ ਫੈਲਾਅ ਅਤੇ ਬੇਰੁਜ਼ਗਾਰੀ ਦਾ ਬੋਲਬਾਲਾ ਹੋ ਗਿਆ। ਰਫਸਅੰਜਾਨੀ ਇਰਾਨ ਵਿੱਚ ਨਵ-ਉਦਾਰਵਾਦੀ ਨੀਤੀਆਂ ਦਾ ਪਿਤਾਮਾ ਮੰਨਿਆ ਜਾਂਦਾ ਹੈ। ਇਰਾਨ ਵਿੱਚ ਨਵ-ਉਦਾਰਵਾਦੀ ਨੀਤੀਆਂ ਨੂੰ ਤੇਜ ਗਤੀ ਦੇਣ ਵਾਲਾ ਅਗਲਾ ਵੱਡਾ ਚੇਹਰਾ 7ਵਾਂ ਰਾਸ਼ਟਰਪਤੀ ਹਸਨ ਰੋਹਾਨੀ ਹੈ ਜੋ 2013 ਤੋਂ ਸੱਤਾ ਵਿੱਚ ਹੈ। ਇਹ ਮਹੱਤਵਪੂਰਨ ਹੈ ਕਿ ਇਰਾਨੀ ਚੈਂਬਰ ਆਫ਼ ਕੌਮਰਸ ਦਾ ਮੁਖੀ ਅਮਰੀਕਾ ਵਿੱਚ ਪੜਿਆ ਨਵ-ਉਦਾਰਵਾਦੀ ਅਰਥਸ਼ਾਸਤਰੀ ਮੁਹੰਮਦ ਨਹਾਵਨਦੀਨ ਰਾਸ਼ਟਰਪਤੀ ਰੋਹਾਨੀ ਦਾ 'ਚੀਫ਼ ਆਫ਼ ਸਟਾਫ਼' ਹੈ। ਹਕੀਕਤ ਵਿੱਚ ਆਰਥਿਕ ਨੀਤੀਆਂ ਦੀ ਕੁੰਜੀ ਇਰਾਨੀ ਚੈਂਬਰ ਆਫ਼ ਕੌਮਰਸ ਦੇ ਹੱਥ ਵਿੱਚ ਹੈ। ਇਹਨੀ ਦਿਨੀਂ ' ਸਮਾਜਕ ਸੁਰੱਖਿਆ ਐਕਟ' ਦੇ ਨਾਂ 'ਤੇ ਘੋਰ ਮਜ਼ਦੂਰ ਵਿਰੋਧੀ ਬਿਲ ਮਨਜ਼ੂਰ ਕੀਤਾ ਗਿਆ ਹੈ ਜਿਸ ਦਾ ਸਾਰੇ ਇਰਾਨ ਵਿੱਚ ਮਜ਼ਦੂਰਾਂ, ਖੱਬੇਪੱਖੀ ਅਤੇ ਅਗਾਂਹਵਧੂ ਲੋਕਾਂ ਵੱਲੋਂ ਜ਼ਬਰਦਸਤ ਵਿਰੋਧ ਕੀਤਾ ਜਾ ਰਿਹਾ ਹੈ। ਨਵ ਉਦਾਰਵਾਦੀ ਨੀਤੀਆਂ ਲਾਗੂ ਕਰਨ ਤੋਂ ਬਾਅਦ ਪਹਿਲਾਂ ਤੋਂ ਹੀ ਵਧ ਰਹੇ ਅਮੀਰੀ ਗਰੀਬੀ ਦੇ ਪਾੜੇ ਵਿੱਚ ਬਹੁਤ ਤੇਜੀ ਨਾਲ਼ ਵਾਧਾ ਹੋਇਆ ਹੈ। ਜਿੱਥੇ 2% ਅਮੀਰ ਲੋਕ ਬੇਹੱਦ ਅਯਾਸ਼ੀ ਦਾ ਜੀਵਨ ਬਤੀਤ ਕਰ ਰਹੇ ਹਨ ਉਥੇ 33% ਅਬਾਦੀ ਗਰੀਬੀ ਰੇਖਾ ਤੋਂ ਹੇਠਾਂ ਗੁਜ਼ਾਰਾ ਕਰ ਰਹੀ ਹੈ। ਮੱਧ-ਵਰਗੀ ਅਬਾਦੀ ਵੀ ਭਾਰੀ ਆਰਥਿਕ ਦਬਾਅ ਵਿੱਚ ਜੀਅ ਰਹੀ ਹੈ।

ਸਾਮਰਾਜੀ ਦੇਸ਼ ਅਤੇ ਮੌਜੂਦਾ ਸੰਘਰਸ਼- ਲੰਮੇ ਸਮੇਂ ਤੋਂ ਇਰਾਨ ਦੀ ਆਰਥਿਕ ਘੇਰਾਬੰਦੀ ਵਿਚ 2015 ਦੇ ਪ੍ਰਮਾਣੂ-ਸਮਝੌਤੇ ਤਹਿਤ, ਬਾਹਰੀ ਵਪਾਰ ਸਬੰਧੀ ਕੁਝ ਰਿਆਇਤਾਂ ਦਿੱਤੀਆਂ ਗਈਆਂ ਸਨ। ਪਰ ਇਰਾਨ ਦੇ ਆਮ ਲੋਕਾਂ ਲਈ ਪਿਛਾਂਹਖਿੱਚੂ ਇਰਾਨੀ ਹਕੂਮਤ ਦੀਆਂ ਨੀਤੀਆਂ ਕਾਰਨ ਰਾਹਤ ਦੀ ਕੋਈ ਉਮੀਦ ਨਹੀਂ ਸੀ। ਅਮਰੀਕਾ ਵਿੱਚ ਸੱਜ ਪਿਛਾਖੜੀ ਟਰੰਪ ਦੇ ਆਉਣ 'ਤੇ ਇਹ ਸਮਝੌਤਾ ਵੀ ਖਟਾਈ ਵਿੱਚ ਪੈ ਗਿਆ। ਪਿਛਲੇ ਕਈ ਸਾਲਾਂ ਤੋਂ ਮੱਧ ਪੂਰਬ ਦਾ ਸਾਰਾ ਖਿੱਤਾ ਹੀ ਸਾਮਰਾਜੀ ਖਹਿਭੇੜ ਦਾ ਅਖਾੜਾ ਬਣਿਆ ਹੋਇਆ ਹੈ। ਪੂਰੇ ਖਿੱਤੇ ਦੇ ਤਣਾਅ-ਪੂਰਨ ਮਹੌਲ ਵਿੱਚ ਸਾਮਰਾਜੀ ਤਾਕਤਾਂ ਫ਼ਾਰਸ ਦੀ ਖਾੜੀ ਤੇ ਆਪਣਾ ਕੰਟਰੋਲ ਅਤੇ ਤੇਲ ਦੇ ਖਜਾਨਿਆਂ ਤੇ ਆਪਣੀ ਗਿਰਝ ਦ੍ਰਿਸ਼ਟੀ ਗੱਡੀ ਬੈਠੇ ਹਨ। ਇਸ ਵਾਸਤੇ ਉਹ ਇਰਾਨ ਦੇ ਸ਼ਾਹ ਪੱਖੀ ਗਰੁੱਪਾਂ ਅਤੇ ਘੋਰ ਪਿਛਾਂਹਖਿੱਚੂ ਅਨਸਰਾਂ ਤੇ ਟੇਕ ਰੱਖਦੇ ਹਨ। ਮੌਜੂਦਾ ਸੰਘਰਸ਼ ਦੇ ਸ਼ੁਰੂ ਹੁੰਦਿਆਂ ਹੀ ਅਮਰੀਕਨ ਸਾਮਰਾਜ ਸਾਊਦੀ ਅਰਬ ਦੀ ਪਿਛਾਖੜੀ ਜੁੰਡਲੀ ਅਤੇ ਇਜ਼ਰਾਇਲ ਦੀ ਘੋਰ ਸੱਜੇ ਪੱਖੀ ਹਕੂਮਤ ਨੇ ਸੰਘਰਸ਼ ਨੂੰ ਗੁਮਰਾਹ ਕਰਨ ਲਈ ਦਖਲ ਦੇਣਾ ਸ਼ੁਰੂ ਕਰ ਦਿੱਤਾ। ਇਹ ਇਰਾਨ ਵਿੱਚ ਵਰਤਮਾਨ ਪਿਛਾਂਹਖਿਚੂ ਹਕੂਮਤ ਦੀ ਥਾਂ ਇਹਨਾਂ ਦੇ ਅਨੁਸਾਰੀ ਘੋਰ ਪਿਛਾਂਹ ਖਿੱਚੂ ਅਤੇ ਸ਼ਾਹ ਪੱਖੀ ਤਾਨਾਸ਼ਾਹ ਹਕੂਮਤ ਲਿਆਉਣਾ ਚਾਹੁੰਦੇ ਹਨ। ਮੌਜੂਦਾ ਸੰਕਟ ਦੇ ਬਹਾਨੇ ਆਰਥਿਕ ਘੇਰੇਬੰਦੀ ਦੇ ਨਾਲ਼-ਨਾਲ਼ ਹਥਿਆਰ ਬੰਦ ਫੌਜੀ ਦਖ਼ਲਅੰਦਾਜੀ ਲਈ ਬਹਾਨੇ ਲੱਭ ਰਹੇ ਹਨ। ਪਰ ਇਰਾਨੀ ਮਜ਼ਦੂਰ ਜਮਾਤ ਅਤੇ ਆਮ ਅਬਾਦੀ ਹੁਣ ਇਹਨਾਂ ਦੇ ਮਗਰਮੱਛੀ ਹੰਝੂਆਂ ਨੂੰ ਸਮਝ ਗਈ ਹੈ ਫਿਰ ਵੀ ਇਰਾਨੀ ਲੋਕਾਂ ਸਾਹਮਣੇ ਆਪਣੇ ਸੰਘਰਸ਼ ਨੂੰ ਸਾਮਰਾਜੀ ਸਾਜਸ਼ਾਂ ਦਾ ਮੁਕਾਬਲਾ ਕਰ ਸਕਣ ਦੀ ਵੰਗਾਰ ਵੀ ਹੈ।

ਇਰਾਨੀ ਮਜ਼ਦੂਰ ਜਮਾਤ ਅਤੇ ਕਿਰਤੀ ਲੋਕਾਂ ਦਾ ਇਹ ਉਭਾਰ ਇੱਕ ਸਵਾਗਤਯੋਗ ਵਰਤਾਰਾ ਹੈ। ਇਰਾਨ ਦੇ ਇਤਿਹਾਸ ਦੇ ਹਰੇਕ ਨਵੇਂ ਸੰਘਰਸ਼ ਵਿੱਚ ਮਜ਼ਦੂਰਾਂ ਅਤੇ ਕਿਰਤੀਆਂ ਦੀ ਸ਼ਮੂਲੀਅਤ ਲਗਾਤਾਰ ਵਧੀ ਹੈ। ਮਜ਼ਦੂਰ ਲਹਿਰ ਵਿੱਚ ਵਧ ਰਹੀ ਇਹ ਮਿਕਦਾਰੀ ਤਬਦੀਲੀ ਜ਼ਰੂਰ ਹੀ ਸਿਫਤੀ ਤਬਦੀਲੀ ਵਿੱਚ ਬਦਲੇਗੀ। ਜਮਾਤੀ ਚੇਤਨਾ ਨਾਲ਼ ਲੈਸ ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਦੀ ਅਗਵਾਈ ਹੀ ਇਰਾਨ ਦੇ ਬਹਾਦਰ ਕਿਰਤੀ ਲੋਕਾਂ ਦੇ ਰੌਸ਼ਨ ਭਵਿੱਖ ਅਤੇ ਜਿੱਤ ਦੀ ਜਾਮਨੀ ਕਰ ਸਕਦੀ ਹੈ। ਇਰਾਨ ਦੇ ਕਿਰਤੀ ਲੋਕਾਂ ਦੀ ਇਸ ਸ਼ਾਨਦਾਰ ਪਹਿਲਕਦਮੀ ਦਾ ਸਵਾਗਤ ਹੈ।

ਲੇਖਕ ਮਲਕੀਤ ਸਿੰਘ (ਐਬਸਫੋਰਡ) ਦੇ ਗੰਭੀਰ ਅਤੇ ਚਲੰਤ ਮੁੱਦਿਆਂ ਉਪਰ ਲਿਖੇ ਲੇਖਾਂ ਨੂੰ ਪਾਠਕਾਂ ਵਲੋਂ ਹਮੇਸ਼ਾ ਹੀ ਭਰਵਾਂ ਹੁੰਗਾਰਾ ਮਿਲਿਆ ਹੈ। ਉਹਨਾਂ ਦੀ ਕਿਤਾਬ 'ਅਮਰੀਕਾ ਦੇ ਇਤਿਹਾਸ ਦੀਆਂ ਸੱਚੀਆਂ ਕਹਾਣੀਆਂ' ਵਿੱਚ 77 ਕਹਾਣੀਆਂ ਹਨ। ਪੇਸ਼ਕਾਰੀ ਕਹਾਣੀਨੁਮਾ ਹੋਣ ਕਰਕੇ ਇਹ ਪੜ੍ਹਨਯੋਗ ਹਨ। ਇਹਨਾਂ ਕਹਾਣੀਆਂ ਨੂੰ 'ਸਰੋਕਾਰਾਂ ਦੀ ਆਵਾਜ਼' ਵਿੱਚ ਲੜੀਵਾਰ ਛਾਪਿਆ ਜਾਵੇਗਾ। ਪਹਿਲੀ ਕਿਸ਼ਤ ਵਜੋਂ ਉਹਨਾਂ ਦੀਆਂ ਕੁਝ ਕਹਾਣੀਆਂ ਛਾਪਣ ਵਿੱਚ ਮਾਣ ਮਹਿਸੂਸ ਕਰ ਰਹੇ ਹਾਂ।





## ਇਕ ਅਮਾਨਤ

1828 ਦੀ ਪ੍ਰਧਾਨਗੀ ਦੀ ਚੋਣ ਐਂਡਰਿਊ ਜੈਕਸ਼ਨ ਅਤੇ ਜੌਹਨ ਕਿਊ ਐਡਮਜ਼, ਜਿਹੜਾ ਕਿ ਅਮਰੀਕਾ ਦਾ ਪ੍ਰਧਾਨ ਸੀ ਵਿਚਕਾਰ ਹੋਈ। ਐਂਡਰਿਊ ਜੈਕਸ਼ਨ 1767 ਵਿਚ ਆਇਰਸ਼ ਅਵਾਸੀ ਮਾਤਾ ਪਿਤਾ ਦੇ ਘਰ ਉਤਰੀ ਦੱਖਣੀ ਕਾਰੋਲੀਨਾ ਸੂਬੇ ਦੀ ਸਰਹੱਦ 'ਤੇ ਪੈਦਾ ਹੋਇਆ। ਉਹ ਅਜੇ ਮੁੰਡਾ ਹੀ ਸੀ ਜਦੋਂ ਉਹ ਘਰੋਂ ਨਿਕਲ ਗਿਆ ਅਤੇ ਟੀਨੀਸੀ ਸੂਬੇ ਵਿਚ ਜਾ ਵਸਿਆ। ਪਹਿਲਾਂ ਵਕੀਲ ਬਣਿਆ ਅਤੇ ਪ੍ਰਾਪਰਟੀ ਡੀਲਰ ਦਾ ਕੰਮ ਕਰਨ ਲੱਗ ਗਿਆ। ਫਿਰ ਕਪਾਹ ਦੀ ਖੇਤੀ ਕਰਨ ਲੱਗਿਆ। ਉਸ ਨੇ ਘੋੜੇ ਵੀ ਪਾਲੇ। ਸੂਬੇ ਵਿਚ ਉਸਦਾ ਨਾਂ ਕਾਫ਼ੀ ਪ੍ਰਸਿੱਧ ਹੋ ਗਿਆ ਅਤੇ ਰਾਜਨੀਤੀ ਵਿਚ ਹਿੱਸਾ ਲੈਣ ਲੱਗਿਆ।

ਉਹ ਜਦੋਂ ਵੀ ਕੋਈ ਚੋਣ ਲੜਦਾ ਸੀ ਤਾਂ ਉਸਦੇ ਵਿਆਹ ਦੀ ਗੱਲ ਉਸਦੇ ਵਿਰੋਧੀ ਖੂਬ ਉਛਾਲਦੇ ਸਨ। ਉਸਨੇ ਇਕ ਅਜਿਹੀ ਔਰਤ ਨਾਲ ਵਿਆਹ ਕਰਵਾ ਲਿਆ ਸੀ ਜਿਸ ਦਾ ਕਿ ਆਪਣੇ ਪਹਿਲੇ ਘਰ ਵਾਲੇ ਨਾਲ ਤਲਾਕ ਨਹੀਂ ਸੀ ਹੋਇਆ। ਜਦੋਂ ਲੋਕ ਚੋਣਾਂ ਸਮੇਂ ਉਸ ਤੇ ਇਹ ਦੋਸ਼ ਲਾਉਂਦੇ ਸਨ ਤਾਂ ਉਹ ਲੋਕਾਂ 'ਤੇ ਘਾਤਕ ਹਮਲਾ ਕਰ ਦਿੰਦਾ ਸੀ। ਇਸ ਤਰ੍ਹਾਂ ਉਹ ਕਈਆਂ ਨੂੰ ਪਾਰ ਵੀ ਬੁਲਾ ਚੁੱਕਾ ਸੀ ਕਿਉਂਕਿ ਉਹ ਆਪਣੀ ਪਤਨੀ ਦੀ ਖੁਨਾਮੀ ਸੁਣ ਨਹੀਂ ਸੀ ਸਕਦਾ।

ਖੈਰ ਜੈਕਸਨ ਨੇ ਐਂਡਮਜ਼ ਨੂੰ 178 ਦੇ ਮੁਕਾਬਲੇ 83 ਵੋਟਾਂਦੇ ਵੱਡੇ ਫਰਕ ਨਾਲ ਹਰਾਇਆ। ਉਸ ਦੀ ਜਿੱਤ ਕਾਰਨ ਅਮਰੀਕਾ ਦੇ ਅਮੀਰ ਵਰਗ ਵਿਚ ਨਾਮੋਸ਼ੀ ਛਾ ਗਈ ਅਤੇ ਉਨ੍ਹਾਂ ਦੇ ਵਿਚਾਰ ਅਨੁਸਾਰ ਦੁਨੀਆਂ ਦਾ ਖਾਤਮਾ ਹੋਣ ਵਾਲਾ ਸੀ ਕਿਉਂਕਿ ਉਸ ਨੂੰ ਜਨ-ਸਾਧਾਰਨ ਦਾ ਨੁਮਾਇੰਦਾ ਸਮਝਿਆ ਜਾਂਦਾ ਸੀ।

ਪ੍ਰਧਾਨ ਜੈਕਸਨ ਨੇ ਸਨੇਟਰ ਥਾਮਸ ਹਾਰਟ ਬੈਂਟਨ ਨੂੰ ਆਪਣਾ ਗ੍ਰਹਿ ਮੰਤਰੀ ਬਣਾਇਆ ਇਹ ਉਹੀ ਬੈਂਟਨ ਸੀ ਜਿਸ ਨਾਲ 1813 ਈ. ਵਿਚ ਇਕ ਆਪਸੀ ਲੜਾਈ ਸਮੇਂ ਉਸਦੇ ਮੋਢੇ ਵਿਚ ਗੋਲੀ ਵੱਜੀ ਅਤੇ 1832 ਤੱਕ ਉਥੇ ਹੀ ਫਸੀ ਰਹੀ ਸੀ। 1832 ਵਿਚ ਇਕ ਡਾਕਟਰ ਨੇ ਉਸਦੇ ਮੋਢੇ ਵਿਚੋਂ ਉਹ ਗੋਲੀ ਕੱਢ ਦਿੱਤੀ ਤਾਂ ਪ੍ਰਧਾਨ ਜੈਕਸ਼ਨ ਨੇ ਉਹ ਗੋਲੀ ਬੈਂਟਨ ਨੂੰ ਇਹ ਕਹਿੰਦਿਆਂ ਮੋੜਨੀ ਚਾਹੀ ਕਿ ਇਹ ਉਸਦੀ ਅਮਾਨਤ ਹੈ ਪਰ ਉਸਦੇ ਗ੍ਰਹਿ ਮੰਤਰੀ ਨੇ ਉਹ ਗੋਲੀ ਲੈਣ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ 20 ਸਾਲ ਕਿਉਂਕਿ ਗੋਲੀ ਜੈਕਸ਼ਨ ਦੇ ਕਬਜ਼ੇ ਵਿਚ ਰਹੀ ਹੈ ਇਸ ਲਈ ਗੋਲੀ ਦਾ ਮਾਲਕ ਹੁਣ ਐਂਡਰਿਊ ਜੈਕਸ਼ਨ ਹੀ ਹੈ।

• • •

## ਚੋਣ ਦੰਗਲ ਦੀ ਅਸਲੀਅਤ

ਜਾਰਜ ਵਾਸ਼ਿੰਗਟਨ ਅਮਰੀਕਾ ਦਾ ਪਹਿਲਾ ਰਾਸ਼ਟਰਪਤੀ ਸੀ ਜਿਹੜਾ ਦੋ ਵਾਰ 1789 ਅਤੇ 1792 ਵਿਚ ਰਾਸ਼ਟਰਪਤੀ ਚੁਣਿਆ ਗਿਆ। ਪਾਰਟੀ ਸਿਸਟਮ ਅਜੇ ਹੋਂਦ ਵਿਚ ਨਹੀਂ ਸੀ ਆਇਆ।

ਅਲੈਂਗਜ਼ੈਡਰ ਹਮਿਲਟਨ, ਜਾਰਜ ਵਾਸ਼ਿੰਗਟਨ ਦੇ ਰਾਜ ਕਾਲ ਵਿਚ ਖਜ਼ਾਨਾ ਮੰਤਰੀ ਸੀ। ਹਮਿਲਟਨ 1757 ਵਿਚ ਵੈਸਟ ਇੰਡੀਜ਼ ਵਿਚ ਜੰਮਿਆ ਅਤੇ ਅੱਲੜ ਵਰੇਸ ਵਿਚ ਹੀ ਨਿਊਯਾਰਕ ਆ ਵਸਿਆ। ਉਸਦਾ ਵਿਆਹ ਇਕ ਉਘੇ ਵਕੀਲ ਦੀ ਲੜਕੀ ਨਾਲ ਹੋਇਆ। ਹਮਿਲਟਨ ਬੜਾ ਅੱਖੜ, ਜਿੱਦੀ ਅਤੇ ਸ਼ਾਹਆਨਾ ਵਿਚਾਰਾਂ ਦਾ ਬੰਦਾ ਸੀ।

1804 ਦੀ ਗੱਲ ਹੈ, ਨਿਊਯਾਰਕ ਦੇ ਗਵਰਨਰ ਦੀ ਚੋਣ ਹੋਣੀ ਸੀ। ਆਰੋਨ ਬੁਰ ਚੋਣ ਲੜ ਰਿਹਾ ਸੀ। ਉਸਦਾ ਵਿਚਾਰ ਸੀ ਕਿ ਜਿੱਤਣ ਤੋਂ ਬਾਅਦ ਉਹ ਉਤਰੀ ਸੂਬਿਆਂ ਦਾ ਸੰਘ ਸਥਾਪਤ ਕਰੇਗਾ। ਚੋਣ ਲੜਨ ਦਾ ਆਰੋਨ ਬੁਰ ਦਾ ਇਹ ਦੂਜਾ ਮੌਕਾ ਸੀ।

ਚੋਣ ਦੰਗਲ ਵਿਚ ਹਮਿਲਟਨ ਵੀ ਇਕ ਧਿਰ ਬਣ ਗਿਆ ਜਿਸ ਕਰਕੇ ਆਰੋਨ ਬੁਰ ਦੂਜੀ ਵਾਰ ਵੀ ਚੋਣ ਹਾਰ ਗਿਆ। ਚੋਣ ਹਾਰਨ ਤੋਂ ਬਾਅਦ ਬੁਰ ਨੇ ਹਮਿਲਟਨ ਨੂੰ ਲੜਾਈ ਮੁਕਾਬਲੇ ਲਈ ਲਲਕਾਰਿਆ। ਹਮਿਲਟਨ ਦਿਲੋਂ ਅਜਿਹਾ ਚਾਹੁੰਦਾ ਤਾਂ ਨਹੀਂ ਸੀ ਪਰ ਇਹ ਸੋਚਦਿਆਂ ਕਿ ਕਿਤੇ ਦੁਨੀਆਂ ਉਸ ਨੂੰ ਡਰਪੋਕ ਨਾ ਸਮਝ ਲਵੇ ਮੁਕਾਬਲੇ ਲਈ ਤਿਆਰ ਹੋ ਗਿਆ।

ਇਹ ਅਦਭੁਤ ਲੜਾਈ ਮੁਕਾਬਲਾ ਅਲੈਂਗਜ਼ੈਂਡਰ ਹਮਿਲਟਨ ਅਤੇ ਆਰੋਨ ਬੁਰ ਵਿਚਕਾਰ 11 ਜੁਲਾਈ, 1804 ਨੂੰ ਸੁਬਹ ਨਿਊਯਾਰਕ ਵਿਚ ਹਡਸਨ ਦਰਿਆ ਦੇ ਪਾਰ ਵੀਹਾਵਕਨ ਜਗ੍ਹਾ 'ਤੇ ਹੋਇਆ। ਸੈਂਕੜਿਆਂ ਦੀ ਗਿਣਤੀ ਵਿਚ ਤਮਾਸ਼ਬੀਨ ਇਕੱਠੇ ਹੋ ਗਏ।

ਅਮਰੀਕਾ ਦਾ ਖਜ਼ਾਨਾ ਮੰਤਰੀ ਹਮਿਲਟਨ ਇਸ ਲੜਾਈ ਮੁਕਾਬਲੇ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋਗਿਆ ਅਤੇ ਤੀਜੇ ਦਿਨ ਉਸਦੀ ਦਰਦਨਾਕ ਹੋ ਗਈ।

ਇਸ ਤੋਂ ਬਾਅਦ ਬੁਰ ਪੱਛਮ ਵੱਲ ਨੂੰ ਚਾ ਗਿਆ। ਉਸ ਦਾ ਵਿਚਾਰ ਮਿਸੀਸੀਪੀ ਵਾਦੀ ਨੂੰ ਕੇਂਦਰੀ ਰਾਜ ਤੋਂ ਕਰਨ ਦਾ ਜਾਂ ਸਪੇਨ ਦੀਆਂ ਬਸਤੀਆਂ 'ਤੇ ਕਬਜ਼ਾ ਕਰਨ ਦਾ ਜਾਂ ਡਾਕੂਆਂ ਵਾਂਗੂੰ ਪੱਛਮੀ ਲੋਕਾਂ ਦੀ ਲੁੱਟਮਾਰ ਕਰਨ ਦਾ ਸੀ। 1807 ਵਿਚ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਦੇਸ਼ ਧਰੋਹੀ ਦਾ ਮੁਕੱਦਮਾ ਉਸ 'ਤੇ ਚਲਾਇਆ ਗਿਆ। ਠੋਸ ਸਬੂਤ ਨਾ ਹੋਣ ਕਾਰਨ ਉਹ ਬਰੀ ਹੋ ਗਿਆ ਅਤੇ ਮੁੜ ਨਿਊਯਾਰਕ ਆ ਵਸਿਆ। 77 ਸਾਲ ਦੀ ਉਮਰ ਵਿਚ ਉਸਨੇ ਇਕ ਅਮੀਰ ਵਿਧਵਾ ਨਾਲ ਵਿਆਹ ਕਰਵਾ ਲਿਆ ਪਰ ਦੋ ਸਾਲ ਬਾਅਦ ਉਸ ਵਿਧਵਾ ਨੇ ਇਹ ਦੋਸ਼ ਲਾ ਕੇ ਉਸ ਨੂੰ ਤਲਾਕ ਦੇ ਦਿੱਤਾ ਕਿ ਉਹ ਬੇਵਫਾ ਹੈ।

• • •

## ਭੇਡੂ ਦਾ ਲਹੂ

ਅਮਰੀਕਾ ਦੇ ਇਤਿਹਾਸ ਦੇ ਮੁਢਲੇ ਸਮਿਆਂ ਦੀ ਰੋਜ਼ਰ ਵਿਲੀਅਮ ਦੀ ਕਹਾਣੀ ਬੜੀ ਵਚਿੱਤਰ ਹੈ। ਉਹ ਵੀ ਐਨ ਹਚਸਨ ਵਾਂਗ ਬੜਾ ਨਿਵੇਕਲਾ ਬੰਦਾ ਸੀ। ਉਹ ਬੜਾ ਦਲੇਰ, ਬੁੱਧੀਮਾਨ ਅਤੇ ਨਿੱਘੇ ਸੁਭਾਅ ਦਾ ਸੀ ਪਰ ਸੀ ਬੜਾ ਬੜਬੋਲਾ।

ਉਹ ਪ੍ਰੋਟੈਸਟੈਂਟ ਪਾਦਰੀ ਵਜੋਂ ਮਸਾਸੀਚਿਊਟ ਵਿਚ ਆ ਵੱਸਿਆ ਅਤੇ ਆਪਣੀ ਧਾਰਮਿਕ ਡਿਊਟੀ ਕਰਨ ਲੱਗਿਆ ਪਰ ਉਸਦਾ ਮਨ ਬੜਾ ਅਸ਼ਾਂਤ ਅਤੇ ਘੋਖੀ ਸੀ। ਇਕ ਦਿਨ ਉਸ ਨੇ ਇਹ ਆਖਿਆ ਕਿ ਉਸਦੇ ਸਮੇਤ ਉਸਦੇ ਸਾਥੀ ਪਾਦਰੀਆਂ ਜਾਂ ਦੂਜੇ ਧਾਰਮਿਕ ਫਿਰਕਿਆਂ ਦੇ ਆਗੂਆਂ ਨੂੰ, ਕਿਸੇ ਨੂੰ ਵੀ ਖੁਦਾ ਦੇ ਦਰਸ਼ਨ ਨਸੀਬ ਨਹੀਂ ਹੋਏ। ਉਸ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਸੱਚ ਬਾਰੇ ਅੰਤਮ ਨਿਰਣਾ ਕੀ ਹੈ; ਇਸ ਬਾਰੇ ਅਜੇ ਤੱਕ ਕਿਸੇ ਨੂੰ ਕੋਈ ਗਿਆਨ ਨਹੀਂ ਹੈ-ਅਜੇ ਤਾਂ ਸੱਚ ਦੀ ਤਲਾਸ਼ ਜਾਰੀ ਹੈ ਇਸ ਲਈ ਸਭ ਲੋਕਾਂ ਨੂੰ ਧਾਰਮਿਕ ਅਤੇ ਬੌਧਿਕ ਅਜ਼ਾਦੀ ਹੋਣੀ ਚਾਹੀਦੀ ਹੈ। ਉਸ ਨੇ ਇਸ ਗੱਲ 'ਤੇ ਵੀ ਕਿੰਤੂ ਕੀਤਾ ਕਿ ਗੋਰੇ ਲੋਕ ਪਾਦਰੀਆਂ ਸਮੇਤ ਅਮਰੀਕਾ ਦੇ ਮੂਲ ਵਾਸ਼ਿੰਦਿਆਂ ਨੂੰ ਉਜਾੜ ਕੇ ਉਹਨਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰ ਰਹੇ ਹਨ। ਇਹ ਗੱਲਾਂ ਉਹ ਜ਼ੋਰ ਸ਼ੋਰ ਨਾਲ ਪ੍ਰਚਾਰਦਾ ਸੀ ਅਖੀਰ ਉਸਦੇ ਵਿਚਾਰਾਂ ਤੋਂ ਡਰਦੇ ਹਾਕਮਾਂ ਨੇ ਉਸ ਨੂੰ ਦੇਸ਼ ਨਿਕਾਲਾ ਦੇ ਦਿੱਤਾ।

ਹੋਡ ਆਪੂ ਤੇ ਉਸਦੀ ਅਗਵਾਈ ਵਿਚ ਬਹੁਤ ਸਾਰੇ ਲੋਕ ਉਸਦੇ ਨਾਲ ਹੀ ਆ ਗਏ। ਉਨ੍ਹਾਂ ਨੇ ਮਿਲ ਕੇ ਟਾਪੂ ਤੇ ਲੋਕਤੰਤਰੀ ਸਰਕਾਰ ਸਥਾਪਤ ਕੀਤੀ। ਬ੍ਰਿਟਿਸ਼ ਪਾਰਲੀਮੈਂਟ ਤੋਂ ਇਸ ਦੀ ਮਨਜ਼ੂਰੀ ਵੀ ਲੈ ਲਈ। ਥੋੜ੍ਹੇ ਚਿਰ ਵਿਚ ਹੀ ਇਹ ਟਾਪੂ ਅਮਰੀਕਾ ਵਿਰੋਧੀਆਂ ਦਾ ਗੜ੍ਹ ਬਣ ਗਿਆ ਅਤੇ ਉਹ ਗੁਆਂਢੀ ਰਾਜਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਗਿਆ। ਉਸਨੇ ਇਕ ਕਿਤਾਬ ਲਿਖੀ ਜਿਸ ਦਾ ਨਾਂ 'ਜ਼ਮੀਰ ਦੀ ਆਵਾਜ਼, ਬੁਲੰਦ ਕਰਨ ਵਾਲਿਆਂ ਵਿਰੁੱਧ ਹੋਛੇ ਹੱਥ ਕੰਢੇ' ਸੀ। ਇਸ ਵਿਚ ਉਸ ਨੇ ਇਹ ਵਿਚਾਰ ਪ੍ਰਗਟ ਕੀਤਾ ਕਿ ਹਮਖਿਆਲ ਬੰਦੇ ਮਿਲਕੇ ਆਪਣਾ ਧਰਮ ਸਥਾਪਤ ਕਰ ਸਕਦੇ ਹਨ ਅਤੇ ਸਰਕਾਰ ਵਲੋਂ ਇਸ ਨੂੰ ਰਜਿਸਟਰਡ ਕੰਪਨੀਆਂ ਵਾਂਗ ਮਨਜ਼ੂਰੀ ਮਿਲਣੀ ਚਾਹੀਦੀ ਹੈ। ਉਸਦੇ ਇਸ ਵਿਚਾਰ ਦੇ ਜਵਾਬ ਵਿਚ ਬੋਸਟਨ ਦੇ ਪਾਦਰੀ ਜੋਹਨ ਕਾਟਨ ਨੇ ਇਕ ਪੱਤਰ ਲਿਖਿਆ। ਇਸ ਪੱਤਰ ਦਾ ਜਵਾਬ ਰੋਜ਼ਰ ਨੇ ਇਕ ਹੋਰ ਕਿਤਾਬ 'ਹੋਛੇ ਹੱਥ ਕੰਢੇ ਜਿਹਨਾਂ ਨੂੰ ਬੇਦੋਸ਼ਿਆਂ ਦੇ ਖੂਨ ਨਾਲ ਧੋ ਕੇ ਪਰੋਸਣ ਦਾ ਯਤਨ ਹੋਇਆ ਹੈ' ਲਿਖੀ।

ਇਸ ਤੇ ਉਸਦੇ ਵਿਰੋਧੀ ਇੰਨੇ ਡਰ ਗਏ ਕਿ ਉਸ ਨੂੰ ਹੋਡ ਟਾਪੂ ਵਿਚੋਂ ਵੀ ਨਿਕਲਣ ਦਾ ਹੁਕਮ ਦਿਵਾ ਦਿੱਤਾ। ਰੋਜ਼ਰ ਵਿਲੀਅਮ ਨੂੰ ਮਨੁੱਖੀ ਅਧਿਕਾਰਾਂ ਦਾ ਪਿਤਾਮਾ ਮੰਨਿਆ ਜਾਂਦਾ ਹੈ।

• • •

## ਇਕ ਸੰਨਿਆਸਨ

ਹੋਡ ਦਾ ਟਾਪੂ ਅਮਰੀਕਾ ਦੇ ਪੂਰਬੀ ਤੱਟ 'ਤੇ ਸਥਿਤ ਹੈ, 1630 ਈ. ਵਿਚ ਇਸ ਟਾਪੂ 'ਤੇ ਕੁਝ ਅਜਿਹੇ ਲੋਕ ਆ ਵਸੇ ਜਿਨ੍ਹਾਂ ਨੂੰ ਮਸਾਸੀਚਿਊਟ ਸੂਬੇ ਵਿਚੋਂ ਧਾਰਮਿਕ ਕਾਰਨਾਂ ਕਰਕੇ ਕੱਢ ਦਿੱਤਾ ਗਿਆ ਸੀ। ਇਨ੍ਹਾਂ'ਤੇ ਇਲਜ਼ਾਮ ਲਾਏ ਗਏ ਕਿ ਉਹ ਕਾਲਾ ਇਲਮ ਕਰਦੇ ਹਨ ਅਤੇ ਜਾਦੂ ਟੂਣੇ ਕਰਦੇ ਹਨ।

ਇਨ੍ਹਾਂ ਦੋਸ਼ੀਆਂ ਦੀ ਸੂਚੀ ਵਿਚ ਐਨ ਹਚਸਨ ਅਤੇ ਰੋਜ਼ਰ ਵਿਲੀਅਮ ਸਨ। ਮਿਸਜ਼ ਹਚਸਨ ਨੂੰ ਧਾਰਮਿਕ ਸੰਨਿਆਸਨ ਅਤੇ ਔਰਤਾਂ ਦੇ ਹੱਕਾਂ ਦੀ ਰੱਖਿਅਕ ਵਜੋਂ ਜਾਣਿਆ ਜਾਂਦਾ ਸੀ। ਉਸ ਬਾਰੇ ਇਹ ਮਸ਼ਹੂਰ ਕਰ ਦਿੱਤਾ ਗਿਆ ਕਿ ਉਹ ਨੀਮ ਪਾਗਲ ਔਰਤ ਹੈ ਜਿਹੜੀ ਹਰ ਥਾਂ ਟੰਗ ਅੜਾ ਕੇ ਗੜਬੜ ਕਰਦੀ ਹੈ। ਉਸਦਾ ਘਰਵਾਲਾ ਸਾਧਾਰਨ ਕਿਸਮ ਦਾ ਰੰਨ-ਮੁਰੀਦ ਆਦਮੀ ਸੀ। ਇਕ ਦਿਨ ਹਚਸਨ ਨੇ ਸਰੇ ਬਾਜ਼ਾਰ ਐਲਾਨ ਕੱਢ ਮਾਰਿਆ ਕਿ ਮਸਾਸੀਚਿਊਟ ਸੂਬੇ ਦੇ ਸਾਰੇ ਪਾਦਰੀ ਝੂਠੇ ਅਤੇ ਮਕਾਰ ਹਨ। ਉਨ੍ਹਾਂ ਨੂੰ ਕਦੇ ਵੀ ਜੀਸਿਸ ਦੇ ਦਰਸ਼ਨ ਨਹੀਂ ਹੋਏ। ਉਹ ਝੂਠ ਅਤੇ ਫਰੇਬ ਕਰਕੇ ਸਾਰੀ ਜਨਤਾ ਨੂੰ ਦੋਜ਼ਖ਼ ਵਿਚ ਧੱਕ ਰਹੇ ਹਨ। ਹਚਸਨ ਵਲੋਂ ਇਸ ਤਰ੍ਹਾਂ ਦੇ ਜਿਹੜੇ ਇਲਜ਼ਾਮ ਧਾਰਮਿਕ ਸ਼ਖਸੀਅਤਾਂ 'ਤੇ ਲਾਏ ਗਏ ਉਨ੍ਹਾਂ ਨਾਲ ਲੋਕਾਂ ਵਿਚ ਹਲਚਲ ਮੱਚ ਗਈ। ਲੋਕ ਧਾਰਮਿਕ ਆਗੂਆਂ ਨੂੰ ਸ਼ੱਕ ਦੀਆਂ ਨਿਗਾਹਾਂ ਨਾਲ ਦੇਖਣ ਲੱਗੇ। ਸਾਰੇ ਸੂਬੇ ਵਿਚ ਅਸ਼ਾਂਤੀ ਫੈਲ ਗਈ। ਪਾਦਰੀਆਂ ਦਾ ਸਾਰਾ ਧੰਦਾ ਚੌਪਟ ਹੋ ਗਿਆ। ਇਸ ਤੋਂ ਪਾਦਰੀ ਬੜੇ ਚਿੰਤਤ ਹੋ ਉਠੇ। ਉਨ੍ਹਾਂ ਨੇ ਇਕੱਠੇ ਹੋ ਕੇ ਜੌਹਨ ਵਿਨਥਰਾਪ ਨੂੰ ਬੇਨਤੀ ਕੀਤੀ, ਜਿਹੜਾ ਕਿ, ਸੂਬੇ ਦਾ ਬੜਾ ਧਨਾਢ ਅਤੇ ਅਸਰ ਰਸੂਖ ਵਾਲਾ ਆਦਮੀ ਸੀ। ਇਹ ਬੰਦਾ ਸੂਬੇ ਦੀ ਸਰਕਾਰ ਵੀ ਸੀ।

ਇਕ ਦਿਨ ਹਚਸਨ ਨੇ ਇਹ ਐਲਾਨ ਵੀ ਕਰ ਦਿੱਤਾ ਕਿ ਉਸਨੇ ਯਿਸੂ ਮਸੀਹ ਦੇ ਦਰਸ਼ਨ ਕੀਤੇ ਹਨ ਅਤੇ ਉਹ ਉਸ 'ਤੇ ਮਿਹਰਬਾਨ ਹੋਇਆ ਹੈ ਤੇ ਹੁਣ ਉਹ ਇਹ ਜਾਣਦੀ ਹੈ ਕਿ ਪ੍ਰਮਾਤਮਾ ਦੀ ਕੀ ਮਰਜ਼ੀ ਹੈ? ਖੌਫਜ਼ਦਾ ਹੋਏ ਪਾਦਰੀਆਂ ਨੇ ਉਸ 'ਤੇ ਸਦਾਚਾਰਕ ਕਦਰਾਂ ਕੀਮਤਾਂ ਅਤੇ ਧਾਰਮਿਕ ਅਵੱਗਿਆ ਦੇ ਦੋਸ਼ ਲਗਾ ਕੇ ਉਸਨੂੰ ਦੇਸ਼ ਬਦਰ ਕਰਵਾ ਦਿੱਤਾ। 1638 ਵਿਚ ਉਹ ਹੋਡ ਟਾਪੂ ਵਿਚ ਆ ਵਸੀ ਅਤੇ 1642 ਵਿਚ ਨਿਊਯਾਰਕ ਚਲੀ ਗਈ ਜਿਥੇ ਕਿ ਉਸ ਨੂੰ 1643 ਵਿਚ ਪਾਦਰੀਆਂ ਦੇ ਕਿਸੇ ਭਾੜੇ ਦੇ ਆਦਮੀ ਨੇ ਕਤਲ ਕਰ ਦਿੱਤਾ।

• • •

## ਲੱਗੀਆਂ ਦੇ ਬੋਲ ਪੁਗਾਏ

ਐਂਡਰਿਊ ਜੈਕਸ਼ਨ ਜਦੋਂ ਅਮਰੀਕਾ ਦਾ ਪ੍ਰਧਾਨ ਸੀ ਤਾਂ ਸਕਾਚ-ਆਇਰਸ਼ ਮਾਪਿਆਂ ਦੀ ਔਲਾਦ ਜੋਹਨ ਕਾਲਨ ਲੜਾਈ ਦੇ ਮੰਤਰੀ ਵਜੋਂ ਬੜਾ ਤਾਕਤਵਰ ਬਣ ਗਿਆ। ਅਰਸੋਂ ਫਰਸ਼ 'ਤੇ ਵੀ ਆਉਂਦਿਆਂ ਦੇਰ ਨਹੀਂ ਲੱਗਦੀ।

ਜੈਕਸ਼ਨ ਦਾ ਜਿਗਰੀ ਮਿੱਤਰ ਜੌਹਨ ਐਚਈਟਨ ਸੀ। ਉਸਨੇ ਜੈਕਸ਼ਨ ਅਤੇ ਉਸਦੇ ਘਰਵਾਲੀ ਦੀ ਮਰਜ਼ੀ ਅਨੁਸਾਰ ਇਕ ਅਜਿਹੀ, ਔਰਤ ਨਾਲ ਵਿਆਹ ਰਚਾ ਲਿਆ ਜਿਹੜੀ ਹੁਸਨਪਰੀ ਕਰਕੇ ਮਸ਼ਹੂਰ ਸੀ। ਉਸਦਾ ਪਿਤਾ ਪੈਰੀ ਓ ਨੀਲ ਇਕ ਸ਼ਰਾਬਖਾਨੇ ਦਾ ਮਾਲਕ ਸੀ। ਉਸਦੇ ਸ਼ਰਾਬਖਾਨੇ ਵਿਚ ਗਾਹਕਾਂ ਦੀ ਭੀੜ ਜੁੜੀ ਰਹਿੰਦੀ ਸੀ ਕਿਉਂਕਿ ਸਾਰਾ ਸ਼ਹਿਰ ਉਸਦੀ ਲੜਕੀ ਪੈਗੀ ਦਾ ਦੀਵਾਨਾ ਸੀ। ਪੈਗੀ ਵੀ ਅਜਿਹੇ ਸ਼ਰਾਬੀ ਗਾਹਕਾਂ ਨਾਲ ਘੁਲੀ ਮਿਲੀ ਰਹਿੰਦੀ।

ਪਰ ਅਮੀਰਾਂ ਵਜ਼ੀਰਾਂ ਅਤੇ ਧਨਾਢਾਂ ਦੀਆਂ ਸਾਰੀਆਂ ਔਰਤਾਂ ਨੇ ਪੈਗੀ ਦੇ ਖਿਲਾਫ਼ ਇਕ ਮੋਰਚਾ ਬਣਾਇਆ ਹੋਇਆ ਸੀ। ਜੈਕਸ਼ਨ ਅਤੇ ਉਸਦੇ ਘਰ ਵਾਲੀ ਵਾਂਗੂੰ ਇਸ ਜੋੜੀ ਨੂੰ ਵੀ ਇਕ ਕਿਸਮ ਨਾਲ ਰਾਜਧਾਨੀ ਦੇ ਉਚ ਸਮਾਜ ਵਿਚੋਂ ਛੇਕਿਆ ਹੋਇਆ ਸੀ। ਇਸ ਮੋਰਚੇਬੰਦੀ ਦਾ ਆਗੂ ਜੋਹਨ ਕਾਲਨ ਲੜਾਈ ਮੰਤਰੀ ਸੀ। ਜੈਕਸ਼ਨ ਨੇ ਕੀ ਕੀਤਾ ਜੋਹਨ ਕਾਲਨ ਦੀ ਛੁੱਟੀ ਕਰ ਦਿੱਤੀ ਅਤੇ ਲੜਾਈ ਮੰਤਰੀ ਆਪਣੇ ਮਿੱਤਰ ਪੈਗੀ ਦੇ ਪਤੀ ਜੌਹਨ ਐਚਈਟਨ ਨੂੰ ਬਣਾ ਦਿੱਤਾ। ਜੈਕਸ਼ਨ, ਮੰਤਰੀ ਮੰਡਲ ਦੀਆਂ ਮੀਟਿੰਗਾਂ ਵਿਚ ਜੇ ਕਦੇ ਕੋਈ ਗੱਲ ਉਨ੍ਹਾਂ ਦੇ ਖਿਲਾਫ਼ ਕਹਿੰਦਾ ਤਾਂ ਉਸਦੇ ਗੱਲ ਪੈ ਜਾਂਦਾ। ਉਹ ਪੈਗੀ ਨੂੰ ਇਕ ਨੇਕ ਔਰਤ ਆਖਦਾ ਸੀ।

ਇਸ ਇਲਜ਼ਾਮ-ਤਰਾਸ਼ੀ ਤੋਂ ਸਤ ਕੇ ਜੈਕਸ਼ਨ ਨੇ ਆਪਣਾ ਮੰਤਰੀ ਮੰਡਲ ਭੰਗ ਕਰ ਦਿੱਤਾ ਅਤੇ ਆਪਣੇ ਮਿੱਤਰ ਡਾ. ਜੌਹਨ ਐਚ ਈਟਨ ਦਾ ਪੱਖ ਪੂਰਨ ਲਈ ਉਸ ਨੂੰ ਫਲੋਰੀਡਾ ਦਾ ਗਵਰਨਰ ਨਿਯੁਕਤ ਕਰਕੇ ਧੁਰ ਦੱਖਣ ਵਿਚ ਭੇਜ ਦਿੱਤਾ ਤਾਂ ਕਿ ਵਾਸ਼ਿੰਗਟਨ ਵਿਚ ਹੋ ਰਹੀ ਰੋਜ਼ ਰੋਜ਼ ਦੀ ਤਾਹਨੇਬਾਜ਼ੀ ਤੋਂ ਛੁਟਕਾਰਾ ਪਾਇਆ ਜਾ ਸਕੇ।

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਕਰ ਸਕਦੀ ਬੰਦ ਆਵਾਜ਼ ਨਾ..

ਸੱਚ ਨਾਲ ਲੰਕੇਸ਼ ਅੱਜ ਭਰ ਗਈ
ਮਾਂ ਧਰਤੀ ਦੀ ਝੋਲੀ,
ਕਰ ਸਕਦੀ ਬੰਦ ਆਵਾਜ਼ ਨਾ,
ਤੇਰੀ ਗੂੰਗੀ ਗੋਲੀ।
ਕਈ ਜੈਮਲ ਫੱਡੇ ਖੋਹ ਲਏ,
ਖੋਹੇ ਪਾਸ਼ ਬਥੇਰੇ,
ਲੋਅ ਬਲਦੀ ਰੱਖੀ ਜੁਗਨੂੰਆਂ
ਭਾਵੇਂ ਘੁੱਪ ਹਨ੍ਹੇਰੇ,
ਸਾਨੂੰ ਸੁਰਖ ਸਵੇਰਾ ਸੋਂਹਦਾ
ਤੈਨੂੰ ਖੂਨੀ ਹੋਲੀ,
ਕਰ ਸਕਦੀ ਬੰਦ ਆਵਾਜ਼ ਨਾ ਤੇਰੀ...

ਹੱਕਾਂ ਦਾ ਹੋਕਾ ਦੇ ਗਿਆ,
ਸਾਡਾ ਪੰਸਾਰੇ
ਓਹਦੇ ਬੋਲ ਫਿਜ਼ਾ 'ਚ ਗੂੰਜਦੇ
ਤੈਨੂੰ ਲਲਕਾਰੇ,
ਕਈ ਨਰਿੰਦਰ ਵਿਚ ਕਤਾਰ ਦੇ
ਬੜੀ ਲੰਮੀ ਟੋਲੀ,
ਕਰ ਸਕਦੀ ਬੰਦ ਆਵਾਜ਼ ਨਾ ਤੇਰੀ...

ਨਿੱਤ ਉਗਣੇ ਨਿੱਤ ਡੁੱਬਣੇ
ਇਹ ਤਾਰੇ ਸਰਘੀ,
ਚੱਕ ਕਲਮ ਹੱਥਾਂ 'ਚ ਲੈਣਗੇ
ਕਿੰਨੇ ਅੱਜ ਕੁਲਬਰਗੀ।
ਰਲ ਬਦਲਾ ਲੈਣਾ ਅਣਖ ਦਾ
ਜੋ ਪੈਰੀਂ ਰੋਲੀ,
ਕਰ ਸਕਦੀ ਬੰਦ ਆਵਾਜ਼ ਨਾ
ਗੂੰਗੀ ਬੋਲੀ।

- ਸ਼ਿਵਰਾਜ ਖੁੰਡੇ ਹਲਾਲ

## ਨਿਊਟਨ ਜੇ ਪੰਜਾਬੀ ਹੁੰਦਾ




ਨਿਊਟਨ ਜੇ ਪੰਜਾਬੀ ਹੁੰਦਾ,
ਪਿੰਡ ਸਾਡੇ ਵਿਚ ਜੰਮਿਆ ਹੁੰਦਾ,
ਗਲ ਵਿਚ ਕੈਂਠਾ, ਹੇਠ ਚਾਦਰਾ
ਸਿਰ 'ਤੇ ਪਰਨਾ ਬੰਨ੍ਹਿਆ ਹੁੰਦਾ।

ਘਰ ਵਿਚ ਕੁੱਕੜ, ਕਬੂਤਰ ਹੁੰਦੇ,
ਸੱਤ ਮੱਝਾਂ, ਇਕ ਕੁੱਤਾ ਹੁੰਦਾ,
ਭੇਡਾਂ ਬੱਕਰੀਆਂ ਲੈ ਦੁਪਹਿਰੇ,
ਸੇਬ ਦੇ ਰੁੱਖ ਹੇਠ ਸੁੱਤਾ ਹੁੰਦਾ।

ਜਦ ਦਰਖਤ ਤੋਂ ਸੇਬ ਡਿੱਗ ਕੇ,
ਸਿਰ ਓਸਦੇ ਵੱਜਿਆ ਹੁੰਦਾ,
ਉਠ ਜ਼ਮੀਨ ਤੋਂ ਰੌਲਾ ਪਾ ਕੇ,
ਮਾਂ ਆਪਣੀ ਵੱਲ ਭੱਜਿਆ ਹੁੰਦਾ।

ਉਹ ਓਸ ਨਾਲ ਲਾਡ ਲਡਾਉਂਦੀ,
ਰੌਲਾ ਵੀ ਓਹਨੇ ਪਾਇਆ ਹੁੰਦਾ,
ਆਂਢ ਗੁਆਂਢ ਇਕੱਠਾ ਹੋ ਕੇ,
ਘਰ ਉਨ੍ਹਾਂ ਦੇ ਆਇਆ ਹੁੰਦਾ।

ਕੋਈ ਕਹਿੰਦਾ ਬਚਾਅ ਹੋ ਗਿਆ,
ਨਹੀਂ ਤਾਂ ਹੁਣ ਨੂੰ ਮੋਇਆ ਹੁੰਦਾ,
ਜਾਂ ਸੇਬ ਜੇ ਅੱਖ ਤੇ ਵੱਜਦਾ,
ਨਿਊਟਨ ਕਾਣਾ ਹੋਇਆ ਹੁੰਦਾ।

ਜੱਬ ਦੀ ਹੋਣੀ ਮੰਨ ਕੇ ਸਭਨਾਂ,
ਨਿਊਟਨ ਚੁੱਪ ਕਰਾਇਆ ਹੁੰਦਾ,
ਲੈ ਤਵੀਤ ਕਿਸੇ ਬਾਬੇ ਕੋਲੋਂ
ਗਲ ਟਿਊਟਨ ਦੇ ਪਾਇਆ ਹੁੰਦਾ।

ਨਿਊਟਨ ਕਿਉਂ ਦਾ ਖਹਿੜਾ ਛੱਡਦਾ,
ਵਹਿਮਾਂ ਪਿਛੇ ਤੁਰਿਆ ਹੁੰਦਾ,
ਗੁਰੂਤਾ ਬਲ ਦਾ ਫੁਰਨਾ ਉਸ ਨੂੰ,
ਫੇਰ ਕਦੇਨਾ ਫੁਰਿਆ ਹੁੰਦਾ...

# ਸਾਧਾਂ ਸੰਤਾਂ ਦੀ ਮਾਨਤਾ ਕਰਨ ਵਾਲਾ ਬੰਦਾ ਕਿਵੇਂ ਪਦਾਰਥਵਾਦੀ ਬਣਿਆ-ਬਾਬਾ ਬੂਝਾ ਸਿੰਘ

- ਅਜਮੇਰ ਸਿੱਧੂ

**ਜੀਵਨ ਝਾਤ**

**ਜਨਮ ਮਿਤੀ :** ਅਨੁਸਾਰ ਬਾਬਾ ਬੂਝਾ ਸਿੰਘ ਦਾ ਜਨਮ ਸਾਲ 1888 ਹੈ। 'ਸ਼ਹੀਦਾਂ ਦੀ ਵੰਗਾਰ' ਪੁਸਤਕ ਅਨੁਸਾਰ ਉਨ੍ਹਾਂ ਦੇ ਭਰਾ ਯੁਗੇਸ਼ਰ ਸਿੰਘ ਦੇ ਹਵਾਲੇ ਨਾਲ 1899 ਜਨਮ ਸਾਲ ਲਿਖਿਆ ਹੋਇਆ ਹੈ। ਇੰਡੀਆ ਆਫ਼ਿਸ ਰਿਕਾਰਡਜ਼ ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਐਕਟੀਵਿਟੀ ਇਨ ਅਰਜਨਟਾਈਨਾ ਫਾਈਲ ਨੰਬਰ 12/490 ਅਤੇ ਪਾਸਪੋਰਟ ਮੁਤਾਬਕ 19 ਦਸੰਬਰ 1903 ਹੈ। 'ਹੁਣ' (ਜੂਨ-ਨਵੰਬਰ 2005) ਮੈਗਜ਼ੀਨ ਵਿਚ ਅਮਰਜੀਤ ਚੰਦਨ ਨੇ ਬਾਬਾ ਭਗਤ ਸਿੰਘ ਬਿਲਗਾ ਦੇ ਹਵਾਲੇ ਨਾਲ ਜਨਮ ਸਾਲ 1895 ਲਿਖਿਆ ਹੈ।


**ਹੋਰ ਜਾਣਕਾਰੀ :** ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਦੇ ਰਿਕਾਰਡਜ਼ ਵਿਚ ਪਾਸਪੋਰਟ ਦੇ ਹਵਾਲੇ ਨਾਲ ਕੌਮੀਅਤ-ਬ੍ਰਿਟਿਸ਼ ਇੰਡੀਅਨ, ਕਿੱਤਾ-ਡੇ ਲੇਬਰ/ ਦਿਨ ਦੀ ਮਜ਼ਦੂਰੀ, ਕੱਦ-172 ਸੈਂਟੀਮੀਟਰ, ਸਰੀਰਕ ਬਣਤਰ-ਗੱਭਲੇ ਮੇਲ ਦੀ, ਰੰਗ-ਕਣਕ ਵੰਨਾ, ਵਾਲ-ਕਾਲੇ ਅਤੇ ਕਲੀਨ ਸ਼ੇਵਡ ਲਿਖਿਆ ਹੋਇਆ ਹੈ। ਜਨਮ ਸਥਾਨ : ਪਿੰਡ ਚੱਕ ਮਾਈਦਾਸ, ਥਾਣਾ ਬੰਗਾ, ਤਹਿਸੀਲ ਨਵਾਂ ਸ਼ਹਿਰ,

ਜ਼ਿਲਾ ਜਲੰਧਰ (ਅੱਜ ਕੱਲ ਜ਼ਿਲਾ ਨਵਾਂ ਸ਼ਹਿਰ)। ਇਹ ਪਿੰਡ ਜਲੰਧਰ ਚੰਡੀਗੜ੍ਹ ਰਾਜ ਮਾਰਗ ਉੱਪੈ ਬੰਗਾ ਅਤੇ ਫ਼ਗਵਾੜਾ ਦੇ ਵਿਚਕਾਰ ਦੱਖਣ ਵਾਲੇ ਪਾਸੇ ਇੱਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪਿੰਡ ਚੱਕ ਮਾਈਦਾਸ ਦੀ ਬਹਿਰਾਮ ਤੋਂ ਦੂਰੀ ਤਿੰਨ ਕਿਲੋਮੀਟਰ, ਬੰਗਾ ਤੋਂ 13 ਕਿਲੋਮੀਟਰ, ਫਗਵਾੜੇ ਤੋਂ 13 ਕਿਲੋਮੀਟਰ, ਨਵਾਂ ਸ਼ਹਿਰ ਤੋਂ 27 ਕਿਲੋਮੀਟਰ, ਜਲੰਧਰ ਤੋਂ 35 ਕਿਲੋਮੀਟਰ, ਅਤੇ ਚੰਡੀਗੜ੍ਹ ਤੋਂ 117 ਕਿਲੋਮੀਟਰ ਹੈ। ਇਸ ਪਿੰਡ ਦਾ ਰਕਬਾ 125 ਹੈਕਟੇਅਰ, ਆਬਾਦੀ 778, ਡਾਕਘਰ ਕੁਲਥਮ (144501 ਕੋਡ) ਅਤੇ ਰੇਲਵੇ ਸਟੇਸ਼ਨ ਕੁਲਥਮ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪਿੰਡ ਵਿਚ ਜੱਟਾਂ ਦਾ ਗੋਤ ਮਾਨ, ਆਦਿਧਰਮੀਆਂ ਦਾ ਬੰਗੜ ਤੇ ਚੁੰਬਰ ਅਤੇ ਲੁਹਾਰਾਂ ਦਾ ਗੋਤ ਭੋਗਲ ਹਨ। ਪਿੰਡ ਚੱਕ ਮਾਈ ਦਾਸ ਦੇ ਵੱਸਣ ਦੀ ਕਹਾਣੀ 17ਵੀਂ ਸਦੀ ਤੋਂ ਸ਼ੁਰੂ ਹੁਮਦਿ ਹੈ। ਇਸ ਪਿੰਡ ਦੇ ਮਾਨਾਂ ਅਤੇ ਚੁੰਬਰਾਂ ਦਾ ਪਿਛਲਾ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦਾ ਟੂਟੋਮਜਾਰਾ ਹੈ। ਟੂਟੋਮਜਾਰੀਏ ਮਾਨ ਮੁਗਲਾਂ ਵੇਲੇ ਇਲਾਕੇਦੇ ਚੌਧਰੀ ਹੁੰਦੇ ਸਨ। ਉਹ ਉਨ੍ਹਾਂ ਦੇ ਦਰਬਾਰ ਲਾਉਂਦੇ ਸਨ। ਇਹ ਇਲਾਕੇ ਦੇ ਰੰਗੜ ਰਾਜਪੂਤਾਂ ਵਾਂਗ ਆਕੜਖੋਰ ਸਨ। ਉਨ੍ਹਾਂ ਵਾਂਗ ਚੌਧਰੀ ਕਹਾ ਕੇ ਬੜਾ ਖ਼ੁਸ਼ ਹੁੰਦੇ ਸਨ। ਰਿਸ਼ਤੇ ਕਰਨ ਵੇਲੇ ਇਨ੍ਹਾਂ ਨੇ ਆਪਣੇ ਹੀ ਨਿਯਮ ਬਣਾਏ ਹੋਏ ਸਨ। ਇਹ ਪਿੰਡ ਕੰਢੀ ਖੇਤਰ ਵਿਚ ਪੈਂਦਾ ਹੈ। ਇਹਦੇ ਆਲੇ ਦੁਆਲੇ ਜੰਗਲੀ ਇਲਾਕਾ ਸੀ। ਇਸ ਖੇਤਰ ਦੇ ਪਿੰਡ ਚੋਆਂ ਦੀ ਮਾਰ ਹੇਠ ਆਏ ਰਹਿੰਦੇ। ਲੋਕ ਅਨੇਕਾਂ ਮੁਸ਼ਕਲਾਂ ਅਤੇ ਸਮੱਸਿਆਵਾਂ ਨਾਲ ਜੂਝ ਰਹੇ ਸਨ। ਆਰਥਿਕ ਮੰਦਹਾਲੀ ਦੇ ਸ਼ਿਕਾਰ ਲੋਕ ਚੰਗੀਆਂ ਜ਼ਮੀਨਾਂ ਦੀ ਭਾਲ ਵਿਚ ਰਹਿੰਦੇ।

ਇੱਥੋਂ ਦਾ ਮਾਈਦਾਸ ਨਾਂ ਦਾ ਇੱਕ ਕਿਸਾਨ ਜ਼ਮੀਨ ਦੀ ਭਾਲ ਵਿਚ ਬਹਿਰਾਮ ਲਾਗੇ ਆਇਆ। ਉਹਨੇ ਬੇਆਬਾਦ ਪਈ ਜ਼ਮੀਨ (ਢੱਕ) ਨੂੰ ਆਬਾਦ ਕਰਨ ਦਾ ਮਨ ਬਣਾਇਆ। ਮਾਈਦਾਸ ਦਾ ਜੀਆ ਜੰਤ ਹਰ ਰੋਜ਼ ਟੂਟੋਮਜਾਰੇ ਤੋਂ ਇਥੇ ਆਉਂਦਾ। ਉਨ੍ਹਾਂ ਨਾਲ ਉਨ੍ਹਾਂ ਦੇ ਸੀਰੀ ਚੁੰਬਰ ਗੋਤ ਦੇ ਹੁੰਦੇ। ਆਪਣੇ-ਆਪਣੇ ਘਰਾਂ ਤੋਂ ਰੋਟੀਆਂ ਬੰਨ੍ਹ ਲਿਆਉਂਦੇ। ਇੱਥੇ ਬੇਸ਼ੁਮਾਰ ਚਰਾਂਦਾਂ ਸਨ। ਪਸ਼ੂਆਂ ਨੂੰ ਚਰਨ ਲਈ ਨਾਲ ਲੈ ਆਉਂਦੇ। ਫ਼ੇਰ ਉਨ੍ਹਾਂ ਟੂਟੋਮਜਾਰੇ ਜਾਣਾ ਛੱਡ ਦਿੱਤਾ। ਇੱਥੇ ਹੀ ਰਹਿਣ ਲੱਗ ਪਏ। ਵੱਖ-ਵੱਖ ਜਾਤਾਂ ਅਤੇ ਵੱਖ-ਵੱਖ ਕਿੱਤਿਆਂ ਦੇ ਲੋਕ ਢੱਕ ਨੂੰ ਆਬਾਦ ਕਰਨ ਵਿਚ ਮਦਦ ਕਰਨ ਲੱਗੇ। ਹੌਲੀ-ਹੌਲੀ ਪਿੰਡ ਵਸ ਗਿਆ। ਜਿਸ ਬਜ਼ੁਰਗ ਨੇ ਪਹਿਲਾਂ ਮੋੜ੍ਹੀ ਗੱਡੀ ਸੀ, ਉਸ ਦੇ ਨਾਂ 'ਤੇ ਹੀ ਪਿੰਡ ਦਾ ਨਾਂ ਚੱਕ ਮਾਈਦਾਸ ਪੈ ਗਿਆ। ਪਰਿਵਾਰਿਕ ਵੇਰਵਾ ਪਿਤਾ : ਧਰਮ ਸਿੰਘ ਮਾਤਾ : ਜੈ ਕੌਰ ਚਾਚੇ-ਤਾਏ : ਨੱਥਾ ਸਿੰਘ, ਭਗਵਾਨ ਸਿੰਘ, ਦਲੀਪ ਸਿੰਘ ਭੈਣ-ਭਰਾ : ਯੁਗੇਸ਼ਰ ਸਿੰਘ, ਲਛਮਣ ਸਿੰਘ, ਅਮਰ ਸਿੰਘ ਉਰਫ਼ ਗੁਲਜ਼ਾਰਾ ਸਿੰਘ, ਗਿਆਨ ਕੌਰ ਪਤਨੀ : ਧੰਤੀ (ਧੰਨ ਕੌਰ)। ਧੰਤੀ ਬੰਗਾ ਲਾਗੇ ਪਿੰਡ ਹੱਪੋਵਾਲ ਦੇ ਪੰਜਾਬ ਸਿੰਘ ਅਤੇ ਰਾਜੋ ਦੀ ਧੀ ਸੀ। ਬੱਚੇ : ਨਸੀਬ ਕੌਰ ਉਰਫ਼ ਰੇਸ਼ਮ ਕੌਰ, ਅਜੀਤ ਕੌਰ, ਹਰਦਾਸ ਸਿੰਘ (1936) 1. ਨਸੀਬ ਕੌਰ ਦਾ ਵਿਆਹ ਪਿੰਡ ਜੰਡਿਆਲਾ (ਜਲੰਧਰ) ਦੇ ਰਤਨ ਸਿੰਘ ਜੌਹਲ ਨਾਲ ਹੋਇਆ। ਉਨ੍ਹਾਂ ਦੇ ਘਰ (?) ਮੱਖਣ ਸਿੰਘ ਜੌਹਲ (ਲੇਖਕ ਅਤੇ ਟਰੇਡ ਯੂਨੀਅਨ ਆਗੂ) (ਅ) ਸੁਰਿੰਦਰ ਕੌਰ (?) ਅਵਤਾਰ ਸਿੰਘ (ਸਵਰਗੀ) (ਸ) ਕੁਲਦੀਪ ਕੌਰ (ਹ) ਕੁਲਵਿੰਦਰ ਕੌਰ (ਕ) ਰਾਜ ਪਰਵਿੰਦਰ ਕੌਰ (ਖ) ਕਮਲਜੀਤ ਸਿੰਘ ਬੱਚਿਆਂ ਦਾ ਜਨਮ ਹੋਇਆ। 2. ਅਜੀਤ ਕੌਰ ਦਾ ਵਿਆਹ ਪਿੰਡ ਸ਼ੰਕਰ (ਜਲੰਧਰ) ਦੇ ਪ੍ਰੀਤਮ ਸਿੰਘ ਨਾਲ ਹੋਇਆ। ਉਨ੍ਹਾਂ ਦੇ ਘਰ (?) ਚੂਹੜ ਸਿੰਘ (ਅ) ਕੁਲਵਿੰਦਰ ਕੌਰ (?) ਪਰਵਿੰਦਰ ਕੌਰ (ਸ) ਸੁਖਜਿੰਦਰ ਕੌਰ ਬੱਬਲੀ ਦਾ ਜਨਮ ਹੋਇਆ। 3. ਬੂਝਾ ਸਿੰਘ ਦੇ ਲੜਕੇ ਹਰਦਾਸ ਸਿੰਘ ਦਾ ਵਿਆਹ ਪਿੰਡ ਬੰਡਾਲਾ (ਜਲੰਧਰ) ਦੀ ਅਜੈਬ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ (?) ਕੁਲਦੀਪ ਸਿੰਘ (ਅ) ਹਰਦੀਪ ਕੌਰ (?) ਜਗਦੇਵ ਸਿੰਘ (ਸ) ਬਲਦੀਪ ਸਿੰਘ ਨੇ ਜਨਮ ਲਿਆ।

**ਚੀਨ ਜਾਣਾ :** ਬੂਝਾ ਸਿੰਘ 1929 ਵਿਚ ਚੀਨ ਗਏ। 2 ਸਤੰਬਰ 1929 ਨੂੰ ਚੀਨ ਸਰਕਾਰ ਨੇ ਸ਼ੰਘਾਈ ਤੋਂ 6034 ਨੰਬਰ ਵਾਲਾ ਪਾਸਪੋਰਟ ਜਾਰੀ ਕੀਤਾ। ਇਹ ਪਾਸਪੋਰਟ ਬ੍ਰਿਟਿਸ਼ ਸਾਮਰਾਜ, ਜਪਾਨ ਅਤੇ ਪਨਾਮਾ ਲਈ ਜਾਰੀ ਕੀਤਾ ਗਿਆ ਸੀ। 1930 ਵਿਚ ਪਨਾਮਾ ਗਏ। ਪਨਾਮਾ ਤੋਂ ਅਰਜਨਟਾਈਨਾ ਪੁੱਜੇ। ਅਰਜਨਟਾਈਨਾ : ਬੂਝਾ ਸਿੰਘ ਨੇ 10 ਨਵੰਬਰ 1930 ਨੂੰ ਅਰਜਨਟਾਈਨਾ ਵਿਚ ਰਹਿਣ ਲਈ ਬੇਨਤੀ ਪੱਤਰ ਦਿੱਤਾ ਸੀ। ਜਿਸ ਨੂੰ 13 ਨਵੰਬਰ ਨੂੰ ਅੰਦਰਾਜ ਕੀਤਾ ਗਿਆ ਸੀ। 2 ਸਤੰਬਰ 1934 ਤੱਕ ਅਰਜਨਟਾਈਨਾ ਵਿਚ ਰਹਿਣ ਦੀ ਇਜਾਜ਼ਤ ਸੀ। ਉਨ੍ਹਾਂ ਦਾ ਐਵੇਨੀਡਾ ਐਲਬਰਡੀ 26, ਰੋਸਾਰੀਓ ਵਿਖੇ ਰਹਿਣ ਬਸੇਰਾ ਸੀ। ਉਹ 1930 ਵਿਚ ਅਰਜਨਟਾਈਨਾ ਦੀ ਗ਼ਦਰ ਪਾਰਟੀ ਵਿਚ ਸਰਗਰਮ ਹੋ ਗਏ। ਗ਼ਦਰ ਪਾਰਟੀ ਦੇ ਕੌਮਾਂਤਰੀ ਆਗੂਆਂ ਭਾਈ ਰਤਨ ਸਿੰਘ ਰਾਏਪੁਰ ਡੱਬਾ ਅਤੇ ਤੇਜਾ ਸਿੰਘ ਸੁਤੰਤਰ, ਚਾਚਾ ਅਜੀਤ ਸਿੰਘ ਅਤੇ ਅਰਜਨਾਈਨਾ ਦੀ ਲੀਡਰਸ਼ਿਪ ਨਾਲ ਰਲ ਕੇ ਸਰਗਰਮੀ ਕਰਨ ਲੱਗੇ। ਮਾਸਕੋ : ਗ਼ਦਰ ਪਾਰਟੀ ਦੇ ਫ਼ੈਸਲੇ ਮੁਤਾਬਕ ਅਰਜਨਟਾਈਨਾ ਦਾ ਗ਼ਦਰ ਪਾਰਟੀ ਦਾ ਪਹਿਲਾ ਜਥਾ ਅਪ੍ਰੈਲ 1932 ਨੂੰ ਮਾਸਕੋ ਲਈ ਰਵਾਨਾ ਹੋਇਆ। ਇਹ ਜਥਾ ਬੂਝਾ ਸਿੰਘ ਦੀ ਅਗਵਾਈ ਹੇਠ ਚੱਲਿਆ। ਇਨ੍ਹਾਂ ਜਥਿਆਂ ਨੇ ਮਾਸਕੋ (ਰੂਸ) ਦੀ ਈਸਟਰਨ ਯੂਨੀਵਰਸਿਟੀ ਵਿਚ ਮਾਰਕਸਵਾਦ ਦੀ ਪੜ੍ਹਾਈ ਕੀਤੀ। ਇੱਥੋਂ ਉਹ 1934 ਵਿਚ ਚੀਨ ਰਸਤੇ ਭਾਰਤ ਪੁੱਜੇ। ਸਥਾਪਨਾ : ਗਦਰੀਆਂ ਨੇ 1934 ਵਿਚ ਕਿਰਤੀ ਪਾਰਟੀ ਦੀ ਸਥਾਪਨਾ ਕੀਤੀ। ਬੂਝਾ ਸਿੰਘ ਇਸ ਦੇ ਸੂਬਾ ਕਮੇਟੀ ਮੈਂਬਰ ਚੁਣੇ ਗਏ। ਬਾਅਦ 'ਚੋਂ ਉਨ੍ਹਾਂ ਨੂੰ ਪਾਰਟੀ ਦੇ ਉਚਤਮ ਆਗੂ ਅਦਾਰੇ, ਕੇਂਦਰੀ ਕਮੇਟੀ ਲਈ ਚੁਣ ਲਿਆ ਗਿਆ। ਗ੍ਰਿਫ਼ਤਾਰੀ : 1935 ਦੇ ਪਹਿਲੇ ਮਹੀਨਿਆਂ ਵਿਚ ਬੂਝਾ ਸਿੰਘ ਦੀ ਬੰਗਾ ਅਤੇ ਜਲੰਧਰ ਪੁਲਿਸ ਵੱਲੋਂ ਤਿੰਨ ਵਾਰ ਗ੍ਰਿਫ਼ਤਾਰੀ ਕੀਤੀ ਗਈ। ਇਹ ਗ੍ਰਿਫ਼ਤਾਰੀਆਂ ਉਨ੍ਹਾਂ ਦੀਆਂ ਲੜਕੀਆਂ ਦੇ ਵਿਆਹਾਂ ਪਿੱਛੋਂ ਹੋਈਆਂ। ਪਿੰਡ ਦੇ ਸਾਥੀ ਰੱਖਾ ਸਿੰਘ ਅਤੇ ਪੰਚਾਇਤ ਦੇ ਯਤਨਾਂ ਨਾਲ ਛੁਡਾ ਲਿਆ ਜਾਂਦਾ ਰਿਹਾ। ਕਾਂਗਰਸ ਪਾਰਟੀ : ਸਤੰਬਰ 1934 ਵਿਚ ਅੰਗਰੇਜ਼ ਹਕੂਮਤ ਵੱਲੋਂ ਕਿਰਤੀ ਪਾਰਟੀ 'ਤੇ ਪਾਬੰਦੀ ਲਾ ਦਿੱਤੀ ਗਈ। ਇਸ ਪਾਬੰਦੀ ਪਿੱਛੋਂ ਕਿਰਤੀ ਪਾਰਟੀ ਦੀ ਲੀਡਰਸ਼ਿਪ ਨੇ ਇਕ ਸਮੇਂ ਲਈ ਕਾਂਗਰਸ ਪਾਰਟੀ ਦੀ ਮੈਂਬਰਸ਼ਿਪ ਲੈ ਲਈ। ਬੂਝਾ ਸਿੰਘ ਵੀ ਕਾਂਗਰਸ ਪਾਰਟੀ ਦੇ ਆਗੂ ਬਣ ਕੇ ਕੰਮ ਕਰਦੇ ਰਹੇ। ਸੁਭਾਸ਼ ਚੰਦਰ ਬੋਸ : 1939 ਵਿਚ ਸੁਭਾਸ਼ ਚੰਦਰ ਬੋਸ ਕਾਂਗਰਸ ਦੇ ਕੌਮੀਪ੍ਰਧਾਨ ਵਜੋਂ ਜਿੱਤੇ। ਇਸ ਜਿੱਤ ਪਿੱਛੇ ਬਾਬਾ ਬੂਝਾ ਸਿੰਘ ਅਤੇ ਕਿਰਤੀ ਪਾਰਟੀ ਦਾ ਵੱਡਾ ਹੱਥ ਸੀ। 1941 ਵਿਚ ਬੋਸ ਜੀ ਨੂੰ ਰੂਸ ਭਜਵਾਉਣ ਦੀ ਡਿਊਟੀ ਵੀ ਬੂਝਾ ਸਿੰਘ ਦੀ ਸੀ। 1951 : ਬੂਝਾ ਸਿੰਘ 'ਕਿਰਤੀ ਲਹਿਰ' (1937, 38, 39) ਅਤੇ ਆਜ਼ਾਦ 1951 ਮੇਰਠ ਦੇ ਜਨਰਲ ਮੈਨੇਜਰ ਸਨ। ਕਿਰਤੀ ਕੰਟਰੋਲ ਬੋਰਡ ਦੇ ਵੀ ਮੈਂਬਰ ਸਨ। ਕਿਸਾਨ ਸਭਾ : ਬੂਝਾ ਸਿੰਘ ਨੇ ਕਰਜ਼ਾ ਕਮੇਟੀਆਂ ਬਣਾ ਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਸੀ। 1936 ਵਿਚ ਹਿੰਦ ਕਿਸਾਨ ਸਭਾ ਬਣਨ 'ਤੇ ਇਹ ਸਭਾ ਦੇ ਕੌਮੀ ਮੀਤ ਪ੍ਰਧਾਨ ਚੁਣੇ ਗਏ ਸਨ। ਤਸ਼ੱਦਦ : ਬੂਝਾ ਸਿੰਘ ਨੂੰ 27 ਅਕਤੂਬਰ 1935 ਨੂੰ ਪੁਲਿਸ ਨੇ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਸ਼ਾਹੀ ਕਿਲੇ ਵਿਚ ਰੱਖਿਆ ਸੀ। ਉਨ੍ਹਾਂ ਉੱਪੈ ਦੋ ਮਹੀਨੇ ਅੰਤਾਂ ਦਾ ਤਸ਼ੱਦਦ ਢਾਹਿਆ ਗਿਆ। 27 ਦਸੰਬਰ 1935 ਨੂੰ ਰਿਹਾਅ ਕਰ ਦਿੱਤਾ ਗਿਆ। ਪਰ ਜੰਗੀ ਕੈਦੀ ਘੋਸ਼ਿਤ ਕਰ ਦਿੱਤਾ। ਜੂਹ-ਬੰਦ : ਰਿਹਾਈ ਉਪਰੰਤ ਪਿੰਡ ਚੱਕ ਮਾਈ ਦਾਸ ਵਿਖੇ ਇਕ ਸਾਲ ਲਈ ਜੂਹ ਬੰਦ ਕਰ ਦਿੱਤਾ ਗਿਆ। ਸਜ਼ਾ : 19 ਮਈ 1936 ਨੂੰ ਆਪਣੇ ਹੀ ਪਿੰਡ ਵਿਚ ਕਮਿਊਨਿਸਟਾਂ ਦਾ ਜਲਸਾ ਕਰਵਾਉਣ ਦੇ ਦੋਸ਼ ਹੇਠ ਅਦਾਲਤ ਨੇ 27 ਜੁਲਾਈ 1936 ਨੂੰ ਛੇ ਮਹੀਨੇ ਦੀ ਸਜ਼ਾ ਸੁਣਾਈ। 24 ਨਵੰਬਰ 1936 ਨੂੰ ਫ਼ਿਰੋਜ਼ਪੁਰ ਜੇਲ੍ਹ ਤੋਂ ਰਿਹਾਈ ਹੋਈ। ਰਿਹਾਈ ਉਪਰੰਤ ਮੁੜ ਜੂਹ-ਬੰਦ ਕਰ ਦਿੱਤਾ ਗਿਆ। ਗ੍ਰਿਫ਼ਤਾਰੀ : ਨਵੰਬਰ 1936 ਵਿਚ ਪਿੰਡ ਬਿਲਗਾ ਤੋਂ ਗ੍ਰਿਫ਼ਤਾਰੀ ਕੀਤੀ ਗਈ। 24 ਨਵੰਬਰ ਨੂੰ ਰਿਹਾਈ ਹੋਈ। ਨੋਟਿਸ ਤੋੜਨ ਦੇ ਦੋਸ਼ ਵਿਚ ਮੁੜ ਗ੍ਰਿਫ਼ਤਾਰੀ ਅਤੇ ਰਿਹਾਈ ਹੋਈ। ਦੁਬਾਰਾ ਜੂਹ-ਬੰਦ ਕੀਤਾ ਗਿਆ। ਜੂਨ 1940 ਤੋਂ ਬਾਅਦ ਬੂਝਾ ਸਿੰਘ ਨੂੰ ਟਾਟਾ ਨਗਰ (ਜਮਸ਼ੇਦਪੁਰ) ਤੋਂ ਗ੍ਰਿਫ਼ਤਾਰ ਕਰ ਲਿਆ। ਰਾਜਨਪੁਰ ਜੇਲ੍ਹ ਵਿਚ ਭੇਜ ਦਿੱਤਾ ਗਿਆ।

**ਦਿਓਲੀ ਕੈਂਪ :** 26 ਜੂਨ 1940 ਨੂੰ ਸਾਰੇ ਦੇਸ਼ ਵਿਚੋਂ ਕਮਿਊਨਿਸਟ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਰਾਜਸਥਾਨ ਦੇ ਦਿਓਲੀ ਕੈਂਪ ਵਿਚ ਬੰਦ ਕਰ ਦਿੱਤਾ ਗਿਆ। ਬੂਝਾ ਸਿੰਘ ਸਮੇਤ 15 ਇਨਕਲਾਬੀਆਂ ਨੂੰ ਰਾਜਨਪੁਰ ਜੇਲ੍ਹ ਤੋਂ ਦਿਓਲੀ ਕੈਂਪ ਲਿਆਂਦਾ ਗਿਆ। ਇਸ ਜੇਲ੍ਹ ਵਿਚ ਬੂਝਾ ਸਿੰਘ ਸਮੇਤ 228 ਨਜ਼ਰਬੰਦਾਂ ਨੇ 23 ਅਕਤੂਬਰ 1941 ਤੋਂ 22 ਨਵੰਬਰ 1941 ਤੱਕ ਮੰਗਾਂ ਦੇ ਸਬੰਧ ਵਿਚ ਭੁੱਖ ਹੜਤਾਲ ਕੀਤੀ। 1943 ਵਿਚ ਬੂਝਾ ਸਿੰਘ ਦੀ ਰਿਹਾਈ ਹੋਈ। ਇਸ ਕੈਂਪ 'ਚ ਕਿਰਤੀ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੀ ਏਕਤਾ ਦੀ ਪ੍ਰਕਿਰਿਆ ਸ਼ੁਰੂ ਹੋਈ ਅਤੇ 28 ਮਈ 1942 ਨੂੰ ਏਕਤਾ ਹੋਈ ਸੀ। ਆਰਗੇਨਾਈਜਰ : ਬੂਝਾ ਸਿੰਘ 1934 ਤੋਂ 1937 ਤੱਕ ਕਿਰਤੀ ਪਾਰਟੀ ਦੇ ਜ਼ਿਲ੍ਹਾ ਲਾਇਲਪੁਰ ਦੇ ਆਰਗੇਨਾਈਜਰ ਰਹੇ। 1943 ਤੋਂ 1945 ਤੱਕ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਆਰਗੇਨਾਈਜਰ ਰਹੇ। 1946 ਵਿਚ ਇਨ੍ਹਾਂ ਨੂੰ ਜ਼ਿਲ੍ਹਾ ਜਲੰਧਰ ਦਾ ਆਰਗੇਨਾਈਜਰ ਲਾ ਦਿੱਤਾ। ਫ਼ਿਰਕੂ ਹਿੰਸਾ -1947 : ਬੂਝਾ ਸਿੰਘ ਤੇ ਸਾਥੀਆਂ ਨੇ ਫ਼ਿਰਕੂ ਹਿੰਸਾ - 1947 ਵਿਰੁੱਧ ਲਾਮਬੰਦੀ ਕੀਤੀ। ਲਾਲ ਕਮਿਊਨਿਸਟ ਪਾਰਟੀ : ਕਿਰਤੀਆਂ ਅਤੇ ਗ਼ਦਰੀਆਂ ਨੇ ਜਨਵਰੀ 1948 ਵਿਚ ਲਾਲ ਕਮਿਊਨਿਸਟ ਪਾਰਟੀ ਹਿੰਦ ਯੂਨੀਅਨ ਬਣਾ ਲਈ। ਬੂਝਾ ਸਿੰਘ 1948 ਤੋਂ 1952 ਤੱਕ ਇਸ ਦੇ ਕੇਂਦਰੀ



ਕਮੇਟੀ ਮੈਂਬਰ ਰਹੇ। 1952 ਵਿਚ ਇਹ ਪਾਰਟੀ ਭਾਰਤੀ ਕਮਿਊਨਿਸਟ ਪਾਰਟੀ ਵਿਚ ਵਿਲੀਨ ਹੋ ਗਈ। ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂਆਂ ਨੇ 1952 ਤੋਂ 1963 ਤੱਕ ਬੂਝਾ ਸਿੰਘ ਨੂੰ ਪਾਰਟੀ ਮੈਂਬਰ ਵੀ ਨਾ ਲਿਆ। ਇੰਗਲੈਂਡ ਫੇਰੀ : ਬੂਝਾ ਸਿੰਘ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਟਰੱਸਟੀ ਮੈਂਬਰ ਸਨ। ਇਸ ਇਮਾਰਤ ਦੀ ਉਸਾਰੀ ਕਰਨ ਲਈ 1958 ਵਿਚ ਇੰਗਲੈਂਡ ਗਏ।

ਚੀਨੀ ਹਮਲਾ : 1962 ਵਿਚ ਚੀਨ-ਭਾਰਤ ਹਮਲੇ ਦੇ ਸਬੰਧ ਵਿਚ ਭਾਰਤ ਸਰਕਾਰ ਦੀ ਨੁਕਤਾਚੀਨੀ ਕਰਨ ਬਦਲੇ ਗ੍ਰਿਫ਼ਤਾਰੀ ਹੋਈ। ਜੇਲ੍ਹ ਦੀ ਸਜ਼ਾ ਭੁਗਤ ਕੇ ਰਿਹਾਅ ਹੋਏ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) : 1964 ਵਿਚ ਦੇਸ਼ ਪੱਧਰ 'ਤੇ ਸੀ. ਪੀ. ਆਈ. (ਐਮ.) ਬਣਾਏ ਜਾਣ 'ਤੇ ਇਸ ਨੂੰ ਪੰਜਾਬ ਵਿਚ ਜਥੇਬੰਦ ਕੀਤਾ। ਉਨ੍ਹਾਂ ਨੇ ਜ਼ਿਲ੍ਹਾ ਜਲੰਧਰ ਦੇ ਜ਼ਿਲ੍ਹਾ ਕਮੇਟੀ ਮੈਂਬਰ ਵਜੋਂ ਕੰਮ ਕੀਤਾ। ਸੰਪਾਦਕ : 1964 ਵਿਚ ਸੀ. ਪੀ. ਆਈ. (ਐਮ.) ਪੰਜਾਬ ਦੀ ਅਖ਼ਬਾਰ 'ਲੋਕ ਜਮਹੂਰੀਅਤ' ਦੇ ਸੰਪਾਦਕ ਅਤੇ ਪ੍ਰਬੰਧਕ ਸਨ। 'ਲੋਕ ਜਮਹੂਰੀਅਤ' ਦੀ ਜਗ੍ਹਾ 'ਲੋਕ ਲਹਿਰ' ਅਖ਼ਬਾਰ ਕੱਢੀ ਜਾਣ ਲੱਗੀ। ਬੂਝਾ ਸਿੰਘ 'ਲੋਕ ਲਹਿਰ' ਦੇ ਸੰਪਾਦਕੀ ਮੰਡਲ ਵਿਚ ਸਨ। 1967 ਵਿਚ ਸੀ. ਪੀ. ਆਈ. (ਐਮ.) ਦੇ ਸਭ ਅਹੁਦਿਆਂ ਅਤੇ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ। ਸਰਪੰਚੀ : 1963 ਤੋਂ 1968 ਤੱਕ ਪਿੰਡ ਚੱਕ ਮਾਈਦਾਸ ਦੇ ਸਰਪੰਚ ਰਹੇ।

ਨਕਸਲਬਾੜੀ ਲਹਿਰ • ਤਾਲਮੇਲ ਕਮੇਟੀ ਪੰਜਾਬ ਬਣਨ ਵੇਲੇ ਮਾਰਚ 1968 ਵਿਚ ਸੂਬਾ ਕਮੇਟੀ ਮੈਂਬਰ ਵਜੋਂ ਸ਼ਾਮਿਲ। 22 ਅਪ੍ਰੈਲ 1969 ਨੂੰ ਸੀ. ਪੀ. ਆਈ. (ਐਮ. ਐਲ.) ਦੀ ਸੂਬਾ ਜਥੇਬੰਦਕ ਕਮੇਟੀ ਦੇ ਮੈਂਬਰ ਚੁਣੇ ਗਏ। ਫਰਵਰੀ 1970 ਵਿਚ ਹੋਈਆਂ ਚੋਣਾਂ ਵਿਚ ਸੂਬਾ ਕਮੇਟੀ ਮੈਂਬਰ ਚੁਣੇ ਗਏ। ਮਈ 1970 ਦੀ ਪਾਰਟੀ ਕਾਂਗਰਸ ਲਈ ਡੈਲੀਗੇਟ ਚੁਣੇ ਗਏ। ਇਸ ਸਮੇਂ ਦੌਰਾਨ ਇਹ ਜ਼ਿਲ੍ਹਾ ਜਲੰਧਰ-ਕਪੂਰਥਲਾ ਦੇ ਆਰਗੇਨਾਈਜਰ ਰਹੇ। • ਅੱਚਰਵਾਲ ਸਾਜ਼ਿਸ਼ ਕੇਸ 1968 ਵਿਚ ਪੁਲਿਸ ਵੱਲੋਂ ਵਾਰੰਟ ਕੱਢੇ ਗਏ। • 8 ਦਸੰਬਰ 1968 ਨੂੰ ਸਮਾਓਂ (ਬਠਿੰਡਾ) ਦੇ ਜ਼ਮੀਨੀ ਕਬਜ਼ੇ ਅਤੇ 18 ਜੂਨ 1969 ਨੂੰ ਕਿਲਾ ਹਕੀਮਾਂ (ਸੰਗਰੂਰ) ਦੇ ਜ਼ਮੀਨੀ ਕਬਜ਼ੇ ਵਿਚ ਮੋਹਰੀ ਭੂਮਿਕਾ ਨਿਭਾਈ। ਕਿਲਾ ਹਕੀਮਾਂ ਦੀ ਜ਼ਮੀਨ ਦੇ ਮਾਲਕ ਜਾਗੀਰਦਾਰ ਜਨਰਲ ਬਲਵੰਤ ਸਿੰਘ ਦੇ ਕਤਲ ਤੋਂ ਬਾਅਦ ਬਾਬਾ ਬੂਝਾ ਸਿੰਘ ਇਸ਼ਤਿਹਾਰੀ ਮੁਜ਼ਰਮ ਕਰਾਰ। ਸਿਰ ਦਾ ਮੁੱਲ ਪੰਜ ਹਜ਼ਾਰ ਰੱਖਿਆ ਗਿਆ। • 27 ਜੁਲਾਈ 1970 ਨੂੰ ਪਿੰਡ ਨਗਰ (ਨੇੜੇ ਫ਼ਿਲੌਰ) ਤੋਂ ਗ੍ਰਿਫ਼ਤਾਰ ਕੀਤਾ ਗਿਆ। 27-28 ਜੁਲਾਈ ਦੀ ਰਾਤ ਨੂੰ ਪਿੰਡ ਨਾਈਮਜਾਰਾ (ਨੇੜੇ ਨਵਾਂ ਸ਼ਹਿਰਜਾਡਲਾ) ਦੇ ਪੁਲ ਉਤੇ ਪੁਲਿਸ ਮੁਕਾਬਲਾ ਬਣਾ ਦਿੱਤਾ ਗਿਆ। • ਪਾਰਟੀ ਦੇ ਖਾੜਕੂ ਜਥੇ ਨੇ ਬਾਬਾ ਜੀ ਦੀ ਗ੍ਰਿਫ਼ਤਾਰੀ ਲਈ ਜ਼ੁੰਮੇਵਾਰ ਸਮਝੇ ਜਾਂਦੇ ਮੁਖ਼ਬਰ ਸਰਪੰਚ ਜਸਮੇਲ ਸਿੰਘ ਨਗਰ ਦਾ ਕਤਲ 4 ਜੂਨ 1973 ਨੂੰ ਕਰ ਦਿੱਤਾ।

# ਫਿਲਮ ਪਦਮਾਵਤ ਦੇ ਡਾਇਰੈਕਟਰ ਸੰਜੇ ਲੀਲਾ ਭੰਸਾਲੀ ਦੇ ਨਾਮ ਫਿਲਮ ਅਦਾਕਾਰਾ ਸਵਰਾ ਭਾਸਕਰ ਦਾ ਖੁੱਲ੍ਹਾ ਖ਼ਤ

**ਅੰਗਰੇਜ਼ੀ ਤੋਂ ਅਨੁਵਾਦ - ਸੁਖਵੰਤ ਹੁੰਦਲ**

ਪਿਆਰੇ ਭੰਸਾਲੀ ਜੀ,

ਸਭ ਤੋਂ ਪਹਿਲਾਂ ਤੁਹਾਡੇ ਵਲੋਂ ਆਪਣਾ ਸ਼ਾਹਕਾਰ "ਪਦਮਾਵਤ" – ਰਿਲੀਜ਼ ਕਰਨ ਲਈ ਵਧਾਈਆਂ। ਬੇਸ਼ੱਕ ਇਸ ਵਿੱਚੋਂ ਤੁਹਾਨੂੰ ਬਿਹਾਰੀ, ਖੂਬਸੂਰਤ ਦੀਪਿਕਾ ਪਾਦੂਕੋਨ ਦੀ ਨੰਗੀ ਕਮਰ ਅਤੇ 70 ਹੋਰ ਸ਼ਾਟ ਕੱਟਣੇ ਪਏ। ਫਿਰ ਵੀ ਤੁਸੀਂ ਹਰ ਇਕ ਦਾ ਸਿਰ ਮੋਢਿਆਂ 'ਤੇ ਅਤੇ ਨੱਕਾਂ ਨੂੰ ਸਾਬਤ ਸਬੂਤ ਰੱਖਦੇ ਹੋਏ ਇਸ ਨੂੰ ਰਿਲੀਜ਼ ਕਰਨ ਵਿੱਚ ਕਾਮਯਾਬ ਹੋ ਗਏ ਅਤੇ ਅੱਜ ਦੇ ਇਸ 'ਸਹਿਣਸ਼ੀਲ' ਭਾਰਤ ਵਿੱਚ, ਜਿੱਥੇ ਲੋਕਾਂ ਨੂੰ ਮੀਟ ਖਾਣ ਦੇ ਮਾਮਲਿਆਂ ਵਿੱਚ ਕਤਲ ਕਰ ਦਿੱਤਾ ਜਾਂਦਾ ਹੈ, ਅਤੇ ਮਰਦ ਸ਼ਾਨ ਦੀ ਪੁਰਾਣੀ ਧਾਰਨਾ ਦਾ ਬਦਲਾ ਲੈਣ ਲਈ ਸਕੂਲ ਦੇ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤੁਹਾਡੀ ਫਿਲਮ ਦਾ ਰਿਲੀਜ਼ ਹੋਣਾ, ਇਕ ਸਲਾਹੁਣਯੋਗ ਘਟਨਾ ਹੈ, ਅਤੇ ਇਸ ਲਈ ਇਕ ਵਾਰ ਫੇਰ ਵਧਾਈਆਂ।

**ਤੁਹਾਡੀ ਸਾਰੀ ਕਾਸਟ** - ਮੁੱਖ ਅਤੇ ਸਹਾਇਕ– ਵਲੋਂ ਬਹੁਤ ਵਧੀਆ ਪੇਸ਼ਕਾਰੀ ਲਈ ਵੀ ਵਧਾਈਆਂ। ਫਿਲਮ ਇਕ ਦੇਖਣ ਨੂੰ ਅਸਚਰਜ ਤਾਂ ਹੈ ਹੀ। ਪਰ ਫਿਰ ਤੁਹਾਡੇ ਵਰਗੇ ਪ੍ਰਤਿਭਾਸ਼ਾਲੀ ਕਲਾਕਾਰ, ਜੋ ਜਿਸ ਚੀਜ਼ ਨੂੰ ਵੀ ਛੋਂਹਦਾ ਹੈ ਉਸ ਤੇ ਆਪਣੀ ਛਾਪ ਛੱਡਦਾ ਹੈ, ਤੋਂ ਇਸ ਸਭ ਕੁਝ ਦੀ ਆਸ ਹੀ ਸੀ।

ਹਾਂ ਸਰ ਆਪਾਂ ਦੋਵੇਂ ਇਕ ਦੂਜੇ ਨੂੰ ਜਾਣਦੇ ਹਾਂ। ਮੈਨੂੰ ਪਤਾ ਨਹੀਂ ਕਿ ਤੁਹਾਨੂੰ ਯਾਦ ਹੋਏਗਾ ਕਿ ਮੈਂ ਤੁਹਾਡੀ ਫਿਲਮ ਗੁਜ਼ਾਰਿਸ਼ ਵਿੱਚ ਇਕ ਛੋਟਾ ਜਿਹਾ ਰੋਲ ਕੀਤਾ ਸੀ। ਸਹੀ ਕਹਿਣਾ ਹੋਵੇ ਤਾਂ ਦੋ ਸੀਨਾਂ ਜਿੱਡਾ ਲੰਬਾ ਰੋਲ। ਮੈਨੂੰ ਤੁਹਾਡੇ ਨਾਲ ਆਪਣੀਆਂ ਲਾਈਨਾਂ ਬਾਰੇ ਸੰਖੇਪ ਗੱਲਬਾਤ ਕਰਨਾ ਅਤੇ ਤੁਹਾਡੇ ਵਲੋਂ ਇਹਨਾਂ ਲਾਈਨਾਂ ਬਾਰੇ ਮੇਰੀ ਰਾਇ ਪੁੱਛੇ ਜਾਣਾ ਯਾਦ ਹੈ। ਮੈਨੂੰ ਯਾਦ ਹੈ ਕਿ ਪੂਰਾ ਇਕ ਮਹੀਨਾ ਮੈਨੂੰ ਇਸ ਗੱਲ ਦਾ ਮਾਣ ਰਿਹਾ ਕਿ ਸੰਜੇ ਲੀਲਾ ਭੰਸਾਲੀ ਨੇ ਮੇਰੇ ਕੋਲੋਂ ਮੇਰੀ ਰਾਇ ਪੁੱਛੀ ਸੀ। ਮੈਨੂੰ ਯਾਦ ਹੈ ਜਦੋਂ ਤੁਸੀਂ ਇਕ ਸੀਨ ਵਿੱਚ ਇਕ ਜੂਨੀਅਰ ਆਰਟਿਸਟ ਨੂੰ ਸੀਨ ਸਮਝਾਇਆ ਸੀ ਅਤੇ ਦੂਜੇ ਸੀਨ ਵਿੱਚ ਜਿੰਮੀ ਜਿੱਬ ਉਪਰੇਟਰ ਨੂੰ, ਇਕ ਖਾਸ ਸ਼ਾਟ ਬਾਰੇ ਕੁਝ ਨਿੱਕਾ ਵਿਸਥਾਰ। ਮੈਨੂੰ ਇਹ ਸੋਚਣਾ ਯਾਦ ਹੈ, "ਵਾਹ! ਇਹ ਬੰਦਾ ਆਪਣੀ ਫਿਲਮ ਦੇ ਹਰ ਨਿੱਕੇ ਵਿਸਥਾਰ ਦਾ ਖਿਆਲ ਰੱਖਦਾ ਹੈ।" ਸ਼੍ਰੀਮਾਨ ਜੀ, ਮੈਂ ਤੁਹਾਡੇ ਤੋਂ ਬਹੁਤ ਪ੍ਰਭਾਵਿਤ ਹੋਈ ਸੀ।

ਤੁਹਾਡੀਆਂ ਫਿਲਮਾਂ ਦੇਖਣ ਦੀ ਸ਼ੁਕੀਨ ਮੈਂ ਇਸ ਗੱਲ 'ਤੇ ਹੈਰਾਨ ਹੁੰਦੀ ਹਾਂ ਕਿ ਤੁਸੀਂ ਕਿਵੇਂ ਆਪਣੀ ਹਰ ਫਿਲਮ ਵਿੱਚ ਹੱਦਾਂ ਉਲੰਘਦੇ ਹੋ ਅਤੇ ਕਿਸ ਤਰ੍ਹਾਂ ਸਿਤਾਰੇ ਤੁਹਾਡੇ ਯੋਗ ਨਿਰਦੇਸ਼ਨ ਅਧੀਨ ਬਹੁਤ ਜ਼ਬਰਦਸਤ ਅਤੇ ਡੂੰਘੇ ਅਦਾਕਾਰ ਬਣ ਜਾਂਦੇ ਹਨ। ਤੁਸੀਂ ਮਹਾਂਕਾਵਿਕ ਪਿਆਰ ਬਾਰੇ ਮੇਰੇ ਵਿਚਾਰਾਂ ਨੂੰ ਬਦਲਿਆ ਹੈ ਅਤੇ ਮੈਂ ਉਸ ਦਿਨ ਬਾਰੇ ਕਲਪਨਾ ਕਰਦੀ ਹਾਂ ਜਿਸ ਦੀ ਇਕ ਮੁੱਖ ਨਾਇਕਾ ਵਜੋਂ ਮੈਂ ਤੁਹਾਡੇ ਨਿਰਦੇਸ਼ਨ ਹੇਠ ਕੰਮ ਕਰਾਂਗੀ।

ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਮੈਂ ਤੁਹਾਡੀ ਫਿਲਮ ਦੇ ਹੱਕ ਵਿੱਚ ਲੜੀ ਸੀ ਜਦੋਂ ਇਸ ਦਾ ਨਾਂ ਪਦਮਾਵਤੀ ਸੀ। ਮੈਂ ਇਹ ਮੰਨਦੀ ਹਾਂ ਕਿ ਮੈਂ ਟਵਿਟਰ ਟਾਇਮਲਾਈਨ 'ਤੇ ਲੜੀ ਸੀ, ਕਿਸੇ ਜੰਗ ਦੇ ਮੈਦਾਨ ਵਿੱਚ ਨਹੀਂ ਅਤੇ ਮੈਂ ਟਰੋਲਾਂ ਨਾਲ ਲੜੀ ਸੀ ਕਿਸੇ ਜਨੂੰਨੀ ਅਤੇ ਖਬਤੀ ਮੁਸਲਮਾਨਾਂ ਨਾਲ ਨਹੀਂ; ਪਰ ਫਿਰ ਵੀ ਮੈਂ ਤੁਹਾਡੇ ਲਈ ਲੜੀ ਸੀ। ਮੈਂ ਟੀ ਵੀ ਕੈਮਰਿਆਂ 'ਤੇ ਉਹ ਗੱਲਾਂ ਕਹੀਆਂ ਜਿਹੜੀਆਂ ਮੈਂ ਸੋਚਦੀ ਸੀ ਕਿ ਤੁਸੀਂ ਨਹੀਂ ਕਹਿ ਸਕਦੇ ਕਿਉਂਕਿ ਤੁਹਾਡੇ 185 ਕਰੋੜ ਦਾਅ 'ਤੇ ਲੱਗੇ ਹੋਏ ਸਨ।

ਸਬੂਤ ਲਈ ਤੁਸੀਂ ਇਹ ਦੇਖ ਸਕਦੇ ਹੋ:

ਅਤੇ ਮੈਂ ਜੋ ਕਿਹਾ ਸੱਚ ਮੁੱਚ ਹੀ ਉਸ 'ਤੇ ਯਕੀਨ ਕਰਦੀ ਸੀ। ਮੈਂ ਸੱਚ ਮੁੱਚ ਹੀ ਯਕੀਨ ਕਰਦੀ ਸੀ ਅਤੇ ਹੁਣ ਵੀ ਕਰਦੀ ਹਾਂ ਕਿ ਤੁਹਾਨੂੰ ਅਤੇ ਇਸ ਦੇਸ਼ ਦੇ ਕਿਸ ਵੀ ਹੋਰ ਵਿਅਕਤੀ ਨੂੰ ਉਸ ਦਾ ਸੈੱਟ ਜਲਾਏ ਜਾਣ ਤੋਂ ਬਿਨਾਂ, ਉਸ 'ਤੇ ਹਮਲਾ ਕੀਤੇ ਜਾਣ ਤੋਂ ਬਿਨਾਂ, ਉਸਦੇ ਅੰਗ ਕੱਟੇ ਜਾਣ ਤੋਂ ਬਿਨਾਂ ਜਾਂ ਉਸ ਦੀ ਜ਼ਿੰਦਗੀ ਖਰਾਬ ਕੀਤੇ ਜਾਣ ਤੋਂ ਬਿਨਾਂ ਉਹ ਕਹਾਣੀ ਦੱਸਣ ਦਾ ਹੱਕ ਹੈ ਜਿਹੜੀ ਕਹਾਣੀ ਉਹ ਦੱਸਣਾ ਚਾਹੁੰਦਾ ਹੈ, ਉਸ ਢੰਗ ਨਾਲ ਦੱਸਣ ਦਾ ਹੱਕ ਹੈ ਜਿਸ ਢੰਗ ਨਾਲ ਉਹ ਦੱਸਣਾ ਚਾਹੁੰਦਾ ਹੈ, ਹੀਰੋਇਨ ਦਾ ਉਨਾ ਕੁ ਢਿੱਡ ਦਿਖਾਉਣ ਦਾ ਹੱਕ ਹੈ ਜਿੰਨਾ ਕੁ ਢਿੱਡ ਉਹ ਦਿਖਾਉਣਾ ਚਾਹੁੰਦਾ ਹੈ।

ਇਸ ਦੇ ਨਾਲ ਹੀ, ਆਮ ਤੌਰ 'ਤੇ, ਲੋਕਾਂ ਨੂੰ ਫਿਲਮਾਂ ਬਣਾ ਸਕਣ ਅਤੇ ਰਿਲੀਜ਼ ਕਰਨ ਦਾ ਹੱਕ ਹੋਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਸੁਰੱਖਿਆ ਨਾਲ ਸਕੂਲ ਜਾਣ ਦਾ। ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਮੈਂ ਸੱਚਮੁੱਚ ਕਾਮਨਾ ਕਰਦੀ ਸੀ ਕਿ ਤੁਹਾਡੀ ਫਿਲਮ ਬਹੁਤ ਜ਼ਿਆਦਾ ਕਾਮਯਾਬ ਹੋਵੇ, ਬਲਾਕਬਸਟਰ ਬਣੇ ਅਤੇ ਬਾਕਸ ਆਫਿਸ 'ਤੇ ਸਾਰੇ ਰਿਕਾਰਡ ਤੋੜ ਦੇਵੇ, ਜਿਸ ਤੋਂ ਹੋਣ ਵਾਲੀ ਆਮਦਨ ਕਰਨੀ ਸੈਨਾ ਅਤੇ ਉਨ੍ਹਾਂ ਦੇ ਸਾਥੀ ਦਹਿਸ਼ਤਗਰਦਾਂ ਦੇ ਮੂੰਹ ਉੱਪਰ ਇਕ ਚਪੇੜ ਹੋਵੇ। ਇਸ ਲਈ ਬਹੁਤ ਜੋਸ਼ ਨਾਲ ਅਤੇ ਇਕ ਉਪਾਸ਼ਕ ਦੇ ਉਤਸ਼ਾਹ ਨਾਲ ਮੈਂ ਪਦਮਾਵਤ ਲਈ ਪਹਿਲੇ ਦਿਨ ਅਤੇ ਪਹਿਲੇ ਸ਼ੋਅ ਦੀਆਂ ਟਿਕਟਾਂ ਬੁੱਕ ਕਰਵਾਈਆਂ ਅਤੇ ਆਪਣੇ ਸਾਰੇ ਪਰਿਵਾਰ ਅਤੇ ਆਪਣੇ ਰਸੋਈਏ ਨੂੰ ਫਿਲਮ ਦੇਖਣ ਲੈ ਕੇ ਗਈ।

ਸ਼ਾਇਦ ਫਿਲਮ ਨਾਲ ਇਸ ਤਰ੍ਹਾਂ ਦਾ ਲਗਾਉ ਅਤੇ ਇਸ ਬਾਰੇ ਇਸ ਤਰ੍ਹਾਂ ਦਾ ਫਿਕਰ ਹੋਣ ਕਰਕੇ ਮੈਂ ਇਸ ਨੂੰ ਦੇਖ ਕੇ ਬਹੁਤ ਹੈਰਾਨ ਹੋਈ ਹਾਂ। ਸ਼ਾਇਦ ਇਸ ਹੀ ਕਰਕੇ ਮੈਂ ਤੁਹਾਨੂੰ ਲਿਖਣ ਦੀ ਖੁੱਲ੍ਹ ਲੈ ਰਹੀ ਹਾਂ ਅਤੇ ਤੁਹਾਨੂੰ ਲਿਖਣ ਲਈ ਉਤਾਵਲੀ ਹੋ ਰਹੀ ਹਾਂ। ਮੈਂ ਸਪਸ਼ਟ ਅਤੇ ਸਿੱਧੀ ਗੱਲ ਕਰਨ ਦੀ ਕੋਸ਼ਿਸ਼ ਕਰਾਂਗੀ, ਭਾਵੇਂ ਕਿ ਕਹਿਣ ਵਾਲਾ ਬਹੁਤ ਕੁਝ ਹੈ।

- ਸ਼੍ਰੀ ਮਨ ਜੀ ਬਲਾਤਕਾਰ ਦਾ ਸ਼ਿਕਾਰ ਹੋਣ ਦੇ ਬਾਵਜੂਦ ਵੀ ਔਰਤਾਂ ਨੂੰ ਜੀਣ ਦਾ ਹੱਕ ਹੈ।
- ਉਨ੍ਹਾਂ ਦੇ ਪਤੀਆਂ, ਮਰਦ 'ਰੱਖਿਅਕਾਂ' 'ਮਾਲਕਾਂ', 'ਉਨ੍ਹਾਂ ਦੀ ਲਿੰਗਤਾ ਨੂੰ ਕੰਟਰੋਲ ਕਰਨ ਵਾਲਿਆਂ' ... ਤੁਹਾਡੀ ਨਜ਼ਰ ਵਿੱਚ ਮਰਦ ਜੋ ਵੀ ਹੋਣ, ਦੀ ਮੌਤ ਹੋਣ ਬਾਅਦ ਔਰਤਾਂ ਨੂੰ ਜੀਣ ਦਾ ਹੱਕ ਹੈ।
- ਔਰਤਾਂ ਨੂੰ ਸੁਤੰਤਰ ਹੋ ਕੇ ਜੀਣ ਦਾ ਹੱਕ ਹੈ – ਬੇਸ਼ੱਕ ਉਨ੍ਹਾਂ ਦੇ ਮਰਦ ਜ਼ਿੰਦਾ ਹੋਣ ਜਾਂ ਨਾ।
- ਔਰਤਾਂ ਨੂੰ ਜੀਣ ਦਾ ਹੱਕ ਹੈ। ਬੱਸ।

ਅਸਲ ਵਿੱਚ ਇਹ ਬਹੁਤ ਬੁਨਿਆਦੀ ਗੱਲ ਹੈ।

**ਕੁਝ ਹੋਰ ਬੁਨਿਆਦੀ ਨੁਕਤੇ:**

- ਔਰਤਾਂ ਤੁਰਦੀਆਂ ਫਿਰਦੀਆਂ ਯੋਨੀਆਂ ਨਹੀਂ ਹਨ।
- ਹਾਂ ਔਰਤਾਂ ਦੇ ਯੋਨੀਆਂ ਹੁੰਦੀਆਂ ਹਨ, ਪਰ ਉਹ ਇਸ ਤੋਂ ਵੱਧ ਹੁੰਦੀਆਂ ਹਨ। ਇਸ ਲਈ ਉਨ੍ਹਾਂ ਦੀ ਸਾਰੀ ਜ਼ਿੰਦਗੀ ਉਨ੍ਹਾਂ ਦੀ ਯੋਨੀ ਦੁਆਲੇ ਕੇਂਦਰਿਤ ਨਹੀਂ ਹੋਣੀ ਚਾਹੀਦੀ, ਇਸ ਨੂੰ ਕੰਟਰੋਲ ਕਰਨ ਲਈ, ਇਸ ਦੀ ਰੱਖਿਆ ਕਰਨ ਲਈ, ਇਸ ਦੀ ਸ਼ੁਧਤਾ ਕਾਇਮ ਰੱਖਣ ਲਈ (ਸ਼ਾਇਦ 13ਵੀਂ ਸਦੀ ਵਿੱਚ ਇਸ ਤਰ੍ਹਾਂ ਹੁੰਦਾ ਹੋਵੇ, ਪਰ ਇੱਕੀਵੀਂ ਸਦੀ ਵਿੱਚ ਸਾਨੂੰ ਇਨ੍ਹਾਂ ਸੀਮਤ ਵਿਚਾਰਾਂ ਨੂੰ ਨਹੀਂ ਮੰਨਣਾ ਚਾਹੀਦਾ। ਇਹ ਪੱਕਾ ਹੈ ਕਿ ਸਾਨੂੰ ਉਨ੍ਹਾਂ ਦੀ ਮਹਿਮਾ ਨਹੀਂ ਗਾਉਣੀ ਚਾਹੀਦੀ।)
- ਇਹ ਬਹੁਤ ਵਧੀਆ ਹੋਵੇਗਾ ਜੇ ਯੋਨੀ ਦਾ ਸਤਿਕਾਰ ਹੋਵੇ, ਪਰ ਜੇ ਬਦਕਿਸਮਤੀ ਨਾਲ ਅਜਿਹਾ ਨਾ ਹੋਵੇ, ਤਾਂ ਔਰਤ ਜੀਣਾ ਜਾਰੀ ਰੱਖ ਸਕਦੀ ਹੈ। ਉਸ ਨੂੰ ਮੌਤ ਦੀ ਸਜ਼ਾ ਨਹੀਂ ਮਿਲਣੀ ਚਾਹੀਦੀ ਕਿਉਂਕਿ ਕਿਸੇ ਹੋਰ ਵਿਅਕਤੀ ਨੇ ਉਸ ਦੀ ਮਰਜ਼ੀ ਤੋਂ ਬਿਨਾਂ ਉਸ ਦੀ ਯੋਨੀ ਦਾ ਤ੍ਰਿਸਕਾਰ ਕੀਤਾ ਹੈ।



- ਯੋਨੀ ਤੋਂ ਬਾਹਰ ਵੀ ਜ਼ਿੰਦਗੀ ਹੈ, ਅਤੇ ਇਸ ਲਈ ਬਲਾਤਕਾਰ ਤੋਂ ਬਾਅਦ ਵੀ ਜ਼ਿੰਦਗੀ ਹੋ ਸਕਦੀ ਹੈ। (ਮੈਨੂੰ ਪਤਾ ਹੈ ਕਿ ਮੈਂ ਦੁਹਰਾਅ ਰਹੀ ਹਾਂ, ਪਰ ਇਸ ਨੁਕਤੇ ਨੂੰ ਜਿੰਨੀ ਵਾਰੀ ਵੀ ਦੁਹਰਾਇਆ ਜਾਵੇ ਉਹ ਘੱਟ ਹੈ।)
- ਸਮੁੱਚੇ ਰੂਪ ਵਿੱਚ ਯੋਨੀ ਤੋਂ ਬਾਅਦ ਵੀ ਜ਼ਿੰਦਗੀ ਵਿੱਚ ਬਹੁਤ ਕੁਝ ਹੈ।

ਤੁਸੀਂ ਹੈਰਾਨ ਹੋਵੋਗੇ ਕਿ ਮੈਂ ਯੋਨੀ ਬਾਰੇ ਵਾਰ ਵਾਰ ਕਿਉਂ ਗੱਲ ਕਰ ਰਹੀ ਹਾਂ। ਕਿਉਂਕਿ ਸ਼੍ਰੀ ਮਾਨ ਜੀ ਮੈਂ ਤੁਹਾਡੀ ਸ਼ਾਹਕਾਰ ਦੇਖ ਕੇ ਇਹ ਹੀ ਮਹਿਸੂਸ ਕੀਤਾ। ਮੈਂ ਇਕ ਯੋਨੀ ਦੀ ਤਰ੍ਹਾਂ ਮਹਿਸੂਸ ਕੀਤਾ। ਮੈਂ ਮਹਿਸੂਸ ਕੀਤਾ ਕਿ ਮੈਨੂੰ ਸਿਰਫ ਯੋਨੀ ਤੱਕ ਮਨਫੀ ਕਰ ਦਿੱਤਾ ਗਿਆ ਹੈ। ਮੈਂ ਮਹਿਸੂਸ ਕੀਤਾ ਕਿ ਪਿਛਲੇ ਸਾਲਾਂ ਵਿੱਚ ਜਿਹੜੀਆਂ ਵੀ "ਛੋਟੀਆਂ ਜਿਹੀਆਂ" ਪ੍ਰਾਪਤੀਆ ਔਰਤਾਂ ਅਤੇ ਔਰਤਾਂ ਦੀਆਂ ਲਹਿਰਾਂ ਨੇ ਪ੍ਰਾਪਤ ਕੀਤੀਆਂ ਹਨ– ਜਿਵੇਂ ਵੋਟ ਪਾਉਣ ਦਾ ਹੱਕ, ਜਾਇਦਾਦ ਦੀਆਂ ਮਾਲਕ ਬਣਨ ਦਾ ਹੱਕ, ਵਿਦਿਆ ਦਾ ਹੱਕ, ਇਕੋ ਜਿਹੇ ਕੰਮ ਲਈ ਇਕੋ ਜਿਹੀ ਤਨਖਾਹ ਦਾ ਹੱਕ, ਗਰਭਵਤੀ ਹੁੰਦੇ ਸਮੇਂ ਛੁੱਟੀ ਦਾ ਹੱਕ, ਵਿਸ਼ਾਖਾ ਫੈਸਲਾ, ਬੱਚਿਆਂ ਨੂੰ ਗੋਦ ਲੈਣ ਦਾ ਹੱਕ – ਇਨ੍ਹਾਂ ਸਾਰੀਆਂ ਦੀ ਕੋਈ ਤੁਕ ਨਹੀਂ; ਕਿਉਂਕਿ ਅਸੀਂ ਬੁਨਿਆਦੀ ਗੱਲ 'ਤੇ ਵਾਪਸ ਆ ਗਏ ਹਾਂ।

ਅਸੀਂ ਵਾਪਸ ਬੁਨਿਆਦੀ ਸਵਾਲ 'ਤੇ ਆ ਗਏ ਹਾਂ–ਜੀਣ ਦਾ ਹੱਕ। ਤੁਹਾਡੀ ਫਿਲਮ ਨੇ ਸਾਨੂੰ ਮੱਧ ਕਾਲ ਦੇ ਹਨ੍ਹੇਰੇ ਸਮਿਆਂ ਦੇ ਉਸ ਬੁਨਿਆਦੀ ਸਵਾਲ 'ਤੇ ਲਿਆ ਖੜ੍ਹਾ ਕੀਤਾ ਹੈ–ਕੀ ਔਰਤਾਂ–ਵਿਧਵਾ, ਬਲਾਤਕਾਰ ਦਾ ਸ਼ਿਕਾਰ, ਜਵਾਨ, ਬੁੱਢੀਆਂ, ਗਰਭਵਤੀ, ਗਭਰੇਟ ... ਨੂੰ ਜੀਣ ਦਾ ਹੱਕ ਹੈ?

ਮੈਂ ਸਮਝਦੀ ਹਾਂ ਕਿ ਜੌਹਰ ਅਤੇ ਸਤੀ ਸਾਡੇ ਸਮਾਜਿਕ ਇਤਿਹਾਸ ਦਾ ਹਿੱਸਾ ਹਨ। ਇਹ ਬੀਤੀਆਂ ਸਨ। ਮੈਂ ਸਮਝਦੀ ਹਾਂ ਕਿ ਉਹ ਸਨਸਨੀਖੇਜ਼, ਸਦਮਾ–ਜਨਕ ਨਾਟਕੀ ਵਰਤਾਰੇ ਹਨ ਜਿਨ੍ਹਾਂ ਨੂੰ ਸ਼ਾਨਦਾਰ, ਜ਼ੋਰਦਾਰ ਅਤੇ ਗਜ਼ਬਦਾਰ ਨਜ਼ਾਰਿਆਂ ਵਿੱਚ ਪੇਸ਼ ਕੀਤਾ ਜਾ ਸਕਦਾ ਹੈ, ਖਾਸ ਕਰਕੇ ਤੁਹਾਡੇ ਵਰਗੇ ਪ੍ਰਬੀਨ ਫਿਲਮਸਾਜ਼ ਵਲੋਂ – ਪਰ 19ਵੀਂ ਸਦੀ ਵਿੱਚ ਅਮਰੀਕਾ ਵਿੱਚ ਚਿੱਟੇ ਲੋਕਾਂ ਦੀਆਂ ਭੀੜਾਂ ਵਲੋਂ ਕਾਲੇ ਲੋਕਾਂ ਦੇ ਸਮੂਹਿਕ ਕਤਲ (ਲਿੰਚਿੰਗ) ਵੀ ਇਸ ਤਰ੍ਹਾਂ ਦੇ ਵਰਤਾਰੇ ਹਨ– ਸਨਸਨੀਖੇਜ, ਸਦਮਾਜਨਕ ਨਾਟਕੀ ਸਮਾਜਕ ਵਰਤਾਰੇ। ਕੀ ਇਸ ਦਾ ਮਤਲਬ ਹੈ ਕਿ ਨਸਲਵਾਦ ਉੱਪਰ ਕੋਈ ਨਜ਼ਰੀਆ ਰੱਖੇ ਬਿਨਾਂ ਕੋਈ ਇਸ 'ਤੇ ਫਿਲਮ ਬਣਾ ਦੇਵੇ? ਜਾਂ ਨਸਲੀ ਨਫਰਤ 'ਤੇ ਕੋਈ ਟਿੱਪਣੀ ਕੀਤੇ ਬਿਨਾਂ? ਇਸ ਤੋਂ ਬਦਤਰ ਕੀ ਕੋਈ ਗਰਮ–ਖੂਨ, ਸ਼ੁਧਤਾ, ਬਹਾਦਰੀ ਦੀ ਵਿਕ੍ਰਿਤ ਧਾਰਨਾ ਦੇ ਚਿੰਨ ਵਜੋਂ ਸਮੂਹਿਕ ਕਤਲਾਂ (ਲਿੰਚਿੰਗ) ਨੂੰ ਵਡਿਆਉਂਦੀ ਫਿਲਮ ਬਣਾ ਦੇਵੇ– ਮੈਨੂੰ ਪਤਾ ਨਹੀਂ, ਮੈਨੂੰ ਬਿਲਕੁਲ ਪਤਾ ਨਹੀਂ ਕਿ ਕੋਈ ਇਸ ਤਰ੍ਹਾਂ ਦੇ ਘਿਨਾਉਣੇ ਨਫਰਤ ਭਰੇ ਜੁਰਮ ਨੂੰ ਕਿਵੇਂ ਵੱਡਿਆ ਸਕਦਾ ਹੈ।

ਸ਼੍ਰੀਮਾਨ ਜੀ ਮੈਨੂੰ ਯਕੀਨ ਹੈ ਕਿ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕੇ ਸਤੀ ਅਤੇ ਜੌਹਰ ਅਜਿਹੀਆਂ ਰੀਤਾਂ ਹਨ ਜਿਹਨਾਂ ਨੂੰ ਵਡਿਆਇਆ ਨਹੀਂ ਜਾ ਸਕਦਾ। ਮੈਨੂੰ ਯਕੀਨ ਹੈ ਤੁਸੀਂ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਅਣਖ, ਕੁਰਬਾਨੀ, ਸ਼ੁਧਤਾ ਦਾ ਕਿਸੇ ਵੀ ਤਰ੍ਹਾਂ ਦਾ ਪੁਰਾਤਨ ਵਿਚਾਰ ਔਰਤਾਂ ਅਤੇ ਮਰਦਾਂ ਨੂੰ ਇਸ ਤਰ੍ਹਾਂ ਦੀਆਂ ਰੀਤਾਂ ਵਿੱਚ ਸ਼ਾਮਲ ਹੋਣ ਅਤੇ ਉਨ੍ਹਾਂ ਦਾ ਸਮਰਥਨ ਕਰਨ ਲਈ ਮਜ਼ਬੂਰ ਨਹੀਂ ਕਰ ਸਕਦਾ; ਅਤੇ ਬੁਨਿਆਦੀ ਤੌਰ 'ਤੇ ਫੀਮੇਲ ਜੈਨੀਟਲ ਮਿਊਟੀਲੇਸ਼ਨ (ਐੱਫ ਜੀ ਐੱਮ) ਅਤੇ ਅਣਖ ਖਾਤਰ ਕੀਤੇ ਜਾਂਦੇ ਕਤਲਾਂ ਵਾਂਗ ਸਤੀ ਅਤੇ ਜੌਹਰ ਵੀ ਪਿੱਤਰਸੱਤਾ, ਔਰਤਾਂ ਨਾਲ ਨਫਰਤ ਕਰਨ ਵਾਲੇ ਅਤੇ ਸੰਦੇਹਜਨਕ ਵਿਚਾਰਾਂ ਦੀ ਜ਼ੱਦ ਵਿੱਚ ਆਉਂਦੀਆਂ ਹਨ। ਅਜਿਹੀ ਮਾਨਸਿਕਤਾ ਜੋ ਇਹ ਵਿਸ਼ਵਾਸ ਕਰਦੀ ਹੈ ਕਿ ਔਰਤ ਦੀ ਕੀਮਤ ਉਸ ਦੀ ਯੋਨੀ ਵਿੱਚ ਹੈ, ਕਿ ਔਰਤਾਂ ਦੀ ਜ਼ਿੰਦਗੀ ਦੀ ਕੋਈ ਕੀਮਤ ਨਹੀਂ ਜੇ ਉਹਆਪਣੇ ਮਰਦ ਮਾਲਕਾਂ ਦੇ ਕੰਟਰੋਲ ਵਿੱਚ ਨਹੀਂ ਜਾਂ ਉਨ੍ਹਾਂ ਦੇ ਸਰੀਰ ਕਿਸੇ ਅਜਿਹੇ ਮਰਦ ਦੀ ਛੋਹ ਜਾਂ ਨਜ਼ਰ ਨਾਲ 'ਅਪਵਿੱਤਰ' ਹੋ ਜਾਂਦਾ ਹੈ ਜਿਹੜੇ ਮਰਦ ਕੋਲ ਔਰਤ ਦੀ 'ਮਾਲਕੀ' ਜਾਂ 'ਕੰਟਰੋਲ' ਦੀ ਸਮਾਜਕ ਪ੍ਰਵਾਨਗੀ ਨਾ ਹੋਵੇ।

ਸਤੀ, ਜੌਹਰ, ਐੱਫ ਜੀ ਐੱਮ, ਅਣਖ ਖਾਤਰ ਕੀਤੇ ਜਾਂਦੇ ਕਤਲ ਵਰਗੀਆਂ ਰੀਤਾਂ ਨੂੰ ਵਡਿਆਉਣਾ ਨਹੀਂ ਚਾਹੀਦਾ ਕਿਉਂਕਿ ਉਹ ਸਿਰਫ ਔਰਤਾਂ ਤੋਂ ਬਰਾਬਰੀ ਦਾ ਹੱਕ, ਉਨ੍ਹਾਂ ਦੀ ਵਿਅਕਤੀਗਤ ਹੋਂਦ ਹੀ ਨਹੀਂ ਖੋਂਹਦੀਆਂ ਸਗੋਂ ਉਹ ਔਰਤਾਂ ਦੀ ਇਨਸਾਨੀਅਤ ਖੋਹ ਲੈਂਦੀਆਂ ਹਨ। ਅਤੇ ਇਹ ਗਲਤ ਹੈ। ਅਸੀਂ ਇਹ ਮੰਨ ਸਕਦੇ ਹਾਂ ਕਿ ਇਹ ਅਜਿਹਾ ਨੁਕਤਾ ਹੈ ਜਿਸ ਬਾਰੇ ਸੰਨ 2018 ਵਿੱਚ ਗੱਲ ਕਰਨ ਦੀ ਲੋੜ ਨਹੀਂ; ਪਰ ਜ਼ਾਹਰਾ ਤੌਰ 'ਤੇ ਅਜਿਹਾ ਕਰਨ ਦੀ ਲੋੜ ਹੈ। ਪੱਕਾ ਹੈ ਕਿ ਤੁਸੀਂ ਐੱਫ ਜੀ ਐੱਮ ਜਾਂ ਅਣਖ ਖਾਤਰ ਕੀਤੇ ਜਾਂਦੇ ਕਤਲਾਂ ਨੂੰ ਵਡਿਆਉਣ ਵਾਲੀ ਫਿਲਮ ਬਣਾਉਣ ਬਾਰੇ ਨਹੀਂ ਸੋਚੋਗੇ।

ਸ਼੍ਰੀਮਾਨ ਜੀ ਤੁਸੀਂ ਕਹੋਗੇ ਕਿ ਮੈਂ ਹੱਦ ਤੋਂ ਜ਼ਿਆਦਾ ਪ੍ਰਤੀਕਰਮ ਕਰ ਰਹੀ ਹਾਂ ਅਤੇ ਮੈਨੂੰ ਇਸ ਫਿਲਮ ਨੂੰ ਇਸ ਦੇ ਸੰਦਰਭ ਵਿੱਚ ਦੇਖਣ ਦੀ ਲੋੜ ਹੈ। ਇਹ ਕਹਾਣੀ 13ਵੀਂ ਸਦੀ ਦੇ ਲੋਕਾਂ ਬਾਰੇ ਹੈ। ਅਤੇ 13ਵੀਂ ਸਦੀ ਵਿੱਚ ਜ਼ਿੰਦਗੀ ਇਸ ਤਰ੍ਹਾਂ ਦੀ ਹੀ ਸੀ – ਇਕ ਤੋਂ ਵੱਧ ਔਰਤਾਂ ਨਾਲ ਵਿਆਹ ਪ੍ਰਵਾਨ ਸਨ, ਮੁਸਲਮਾਨ ਪਸ਼ੂ ਸਨ ਜੋ ਮੀਟ ਅਤੇ ਔਰਤਾਂ ਨੂੰ ਹਾਬੜ ਕੇ ਪੈਂਦੇ ਸਨ, ਅਤੇ ਇੱਜ਼ਤਦਾਰ ਹਿੰਦੂ ਔਰਤਾਂ ਆਪਣੇ ਪਤੀਆਂ ਦੀ ਚਿਖਾ ਵਿੱਚ ਖੁਸ਼ੀ ਖੁਸ਼ੀ ਛਾਲ ਮਾਰ ਦਿੰਦੀਆਂ ਸਨ, ਅਤੇ ਜੇ ਸਸਕਾਰ 'ਤੇ ਨਾ ਜਾ ਸਕਦੀਆਂ ਹੋਣ, ਉਹ ਇਕ ਚਿਖਾ ਬਾਲ ਕੇ ਉਸ ਵਿੱਚ ਛਾਲ ਮਾਰ ਦਿੰਦੀਆਂ ਸਨ– ਅਸਲ ਵਿੱਚ ਉਹ ਸਮੂਹਿਕ ਆਤਮਹੱਤਿਆ ਦੇ ਵਿਚਾਰ ਨੂੰ ਏਨਾ ਜ਼ਿਆਦਾ ਪਸੰਦ ਕਰਦੀਆਂ ਸਨ ਕਿ ਉਹ ਆਪਣੇ ਹਾਰ ਸ਼ਿੰਗਾਰ ਕਰਨ ਦੇ ਮੌਕਿਆਂ 'ਤੇ ਇਸ ਬਾਰੇ ਖੁਸ਼ੀ ਖੁਸ਼ੀ ਗੱਲ ਕਰਦੀਆਂ ਸਨ। ਤੁਸੀਂ ਮੈਨੂੰ ਕਹੋਗੇ "ਸੱਚ ਨੂੰ ਦੇਖ"।

ਨਹੀਂ ਸ਼੍ਰੀਮਾਨ ਜੀ ਆਪਣੀਆਂ ਜ਼ਾਲਮਾਨਾ ਰੀਤਾਂ ਵਾਲਾ 13ਵੀਂ ਸਦੀ ਦਾ ਰਾਜਸਥਾਨ ਤੁਹਾਡੇ ਵਲੋਂ ਪਦਮਾਵਤ ਫਿਲਮ ਲਈ ਅਪਣਾਈ ਗਈ ਗਾਥਾ ਲਈ ਸਿਰਫ ਇਕ ਇਤਿਹਾਸਕ ਸੈਟਿੰਗ ਹੈ। ਤੁਹਾਡੀ ਫਿਲਮ ਦਾ ਸੰਦਰਭ ਇੱਕੀਵੀਂ ਸਦੀ ਦਾ ਇੰਡੀਆ ਹੈ; ਜਿੱਥੇ ਪੰਜ ਸਾਲ ਪਹਿਲਾਂ, ਦੇਸ਼ ਦੀ ਰਾਜਧਾਨੀ ਵਿੱਚ ਇਕ ਚਲਦੀ ਬੱਸ ਵਿੱਚ ਇਕ ਕੁੜੀ ਦਾ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਆਪਣੀ ਇੱਜ਼ਤ ਲੁੱਟੇ ਜਾਣ 'ਤੇ ਉਸ ਨੇ ਆਤਮਹੱਤਆ ਨਹੀਂ ਕੀਤੀ ਸੀ, ਸ਼੍ਰੀ ਮਾਨ ਜੀ। ਉਹ ਆਪਣੇ ਛੇ ਬਲਾਤਕਾਰੀਆਂ ਨਾਲ ਲੜੀ ਸੀ। ਉਹ ਏਨੀ ਜਾਣ ਨਾਲ ਲੜੀ ਕਿ ਉਨ੍ਹਾਂ ਦਰਿੰਦਿਆਂ ਵਿੱਚੋਂ ਇਕ ਨੇ ਉਸ ਦੀ ਯੋਨੀ ਵਿੱਚ ਲੋਹੇ ਦੇ ਸਰੀਆ ਧੱਕ ਦਿੱਤਾ ਸੀ। ਉਸ ਦੀ ਲਾਸ਼ ਸੜਕ 'ਤੇ ਮਿਲੀ ਸੀ ਜਿਸ ਦੀਆਂ ਆਂਦਰਾਂ ਬਾਹਰ ਨਿਕਲੀਆਂ ਹੋਈਆਂ ਸਨ। ਏਨਾ ਵਾਸਤਵਿਕ ਵਿਸਥਾਰ ਦੇਣ ਲਈ ਮੁਆਫੀ ਮੰਗਦੀ ਹਾਂ; ਸ਼੍ਰੀ ਮਾਨ ਜੀ, ਪਰ ਤੁਹਾਡੀ ਫਿਲਮ ਦਾ ਅਸਲ 'ਸੰਦਰਭ' ਇਹ ਹੈ।

ਤੁਹਾਡੀ ਫਿਲਮ ਰਿਲੀਜ਼ ਹੋਣ ਤੋਂ ਇਕ ਹਫਤਾ ਪਹਿਲਾਂ ਹਰਿਆਣੇ ਦੇ ਸ਼ਹਿਰ ਜੀਂਦ ਵਿੱਚ ਇਕ ਪੰਦਰਾਂ ਸਾਲਾਂ ਦੀ ਦਲਿਤ ਕੁੜੀ ਨਾਲ ਕਰੂਰ ਢੰਗ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ; ਜਿਹੜਾ ਜੁਰਮ ਨਿਰਭੈਆ ਦੇ ਬਲਾਤਕਾਰ ਨਾਲ ਬੁਰੀ ਤਰ੍ਹਾਂ ਰਲਦਾ ਮਿਲਦਾ ਸੀ।

ਤੁਸੀਂ ਜਾਣਦੇ ਹੀ ਹੋ ਕਿ ਸਤੀ ਅਤੇ ਔਰਤਾਂ ਦੇ ਕੀਤੇ ਜਾਂਦੇ ਬਲਾਤਕਾਰ ਇਕੋ ਮਾਨਸਿਕਤਾ ਦੇ ਦੋ ਪਾਸੇ ਹਨ।ਇਕ ਬਲਾਤਕਾਰੀ ਇਕ ਔਰਤ ਨੂੰ ਕੰਟਰੋਲ ਕਰਨ ਲਈ ਉਸ ਦੇ ਗੁਪਤ ਅੰਗਾਂ ਦਾ ਤ੍ਰਿਸਕਾਰ ਅਤੇ ਉਨ੍ਹਾਂ 'ਤੇ ਹਮਲਾ ਕਰਦਾ ਹੈ, ਉਨ੍ਹਾਂ ਨਾਲ ਜ਼ਬਰਦਸਤੀ ਕਰਦਾ ਹੈ, ਉਨ੍ਹਾਂ ਨੂੰ ਕੱਟਦਾ/ਵੱਢਦਾ ਹੈ, ਉਸ 'ਤੇ ਭਾਰੂ ਪੈਂਦਾ ਹੈ ਜਾਂ ਉਸ ਨੂੰ ਖਤਮ ਕਰ ਦਿੰਦਾ ਹੈ। ਸਤੀ–ਜੌਹਰ ਦੇ ਸਮਰਥਕ ਜਾਂ ਹਿਮਾਇਤੀ ਔਰਤ ਨੂੰ ਮੁਕੰਮਲ ਤੌਰ 'ਤੇ ਨਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਨ ਜੇ ਉਸ ਦੇ ਗੁਪਤ ਅੰਗਾਂ ਦਾ ਤ੍ਰਿਸਕਾਰ ਕਰ ਦਿੱਤਾ ਗਿਆ ਹੋਵੇ ਜਾਂ ਉਸ ਦੇ ਗੁਪਤ ਅੰਗ 'ਸਹੀ' ਮਰਦ ਮਾਲਕ ਦੇ ਕੰਟਰੋਲ ਵਿੱਚ ਨਾ ਰਹੇ ਹੋਣ। ਦੋਹਾਂ ਕੇਸਾਂ ਵਿੱਚ ਕੋਸ਼ਿਸ਼ ਇਹ ਹੀ ਹੁੰਦੀ ਹੈ ਕਿ ਔਰਤ ਨੂੰ ਬੱਸ ਉਸ ਦੇ ਗੁਪਤ ਅੰਗਾਂ ਤੱਕ ਸੀਮਤ ਕਰ ਦਿੱਤਾ ਜਾਵੇ।

ਕਲਾ ਦਾ ਸੰਦਰਭ, ਕਿਸੇ ਵੀ ਕਲਾ ਦਾ, ਉਹ ਸਮਾਂ ਅਤੇ ਥਾਂ ਹੁੰਦੀ ਹੈ ਜਦੋਂ ਇਹ ਸਿਰਜਿਆ ਅਤੇ ਮਾਣਿਆ (ਕੰਜ਼ਿਊਮ ਕੀਤਾ) ਜਾਂਦਾ ਹੈ। ਤਾਂ ਹੀ ਸਮੂਹਿਕ–ਬਲਾਤਕਾਰਾਂ ਦੀ ਭਰਮਾਰ ਵਾਲਾ ਇੰਡਿਆ, ਬਲਾਤਕਾਰ ਦਾ ਸਮਰਥਨ ਕਰਨ ਵਾਲੀ ਮਾਨਸਿਕਤਾ, ਪੀੜਤ 'ਤੇ ਦੋਸ਼ ਧਰਨ ਵਾਲਾ ਸਮਾਜ ਤੁਹਾਡੀ ਫਿਲਮ ਦਾ ਅਸਲ ਸੰਦਰਭ ਹੈ। ਇਸ ਸੰਦਰਭ ਵਿੱਚ ਜ਼ਰੂਰੀ ਸੀ ਸ਼੍ਰੀ ਮਾਨ ਜੀ ਕਿ ਤੁਸੀਂ ਆਪਣੀ ਫਿਲਮ ਵਿੱਚ ਸਤੀ ਅਤੇ ਜੌਹਰ ਦੀ ਕੋਈ ਨਾ ਕੋਈ ਆਲੋਚਨਾ ਪੇਸ਼ ਕਰਦੇ।

ਤੁਸੀਂ ਕਹੋਗੇ ਕਿ ਤੁਸੀਂ ਫਿਲਮ ਦੇ ਸ਼ੁਰੂ ਵਿੱਚ ਇਕ ਬਿਆਨ ਲਿਖਿਆ ਹੈ ਕਿ ਫਿਲਮ ਸਤੀ ਜਾਂ ਜੌਹਰ ਦਾ ਸਮਰਥਨ ਨਹੀਂ ਕਰਦੀ। ਜ਼ਰੂਰ ਸ਼੍ਰੀ ਮਾਨ ਜੀ, ਪਰ ਇਸ ਤੋਂ ਬਾਅਦ ਤੁਸੀਂ ਪੌਣੇ ਤਿੰਨ ਘੰਟੇ ਰਾਜਪੂਤਾਂ ਦੀ ਅਣਖ ਅਤੇ ਇੱਜ਼ਤਦਾਰ ਰਾਜਪੂਤ ਔਰਤਾਂ ਦੀ ਮਹਿਮਾ ਦਾ ਗਾਣ ਕੀਤਾ ਹੈ ਜਿਹੜੀਆਂ ਔਰਤਾਂ ਉਨ੍ਹਾਂ ਦੁਸ਼ਮਣ ਮਰਦਾਂ ਤੋਂ ਛੋਹੇ ਜਾਂਣ ਦੀ ਥਾਂ ਅੱਗ ਦੀਆਂ ਲਪਟਾਂ ਵਿੱਚ ਖੁਸ਼ੀ ਖੁਸ਼ੀ ਕੁਰਬਾਨ ਹੋ ਗਈਆਂ ਜਿਹੜੇ ਮਰਦ ਉਨ੍ਹਾਂ ਦੇ ਪਤੀ ਨਹੀਂ ਸਨ ਪਰ ਮੁਸਲਮਾਨ ਸਨ।

ਤੁਹਾਡੀ ਕਹਾਣੀ ਦੇ 'ਚੰਗੇ' ਕਿਰਦਾਰਾਂ ਨੇ ਤਿੰਨ ਵਾਰੀ ਤੋਂ ਜ਼ਿਆਦਾ ਵਾਰ ਸਤੀ/ਜੌਹਰ ਦੇ ਇਕ ਮਾਣ ਵਾਲੀ ਚੋਣ ਹੋਣ ਬਾਰੇ ਗੱਲ ਕੀਤੀ, ਤੁਹਾਡੀ ਹੀਰੋਈਨ–ਜੋ ਸੁੰਦਰਤਾ, ਅਕਲ ਅਤੇ ਚੰਗਿਆਈ ਦਾ ਮੁੱਜਸਮਾ ਸੀ–ਨੇ ਆਪਣੇ ਪਤੀ ਤੋਂ ਜੌਹਰ ਕਰਨ ਦੀ

ਇਜਾਜ਼ਤ ਮੰਗੀ, ਕਿਉਂਕਿ ਉਹ ਉਸ ਦੀ ਇਜਾਜ਼ਤ ਤੋਂ ਬਿਨਾਂ ਮਰ ਵੀ ਨਹੀਂ ਸਕਦੀ ਸੀ; ਉਸ ਤੋਂ ਛੇਤੀ ਬਾਅਦ ਉਸ ਨੇ ਸੱਚ ਅਤੇ ਝੂਠ, ਧਰਮ ਅਤੇ ਅਧਰਮ ਵਿਚਕਾਰ ਜੰਗ ਬਾਰੇ ਇਕ ਲੰਮਾ ਭਾਸ਼ਣ ਦਿੱਤਾ ਅਤੇ ਸਮੂਹਿਕ ਸਤੀ ਨੂੰ ਸੱਚ ਅਤੇ ਧਰਮ ਦਾ ਰਸਤਾ ਦੱਸਿਆ।

ਫਿਰ ਅਖੀਰ ’ਤੇ, ਸਾਹ ਰੋਕਣ ਵਾਲੇ ਸ਼ਾਟ ਵਿੱਚ, ਦੁਰਗਾ ਮਾਤਾ ਵਾਂਗ ਲਾਲ ਕੱਪੜਿਆਂ ਵਿੱਚ ਸੱਜੀਆਂ ਸੈਂਕੜੇ ਔਰਤਾਂ ਜੌਹਰ ਦੀ ਅੱਗ ਵਿੱਚ ਕੁੱਦ ਗਈਆਂ ਜਦੋਂ ਕਿ ਜੰਨੂਨੀ ਸਾਇਕੋਪਾਥ ਮੁਸਲਮਾਨ ਖਲਨਾਇਕ ਉਨ੍ਹਾਂ ਦੇ ਸਾਹਮਣੇ ਸੀ ਅਤੇ ਉਹ ਥਰਥਰਾਉਂਦਾ ਸੰਗੀਤ-ਜਿਸ ਵਿੱਚ ਇਕ ਤਰਾਨੇ ਜਿੰਨੀ ਤਾਕਤ ਸੀ। ਇਸ ਸ਼ਾਟ ਨੇ ਦਰਸ਼ਕਾਂ ਨੂੰ ਰੋਅਬਦਾਰ ਢੰਗ ਇਸ ਅਮਲ ਦੀ ਸ਼ਲਾਘਾ ਕਰਨ ਲਈ ਭਰਮਾ ਲਿਆ। ਸ਼੍ਰੀਮਾਨ ਜੀ, ਜੇ ਇਹ ਸਤੀ ਅਤੇ ਜੌਹਰ ਦੀ ਵਡਿਆਈ ਨਹੀਂ ਤਾਂ ਮੈਨੂੰ ਸੱਚਮੁੱਚ ਨਹੀਂ ਪਤਾ ਕਿ ਇਹ ਕੀ ਹੈ।

ਮੈਂ ਤੁਹਾਡਾ ਅੰਤ ਦੇਖ ਕੇ ਬਹੁਤ ਬੇਚੈਨ ਮਹਿਸੂਸ ਕੀਤਾ, ਇਕ ਗਰਭਵਤੀ ਔਰਤ ਅਤੇ ਛੋਟੀ ਜਿਹੀ ਕੁੜੀ ਨੂੰ ਅੱਗ ਵਿੱਚ ਜਾਂਦੇ ਦੇਖ ਕੇ। ਮੈਨੂੰ ਆਪਣੀ ਹੋਂਦ ਨਜਾਇਜ਼ ਲੱਗੀ ਕਿਉਂਕਿ ਰੱਬ ਨਾ ਕਰੇ ਜੇ ਮੇਰੇ ਨਾਲ ਕੁਝ ਅਭਾਗਾ ਵਰਤ ਜਾਵੇ ਤਾਂ ਮੈਂ ਉਸ ਅੱਗ ਦੀ ਖਾਈ ਤੋਂ ਬਾਹਰ ਰਹਿਣ ਲਈ ਜੋ ਕੁਝ ਵੀ ਮੇਰੇ ਵੱਸ ’ਚ ਹੋਇਆ ਕਰਾਂਗੀ, ਭਾਵੇਂ ਇਸ ਦਾ ਅਰਥ ਸਾਰੀ ਉਮਰ ਲਈ ਖਿਲਜੀ ਵਰਗੇ ਦਰਿੰਦੇ ਦੀ ਗੁਲਾਮ ਬਣ ਕੇ ਨਾ ਰਹਿਣਾ ਪਵੇ। ਉਸ ਵੇਲੇ ਮੈਂ ਮਹਿਸੂਸ ਕੀਤਾ ਕਿ ਮੇਰੇ ਵਲੋਂ ਮੌਤ ਦੀ ਥਾਂ ਜ਼ਿੰਦਗੀ ਨੂੰ ਚੁਣਨਾ ਗਲਤ ਸੀ। ਜੀਣ ਦੀ ਖਾਹਿਸ਼ ਰੱਖਣਾ ਗਲਤ ਸੀ। ਸ਼੍ਰੀ ਮਾਨ ਜੀ, ਇਹ ਹੈ ਸਿਨਮੇ ਦੀ ਤਾਕਤ।

ਖਾਸ ਤੌਰ ’ਤੇ ਤੁਹਾਡਾ ਸਿਨਮਾ ਪ੍ਰੇਰਨਾਮਈ, ਵੇਗਮਈ ਅਤੇ ਸ਼ਕਤੀਸ਼ਾਲੀ ਹੈ। ਇਹ ਦਰਸ਼ਕਾਂ ਨੂੰ ਭਾਵਨਾਵਾਂ ਦੇ ਉਤਰਾਵਾਂ ਚੜ੍ਹਾਵਾਂ ਵਿੱਚ ਲਿਜਾ ਸਕਦਾ ਹੈ। ਇਹ ਸੋਚ ’ਤੇ ਅਸਰ ਪਾ ਸਕਦਾ ਹੈ, ਇਸ ਲਈ ਸ਼੍ਰੀ ਮਾਨ ਜੀ ਤੁਹਾਨੂੰ ਤੁਹਾਡੇ ਲਈ ਆਪਣੀ ਫਿਲਮ ਵਿੱਚ ਪੇਸ਼ ਕੀਤੀ ਅਤੇ ਕਹੀ ਹੋਈ ਗੱਲ ਲਈ ਜ਼ਿੰਮੇਵਾਰ ਹੋਣਾ ਜ਼ਰੂਰੀ ਹੈ।

ਬਹੁਤ ਹੀ ਮੁਸ਼ਕਿਲ ਨਾਲ ਕੁੱਝ ਭਾਰਤੀ ਸੁਧਾਰਕਾਂ, ਅਤੇ ਸੂਬਿਆਂ ਦੀਆਂ ਬ੍ਰਿਟਿਸ਼ ਕਾਲੋਨੀਅਲ ਸਰਕਾਰਾਂ ਅਤੇ ਰਿਆਸਤੀ ਸਰਕਾਰਾਂ ਨੇ 1829 ਅਤੇ 1861 ਵਿਚਕਾਰ ਆਪਣੇ ਫੈਸਲਿਆਂ ਨਾਲ ਸਤੀ ਨੂੰ ਖਤਮ ਕੀਤਾ ਅਤੇ ਇਸ ਨੂੰ ਜੁਰਮ ਕਰਾਰ ਦਿੱਤਾ। ਇਸ ਤੋਂ ਅੱਗੇ ਜਾ ਕੇ ਆਜ਼ਾਦ ਭਾਰਤ ਵਿੱਚ 1988 ਵਿੱਚ ਪਾਸ ਹੋਏ ਸਤੀ ਪ੍ਰੀਵੈਨਸ਼ਨ ਐਕਟ ਨੇ ਸਤੀ ਵਿੱਚ ਮਦਦ ਕਰਨ, ਇਸ ਲਈ ਸ਼ਹਿ ਦੇਣ ਅਤੇ ਇਸ ਨੂੰ ਵਡਿਆਉਣ ਨੂੰ ਜੁਰਮ ਮੰਨਿਆ। ਇਸ ਔਰਤ ਵਿਰੋਧੀ ਮੁਜਰਮਾਨਾ ਰੀਤ ਨੂੰ ਬਿਨਾਂ ਸੋਚੇ ਸਮਝੇ ਵਡਿਆਉਣ ਦੇ ਆਪਣੇ ਅਮਲ ਲਈ ਤੁਹਾਨੂੰ ਜੁਆਬ ਦੇਣਾ ਪਏਗਾ, ਸ਼੍ਰੀ ਮਾਨ ਜੀ। ਟਿਕਟ ਖ੍ਰੀਦ ਕੇ ਫਿਲਮ ਦੇਖਣ ਵਾਲੇ ਇਕ ਦਰਸ਼ਕ ਵਜੋਂ ਮੈਨੂੰ ਤੁਹਾਨੂੰ ਇਹ ਪੁੱਛਣ ਦਾ ਅਧਿਕਾਰ ਹੈ ਤੁਸੀਂ ਇਹ ਕਿਵੇਂ ਅਤੇ ਕਿਉਂ ਕੀਤਾ।

ਤੁਸੀਂ ਇਸ ਗੱਲ ਤੋਂ ਸੁਚੇਤ ਹੀ ਹੋਵੋਗੇ ਕਿ ਇੰਡਿਆ ਦੇ ਆਧੁਨਿਕ ਇਤਿਹਾਸ ਵਿੱਚ ਜੌਹਰ ਵਰਗੀਆਂ ਹੋਰ ਘਟਨਾਵਾਂ ਵਾਪਰੀਆਂ ਹਨ। ਇੰਡੀਆ ਅਤੇ ਪਾਕਿਸਤਾਨ ਦੀ ਖ਼ੂਨੀ ਵੰਡ ਸਮੇਂ 75,000 ਦੇ ਕਰੀਬ ਔਰਤਾਂ ਨਾਲ ਬਲਾਤਕਾਰ ਹੋਇਆ ਸੀ, ਅਗਵਾ ਕੀਤੀਆਂ ਗਈਆਂ ਸਨ ਅਤੇ ‘ਦੂਜੇ’ ਧਰਮਾਂ ਦੇ ਮਰਦਾਂ ਵਲੋਂ ਗਰਭਵਤੀ ਕੀਤੀਆਂ ਗਈਆਂ ਸਨ। ਔਰਤਾਂ ਵਲੋਂ ਆਪਣੀ ਮਰਜ਼ੀ ਨਾਲ ਅਤੇ ਦੂਜਿਆਂ ਦੀ ਸਹਾਇਤਾ ਨਾਲ ਆਤਮਹੱਤਿਆਵਾਂ ਕਰਨ ਦੀਆਂ ਕਈ ਘਟਨਾਵਾਂ ਵਾਪਰੀਆਂ ਸਨ, ਕਈ ਕੇਸਾਂ ਵਿੱਚ ‘ਦੂਜੇ’ ਧਰਮਾਂ ਦੇ ਮਰਦਾਂ ਵਲੋਂ ਛੋਹੇ ਜਾ ਸਕਣ ਤੋਂ ਪਹਿਲਾਂ ਪਤੀਆਂ ਅਤੇ ਬਾਪਾਂ ਨੇ ਖੁਦ ਆਪਣੀਆਂ ਪਤਨੀਆਂ ਅਤੇ ਧੀਆਂ ਦੇ ਸਿਰ ਵੱਢੇ ਸਨ।

ਪੰਜਾਬ ਵਿੱਚ ਠੋਆ ਖਾਲਸਾ ਦੇ ਦੰਗਿਆਂ ਤੋਂ ਬੱਚ ਜਾਣ ਵਾਲੇ ਬੀਰ ਬਹਾਦੁਰ ਸਿੰਘ ਨੇ ਔਰਤਾਂ ਵਲੋਂ ਪਿੰਡ ਦੇ ਖੂਹ ਵਿੱਚ ਛਾਲਾਂ ਮਾਰ ਕੇ ਆਤਮਹੱਤਿਆਵਾਂ ਕਰਨ ਦੇ ਇਕ ਦ੍ਰਿਸ਼ ਦਾ ਵਰਨਣ ਕੀਤਾ ਹੈ। ਉਸ ਦਾ ਕਹਿਣਾ ਹੈ, ਕਿ ਅੱਧੇ ਘੰਟੇ ਵਿੱਚ ਹੀ ਖ਼ੂਹ ਭਰ ਗਿਆ ਸੀ। ਉੱਪਰ ਵਾਲੀਆਂ ਔਰਤਾਂ ਬਚ ਗਈਆਂ। ਉਸ ਦੀ ਮਾਂ ਵੀ ਬਚ ਗਈ। 1998 ਵਿੱਚ ਛਪੀ ਦੀਅਦਰ ਸਾਈਡ ਆਫ ਸਾਈਲੈਂਸ ਦੀ ਲੇਖਕਾ ਯਾਦ ਕਰਕੇ ਦਸਦੀ ਹੈ ਕਿ ਸਿੰਘ ਆਪਣੀ ਮਾਂ ਵਲੋਂ ਆਪਣੀ ਬਚਦੀ ਜ਼ਿੰਦਗੀ ਲਈ ਜ਼ਿੰਦਾ ਰਹਿਣ ਕਾਰਨ ਸ਼ਰਮ ਮੰਨਦਾ ਸੀ। ਇਹ ਇੰਡੀਅਨ ਇਤਿਹਾਸ ਦੇ ਕਾਲੇ ਪੰਨਿਆਂ ਦੀ ਗੱਲ ਹੈ ਅਤੇ ਇਸ ਨੂੰ ਸ਼ਰਮ, ਘਿਰਣਾ, ਉਦਾਸੀ, ਪੁਨਰ ਵਿਚਾਰ, ਸੰਵੇਦਨਸ਼ੀਲਤਾ, ਸੂਖਮਤਾ ਨਾਲ ਯਾਦ ਕਰਨਾ ਚਾਹੀਦਾ ਹੈ ਨਾ ਕਿ ਬਿਨਾਂ ਸੋਚੀ ਸਮਝੀ ਸਨਸਨੀਖੇਜ ਵਡਿਆਈ ਨਾਲ। ਵੰਡ ਦੀਆਂ ਇਹ ਦੁਖਾਂਤਕ ਕਹਾਣੀਆਂ ਵੀ ਤੁਹਾਡੀ ਫਿਲਮ ਪਦਮਾਵਤ ਦਾ ਘੱਟ ਜ਼ਾਹਰ ਸੰਦਰਭ ਹਨ।

ਮਿਸਟਰ ਭੰਸਾਲੀ ਮੈਂ ਸ਼ਾਂਤੀ ਨਾਲ ਗੱਲ ਖਤਮ ਕਰਾਂਗੀ; ਕਾਮਨਾ ਕਰਦੀ ਹਾਂ ਕਿ ਤੁਸੀਂ ਜਿਸ ਤਰ੍ਹਾਂ ਦੀਆਂ ਫਿਲਮਾਂ ਬਣਾਉਣਾ ਚਾਹੁੰਦੇ ਹੋ ਉਸ ਤਰ੍ਹਾਂ ਦੀ ਬਹੁਤ ਸਾਰੀਆਂ ਫਿਲਮਾਂ ਬਣਾਉ, ਅਤੇ ਤੁਹਾਨੂੰ ਉਨ੍ਹਾਂ ਨੂੰ ਸ਼ਾਂਤਮਈ ਮਾਹੌਲ ਵਿੱਚ ਬਣਾਉਣ ਅਤੇ ਰਿਲੀਜ਼ ਕਰਨ ਦੀ ਇਜਾਜ਼ਤ ਹੋਵੇ; ਤੁਹਾਡੇ ਅਦਾਕਾਰ, ਤੁਹਾਡੇ ਪ੍ਰੋਡਿਊਸਰ, ਤੁਹਾਡੇ ਸਟੂਡੀਓ ਅਤੇ ਤੁਹਾਡੇ ਦਰਸ਼ਕ ਧਮਕੀਆਂ ਅਤੇ ਭੰਨਤੋੜ ਤੋਂ ਸੁਰੱਖਿਅਤ ਰਹਿਣ। ਮੈਂ ਤੁਹਾਡੇ ਪ੍ਰਗਟਾਵੇ ਦੀ ਅਜ਼ਾਦੀ ਲਈ ਟਰੋਲਾਂ (ਆਨਲਈਨ ਲੜਨ ਅਤੇ ਤੰਗ ਕਰਨ ਵਾਲਿਆਂ) ਅਤੇ ਟੈਲੀਵਿਜ਼ਨ ਦੇ ਟਿੱਪਣੀਕਾਰਾਂ ਨਾਲ ਲੜਨ ਦਾ ਵਾਅਦਾ ਕਰਦੀ ਹਾਂ; ਪਰ ਮੈਂ ਤੁਹਾਨੂੰ ਉਸ ਕਲਾ ਬਾਰੇ ਸਵਾਲ ਪੁੱਛਣ ਦਾ ਵੀ ਵਾਅਦਾ ਕਰਦੀ ਹਾਂ ਜਿਹੜੀ ਕਲਾ ਤੁਸੀਂ ਜਨਤਾ ਲਈ ਬਣਾਉਂਦੇ ਹੋ। ਇਸ ਸਮੇਂ ਦੌਰਾਨ ਆਉ ਆਪਾਂ ਉਮੀਦ ਕਰੀਏ ਕਿ ਕਿਸੇ ਵੀ ਕਰਨੀ ਸੈਨਾ ਜਾਂ ਕਿਸੇ ਮਰਨੀ ਸੈਨਾ ਦੇ ਕਿਸੇ ਜੰਨੂਨੀ ਮੈਂਬਰ ਨੂੰ ਇਹ ਮੰਗ ਕਰਨ ਦਾ ਵਿਚਾਰ ਨਾ ਆਏ ਕਿ ਸਤੀ ਦੀ ਰੀਤ ਨੂੰ ਜੁਰਮ ਦੇ ਘੇਰੇ ਵਿੱਚੋਂ ਬਾਹਰ ਕੱਢਿਆ ਜਾਣਾ ਚਾਹੀਦਾ ਹੈ!

**ਸੱਚੇ ਦਿਲੋਂ,**
**ਸਵਰਾ ਭਾਸਕਰ**
**ਜ਼ਿੰਦਗੀ ਦੀ ਖਾਹਿਸ਼ਮੰਦ**

(ਸਵਰਾ ਭਾਸਕਰ ਹਿੰਦੀ ਫਿਲਮ ਇੰਡਸਟਰੀ ਦੀ ਇਨਾਮ ਜੇਤੂ ਅਦਾਕਾਰਾ ਹੈ, ਜਿਸ ਨੇ ਅੱਗੇ ਦਿੱਤੀਆਂ ਫਿਲਮਾਂ ਵਿੱਚ ਅਦਾਕਾਰੀ ਕੀਤੀ ਹੈ: ਅਨਾਰਕਲੀ ਆਫ ਅਰਾਹ (2017), ਨਿਲ ਬਟੇ ਸੰਨਾਟਾ (2016), ਪ੍ਰੇਮ ਰਤਨ ਧਨ ਪਾਇਓ (2015), ਤਨੂ ਵੈਡਜ ਮੰਨੂ ਰਿਟਰਨਜ਼, (2015), ਰਾਂਝਨਾ (2013) ਅਤੇ ਤਨੂ ਵੈਡਜ਼ ਮੰਨੂ (2011)।)

ਜਸਵੀਰ ਸਿੰਘ ਸਮਰ

# ਕਲਾ ਉੱਤੇ ਕਲੇਸ਼ ਬਨਾਮ ਮੋਦੀ ਵਾਲਾ ਮਾਹੌਲ



*ਭਾਰਤੀ ਜਨਤਾ ਪਾਰਟੀ ਅਤੇ ਆਰਐੱਸਐੱਸ ਜਿਸ ਤਰ੍ਹਾਂ ਮੁਲਕ ਦਾ ਮੂੰਹ-ਮੱਥਾ ਬਦਲਣ ਦੇ ਰਾਹ ਉੱਤੇ ਚੱਲ ਰਹੀਆਂ ਹਨ, ਉਸ ਨੂੰ ਨੱਕਾ ਲੱਗਣਾ ਹੀ ਚਾਹੀਦਾ ਹੈ। ਬਹੁਤ ਸਾਰੇ ਮਾਮਲਿਆਂ ’ਤੇ ਮੋਦੀ ਨੂੰ ਘੇਰਾ ਵੀ ਪੈ ਰਿਹਾ ਹੈ। ਉਂਜ, ਕੁਝ ਚੋਣਵੇਂ ਵਿਦਵਾਨ ਇਹ ਰਾਏ ਵੀ ਰੱਖ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਅਤੇ ਆਰਐੱਸਐੱਸ ਦੀਆਂ ਤਿੱਖੀਆਂ ਤਬਦੀਲੀਆਂ ਨੂੰ ਨੱਕਾ ਲਾਉਣਾ ਕਾਂਗਰਸ ਜਾਂ ਰਾਹੁਲ ਗਾਂਧੀ ਦੇ ਵੱਸ ਦਾ ਰੋਗ ਨਹੀਂ।*

ਫ਼ਿਲਮ ‘ਪਦਮਾਵਤ’ ਵਾਲੀ ਸਿਆਸਤ ਦਾ ਨਬੇੜਾ ਫਿਲਮ ਦੀ ਨੁਮਾਇਸ਼ ਤੋਂ ਬਾਅਦ ਫ਼ਿਲਹਾਲ ਹੋ ਗਿਆ ਹੈ, ਹੁਣ ਕੰਗਨਾ ਰਣੌਤ ਦੀ ਫਿਲਮ ‘ਮਣੀਕਰਣਿਕਾ’ ਦੀ ਵਾਰੀ ਹੈ। ਰਾਜਸਥਾਨ ਦੀ ਹੀ ਕਿਸੇ ਬ੍ਰਾਹਮਣ ਮਹਾਸਭਾ ਦਾ ਉਹੀ ‘ਪਦਮਾਵਤ’ ਵਾਲਾ ਇਤਰਾਜ਼ ਆ ਗਿਆ ਹੈ: ਝਾਂਸੀ ਦੀ ਰਾਣੀ ਨੂੰ ਸੁਫ਼ਨੇ ਵਿੱਚ ਕਿਸੇ ਅੰਗਰੇਜ਼ ਨਾਲ ਮੁਹੱਬਤੀ ਦ੍ਰਿਸ਼ਾਂ ਵਿੱਚ ਦਿਖਾਇਆ ਜਾ ਰਿਹਾ ਹੈ। ਮੰਗ ਵੀ ਉਹੀ ਹੈ, ‘ਪਦਮਾਵਤ’ ਵਾਲੀ: ਫਿਲਮ ਦੀ ਸ਼ੂਟਿੰਗ ਰੋਕੀ ਜਾਵੇ। ਅੰਤਾਂ ਦੀ ਸਿਆਸਤ ਤੋਂ ਬਾਅਦ ‘ਪਦਮਾਵਤ’ ਪਰਦੇ ਉੱਤੇ ਆਈ ਤਾਂ ਫਿਲਮ ਦੀ ਚਰਚਾ ਤਾਂ ਹੋਈ ਹੀ, ਨਾਲ ਨਾਲ ਅਦਾਕਾਰਾ ਸੂਰਾ ਭਾਸਕਰ ਵੱਲੋਂ ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਨੂੰ ਲਿਖਿਆ ਖੁੱਲ੍ਹਾ ਖ਼ਤ ਵੀ ਚਰਚਾ ਵਿੱਚ ਆ ਗਿਆ। ਇਸ ਖ਼ਤ ਵਿੱਚ ਸੂਰਾ ਨੇ ਔਰਤਾਂ ਨੂੰ ਮਹਿਜ਼ ਇੱਕ ਅੰਗ ਤੱਕ ਘਟਾ ਦੇਣ ਦਾ ਉਲਾਂਭਾ ਦਿੱਤਾ ਹੈ। ਇਹ ਖ਼ਤ, ਦਰਅਸਲ, ਕੁੜੀਆਂ ਦੀ ਉਹ ਚੀਕ ਹੈ ਜਿਹੜੀ ਮਰਦਾਂ ਦੇ ਕੰਨਾਂ ਤੱਕ ਘੱਟ ਹੀ ਅੱਪੜਦੀ ਹੈ। ਸੂਰਾ ਭਾਸਕਰ ਦੀ ਗੱਲ ਸੁਣਨ ਅਤੇ ਫਿਰ ਵਿਚਾਰਨ ਦੀ ਥਾਂ, ਉਸ ਖ਼ਿਲਾਫ਼ ਬਹੁਤ ਵੱਡੇ ਪੱਧਰ ਉੱਤੇ ਟਰੌਲਿੰਗ ਸ਼ੁਰੂ ਹੋ ਗਈ। ਅਸਲ ਵਿੱਚ, ਘਰ ਤੋਂ ਬਾਹਰ ਪੈਰ ਧਰਦਿਆਂ, ਮਾਹੌਲ ਅਤੇ ਮੰਜ਼ਰ ਹੀ ਅਜਿਹੇ ਹਨ। ਹੁਣ ਵਾਲਾ ਮਾਹੌਲ ਇਸ ਕਰ ਕੇ ਵੀ ਘਾਤਕ ਹੈ, ਕਿਉਂਕਿ ਇਸ ਮਾਹੌਲ ਅੰਦਰ ਕਿਸੇ ਕਲਾ/ਰਚਨਾ ਨੂੰ ਦੇਖੇ/ਪੜ੍ਹੇ ਬਗ਼ੈਰ ਹੀ ਅੰਤਿਮ ਫ਼ੈਸਲੇ ਹੋ ਰਹੇ ਹਨ। ਇਹ ਅਸਲ ਵਿੱਚ ਉਸ ਮੋਦੀ-ਮਾਹੌਲ ਦੀ ਛਾਪ ਹੈ ਜਿਹੜਾ ਭਾਰਤੀ ਜਨਤਾ ਪਾਰਟੀ ਦੇ ਸੱਤਾਧਾਰੀ ਬਣਦਿਆਂ ਹੀ ਬਣਨਾ ਸ਼ੁਰੂ ਹੋ ਗਿਆ ਸੀ।

ਗੱਲ 1992 ਦੀ ਹੈ। ਬਾਬਰੀ ਮਸਜਿਦ ਅਜੇ ਕਾਇਮ ਸੀ। ਦਸਤਾਵੇਜ਼ੀ ਫਿਲਮਸਾਜ਼ ਆਨੰਦ ਪਟਵਰਧਨ ਨੇ ਰਾਮ ਮੰਦਰ ਦੀ ਸਿਆਸਤ ਦਾ ਅਸਲਾ ਉਭਾਰਦੀ ਫਿਲਮ ‘ਰਾਮ ਕੇ ਨਾਮ’ ਬਣਾਈ ਸੀ। ਇਹ ਫਿਲਮ ਬਿਨਾਂ ਸ਼ੱਕ ਰਾਮ ਮੰਦਰ ਵਾਲੀ ਸਿਆਸਤ ਦੇ ਬਖੀਏ ਉਧੇੜਦੀ ਸੀ। ਉਸ ਵਕਤ ਦੂਰਦਰਸ਼ਨ ਨੇ ਇਹ ਫਿਲਮ ਦਿਖਾਉਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਫਿਰ ਹਾਈ ਕੋਰਟ ਦੇ ਦਖ਼ਲ ਤੋਂ ਬਾਅਦ ਇਹ ਦਸਤਾਵੇਜ਼ੀ ਫਿਲਮ ਦੂਰਦਰਸ਼ਨ ਉਤੇ ਬਾਕਾਇਦਾ ਦਿਖਾਈ ਗਈ ਅਤੇ ਇਸ ਬਾਰੇ ਚਰਚਾ ਵੀ ਖ਼ੂਬ ਹੋਈ। ਉਦੋਂ ਸ਼ਾਇਦ ਮੁਖ਼ਾਲਫ਼ਤ ਦਾ ਜੇਰਾ ਕਰਨ ਅਤੇ ਆਪਣੀ ਗੱਲ ਕਹਿਣ ਦੀ ਇੰਨੀ ਕੁ ਸਪੇਸ ਬਚੀ ਹੋਈ ਸੀ। ਢਾਈ ਦਹਾਕਿਆਂ ਬਾਅਦ ਮੁਲਕ ਦੀ ਸੁਪਰੀਮ ਕੋਰਟ ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਦੀ ਫਿਲਮ ‘ਪਦਮਾਵਤ’ ਮੁਲਕ ਭਰ ਵਿਚ ਦਿਖਾਉਣ ਦੀ ਆਗਿਆ ਦਿੰਦੀ ਹੈ, ਸੈਂਸਰ ਬੋਰਡ ਵੀ ਇਸ ਫਿਲਮ ਨੂੰ ਬਾਕਾਇਦਾ ਪਾਸ ਕਰ ਚੁੱਕਾ ਹੈ, ਪਰ ਕਰਨੀ ਸੈਨਾ ਵਾਲੇ ਸਭ ਕਾਸੇ ਨੂੰ ਟਿੱਚ ਜਾਣਦੇ ਹਨ। ਇਹੀ ਨਹੀਂ, ਭਾਰਤੀ ਜਨਤਾ ਪਾਰਟੀ ਦੀ ਸੱਤਾ ਵਾਲੇ ਸੂਬੇ ਜਦੋਂ ਇਸ ਫਿਲਮ ਉੱਤੇ ਪਾਬੰਦੀ ਆਇਦ ਕਰਦੇ ਹਨ, ਤਾਂ ਕੀਤੀ ਜਾ ਰਹੀ ਸਿਆਸਤ ਦਾ ਹਰ ਓਹਲਾ ਚੁੱਕਿਆ ਜਾਂਦਾ ਹੈ। ਇਹ ਅਸਲ ਵਿੱਚ ਉਸ ਮਾਹੌਲ ਦੀ ਕਰਾਮਾਤ ਹੈ ਜਿਹੜਾ ਮੋਦੀ ਦੀ ਤਾਜਪੋਸ਼ੀ ਤੋਂ ਦੋ ਹਫ਼ਤਿਆਂ ਬਾਅਦ ਹੀ ਆਰੰਭ ਹੋ ਗਿਆ ਸੀ। ਦੋ ਜੂਨ 2014 ਨੂੰ ਪੁਣੇ (ਮਹਾਰਾਸ਼ਟਰ) ਵਿੱਚ 24 ਵਰ੍ਹਿਆਂ ਦੇ ਮੋਹਸਿਨ ਸ਼ੇਖ਼ ਨੂੰ ਹਿੰਦੂ ਕੱਟੜਪੰਥੀਆਂ (ਹਿੰਦੂ ਰਾਸ਼ਟਰ ਸੈਨਾ) ਨੇ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਪਿਛਲੇ ਸਾਲ ਮਈ ਤੱਕ, ਭਾਵ ਕਤਲ ਤੋਂ ਤਿੰਨ ਸਾਲ ਬਾਅਦ ਤੱਕ, 21 ਮੁਲਜ਼ਮਾਂ ਖ਼ਿਲਾਫ਼ ਦੋਸ਼ ਅਜੇ ਆਇਦ ਹੋਣੇ ਸਨ। ਇਹ ਪੁਲੀਸ ਦੀ ਨਾਲਾਇਕੀ ਨਹੀਂ, ਸਗੋਂ ਮੁਲਜ਼ਮਾਂ ਦਾ ਪੱਖ ਪੂਰਨ ਵਾਲੀ ਸਿਆਸਤ ਅਤੇ ਸਿਰਜੇ ਜਾ ਰਹੇ ਮਾਹੌਲ ਦਾ ਨਤੀਜਾ ਸੀ। ਹੁਣ ਰਤਾ ਕੁ ਅਦਾਲਤ ਵਾਲਾ ਪੱਖ ਵੀ ਜਾਣੀਏ। ਸਾਲ ਪਹਿਲਾਂ ਤਿੰਨ ਮੁੱਖ ਮੁਲਜ਼ਮਾਂ ਨੂੰ ਬੰਬੇ ਹਾਈ ਕੋਰਟ ਵੱਲੋਂ ਜ਼ਮਾਨਤ ਦੇ ਦਿੰਦੀ ਹੈ। ਮੋਹਸਿਨ ਸ਼ੇਖ਼ ਦਾ ਟੱਬਰ ਇਨਸਾਫ਼ ਲਈ ਦਰ ਦਰ ਭਟਕ ਰਿਹਾ ਹੈ। ਹੁਣ ਕਿਤੇ ਜਾ ਕੇ 9 ਫਰਵਰੀ ਨੂੰ ਸੁਪਰੀਮ ਕੋਰਟ ਨੇ ਇਨ੍ਹਾਂ ਤਿੰਨਾਂ ਦੀ ਜ਼ਮਾਨਤ ਖ਼ਾਰਿਜ ਕੀਤੀ ਹੈ। ਮੋਹਸਿਨ ਸ਼ੇਖ਼ ਵਾਲੀ ਘਟਨਾ ਤੋਂ ਬਾਅਦ ਮੁਲਕ ਅੰਦਰ ਖ਼ੌਫ਼ ਪੈਦਾ ਕਰਨ ਵਾਲੀਆਂ ਅਜਿਹੀਆਂ ਘਟਨਾਵਾਂ ਦੀ ਅਮੁੱਕ ਤੇ ਅਰੋਕ ਲੜੀ ਚਲਾਈ ਗਈ। ਇਉਂ ਬਹੁਗਿਣਤੀ ਮਜ਼ਹਬ ਨਾਲ ਜੁੜੇ ਅਵਾਮ ਨੂੰ ਵੱਖ ਵੱਖ ਵਰਤਾਰਿਆਂ ਨੂੰ ਖਾਸ ਨੁਕਤ-ਏ-ਨਜ਼ਰ ਤੋਂ ਦੇਖਣ ਅਤੇ ਸੋਚਣ ਲਾ ਦਿੱਤਾ ਗਿਆ। ਅੱਜ ਦੀ ਤਾਰੀਖ਼ ਵਿੱਚ ਭੁੱਲ ਜਾਓ ਕਿ ਕੋਈ ‘ਪਾਕਿਸਤਾਨੀ’ ਗਵੱਈਏ ਗ਼ੁਲਾਮ ਅਲੀ ਦੀਆਂ ਗ਼ਜ਼ਲਾਂ ਸੁਣਨ ਲਈ ਕਿਸੇ ਪ੍ਰੋਗਰਾਮ ਦਾ ਪ੍ਰਬੰਧ ਕਰਨ ਬਾਰੇ ਸੋਚਣ ਦੀ ਭੁੱਲ ਵੀ ਕਰੇਗਾ। ਲੋਕਾਂ ਨੂੰ ਤਾਂ ਹੁਣ ਹਿੰਦੁਸਤਾਨੀ ਸੰਗੀਤਕਾਰ ਏ ਆਰ ਰਹਿਮਾਨ ਦਾ ਪ੍ਰੋਗਰਾਮ ਕਰਵਾਉਣ ਲਈ ਵੀ ਸੌ ਸੌ ਵਾਰ ਸੋਚਣਾ ਪੈ ਰਿਹਾ ਹੈ।

ਇਹੀ ਉਹ ਮਾਹੌਲ ਹੈ, ਜਿਸ ਅੰਦਰ ਕਰਨੀ ਸੈਨਾ, ਹਿੰਦੂ ਰਾਸ਼ਟਰ ਸੈਨਾ ਅਤੇ ਅਜਿਹੀਆਂ ਹੋਰ ਕੱਟੜ ਜਮਾਤਾਂ ਬੇਖ਼ੌਫ਼ ਹੋ ਕੇ ਵਿਚਰ ਰਹੀਆਂ ਹਨ। ਸ਼ਿਵ ਸੈਨਾ ਦੀ ਮਾਰ-ਧਾੜ, ਭੰਨ-ਤੋੜ ਵਾਲੀ ਸਿਆਸਤ ਦਾ ਜਲਵਾ ਮੁਲਕ ਦੇ ਲੋਕਾਂ ਨੇ ਪਹਿਲਾਂ-ਪਹਿਲ ਸਿਰਫ਼ ਮੁੰਬਈ (ਮਹਾਰਾਸ਼ਟਰ) ਅੰਦਰ ਦੇਖਿਆ ਸੀ, ਕਰਨੀ ਸੈਨਾ ਦੀ ਬਦੌਲਤ ਇਹ ਜਲਵਾ ਮੁਲਕ ਪੱਧਰ ਉੱਤੇ ਵੀ ਦਿਖਾ ਦਿੱਤਾ ਗਿਆ। ਇਕ ਹੋਰ ਨਖ਼ੂਨਾ ਵੀ ਹੈ ਜਿਹੜਾ ਨਿਰੋਲ ਸੱਤਾ ਦੀ ਸਿਆਸਤ ਨਾਲ ਜੁੜਦਾ ਹੈ। ਸ਼ਿਵ ਸੈਨਾ ਦੀ ਸਿਆਸਤ ਅੱਜ ਜਿੱਥੇ ਪੁੱਜ ਚੁੱਕੀ ਹੈ, ਹੁਣ ਤਾਂ ਬਹੁਤ ਘੱਟ ਲੋਕਾਂ ਨੂੰ ਇਲਮ ਹੋਣਾ ਹੈ ਕਿ ਮੁੰਬਈ ਵਿੱਚ ਸ਼ਿਵ ਸੈਨਾ ਦੀ ਚੜ੍ਹਤ ਕਾਂਗਰਸ ਦੀ ਹੱਲਾਸ਼ੇਰੀ ਨਾਲ ਹੋਈ ਸੀ। ਇਹ ਵਿਰੋਧੀਆਂ ਨੂੰ ਸਿਆਸੀ ਪਿੜ ਵਿੱਚੋਂ ਲਾਂਭੇ ਜਾਂ ਕਮਜ਼ੋਰ ਕਰਨ ਵਾਲਾ ਖਿਆਲ ਹੀ ਸੀ। 70ਵਿਆਂ ਦੇ ਅਖ਼ੀਰ ਅਤੇ 80ਵਿਆਂ ਦੇ ਆਰੰਭ ਵਿੱਚ ਕਾਂਗਰਸ ਨੇ ਇਹੀ ਸਿਆਸੀ ਪੱਤਾ ਪੰਜਾਬ ਅੰਦਰ ਵੀ ਖੇਡਿਆ। ਬਿਹਾਰ ਵਿੱਚ ਜਗੀਰਦਾਰਾਂ ਦੀਆਂ ਪ੍ਰਾਈਵੇਟ ਸੈਨਾਵਾਂ ਅਤੇ ਸੱਤਾਧਿਰ ਦਾ ਤਾਂ ਇਤਿਹਾਸ ਹੀ ਨਿਰਾਲਾ ਹੈ। ਨਕਸਲਵਾਦੀਆਂ ਨੂੰ ਡੱਕਣ ਦੇ ਨਾਂ ਉੱਤੇ ਸੱਤਾਧਾਰੀਆਂ ਤੇ ਪ੍ਰਸ਼ਾਸਨ ਦੀ ਸ਼ਹਿ ਉੱਤੇ ਜੋ ਕਤਲੇਆਮ ਬਿਹਾਰ ਦੀਆਂ ਜਾਤ ਆਧਾਰਿਤ ਸੈਨਾਵਾਂ ਰਾਹੀਂ ਕਰਵਾਏ ਗਏ, ਉਹ ਸੱਤਾਧਿਰ ਦੀ ਗ਼ੈਰ-ਦਿਆਨਤਦਾਰੀ ਦੀ ਕੋਝੀ ਅਤੇ ਕਠੋਰ ਮਿਸਾਲ ਹੈ। ਉਥੋਂ ਦੇ ਜ਼ਿਮੀਂਦਾਰਾਂ ਨੇ ਆਪਣਾ ਜਗੀਰੂ ਕਬਜ਼ਾ ਬਰਕਰਾਰ ਰੱਖਣ ਲਈ ਰਣਬੀਰ ਸੈਨਾ, ਭੂਮੀ ਸੈਨਾ, ਕੁਇਰ ਸੈਨਾ, ਸਨਲਾਈਟ ਸੈਨਾ, ਲੋਰਿਕ ਸੈਨਾ, ਬ੍ਰਹਮਰਿਸ਼ੀ ਸੈਨਾ, ਗੰਗਾ ਸੈਨਾ, ਆਜ਼ਾਦ ਸੈਨਾ, ਸ੍ਰੀਕ੍ਰਿਸ਼ਨ ਸੈਨਾ, ਸਵਰਨ ਲਿਬਰੇਸ਼ਨ ਫਰੰਟ ਆਦਿ ਪ੍ਰਾਈਵੇਟ ਸੈਨਾਵਾਂ ਬਣਾਈਆਂ ਹੋਈਆਂ ਸਨ ਅਤੇ ਇਨ੍ਹਾਂ ਸਾਰੀਆਂ ਸੈਨਾਵਾਂ ਨੂੰ ਸਿਆਸੀ ਸਰਪ੍ਰਸਤੀ ਹਾਸਲ ਸੀ। ਬਿਹਾਰ ਦੇ ਦਲਿਤਾਂ ਨਾਲ ਇਨ੍ਹਾਂ ਜਗੀਰਦਾਰਾਂ ਅਤੇ ਇਨ੍ਹਾਂ ਦੀਆਂ ਸੈਨਾਵਾਂ ਨੇ ਜੋ ਜ਼ੁਲਮ ਕਮਾਏ, ਉਸ ਕਾਲੇ ਇਤਿਹਾਸ ਦੇ ਲਹੂ-ਲੁਹਾਣ ਵਰਕੇ ਅੱਜ ਵੀ ਪੜ੍ਹੇ ਜਾ ਸਕਦੇ ਹਨ।

ਇਸ ਮਾਹੌਲ ਦਾ ਤੋੜ ਹੁਣ ਸਿਆਸੀ ਵਿਸ਼ਲੇਸ਼ਕ ਵਿਰੋਧੀ ਧਿਰ ਦੀ ਏਕਤਾ ਵਿੱਚੋਂ ਲੱਭ ਰਹੇ ਹਨ। ਅਗਲੀਆਂ ਲੋਕ ਸਭਾ ਚੋਣਾਂ ਸਮਝੋ ਸਿਰ ਉੱਤੇ ਹਨ। ਇਨ੍ਹਾਂ ਵਿਸ਼ਲੇਸ਼ਕਾਂ, ਸਿਆਸੀ ਲੀਡਰਾਂ ਅਤੇ ਆਮ ਲੋਕਾਂ ਦੇ ਜ਼ਿਹਨ ਵਿੱਚ, ਪਿੱਛੇ ਜਿਹੇ ਹੋਈਆਂ ਗੁਜਰਾਤ ਵਿਧਾਨ ਸਭਾ ਚੋਣਾਂ ਦਾ ਨਕਸ਼ਾ ਵਾਰ ਵਾਰ ਉੱਭਰ ਰਿਹਾ ਹੈ। ਇਨ੍ਹਾਂ ਚੋਣਾਂ ਦੌਰਾਨ ਸੰਜੀਦਾ ਅਤੇ ਸੋਚਣ ਵਾਲੀ ਸਭ ਸੰਗਤ ਦਾ ਜ਼ੋਰ ਲੱਗਿਆ ਰਿਹਾ ਕਿ ਕਿਸੇ ਨਾ ਕਿਸੇ ਤਰ੍ਹਾਂ ਮੋਦੀ ਦੀ ਪਾਰਟੀ ਗੁਜਰਾਤ ਵਿੱਚ ਜਿੱਤ ਨਾ ਸਕੇ। ਇਕੱਠੇ ਹੋ ਕੇ ਚੋਣਾਂ ਲੜਨ ਦੇ ਹੋਕੇ ਅਤੇ ਤਰਕੀਬ ਨਾਲ ਇਸ ਪਾਰਟੀ ਨੂੰ ਡੱਕਣ ਵਿਚ ਥੋੜ੍ਹੀ ਕਾਮਯਾਬੀ ਵੀ ਮਿਲੀ। ਸ਼ੁਕਰ ਹੋਇਆ, ਗੁਜਰਾਤ ਵਿੱਚ ਉੱਭਰੇ ਤਿੰਨ ਨਵੇਂ ਚਿਹਰਿਆਂ ਨੇ ਭਾਜਪਾ ਦਾ ਜੇਤੂ ਰੱਥ ਦੇ ਪਹੀਆਂ ਨਾਲ ਪਹਾੜ ਬੰਨ੍ਹਣ ਵਿਚ ਮਦਦ ਕੀਤੀ। ਇਸੇ ਕਰ ਕੇ ਲੋਕ ਸਭਾ ਚੋਣਾਂ ਲਈ ਗੁਜਰਾਤ ਵਾਲਾ ਤਜਰਬਾ ਦੁਹਰਾਉਣ ਦੀ ਕਵਾਇਦ ਸ਼ੁਰੂ ਵੀ ਹੋ ਗਈ ਹੈ। ਇਰਾਦਾ ਇਹੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦਾ ਚੁਣਾਵੀ ਰੱਥ ਠੱਲ੍ਹਿਆ ਜਾਵੇ। ਅਜਿਹਾ ਹੋ ਸਕਦਾ ਹੈ ਅਤੇ ਇਹ ਮੁਲਕ ਦੀ ਜਮਹੂਰੀਅਤ ਦੇ ਹਿਤ ਵਿਚ ਹੀ ਹੋਵੇਗਾ। ਭਾਰਤੀ ਜਨਤਾ ਪਾਰਟੀ ਅਤੇ ਆਰਐੱਸਐੱਸ ਜਿਸ ਤਰ੍ਹਾਂ ਮੁਲਕ ਦਾ ਮੂੰਹ-ਮੱਥਾ ਬਦਲਣ ਦੇ ਰਾਹ ਉੱਤੇ ਚੱਲ ਰਹੀਆਂ ਹਨ, ਉਸ ਨੂੰ ਨੱਕਾ ਲੱਗਣਾ ਹੀ ਚਾਹੀਦਾ ਹੈ। ਬਹੁਤ ਸਾਰੇ ਮਾਮਲਿਆਂ ’ਤੇ ਮੋਦੀ ਨੂੰ ਘੇਰਾ ਵੀ ਪੈ ਰਿਹਾ ਹੈ। ਉਂਜ, ਕੁਝ ਚੋਣਵੇਂ ਵਿਦਵਾਨ ਇਹ ਰਾਏ ਵੀ ਰੱਖ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਅਤੇ ਆਰਐੱਸਐੱਸ ਦੀਆਂ ਤਿੱਖੀਆਂ ਤਬਦੀਲੀਆਂ ਨੂੰ ਨੱਕਾ ਲਾਉਣਾ ਕਾਂਗਰਸ ਜਾਂ ਰਾਹੁਲ ਗਾਂਧੀ ਦੇ ਵੱਸ ਦਾ ਰੋਗ ਨਹੀਂ। ਹਾਂ, ਭਿਅੰਕਰ ਤਬਦੀਲੀਆਂ ਨਾਲ ਭਵਿੱਖ ਵਿੱਚ ਬਣਨ ਵਾਲੇ ਟਕਰਾਅ ਵਿੱਚੋਂ ਕਿਸੇ ਨਵੀਂ ਲੀਡਰਸ਼ਿਪ ਦਾ ਉਭਾਰ ਸੰਭਵ ਹੋ ਸਕਦਾ ਹੈ, ਜਿਹੜੀ ਭਾਰਤੀ ਜਨਤਾ ਪਾਰਟੀ-ਆਰਐੱਸਐੱਸ ਨਾਲ ਦੋ ਦੋ ਹੱਥ ਕਰਨ ਦੇ ਸਮਰੱਥ ਹੋਵੇਗੀ। ਰਤਾ ਕੁ ਵੱਖਰੇ ਨੁਕਤੇ ਤੋਂ ਵਿਚਾਰਿਆਂ, ਗੁਜਰਾਤ ਵਾਲੀ ਸਿਆਸਤ ਵੀ ਇਹੀ ਸੁਨੇਹਾ ਦੇ ਰਹੀ ਹੈ। ਸੀਮਾ ਦੇ ਅੰਦਰ ਹੀ ਸਹੀ, ਉੱਥੇ ਸਾਹਮਣੇ ਆਏ ਨਵੇਂ ਚਿਹਰਿਆਂ ਨੇ ਸਿਆਸਤ ਦੇ ਪਿੜ ਵਿੱਚ ਨਵਾਂ ਅਧਿਆਏ ਲਿਖਣ ਦਾ ਹੀਆ ਕੀਤਾ ਹੈ। ਨਾਲੇ ਕਾਂਗਰਸ ਦੀ ਪੂਛ ਫੜ ਕੇ ਵੈਤਰਣੀ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਦਾ ਜੋ ਹਾਲ ਹੁੰਦਾ ਹੈ, ਉਹ ਜ਼ਰਾ ਰਵਾਇਤੀਆਂ ਕਮਿਊਨਿਸਟ ਪਾਰਟੀਆਂ ਤੋਂ ਇੱਕ ਵਾਰ ਜ਼ਰੂਰ ਪੁੱਛ ਲੈਣਾ ਚਾਹੀਦਾ ਹੈ।

98722-69310

# ਸਮੇਂ ਨੂੰ ਸੰਭਾਲ ਸੱਜਣਾ



ਸੁਰਿੰਦਰ ਮਾਵੀ
204-510-6284

ਆਓ ਉੱਠੀਏ ਸਮੇਂ ਦੀ ਕਦਰ ਕਰੀਏ, ਸਮਾਂ ਸਭ ਤੋਂ ਅਨਮੋਲ ਹੈ। ਇਸ ਨੂੰ ਪਛਾਣੀਏ।

ਅੱਜ ਦੇ ਯੁੱਗ ਵਿਚ ਹਰ ਵਿਅਕਤੀ ਤਣਾਅ ਰਹਿਤ, ਖ਼ੂਬਸੂਰਤ ਅਤੇ ਮਹਿਕਾਂ ਖਿਲਾਰਦੀ ਜ਼ਿੰਦਗੀ ਜਿਊਣਾ ਲੋਚਦਾ ਹੈ ਅਤੇ ਇਸ ਲਈ ਉਹ ਹਰ ਸੰਭਵ ਕੋਸ਼ਿਸ਼ ਵਿਚ ਵੀ ਲੱਗਿਆ ਰਹਿੰਦਾ ਹੈ। ਵਿਅਕਤੀ ਦੀ ਇਸ ਖ਼ਾਹਿਸ਼ ਨੂੰ ਪੂਰਾ ਕਰਨ ਲਈ ਵਕਤ, ਸਮਾਂ ਅਤੇ ਮੌਕਾ ਹਰ ਇਨਸਾਨ ਦੀ ਜ਼ਿੰਦਗੀ ਵਿਚ ਫ਼ਰਿਸ਼ਤੇ ਬਣ ਕੇ ਆਉਂਦੇ ਹਨ। ਜੋ ਲੋਕ ਇਨ੍ਹਾਂ ਦੀ ਕਦਰ ਕਰਦੇ ਹੋਏ ਬਿਨਾਂ ਕਿਸੇ ਦੇਰੀ ਦੇ ਮਿਹਨਤ ਨਾਲ ਆਪਣੀ ਮੰਜ਼ਿਲ ਪ੍ਰਾਪਤੀ ਵੱਲ ਕਦਮ ਵਧਾ ਦਿੰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਅਨੰਦ ਨਾਲ ਭਰ ਜਾਂਦੀ ਹੈ ਅਤੇ ਜੋ ਆਪਣੀ ਦੋਗਲੀ ਸੋਚ ਨਾਲ ਅੱਗੇ ਵਧਣ ਦਾ ਫ਼ੈਸਲਾ ਕਰਨ ਵਿਚ ਦੇਰੀ ਕਰ ਦਿੰਦੇ ਹਨ, ਉਹ ਸਾਰੀ ਉਮਰ ਦੁੱਖਾਂ ਅਤੇ ਪਛਤਾਵੇ ਦੀ ਚੱਕੀ ਪੀਸਦੇ ਰਹਿੰਦੇ ਹਨ।

ਵਕਤ ਇੱਕ ਅਜਿਹਾ ਅਨਮੋਲ ਖ਼ਜ਼ਾਨਾ ਹੈ ਜੋ ਜ਼ਿੰਦਗੀ ਵਿਚ ਸਿਰਫ਼ ਇੱਕ ਵਾਰ ਹੀ ਮਿਲਦਾ ਹੈ ਤੇ ਜ਼ਿਆਦਾ ਦੇਰ ਤੱਕ ਨਹੀਂ ਰੁਕਦਾ। ਇਹ ਆਪਣੇ ਤਰੀਕੇ ਨਾਲ ਆਪਣੀ ਚਾਲੇ ਤੁਰਦਾ ਰਹਿੰਦਾ ਹੈ ਤੇ ਕਦੇ ਵੀ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ। ਕਹਿੰਦੇ ਹਨ ਸਮਾਂ ਬਹੁਤ ਕੀਮਤੀ ਹੈ। ਇਸ ਨੂੰ ਜਾਇਆ ਨਹੀਂ ਗਵਾਉਣਾ ਚਾਹੀਦਾ। ਇਸੇ ਲਈ ਅੰਗਰੇਜ਼ੀ ਵਿਚ ਕਹਿੰਦੇ ਹਨ TIME IS MONEY ਭਾਵ ਸਮਾਂ ਹੀ ਧਨ ਹੈ। ਇਸ ਨੂੰ ਵਿਅਰਥ ਕਰਨਾ ਆਪਣੇ ਧਨ ਨੂੰ ਵਿਅਰਥ ਕਰਨ ਦੇ ਸਮਾਨ ਹੈ ਭਾਵ ਕਿ ਸਾਨੂੰ ਸਮੇਂ ਦੀ ਕੀਮਤ ਪਹਿਚਾਣ ਨੀ ਚਾਹੀਦੀ ਹੈ। ਇਸ ਨੂੰ ਮੁਫ਼ਤ ਦੀ ਜਾਂ ਫ਼ਾਲਤੂ ਚੀਜ਼ ਸਮਝ ਕੇ ਵਿਅਰਥ ਨਹੀਂ ਗੁਆਉਣਾ ਚਾਹੀਦਾ।ਪਰ ਸਮਾਂ ਤਾਂ ਧਨ ਤੋਂ ਵੀ ਕੀਮਤੀ ਵਸਤੂ ਹੈ ਜਿਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ ਕਿਉਂਕਿ ਸਮੇਂ ਨਾਲ ਧਨ ਵਧਦਾ ਹੈ ਜੇ ਸਾਡੇ ਪਾਸ ਵਕਤ ਹੋਵੇ ਤਾਂ ਅਸੀਂ ਧਨ ਕਮਾ ਸਕਦੇ ਹਾਂ ਪਰ ਧਨ ਨਾਲ ਅਸੀਂ ਗੁਜ਼ਰੇ ਸਮੇਂ ਨੂੰ ਵਾਪਸ ਨਹੀਂ ਲਿਆ ਸਕਦੇ। ਜੋ ਸਮਾਂ ਸਾਡੇ ਪਾਸੋਂ ਚਲਾ ਗਿਆ ਉਸ ਨੂੰ ਕਿਸੇ ਵੀ ਤਰ੍ਹਾਂ ਵਾਪਸ ਨਹੀਂ ਮੋੜਿਆ ਜਾ ਸਕਦਾ। ਇਸ ਲਈ ਸਾਨੂੰ ਆਪਣੇ ਮਨ ਵਿਚ ਦ੍ਰਿੜ ਕਰ ਲੈਣਾ ਚਾਹੀਦੀ ਹੈ ਕਿ ਸਮਾਂ ਅਨਮੋਲ ਹੈ ਸਾਡੇ ਪਾਸ ਜਿਤਨਾ ਮਰਜ਼ੀ ਧਨ ਹੋਵੇ ਅਸੀਂ ਉਸ ਨਾਲ ਸਮੇਂ ਨੂੰ ਨਹੀਂ ਖ਼ਰੀਦ ਸਕਦੇ। ਕੋਈ ਬੰਦਾ ਮਰ ਰਿਹਾ ਹੋਵੇ ਤਾਂ ਬੇਸ਼ੱਕ ਉਸ ਦੇ ਸਿਰਹਾਣੇ ਮਣਾ ਮੂੰਹੀਂ ਸੋਨਾ ਜਾਂ ਨੋਟਾਂ ਦੇ ਅਟੈਚੀ ਭਰ ਕੇ ਰੱਖ ਦਿਓ ਤਾਂ ਵੀ ਤੁਸੀਂ ਉਸ ਦੀ ਜ਼ਿੰਦਗੀ ਲਈ ਇਕ ਪਲ ਵੀ ਨਹੀਂ ਵਧਾ ਸਕਦੇ ਨਾ ਹੀ ਅਸੀਂ ਇਹ ਧਨ ਕਿਸੇ ਦੂਸਰੇ ਨੂੰ ਦੇ ਕਿ ਉਸ ਦੀ ਜ਼ਿੰਦਗੀ ਦੀ ਡੋਰ ਨੂੰ ਹੋਰ ਲੰਬੀ ਕਰ ਸਕਦੇ ਹੋ। ਉਸ ਦੀ ਜ਼ਿੰਦਗੀ ਵਿਚੋਂ ਜੋ ਸਮਾਂ ਮਨਫ਼ੀ ਹੋ ਗਿਆ ਉਸ ਨੂੰ ਫਿਰ ਤੋਂ ਹਾਸਲ ਨਹੀਂ ਕੀਤਾ ਜਾ ਸਕਦਾ।

ਸਮੇਂ ਦੇ ਪਾਬੰਦ ਹੋਣਾ ਹਮੇਸ਼ਾ ਸੌਖਾ ਨਹੀਂ ਹੁੰਦਾ। ਸਾਨੂੰ ਕਈ ਚੁਨੌਤੀਆਂ ਆਉਂਦੀਆਂ ਹਨ ਜਿਵੇਂ ਕਿ ਦੂਰ ਦਾ ਸਫ਼ਰ ਕਰਨਾ,ਜ਼ਿਆਦਾ ਟ੍ਰੈਫਿਕ ਹੋਣਾ ਜਾਂ ਸਾਡੇ ਕੋਲ ਕਈ ਕੰਮ ਕਰਨ ਵਾਲੇ ਹੁੰਦੇ ਹਨ। ਪਰ ਫਿਰ ਵੀ ਸਮੇਂ ਦੇ ਪਾਬੰਦ ਹੋਣਾ ਜ਼ਰੂਰੀ ਹੈ। ਮਿਸਾਲ ਲਈ, ਸਮੇਂ ਦੇ ਪਾਬੰਦ ਬੰਦੇ ਨੂੰ ਕੰਮ ਦੀ ਥਾਂ ਤੇ ਭਰੋਸੇਯੋਗ ਅਤੇ ਮਿਹਨਤੀ ਮੰਨਿਆ ਜਾਂਦਾ ਹੈ। ਦੂਜੇ ਪਾਸੇ, ਦੇਰ ਨਾਲ ਆਉਣ ਵਾਲੇ ਵਿਅਕਤੀ ਦਾ ਦੂਸਰਿਆਂ ਦੇ ਕੰਮ, ਚੀਜ਼ਾਂ ਦੀ ਕੁਆਲਿਟੀ ਅਤੇ ਸੇਵਾਵਾਂ ਉੱਤੇ ਮਾੜਾ ਅਸਰ ਪੈਂਦਾ ਹੈ। ਲੇਟ ਆਉਣ ਵਾਲਾ ਵਿਦਿਆਰਥੀ ਆਪਣੀਆਂ ਕੁੱਝ ਕਲਾਸਾਂ ਤੋਂ ਖੁੰਝ ਸਕਦਾ ਹੈ ਤੇ ਪੜ੍ਹਾਈ ਵਿਚ ਕਮਜ਼ੋਰ ਹੋ ਸਕਦਾ ਹੈ। ਜੇ ਅਸੀਂ ਹਸਪਤਾਲ ਜਾਂ ਦੰਦਾਂ ਦੇ ਡਾਕਟਰ ਕੋਲ ਉਸ ਸਮੇਂ ਨਹੀਂ ਜਾਂਦੇ ਜਿਸ ਸਮੇਂ ਸਾਨੂੰ ਬੁਲਾਇਆ ਗਿਆ ਹੈ, ਤਾਂ ਸ਼ਾਇਦ ਸਾਡਾ ਇਲਾਜ ਚੰਗੀ ਤਰ੍ਹਾਂ ਨਾ ਕੀਤਾ ਜਾਵੇ। ਕਈ ਵਾਰੀ ਸਾਨੂੰ ਕੀਮਤ ਵੀ ਚੁਕਾਉਣੀ ਪੈਂਦੀ ਹੈ। ਪਰ ਸਾਡੇ ਕਈ ਪੰਜਾਬੀ ਡਾਕਟਰਾਂ, ਸਟੋਰਾਂ, ਬਿਜ਼ਨਸ ਵਾਲੇਆਂ ਕੋਲ ਇਸ ਤਰਾਂ ਭੀੜ ਲੱਗੀ ਹੁੰਦੀ ਹੈ, ਜਿਵੇਂ ਸਾਰੇ ਪੰਜਾਬੀ ਵਿਹਲੇ ਹੀ ਹਨ। ਇੱਥੇ ਮੈਂ ਇਕ ਆਪਣੇ ਦੋਸਤ ਦੀ ਕਹਾਣੀ ਦੱਸਣਾ ਜ਼ਰੂਰੀ ਸਮਝਦਾ ਹਾਂ। ਦੋਸਤ ਦੇ ਮੁਤਾਬਿਕ ਉਸ ਨੇ ਫ਼ੋਨ ਕਰ ਕਿ ਡਾਕਟਰ ਨਾਲ ਦਿਨੇ ਸਾਢੇ ਬਾਰਾਂ ਵਜੇ ਦੀ ਐਪਿਓਟਮੈਂਟ ਬੁੱਕ ਕੀਤੀ ਕਿਉਂਕਿ ਇਸ ਤੋਂ ਪਹਿਲਾਂ ਦੀਆਂ ਸਾਰੀਆਂ ਐਪਿਓਟਮੈਂਟ ਬੁੱਕ ਸਨ। ਪਰ ਦੋਸਤ ਦੇ ਆਪਣੇ ਸਮੇਂ ਤੋਂ ਪਹਿਲਾਂ ਪੁੰਹਚਣ ਦੇ ਬਾਵਜੂਦ ਉਸ ਦਾ ਨੰਬਰ ਕੋਈ ਇੱਕ ਵੱਜ ਕਿ ਪੰਝੀ ਮਿੰਟ ਤੇ ਸਬੰਧਿਤ ਸਟਾਫ਼ ਨਾਲ ਗੱਲ ਕਰਨ ਤੋਂ ਬਾਅਦ ਹੀ ਆਇਆ। ਅੰਦਰ ਜਾਂਦਿਆਂ ਹੀ ਝੱਟ ਡਾਕਟਰ ਨੇ ਕਿਹਾ ਕਿ ਤੇਰਾ ਤਾਂ ਬਲੱਡ ਪ੍ਰੈਸ਼ਰ ਬਹੁਤ ਹੀ ਜ਼ਿਆਦਾ ਹੈ। ਜਦੋਂ ਡਾਕਟਰ ਨੂੰ ਆਪਣੀ ਐਪਿਓਟਮੈਂਟ ਬਾਰੇ 'ਤੇ ਫਿਰ ਇੰਤਜ਼ਾਰ ਕਰਨ ਦੀ ਸਾਰੀ ਕਹਾਣੀ ਦੱਸੀ ਤਾਂ ਡਾਕਟਰ ਨੇ ਸਭ ਤੋਂ ਪਹਿਲਾਂ ਟੀਕਾ ਲਗਾ ਕੇ ਬਲੱਡ ਪ੍ਰੈਸ਼ਰ ਕੰਟਰੋਲ ਕੀਤਾ 'ਤੇ ਨਾਲ ਹੀ ਲੜਕੀਆਂ ਨਵੀਆਂ ਹਨ ਕਹਿੰਦਿਆਂ ਆਪਣਾ ਪੱਲਾ ਛੁਡਾ ਲਿਆ। ਹੁਣ ਇਸ ਵਿਚ ਸਮੇਂ ਦਾ ਪਾਬੰਦੀ ਕਰਨ ਵਾਲਾ , "ਵਾਕ ਇਨ " ਮਰੀਜ਼ ਜਾਂ ਸਟਾਫ਼ ਵੱਲੋਂ ਆਪਣੇ ਜਾਣ ਪਹਿਚਾਣ ਵਾਲਿਆਂ ਨੂੰ ਬਿਨਾਂ ਐਪਿਓਟਮੈਂਟ ਦੇ ਡਾਕਟਰ ਨੂੰ ਦਿਖਾਉਣ ਵਾਲੇ ਨੂੰ ਗਲਤ ਕਹਿਣਾ ਸਹੀ ਹੋਵੇਗਾ।



ਪੰਜਾਬ ਵਿਚ ਸਾਡੇ ਇਕ ਜਾਣਕਾਰ ਫ਼ੌਜੀ ਅਫ਼ਸਰ ਸਮੇਂ ਦੇ ਬਹੁਤ ਪਾਬੰਦ ਹਨ। ਅਜਿਹਾ ਇਸ ਕਰ ਕੇ ਹੈ, ਕਿ ਉਨ੍ਹਾਂ ਫ਼ੌਜ ਵਿਚ ਲੰਮਾ ਸਮਾਂ ਨੌਕਰੀ ਕੀਤੀ ਸੀ। ਸਾਨੂੰ ਉਨ੍ਹਾਂ ਦੀ ਲੜਕੀ ਦੇ ਵਿਆਹ ਵਿਚ ਜਾਣ ਦਾ ਮੌਕਾ ਮਿਲਿਆ। ਟਾਈਮ ਦੇ ਪਾਬੰਦ ਹੋਣ ਕਾਰਨ ਉਨ੍ਹਾਂ ਨੇ ਵਿਆਹ ਵਾਲੇ ਕਾਰਡ ਤੇ ਲਿਖੇ ਸਾਰੇ ਪ੍ਰੋਗਰਾਮ ਅਨੁਸਾਰ ਹੀ ਚਾਹੁੰਦੇ ਸਨ। ਜਿਸ ਵਿਚ ਬਰਾਤ ਦਾ ਸੁਆਗਤ ਸਵੇਰੇ 9 ਵਜੇ, ਆਨੰਦ ਕਾਰਜ 11 ਤੋਂ 12 ਵਜੇ ਦੁਪਹਿਰ ਦਾ ਖਾਣਾ 01 ਤੋਂ 04 ਵਜੇ ਤੇ ਡੌਲੀ ਰਵਾਨਗੀ ਸ਼ਾਮ ਚਾਰ ਵਜੇ ਲਿਖਿਆ ਸੀ। ਪਰ ਜਦੋਂ ਬਰਾਤ ਹੀ ਗਿਆਰਾਂ ਵਜੇ ਆਈ ਤਾਂ ਉਸ ਨੂੰ ਆਪਣੇ ਸਾਰੇ ਟਾਈਮ ਟੇਬਲ ਵਿਗੜਦੇ ਨਜ਼ਰ ਆਏ। ਪਰ ਉਹ ਵੀ ਇਕ ਫ਼ੌਜੀ ਅਫ਼ਸਰ ਸੀ ਜਿਸ ਨੇ ਬਰਾਤ ਦੇ ਸਵਾਗਤ ਕਰਦਿਆਂ ਹੀ ਕਹਿ ਦਿੱਤਾ "ਕਿ ਹੁਣ ਅਨੰਦ ਕਾਰਜ ਦਾ ਸਮਾਂ ਹੋ ਗਿਆ ਤੇ ਸਭ ਤੋਂ ਪਹਿਲਾਂ ਆਨੰਦ ਕਾਰਜ ਹੋਣਗੇ"। ਕਿਉਂਕਿ ਉਹ ਚਾਹੁੰਦੇ ਸਨ ਕਿ ਆਨੰਦ ਕਾਰਜ 12 ਵੇਜੇ ਤੋਂ ਪਹਿਲਾਂ ਹੀ ਹੋਣ ਚਾਹੀਦੇ ਹਨ। ਸਭ ਨੂੰ ਬੜਾ ਬੁਰਾ ਲੱਗਿਆ ਕਿ ਬਿਨਾਂ ਨਾਸ਼ਤੇ ਤੋਂ ਸਿੱਧੇ ਆਨੰਦ ਕਾਰਜ, ਥੋੜੇ ਜਿਹੇ ਮਨ ਮੁਟਾਵ ਤੋਂ ਬਾਅਦ ਸਾਰੇ ਆਨੰਦ ਕਾਰਜ ਲਈ ਮੰਨ ਗਏ ਪਰ ਇਕ ਮਾੜਕੂ ਜਿਹੇ ਬਜ਼ੁਰਗ ਤੋਂ ਰਿਹਾ ਨਹੀਂ ਗਿਆ ਉਸ ਨੇ ਫ਼ੌਜੀ ਦਾ ਗ਼ੁੱਸਾ ਮੁੰਡਿਆ ਤੇ ਉਤਾਰ ਦਿਆਂ ਆਪਣਾ ਫ਼ੈਸਲਾ ਸੁਣਾ ਦਿੱਤਾ ਕੇ "ਮੁੰਡਿਓਂ ਜਲਦੀ ਜਾਓ ਤੇ ਆਨੰਦ ਕਾਰਜ ਕਰ ਕੇ ਆਓ ਕਿਤੇ ਹੁਣ ਵੀ ਆਪਣੀਆਂ ਪਗਾਂ ਹੀ ਲੋਟ ਨਾ ਕਰੀ ਜਾਓ ਆ 'ਤੇ ਅਸੀਂ ਇੱਥੇ ਭੁੱਖ ਨਾਲ ਹੀ ਨਾ ਮਰ ਜਾਈਏ" ਤੇ ਇਕ ਪਾਸੇ ਨੂੰ ਹੁੰਦਿਆਂ ਇਕ ਕੁਰਸੀ ਤੇ ਢੇਰ ਹੋ ਗਿਆ ਫ਼ੌਜੀ ਵੀ ਘੱਟ ਨਹੀਂ ਸੀ ਉਸ ਦਾ ਜੁਆਬ ਦਿੰਦਿਆਂ "ਕਿਹਾ ਕੋਈ ਨਹੀ ਲੰਚ ਜਲਦੀ ਲਵਾ ਦੇਵਾਂਗੇ" ।ਬਾਕੀ ਬਰਾਤੀ ਆਪਣੀ ਲੇਟ ਆਉਣ ਦੀ ਗ਼ਲਤੀ ਨਾ ਮੰਨ ਦਿਆਂ ਫ਼ੌਜੀ, ਮੂਵੀ ਵਾਲਾ, ਤੇ ਗੱਡੀਆਂ ਦੇ ਡਰਾਈਵਰਾਂ ਨੂੰ ਅੰਦਰੋਂ ਅੰਦਰੀਂ ਗਾਲ੍ਹਾਂ ਕੱਡਰਹੇ ਸਨ। ਫ਼ੌਜੀ ਅਫ਼ਸਰ ਬਰਾਤ ਦੇ ਢੁਕਾਅ ਵਿਚ ਹੁੰਦੀ ਦੇਰੀ ਅਤੇ ਫਿਰ ਦੁਪਹਿਰ ਬਾਰਾਂ ਵਜੇ ਤੋਂ ਪਹਿਲਾਂ ਆਨੰਦ ਕਾਰਜ ਨਾ ਹੋਣਾ ਉਨ੍ਹਾਂ ਨੂੰ ਬਹੁਤ ਅੱਖੜ ਦੇ ਸਨ। ਉਹ ਅਕਸਰ ਕਹਿੰਦੇ ਸਨ ਕਿ ਤਰੱਕੀ ਤਾਂ ਅਸੀਂ ਬਹੁਤ ਕਰ ਲਈ, ਤਿੰਨ ਦਿਨਾਂ ਦੇ ਵਿਆਹ ਨੂੰ ਇਕ ਦਿਨ ਤੱਕ ਲੈ ਆਂਦਾ, ਪਰ ਇਸ ਇਕ ਦਿਨ ਵਿਚੋਂ ਸਮੇਂ ਦੀ ਪਾਬੰਦੀ ਮਨਫ਼ੀ ਹੋ ਗਈ ਹੈ। ਦੁਪਹਿਰ ਦੋ-ਦੋ ਵਜੇ ਬਰਾਤ ਢੁਕਦੀ ਹੈ। ਆਨੰਦ ਕਾਰਜ ਹੁੰਦਿਆਂ ਚਾਰ ਵੱਜ ਜਾਂਦੇ ਹਨ। ਅਜਿਹਾ ਨਹੀਂ ਹੋਣਾ ਚਾਹੀਦਾ। ਜਦੋਂ ਮੈਂ ਨਵਾਂ ਨਵਾਂ ਕੈਨੇਡਾ ਆਇਆ ਤਾਂ ਇਕ ਵਿਆਹ ਵਿਚ ਸ਼ਾਮਲ ਹੋਣ ਲਈ ਸੱਦਿਆ ਆਇਆ ਜਿਸ ਵਿਚ ਲਿਖਿਆ ਸੀ ਕਿ ਬਰਾਤ ਦੀ ਪਹੁੰਚ ਸਿੱਧੀ ਗੁਰਦੁਆਰਾ ਸਾਹਿਬ ਸਵੇਰੇ 9 ਵਜੇ ਦੀ ਸੀ।ਪਰ ਮੇਰੇ ਇਕ ਮਿੱਤਰ ਦੀ ਸਲਾਹ ਤੇ ਅਮਲ ਕਰਦਿਆਂ ਸੋਚਿਆਂ ਕੇ ਕੋਈ ਨਹੀਂ ਗੁਰਦਵਾਰਾ ਸਾਹਿਬ ਤਕਰੀਬਨ 11 ਕੁ ਵਜੇ ਪਹੁੰਚ ਜਾਵਾਂਗੇ ਪਰ ਜਦ ਮੈਂ ਆਪਣੇ ਟਾਈਮ ਅਨੁਸਾਰ ਉੱਥੇ 11 ਵਜੇ ਪਹੁੰਚਿਆਂ ਤਾਂ ਉੱਥੇ ਆਨੰਦ ਕਾਰਜਾਂ ਦੀ ਸ਼ੁਰੂਆਤ ਹੋਣ ਹੀ ਵਾਲੀ ਸੀ । ਉਸ ਸਮੇਂ ਮੈਨੂੰ ਸਭ ਦੇ ਸਾਹਮਣੇ ਬੜੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਕਿ ਬਿਨਾਂ ਕਿਸੇ ਕੰਮ ਤੋਂ ਮੈਂ ਦੋ ਘੰਟੇ ਲੇਟ ਆਇਆ। ਪਰ ਪਿਛਲੇ ਦਿਨੀਂ ਇਕ ਹੋਰ ਵਿਆਹ ਵਿਚ ਸ਼ਾਮਲ ਹੋਣੇ ਦਾ ਮੌਕੇ ਮਿਲਿਆ ਇਸ ਵਾਰੀ ਮੈਂ ਵੀ ਕੈਨੇਡਾ ਦੇ ਵਿਆਹ ਵਿਚ ਪੂਰਾ ਟਾਈਮ ਦੇ ਪਾਬੰਦ ਹੋਣੇ ਦੀ ਸੌਂਅ ਖਾਲਈ ਸੀ। ਕਾਰਡ ਤੇ ਲਿਖੇ ਟਾਈਮ ਦੇ ਹਿਸਾਬ ਨਾਲ ਬਰਾਤ ਦੀ ਰਵਾਨਗੀ ਦੇ ਲਿਖੇ ਸਮੇਂ ਅਨੁਸਾਰ ਤਕਰੀਬਨ 9 ਵਜੇ ਵਿਆਹ ਵਾਲੇ ਘਰ ਪੂਰੇ ਪਰਵਾਰ ਨਾਲ ਪਹੁੰਚ ਗਿਆ ਜਿਵੇਂ ਕੇ ਕਾਰਡ ਵਿਚ ਲਿਖਿਆ ਸੀ। ਪਰ ਵਿਆਹ ਵਾਲੇ ਘਰ ਹਾਲੇ ਤੱਕ ਕਈ ਲੋਕ ਸੁੱਤੇ ਹੀ ਪਏ ਸਨ। ਇਸ ਵਾਰ ਵੀ ਮੈਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਉਹ ਵੀ ਆਪਣੇ ਹੀ ਬੱਚਿਆਂ ਤੋਂ ਸੀ ਜੋ ਮੈਨੂੰ ਵਾਰ ਵਾਰ ਆਖ ਰਹੇ ਸਨ। ਅਸੀਂ ਤੁਹਾਨੂੰ ਕਿਹਾ ਸੀ ਇਹ ਪੰਜਾਬੀਆਂ ਦਾ ਵਿਆਹ ਹੈ ਜੋ ਕੇ ਕਦੇ ਵੀ ਸਮੇਂ ਦੇ ਪਾਬੰਦ ਨਹੀਂ ਹੋ ਸਕਦੇ। ਜਿਵੇਂ ਕਿਵੇਂ ਜਦੋਂ 11 ਕੁ ਵਜੇ ਬਰਾਤ ਘਰ ਤੋਂ ਤੁਰਨ ਲੱਗੀ ਤਾਂ ਪਤਾ ਲੱਗਿਆ ਕਿ ਲਾੜੇ ਦੀ ਭਰਜਾਈ ਹਾਲੇ ਤੱਕ ਨਹੀਂ ਆਈ ਸੀ ।ਸ਼ਾਇਦ ਭਰਜਾਈ ਨੂੰ ਵੀ ਅੱਜ ਆਪਣੇ ਵੀ. ਆਈ. ਪੀ. ਵਾਲੀ ਪੁਜੀਸ਼ਨ ਪਤਾ ਲੱਗ ਗਿਆ ਸੀ। ਕਿਉਂਕਿ ਭਰਜਾਈ ਦੇ ਸੁਰਮੇ ਬਿਨਾਂ ਦਿਉਰ ਦੀ ਬਰਾਤ ਨਹੀਂ ਚੜ੍ਹ ਸਕਦੀ। ਇਸ ਲਈ ਸਭ ਨੇ ਭਰਜਾਈ ਨੂੰ ਫ਼ੋਨ ਕਰ ਆਪਣੀ ਨਾਰਾਜ਼ਗੀ ਜ਼ਹਿਰ ਕੀਤੀ 'ਤੇ ਬਰਾਤ ਦੇ ਲੇਟ ਹੋਣੇ ਦੀ ਸਾਰੇ ਇਲਜ਼ਾਮ ਭਰਜਾਈ ਤੇ ਪਾ ਦਿੱਤਾ।

ਪੰਜਾਬੀਆਂ ਵੱਲੋਂ ਕੈਨੇਡਾ ਵਿਚ ਸਮੇਂ ਦੇ ਪਾਬੰਦ ਹੋਣਾ ਜ਼ਰੂਰੀ ਨਹੀਂ ਸਮਝਿਆ ਜਾਂਦਾ। ਬਹੁਤ ਸਾਰੇ ਪ੍ਰੋਗਰਾਮਾਂ ਵਿਚ ਲੇਟ ਹੋਣਾ ਸਾਡੀ ਆਦਤ ਬਣ ਸਕਦੀ ਹੈ। ਜੇ ਸਾਡੀ ਇਹ ਆਦਤ ਬਣ ਚੁੱਕੀ ਹੈ, ਤਾਂ ਬਹੁਤ ਜ਼ਰੂਰੀ ਹੈ ਕਿ ਅਸੀਂ ਸਮੇਂ ਦੇ ਪਾਬੰਦ ਹੋਣ ਦੀ ਇੱਛਾ ਪੈਦਾ ਕਰੀਏ। ਅਸੀਂ ਤਾਂ ਹੀ ਸਮੇਂ ਦੇ ਪਾਬੰਦ ਹੋਵਾਂਗੇ ਜੇ ਅਸੀਂ ਇਸ ਦੀ ਅਹਿਮੀਅਤ ਨੂੰ ਸਮਝਾਂਗੇ। ਇਸੇ ਤਰ੍ਹਾਂ ਦਰਸ਼ਕਾਂ ਵੱਲੋਂ ਵਿਨੀਪੈਗ ਦੇ ਬਹੁਤ ਸਾਰੇ ਸ਼ੋਆਂ ਵਿਚ ਸਮੇਂ ਤੇ ਨਾ ਆਉਣਾ ਦੇਖਣ ਨੂੰ ਮਿਲਦਾ ਇਕ ਸ਼ੋਅ ਦਾ ਮੈਂ ਜ਼ਿਕਰ ਜ਼ਰੂਰ ਕਰਾਂਗਾ। ਜਿਸ ਦਾ ਸਮਾਂ ਸ਼ਾਮੀਂ 0630 ਤੋਂ 1100 ਵਜੇ ਤੱਕ ਸੀ ਪਰ ਜਦੋਂ ਸ਼ਾਮੀਂ 0730 ਤਕ ਇਕਾ ਦੁੱਕਾ ਦਰਸ਼ਕ ਹੀ ਪਹੁੰਚੇ ਤਾਂ ਸ਼ੋਅ ਵੀ ਤਕਰੀਬਨ ਸ਼ਾਮੀਂ 8 ਵਜੇ ਸ਼ੁਰੂ ਹੋਇਆ। ਸਾਰਿਆਂ ਨੇ ਸ਼ੋਅ ਦੀ ਅਤੇ ਪ੍ਰਬੰਧਕਾਂ ਦੀ ਬਹੁਤ ਤਾਰੀਫ਼ ਜਾ ਰਹੀ ਸੀ।ਖਾਣ ਪੀਣ ਤੋਂ ਬਾਅਦ ਜਦੋਂ ਸ਼ੋਅ 11 ਵਜੇ ਤੱਕ ਖ਼ਤਮ ਨਾ ਹੋਇਆ ਤਾਂ ਉਹੀ ਦਰਸ਼ਕ ਪ੍ਰਬੰਧਕਾਂ ਨੂੰ ਕੋਸਦੇ ਹੋਏ ਨਜ਼ਰ ਆਏ ਅਤੇ ਆਪਣੇ ਪਰਵਾਰਾਂ ਨਾਲ ਲੜਦੇ ਹੋਏ ਸ਼ੋਅ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਘਰਾਂ ਤੂੰ ਜਾਂਦੇ ਹੋਏ ਦੇਖੇ ਗਏ।

ਇਸ ਵਿਚ ਵੀ ਲੋਕਾਂ ਵੱਲੋਂ ਸ਼ੋਅ ਦੇ ਪ੍ਰਬੰਧਕਾਂ ਦਾ ਹੀ ਕਸੂਰ ਕੱਢਿਆ ਗਿਆ ਪਰ ਜਿੱਥੇ ਤੱਕ ਮੈਂ ਸੋਚਦਾ ਹਾਂ ਜੇ ਕਰ ਦਰਸ਼ਕ 0630 ਆ ਜਾਂਦੇ 'ਤੇ ਆਪਣੀਆਂ ਸੀਟਾਂ ਤੇ ਬੈਠ ਜਾਂਦੇ ਫਿਰ ਆਪਾਂ ਪ੍ਰਬੰਧਕਾਂ ਦਾ ਕਸੂਰ ਕੱਢ ਸਕਦੇ ਸੀ ਜਾ ਫਿਰ ਪ੍ਰਬੰਧਕਾ ਆਪਣੇ ਦਿੱਤੇ ਹੋਏ ਟਾਈਮ 'ਤੇ ਸ਼ੋਅ ਸ਼ੁਰੂ ਕਰ ਦੇਣ। ਇਸੇ ਤਰ੍ਹਾਂ ਹੀ ਇਕ ਪੰਜਾਬੀ ਕਲਾਕਾਰ ਦੇ ਗਾਣੇ ਦੀ ਵੀਡੀਓ ਸੂਟ ਦਾ ਮੌਕਾ ਮਿਲਿਆ। ਸੂਟ ਤੋਂ ਇਕ ਦਿਨ ਪਹਿਲਾਂ ਇਕ ਮੀਟਿੰਗ ਵਿਚ ਸਭ ਪਲੈਨ ਤਿਆਰ ਕੀਤਾ ਗਿਆ ਕਿ ਸਵੇਰੇ 7 ਵਜੇ ਕਾਲ ਕੀਤੀ ਜਾਵੇਗੀ ਅਤੇ ਸਾਰੇ ਜਣੇ ਲੋਕੇਸ਼ਨ ਤੇ 8 ਵਜੇ ਤੱਕ ਪਹੁੰਚ ਜਾਣ ਤਾਂਕਿ ਸਵੇਰੇ 9 ਵਜੇ ਸ਼ੂਟ ਸਰੁ ਕੀਤੀ ਜਾ ਸਕੇ ਜੋ ਕਿ ਤਕਰੀਬਨ ਸ਼ਾਮੀਂ 6 ਵਜੇ ਤੱਕ ਚੱਲਣੀ ਸੀ।ਪਰ ਜਿਸ ਵੀਰ ਨੇ ਸਾਰੇ ਪ੍ਰਬੰਧ ਕਰਨੇ ਸਨ ਉਹ ਤੇ ਸਵੇਰੇ 8 ਵਜੇ ਤੱਕ ਸੋਦਾਂ ਹੀ ਰਿਹਾ ਸੀ ਅਤੇ ਸ਼ੂਟ ਤਕਰੀਬਨ 11 ਵਜੇ ਸ਼ੁਰੂ ਹੋ ਕੇ ਰਾਤ 10 ਵਜੇ ਤੱਕ ਚੱਲਿਆ। ਮੇਰਾ ਇਹ ਸਭ ਉਦਾਹਰਨਾਂ ਦੇਣ ਦਾ ਮਤਲਬ ਕਿਸੇ ਨੂੰ ਉੱਚਾ ਜਾਂ ਨੀਵਾਂ ਦਿਖਾਉਣਾ ਨਹੀਂ ਹੈ ਇਹੋ ਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਤੁਹਾਡੇ ਨਾਲ ਵੀ ਵਾਪਰੀਆਂ ਹੋਣਗੀਆਂ, ਵਾਪਰ ਰਹੀਆਂ ਹਨ ਤੇ ਵਾਪਰ ਦੀਆਂ ਰਹਿਣਗੀਆਂ ਕਿਉਂ ਕੇ ਅਸੀਂ ਸਮੇਂ ਦੇ ਪਾਬੰਦ ਨਹੀਂ।

ਸਮੇਂ ਦੇ ਪਾਬੰਦ ਹੋਣ ਦੇ ਕਿਹੜੇ ਕੁੱਝ ਕਾਰਨ ਹਨ? ਅਸੀਂ ਕਿੱਦਾਂ ਸਮੇਂ ਦੇ ਪਾਬੰਦ ਬਣ ਸਕਦੇ ਹਾਂ? ਇਸ ਤੋਂ ਇਲਾਵਾ, ਸਮੇਂ ਸਿਰ ਪਹੁੰਚਣ ਦੇ ਕੀ ਲਾਭ ਹੋ ਸਕਦੇ ਹਨ? ਤੁਸੀਂ ਸਮੇਂ ਦੇ ਹਰ ਸਕਿੰਟ ਦੀ ਕੀਮਤ ਸਮਝੋ ਇਸ ਤਰ੍ਹਾਂ ਹਜ਼ਾਰਾਂ ਘੰਟੇ ਤੁਹਾਡੀ ਸੋਚ ਮੁਤਾਬਿਕ ਕੰਮ ਕਰਨ ਲਈ ਤੁਹਾਡੇ ਪਾਸ ਹੋਣਗੇ। ਅਸੀਂ ਆਮ ਤੌਰ 'ਤੇ ਸਮੇਂ ਦੀ ਕਦਰ ਨਹੀਂ ਕਰਦੇ। ਕਿਧਰੇ ਵੀ ਜਾਣਾ ਹੋਵੇ ਤਾਂ ਅਸੀਂ ਸੋਚਦੇ ਹਾਂ ਪੰਜ ਦਸ ਮਿੰਟ ਨਾਲ ਕੀ ਫ਼ਰਕ ਪੈਂਦਾ ਹੈ? ਇਤਨਾ ਕੁ ਲੇਟ ਤਾਂ ਚਲਦਾ ਹੀ ਹੈ। ਜੇ ਕੋਈ ਪ੍ਰੋਗਰਾਮ ਰੱਖਣਾ ਹੋਵੇ ਤਾਂ ਜਿਹੜਾ ਸਮਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ। ਉਸ ਤੋਂ ਘੰਟਾ ਅੱਧਾ ਘੰਟਾ ਬਾਅਦ ਹੀ ਪ੍ਰੋਗਰਾਮ ਸ਼ੁਰੂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਲੋਕਾਂ ਦਾ ਕੀਮਤੀ ਸਮਾਂ ਫ਼ਾਲਤੂ ਇੰਤਜ਼ਾਰ ਵਿਚ ਬਰਬਾਦ ਕਰ ਦਿੱਤਾ ਜਾਂਦਾ ਹੈ ਪਰ ਪ੍ਰਬੰਧਕਾਂ ਨੂੰ ਇਸ ਦਾ ਅਹਿਸਾਸ ਤੱਕ ਨਹੀਂ ਹੁੰਦਾ। ਸਮੇਂ ਦੀ ਕੀਮਤ ਸਾਨੂੰ ਸਮੇਂ ਦੇ ਗਾਜਰ ਜਾਣ ਤੋਂ ਬਾਅਦ ਹੋਏ ਨੁਕਸਾਨ ਤੋਂ ਹੀ ਪਤਾ ਚਲਦੀ ਹੈ। ਮੰਨ ਲਉ ਤੁਸੀਂ ਟਰੇਨ ਜਾਂ ਜਹਾਜ਼ ਤੇ ਕਿਧਰੇ ਜਾਣਾ ਹੈ। ਤੁਸੀਂ ਆਦਤ ਅਨੁਸਾਰ ਸਟੇਸ਼ਨ ਤੇ ਜਾਂ ਹਵਾਈ ਅੱਡੇ ਤੇ ਕੁੱਝ ਮਿੰਟ ਲੇਟ ਪਹੁੰਚਦੇ ਹੋ। ਉੱਥੇ ਜਾ ਕੇ ਤੁਹਾਨੂੰ ਪਤਾ ਚਲਦਾ ਹੈ ਕਿ ਤੁਹਾਡੀ ਟਰੇਨ ਜਾਂ ਫਲਾਈਟ ਕੁੱਝ ਮਿੰਟ ਪਹਿਲਾਂ ਹੀ ਨਿਕਲ ਗਈ ਹੈ ਤਾਂ ਤੁਹਾਨੂੰ ਪਛਤਾਵਾ ਹੁੰਦਾ ਹੈ ਪਰ ਤੁਸੀਂ ਕਰ ਕੁੱਝ ਨਹੀਂ ਸਕਦੇ। ਹੱਥ ਮਲਦੇ ਰਹਿ ਜਾਂਦੇ ਹੋ। ਹੋ ਸਕਦਾ ਹੈ ਇਸ ਦੇ ਖ਼ਮਿਆਜ਼ੇ ਵਜੋਂ ਤੁਹਾਨੂੰ ਲੱਖਾਂ ਰੁਪਏ ਦਾ ਨੁਕਸਾਨ ਹੋ ਜਾਵੇ ਜਾਂ ਉਮਰ ਭਰ ਉਸ ਨੁਕਸਾਨ ਦੇ ਨਾਲ ਨਾਂ ਪੂਰਿਆ ਜਾਣ ਵਾਲਾ ਘਾਟਾ ਪੈ ਜਾਵੇ। ਇਸ ਲਈ ਸਮੇਂ ਦੀ ਕਦਰ ਕਰਨਾ ਸਿੱਖੋ। ਸਮੇਂ ਦੇ ਮਿੰਟਾਂ ਸਕਿੰਟਾਂ ਦੀ ਕੀਮਤ ਜਾਣੋ। ਇਸ ਨਾਲ ਤੁਸੀਂ ਜ਼ਿੰਦਗੀ ਵਿਚ ਅੱਗੇ ਵਧੋਗੇ ਅਤੇ ਲੋਕਾਂ ਵਿਚ ਸਤਿਕਾਰੇ ਜਾਵੋਗੇ। ਸਮਾਂ ਜਾਇਆ ਤੁਸੀਂ ਜ਼ਿੰਦਗੀ ਵਿਚ ਲੋਕਾਂ ਨਾਲੋਂ ਬਹੁਤ ਪਛੜ ਜਾਵੋਗੇ। ਇਕ ਦਿਨ ਆਪਣੀਆਂ ਹੀ ਨਜ਼ਰਾਂ ਵਿਚ ਗਿਰ ਜਾਵੋਗੇ ਮੰਜ਼ਿਲਾਂ ਤੇ ਉਹ ਹੀ ਪਹੁੰਚਦੇ ਹਨ ਜੋ ਸਮੇਂ ਦੀ ਕਦਰ ਕਰਦੇ ਹੋਏ ਸਵੇਰੇ ਤੜਕੇ ਉੱਠ ਕੇ ਆਪਣਾ ਸਫ਼ਰ ਸ਼ੁਰੂ ਕਰਦੇ ਹਨ। ਜੋ ਸਮੇਂ ਸਿਰ ਨਹੀਂ ਚਲਦੇ ਉਨ੍ਹਾਂ ਦੀ ਮੰਜ਼ਿਲ ਉਨ੍ਹਾਂ ਤੋਂ ਦੂਰ ਹੋ ਜਾਂਦੀ ਹੈ। ਜੋ ਅੱਗੇ ਵਧਦੇ ਹਨ ਉਹ ਪਿੱਛੇ ਮੁੜ ਕੇ ਨਹੀਂ ਦੇਖਦੇ। ਉਨ੍ਹਾਂ ਦਾ ਧਿਆਨ ਕੇਵਲ ਆਪਣੀ ਮੰਜ਼ਿਲ ਵਲ ਹੁੰਦਾ ਹੈ। ਜੋ ਪਿੱਛੇ ਦੇਖਦੇ ਹਨ ਸਮਾਂ ਉਨ੍ਹਾਂ ਨੂੰ ਪਿੱਛੇ ਛੱਡ ਜਾਂਦਾ ਹੈ। ਉਨ੍ਹਾਂ ਦੀ ਬਾਕੀ ਉਮਰ ਪਛਤਾਵੇ ਵਿਚ ਹੀ ਗੁਜ਼ਰਦੀ ਹੈ।

ਅਸੀਂ ਜਾਣਦੇ ਹਾਂ ਕਿ ਦਿਨ ਵਿਚ 24 ਘੰਟਿਆਂ ਵਿਚੋਂ 12 ਘੰਟੇ ਜਿਸ ਦੀ ਸਾਡੀ ਘੜੀ ਵਿਚ, ਸਾਡੀ ਜ਼ਿੰਦਗੀ ਵਿਚ ਸਹੀ ਅਰਥਾਂ ਵਿਚ ਕੀਮਤ ਹੁੰਦੀ ਹੈ, ਸਾਡੇ ਕੰਮ ਕਰਨ ਲਈ ਹੁੰਦੇ ਹਨ। ਇਹ ਕੋਈ ਫ਼ਰਕ ਨਹੀਂ ਪੈਂਦਾ ਕਿ ਇਹ 12 ਘੰਟੇ ਦਿਨ ਦੇ ਹਨ ਜਾਂ ਰਾਤ ਦੇ। ਬਾਕੀ ਬਚੇਂ 12 ਘੰਟੇ ਆਰਾਮ ਕਰਨ ਅਤੇ ਮੌਜ ਮਸਤੀ ਕਰਨ ਜਾਂ ਹੋਰ ਕੰਮਾਂ ਲਈ ਹੁੰਦੇ ਹਨ। ਜੇਕਰ ਆਦਮੀ 12 ਘੰਟੇ ਦੀ ਬਜਾਏ 13 ਘੰਟੇ ਇੱਕ ਦਿਨ ਦੇ ਗਿਣਦਾ ਹੈ ਤਾਂ ਉਹ ਹੋਰਨਾਂ ਦੀ ਤੁਲਨਾ ਥੋੜ੍ਹਾ ਅੱਗੇ ਨਿਕਲ ਜਾਂਦਾ ਹੈ ਅਤੇ ਜੋ 18 ਜਾਂ 20 ਘੰਟੇ ਇੱਕ ਦਿਨ ਦੇ ਮੰਨਦਾ ਹੈ, ਭਾਵ ਉਹ ਇੰਨਾ ਸਮਾਂ ਕੰਮ ਕਰਦਾ ਹੈ ਤਾਂ ਉਹ ਜ਼ਿਆਦਾ ਉਚਾਈਆਂ 'ਤੇ ਪਹੁੰਚ ਸਕਦਾ ਹੈ। ਜੇਕਰ ਤੁਸੀਂ ਕਿਸੇ ਕੰਮ ਨੂੰ ਕਰਨ ਬਾਰੇ ਸੋਚ ਰਹੇ ਹੋ ਤਾਂ ਸਮਝੋ ਕਿ ਉਹ ਕੰਮ ਕਦੇ ਵੀ ਨਹੀਂ ਹੋਵੇਗਾ। ਜੇਕਰਤੁਸੀਂ ਕੋਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਤਾਂ ਉਸ ਨੂੰ ਜ਼ਰੂਰ ਹੀ ਪੂਰਾ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਹਰੇਕ ਸੈਕੰਡ ਦੀ ਪਰਵਾਹ ਕਰੋਗੇ ਤਾਂ ਹੀ ਹਜ਼ਾਰਾਂ ਮਿੰਟ ਅਤੇ ਹਜ਼ਾਰਾਂ ਘੰਟੇ ਤੁਹਾਡੀ ਸੋਚ ਮੁਤਾਬਿਕ ਕੰਮ ਕਰਦੇ ਤੁਰੇ ਜਾਣਗੇ। ਸਮੇਂ ਦੀ ਕਦਰ ਕਰਨੀ ਕੁਦਰਤ ਦੇ ਨਜ਼ਦੀਕ ਰਹਿਣ ਦੇ ਬਰਾਬਰ ਹੈ। ਵਰਖਾ ਅਤੇ ਠੰਢੀ ਰੁੱਤ ਦਾ ਖਿਆਲ ਕਰ ਕੇ ਕੀੜੀ ਵੀ ਆਪਣਾ ਭੋਜਨ ਇਕੱਠਾ ਕਰ ਲੈਂਦੀ ਹੈ। ਖੇਤੀ ਦਾ ਕੰਮ ਕਰਣ ਵਾਲਾ ਜੇਕਰ ਠੀਕ ਮਾਤਰਾ ਵਿਚ ਪਾਣੀ ਨਾ ਦੇਵੇ ਤਾਂ ਫ਼ਸਲ ਦਾ ਮੁਨਾਫ਼ਾ ਨਹੀਂ ਮਿਲ ਸਕਦਾ। ਕੋਈ ਕਲਾਕਾਰ ਜਾਂ ਖਿਡਾਰੀ ਅੱਜ ਮਿਹਨਤ ਕਰ ਕੇ ਸਮੇਂ ਦੀ ਕਦਰ ਕਰਦਾ ਹੋਇਆ ਅਭਿਆਸ ਕਰੇਗਾ ਤਾਂ ਹੀ ਆਪਣੇ ਕਿੱਤੇ ਵਿਚ ਪ੍ਰਵੀਨ ਹੋਵੇਗਾ ਅਤੇ ਕੱਲ੍ਹ ਨੂੰ ਆਪਣੇ ਹੁਨਰ ਵਿਚ ਚਮਕ ਸਕੇਗਾ। ਉਹ ਸਫਲ ਹੋਵੇਗਾ। ਲੋਕ ਉਸ ਦੀ ਪ੍ਰਸੰਸਾ ਕਰਨਗੇ। ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ। ਸਮਾਂ ਨਿਰੰਤਰ ਚਲਦਾ ਹੀ ਰਹਿੰਦਾ ਹੈ। ਸਮੇਂ ਦੀ ਸੂਈ ਕਦੇ ਨਹੀਂ ਰੁਕਦੀ। ਦੁੱਖ ਵਿਚ ਵੀ ਅਤੇ ਸੁੱਖ ਵਿਚ ਵੀ ਸਮੇਂ ਦੀ ਸੂਈ ਲਗਾਤਾਰ ਚਲਦੀ ਹੀ ਰਹਿੰਦੀ ਹੈ। ਅਸੀਂ ਸਮੇਂ ਦਾ ਇੰਤਜ਼ਾਰ ਕਰ ਸਕਦੇ ਹਾਂ ਪਰ ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ। ਸਮਾਂ ਬਹੁਤ ਸ਼ਕਤੀਸ਼ਾਲੀ ਅਤੇ ਬਲਵਾਨ ਹੁੰਦਾ ਹੈ ਕਿ ਉਹ ਪਲਾਂ ਵਿਚ ਹੀ ਕਿਸੇ ਦੀ ਤਕਦੀਰ ਬਦਲ ਸਕਦਾ ਹੈ। ਸਮਾਂ ਰਾਜੇ ਨੂੰ ਰੰਕ ਬਣਾ ਸਕਦਾ ਹੈ ਅਤੇ ਰੰਕ ਨੂੰ ਰਾਜਾ ਬਣਾ ਸਕਦਾ ਹੈ। ਪਰ ਕੋਈ ਮਹਾਂਬਲੀ ਵੀ ਸਮੇਂ ਦੀ ਰਫ਼ਤਾਰ ਨੂੰ ਰੋਕ ਨਹੀਂ ਸਕਦਾ ਨਾ ਹੀ ਸਮੇਂ ਨੂੰ ਪੁੱਠਾ ਗੇੜ ਦੇ ਸਕਦਾ ਹੈ। ਪੰਜਾਬੀ ਦੇ ਪ੍ਰਸਿੱਧ ਕਵੀ ਭਾਈ ਵੀਰ ਸਿੰਘ ਜੀ ਸਮੇਂ ਦੀ ਨਿਰੰਤਰ ਚਾਲ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:

"ਰਹੀ ਵਾਸਤੇ ਘਤਿ
'ਸਮੇਂ' ਨੇ ਇੱਕ ਨਾ ਮੰਨੀ,
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ,
ਕਿਵੇਂ ਨ ਸੱਕੀ ਰੋਕ
ਅਟਕ ਜੋ ਪਾਈ ਭੰਨੀ,
ਤ੍ਰਿੱਖਾ ਅਪਣੇ ਵੇਗ
ਗਿਆ ਟੱਪ ਬੰਨੇ ਬੰਨ੍ਹੀ।"

ਲੇਖਕ ਅਤੇ ਮਨੋਵਿਗਿਆਨੀ ਚਾਰਲਸ ਸਪਿੱਤਜ਼ਾਨੋ ਸੁਝਾਅ ਦਿੰਦਾ ਹੈ। ਕੋਈ ਚੀਜ਼ ਖ਼ਰੀਦਣ ਤੋਂ ਪਹਿਲਾਂ ਸੋਚੋ ਕਿ ਉਸ ਚੀਜ਼ ਦੀ ਜਿੰਨੀ ਕੀਮਤ ਹੈ, ਉੱਨੇ ਪੈਸੇ ਕਮਾਉਣ ਲਈ ਤੁਹਾਨੂੰ ਕਿੰਨਾ ਸਮਾਂ ਲੱਗੇਗਾ ਅਤੇ "ਫਿਰ ਦੇਖੋ ਕਿ ਉਸ ਚੀਜ਼ ਨੂੰ ਲੈਣ ਦਾ ਫ਼ਾਇਦਾ ਹੈ ਜਾਂ ਨਹੀਂ।" ਆਓ ਉੱਠੀਏ ਸਮੇਂ ਦੀ ਕਦਰ ਕਰੀਏ, ਸਮਾਂ ਸਭ ਤੋਂ ਅਨਮੋਲ ਹੈ। ਇਸ ਨੂੰ ਪਛਾਣੀਏ।

ਅਮਿੱਤ ਮਿੱਤਰ
93575-12244

# ਪੰਦਰਾਂ ਦਿਨਾਂ ਦਾ ਹਾਜੀ..



14 ਸਤੰਬਰ 2012 ਦੀ ਸ਼ਾਮ ਦੇ ਵੇਲੇ ਮੈਂ ਆਪਣੇ ਮਿੱਤਰ ਨੀਲ ਕਮਲ ਨਾਲ ਆਪਣੇ ਪਬਲੀਕੇਸ਼ਨ ਹਾਊਸ ਦੇ ਦਫ਼ਤਰ ਬੈਠਾ ਰੁਟੀਨ ਦੇ ਗੱਪ ਸ਼ੱਪ ਮਾਰ ਰਿਹਾ ਸੀ ਕਿ ਇੱਕ ਦਮ 5-6 ਪੁਲਿਸ ਵਾਲੇ ਮੇਰੇ ਦਫ਼ਤਰ ਆ ਬੜੇ। ਮੈਂ ਸੋਚਿਆ ਕਿ ਉਂਝ ਹੀ ਸ਼ਾਇਦ ਕਿਤਾਬਾਂ ਵੇਖਣ ਆਏ ਹੋਣਗੇ। ਪਰ ਉਹਨਾਂ ਮੇਰੇ ਬਾਰੇ ਪੁੱਛਿਆ ਅਤੇ ਆਪਣੇ ਨਾਲ ਚੱਲਣ ਲਈ ਕਿਹਾ ਬਾਹਰ ਰੋਡ ਤੇ ਗੱਡੀ ਵਿੱਚ ਸਥਾਨਕ ਐਸ.ਐਚ.ਓ. ਬੈਠਾ ਸੀ ਜਿਸਨੇ ਮੈਨੂੰ ਗੱਡੀ ਵਿੱਚ ਬੈਠਣ ਲਈ ਕਿਹਾ। ਮੇਰਾ ਮਿੱਤਰ ਜੋ ਕੇ ਅੰਗਰੇਜ਼ੀ ਅਖ਼ਬਾਰ ਦਾ ਪ੍ਰਸਿੱਧ ਪੱਤਰਕਾਰ ਹੈ ਨੇ ਪੁਲਿਸ ਅਧਿਕਾਰੀ ਨੂੰ ਆਪਣੀ ਬਾਬਤ ਦੱਸਕੇ ਗ੍ਰਿਫਤਾਰੀ ਦਾ ਕਾਰਣ ਪੁੱਛਿਆ ਤਾਂ ਉਸਨੇ ਕੁਝ ਵੀ ਦੱਸਣ ਤੋਂ ਇਨਕਾਰ ਕਰਦਿਆਂ ਝੱਟ ਉੱਥੋਂ ਚੱਲ ਪਿਆ।

ਹੁਣ ਮੈਂ ਚਾਰ ਪੁਲਿਸ ਵਾਲਿਆਂ ਦੀ ਹਿਰਾਸਤ ਵਿੱਚ ਸਾਂ ਮੈਨੂੰ ਆਪਣੇ ਕਸੂਰ ਬਾਰੇ ਕੁਝ ਵੀ ਨਹੀਂ ਪਤਾ ਸੀ। ਪੁਲਿਸ ਦੀ ਗੱਡੀ ਕੁਝ ਦੇਰ ਬਾਅਦ ਅੱਗੇ ਜਾ ਕੇ ਰੁਕੀ ਅਤੇ ਪੁਲਿਸ ਅਧਿਕਾਰੀ ਬਾਹਰ ਖੜਕੇ ਕਿਸੇ ਨਾਲ ਗੱਲ ਕਰਨ ਲੱਗਾ। ਮੈਂ ਸਮਝ ਗਿਆ ਕੇ ਮੇਰੇ ਮਿੱਤਰ ਨੇ ਕਿਸੇ ਉਚ ਅਧਿਕਾਰੀ ਨਾਲ ਗੱਲ ਕੀਤੀ ਹੋਵੇਗੀ ਸ਼ਾਇਦ ਹੁਣ ਮੇਰਾ ਬਚਾਅ ਹੋ ਜਾਵੇ। ਕੁਝ ਮਿੰਟਾਂ ਬਾਅਦ ਗੱਡੀ ਵਿੱਚ ਬੈਠਣ ਸਾਰ ਅਧਿਕਾਰੀ ਨੇ ਡਰਾਇਵਰ ਨੂੰ ਗੱਡੀ ਘੁੰਮਾਉਣ ਲਈ ਕਿਹਾ, ਹੁਣ ਗੱਡੀ ਖੁੱਡੀ ਵੱਲ ਨੂੰ ਚੱਲ ਪਈ ਕੁਝ ਹੀ ਮਿੰਟਾਂ ਵਿੱਚ ਉਹ ਮੈਨੂੰ ਹੰਢਿਆਏ ਦੇ ਮਸ਼ਹੂਰ ਸੀ.ਆਈ.ਏ. ਸਟਾਫ਼ ਲੈ ਪਹੁੰਚੇ। ਮੇਰੀਆਂ ਲੱਤਾਂ ਡਰ ਕਾਰਨ ਕੰਬ ਰਹੀਆਂ ਸਨ।

ਅਜੇ ਤੱਕ ਮੈਨੂੰ ਮੇਰੇ ਕਸੂਰ ਦਾ ਕੁਝ ਪਤਾ ਨਹੀਂ ਸੀ। ਪੁਲਿਸ ਵਾਲੇ ਮੈਨੂੰ ਇਕ ਕਮਰੇ ਵਿੱਚ ਲੈ ਗਏ ਜੋ ਸ਼ਾਇਦ ਉਨ੍ਹਾਂ ਦਾ ਆਪਣਾ ਸੌਣ ਕਮਰਾ ਸੀ। ਮੇਰੀ ਨਿਗਰਾਨੀ ਕਰ ਰਹੇ ਪੁਲਿਸ ਕਰਮਚਾਰੀ ਨੂੰ ਜਦੋਂ ਮੈਂ ਆਪਣੇ ਕਸੂਰ ਬਾਰੇ ਪੁੱਛਿਆ ਤਾਂ ਉਸਨੇ ਕਿਹਾ ਕਿ ਮੈਨੂੰ ਜ਼ਿਆਦਾ ਤਾਂ ਨਹੀਂ ਪਤਾ ਸ਼ਾਇਦ ਇੱਕ ਕਿਤਾਬ ਦਾ ਮਾਮਲਾ ਹੈ। ਹੁਣ ਮੈਨੂੰ ਵੀ ਲੱਗਿਆ ਕਿ ਸ਼ਾਇਦ ਮੈਨੂੰ ਮਾਲਵੇ ਦੇ ਮਸ਼ਹੂਰ ਕਿੱਸਾਕਾਰ ਰਜਬ ਅਲੀ ਜੀ ਦੀਆਂ ਲਿਖਤਾਂ ਕਾਰਨ ਫੜਿਆ ਗਿਆ ਹੈ, ਜਿਸ ਬਾਬਤ ਥੋੜ੍ਹਾ ਜਿਹਾ ਵਿਵਾਦ ਬੀਤੇ ਦਿਨੀਂ ਮੋਗਾ ਵਿੱਚ ਹੋਇਆ ਸੀ।

ਰਜਬ ਅਲੀ ਇੱਕ ਅਜਿਹੇ ਮਹਾਨ ਕਿੱਸਾਕਾਰ ਹੋਏ ਕੇ ਉਨ੍ਹਾਂ ਦੇ ਰਚਿਤ ਕਿੱਸੇ ਅੱਜ ਵੀ ਮਾਲਵੇ ਦੇ ਬਹੁਤ ਸਾਰੇ ਕਿੱਸਾਕਾਰ ਗਾਉਂਦੇ ਹਨ। ਭਾਰਤ ਪਾਕਿ ਵੰਡ ਦੌਰਾਨ ਉਹ ਆਪਣਾ ਪਿੰਡ ਸਾਹੋਕੇ ਛੱਡ ਕੇ ਲਹਿੰਦੇ ਪੰਜਾਬ ਜਾ ਵਸੇ। ਉਨ੍ਹਾਂ ਦੀ ਕਿੱਸਾਕਾਰੀ ਮਾਲਵੇ ਵਿੱਚ ਅੱਜ ਵੀ ਬੜੀ ਮਕਬੂਲ ਹੈ। ਪਾਠਕਾਂ ਵਿੱਚ ਉਹਨਾਂ ਦੀਆਂ ਲਿਖੀਆਂ ਕਿਤਾਬਾਂ ਦੀ ਵਾਹਵਾ ਮੰਗ ਰਹਿੰਦੀ ਹੈ। ਇਸੇ ਮੰਗ ਨੂੰ ਧਿਆਨ ਵਿੱਚ ਰੱਖਕੇ ਮੈਂ ਰਜਬ ਅਲੀ ਜੀ ਦੇ ਪਿੰਡ ਦੇ ਹੀ ਵਸਨੀਕ ਅਤੇ ਉਨ੍ਹਾਂ ਦੇ ਸ਼ਗਿਰਦ ਜਗਜੀਤ ਸਾਹੋਕੇ ਜੀ ਨਾਲ ਗੱਲਬਾਤ ਕਰਕੇ ਕਵੀਸ਼ਰੀ ਨੂੰ ਮੁੜ ਛਾਪਣ ਦਾ ਫੈਸਲਾ ਲਿਆ। 'ਸਿੱਖੀ ਕਾਵਿ', 'ਰਜਬ ਅਲੀ ਦੀ ਚੋਣਵੀਂ ਕਵਿਤਾ' ਤੋਂ ਬਾਅਦ ਇਹ ਉਨਾਂ ਦੀ ਤੀਜੀ ਕਿਤਾਬ ਸੀ ਜੋ ਮੈਂ ਤੇ ਜਗਜੀਤ ਜੀ ਨੇ ਮਿਲਕੇ ਛਾਪੀ ਸੀ। ਕਿਤਾਬ ਵਿੱਚ ਰਜਬ ਅਲੀ ਜੀ ਦੇ ਮਸ਼ਹੂਰ ਡਾਕੂਆਂ ਨਾਲ ਸੰਬੰਧਤ ਕਿੱਸੇ ਹੀ ਛਾਪੇ ਗਏ ਅਤੇ ਨਾਂ ਰੱਖਿਆ 'ਗਾਥਾ ਸੂਰਮਿਆਂ ਦੀ..'। ਅਲੀ ਜੀ ਦਾ ਆਪਣੀ ਰਚਨਾ ਵਿੱਚ ਮੰਨਣਾ ਹੈ ਕਿ ਇਹ ਡਾਕੂ, ਸਮਾਜ ਵਿਚਲੀਆਂ ਫੈਲੀਆਂ ਊਨਤਾਈਆਂ ਦੇ ਵਿਰੋਧ ਵਿੱਚ ਹਥਿਆਰਬੰਦ ਹੋ ਕਿ ਲੜ ਰਹੇ ਸੀ ਪਰ ਸਨ ਅਸਲੀ ਸੂਰਮੇ ਹੀ।

ਜਿਵੇਂ ਕਿ ਵਾਰਸ ਸ਼ਾਹ ਦੀ ਹੀਰ ਜਾਂ ਹੋਰ ਧਾਰਮਿਕ ਗ੍ਰੰਥ ਜਾਤੀ ਸੂਚਕ ਸ਼ਬਦਾਂ ਨਾਲ ਭਰੇ ਪਏ ਹਨ ਉਂਝ ਹੀ ਇਸ ਕਿਤਾਬ ਵਿੱਚ ਵੀ ਰਜਬ ਅਲੀ ਜੀ ਨੇ ਬਹੁਤ ਸਾਰੇ ਜਾਤੀ ਸੂਚਕ ਸ਼ਬਦ ਵਰਤੇ ਸਨ ਜਿੰਨਾਂ ਨਾਲ ਅੱਜ ਦੇ ਦੌਰ ਵਿੱਚ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਮੈਂ ਸਮਝਦਾ ਹਾਂ ਪ੍ਰਕਾਸ਼ਕ ਜਾਂ ਸੰਪਾਦਕ ਦੇ ਤੌਰ 'ਤੇ ਸਾਡੇ ਕੋਲ ਕੋਈ ਅਧਿਕਾਰ ਨਹੀਂ ਕਿ ਅਸੀਂ ਪੁਰਾਣੇ ਲੇਖਕ ਦੀ ਮੌਲਿਕਤਾ ਨਾਲ ਖਿਲਵਾੜ ਕਰੀਏ।

ਪੁਲਿਸ ਹਿਰਾਸਤ ਵਿੱਚ ਮੈਂ ਬਹੁਤ ਸਾਰੀਆਂ ਘੁੰਮਣ ਘੇਰੀਆਂ ਵਿੱਚ ਫਸਿਆ ਹੋਇਆ ਸੀ ਪੁਲਿਸ ਵਾਲਿਆਂ ਨੇ ਮੈਨੂੰ ਕਮਰੇ ਵਿੱਚੋਂ ਉਠਾ ਲਿਆ ਅਤੇ ਹੁਣੇ ਹੁਣੇ ਪੁੱਜੇ ਐਸ.ਐਸ.ਪੀ. ਦੇ ਅੱਗੇ ਪੇਸ਼ ਕੀਤਾ। ਇੱਥੇ ਹੀ ਮੈਂ ਵੇਖਿਆ ਕਿ ਪੁਲਿਸ ਜਗਜੀਤ ਸਾਹੋਕੇ ਜੀ ਨੂੰ ਗ੍ਰਿਫ਼ਤਾਰ ਕਰਕੇ ਲਿਆ ਚੁੱਕੀ ਹੈ। ਐਸ.ਐਸ.ਪੀ. ਨੇ ਸਿਰਫ਼ ਇੰਨਾ ਹੀ ਪੁੱਛਿਆ ਕਿ ਕਿੰਨੀ ਕਿਤਾਬ ਛਾਪੀ ਸੀ ਮੈਂ ਕਿਹਾ ਜੀ ਇੱਕ ਹਜ਼ਾਰ, ਉਹ ਕਹਿਣ ਲੱਗਾ ਕਿ ਸਾਨੂੰ ਤਾਂ ਜਗਜੀਤ ਸਾਹੋਕੇ ਤੋਂ 200 ਕਾਪੀ ਹੀ ਮਿਲੀ ਹੈ ਬਾਕੀ ਕਿੱਥੇ ਹੈ। ਮੈਂ ਕਿਹਾ ਜੀ ਬਾਕੀ ਅੱਠ ਸੌ ਦਿੱਲੀ ਤੋਂ ਟਰਾਂਸਪੋਰਟ ਰਾਹੀਂ ਬਰਨਾਲੇ ਲਈ ਚੱਲੀ ਹੈ। ਜੋ ਬਾਅਦ ਵਿੱਚ ਪੁਲਿਸ ਵਾਲਿਆਂ ਟਰਾਂਸਪੋਰਟ ਦੇ ਦਫ਼ਤਰ ਵਿੱਚੋ ਬਰਾਮਦ ਕਰ ਕੇ ਕੇਸ ਪ੍ਰਾਪਰਟੀ ਬਣਾ ਦਿੱਤੀ।

ਮੇਰੇ ਅਤੇ ਜਗਜੀਤ ਸਾਹੋਕੇ ਉਤੇ ਐਸ.ਸੀ.ਐਸ. ਐਕਟ, ਦੰਗੇ ਫਲਾਉਣ ਦੀ ਸਾਜਿਸ਼ ਰਚਨ ਜਿਹੀਆਂ ਸੰਗੀਨ ਧਾਰਾਵਾਂ ਹੇਠ ਪਰਚਾ ਦਰਜ ਹੋ ਚੁੱਕਿਆ ਸੀ। ਐਸ. ਐਸ. ਪੀ. ਦੇ ਜਾਣ ਤੋਂ ਕੁਝ ਸਮਾਂ ਬਾਅਦ ਹੀ ਨੀਲ ਕਮਲ ਅਤੇ ਮੇਰੇ ਪਿਤਾ ਮੇਘ ਰਾਜ ਮਿੱਤਰ ਵੀ ਮੈਨੂੰ ਮਿਲਣ ਪਹੁੰਚ ਗਏ। ਨੀਲ ਕਮਲ ਨੇ ਹੁਣ ਤੱਕ ਸਭ ਪਤਾ ਕਰ ਲਿਆ ਸੀ ਸਥਾਨਿਕ ਡੀ.ਐਸ.ਪੀ. ਦੇ ਬਿਆਨਾਂ ਤੇ ਉਪਰਲੇ ਹੁਕਮਾਂ ਅਨੁਸਾਰ ਇਹ ਕੇਸ ਦਰਜ ਕੀਤਾ ਗਿਆ ਸੀ।

ਪੁਲਿਸ ਨੇ ਮੈਨੂੰ ਦੋ ਦਿਨ ਅਤੇ ਜਗਜੀਤ ਸਾਹੋਕੇ ਨੂੰ ਇੱਕ ਦਿਨ ਪੁਲਿਸ ਹਰਾਸਤ ਵਿੱਚ ਰੱਖਿਆ, ਉਨ੍ਹਾਂ ਦਾ ਮੁੱਖ ਮਕਸਦ ਇਹ ਪਤਾ ਲਗਾਉਣਾ ਸੀ ਕਿ ਅਸੀਂ ਡਾਕੂਆਂ ਨਾਲ ਸੰਬੰਧਿਤ ਕਿੱਸੇ ਹੀ ਕਿਉਂ ਛਾਪੇ। ਪੁਲਿਸ ਨੂੰ ਇੰਟੈਲੀਜੈਂਸ ਵਿਭਾਗ ਦੀ ਇਹ ਸੂਚਨਾ ਸੀ ਕਿ ਇਨ੍ਹਾਂ ਕਿੱਸਿਆਂ ਰਾਹੀਂ ਅਸੀਂ ਲੋਕਾਂ ਨੂੰ ਬਗਾਵਤ ਲਈ ਉਕਸਾਉਣਾ ਚਾਹੁੰਦੇ ਹਾਂ। ਹੁਣ ਮੈਨੂੰ ਸਮਝ ਲੱਗ ਪਿਆ ਸੀ ਕਿ ਸਟੇਟ ਨੇ ਜਾਣ ਬੁੱਝਕੇ ਮੈਨੂੰ ਨਿਸ਼ਾਨਾ ਬਣਾਉਣ ਲਈ ਇਹ ਝੂਠਾ ਪਰਚਾ ਦਰਜ ਕੀਤਾ ਹੈ।

ਦੋ ਦਿਨਾਂ ਦੀ ਹਿਰਾਸਤ ਤੋਂ ਬਾਅਦ ਮੈਨੂੰ ਜੇਲ ਭੇਜ ਦਿੱਤਾ ਗਿਆ। ਬਰਨਾਲਾ ਜੇਲ ਭਦੌੜ ਰੋਡ 'ਤੇ ਪੰਜ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ। ਜੇਲ ਦੇ ਛੋਟੇ ਗੇਟ ਰਾਹੀਂ ਅੰਦਰ ਜਾਂਦਿਆਂ ਹੀ ਸਭ ਤੋਂ ਪਹਿਲਾਂ ਜਾਮਾ ਤਲਾਸ਼ੀ ਅਤੇ ਨਾਲ ਹੀ ਜੇਲਰ ਕੋਲ ਪੇਸ਼ ਕੀਤਾ ਗਿਆ, ਫਿਰ ਜੇਲ ਦੇ ਅੰਦਰੂਨੀ ਗੇਟ ਰਾਹੀਂ ਮੈਂ ਅੰਦਰ ਪਹੁੰਚ ਗਿਆ। ਲਗਭਗ ਸਾਰੀਆਂ ਜੇਲਾਂ ਦਾ ਹੀ ਕੇਂਦਰੀ ਸਿਸਟਮ ਹੁੰਦਾ ਹੈ ਜਿਸ ਨੂੰ ਚੱਕਰ ਕਿਹਾ ਜਾਂਦਾ ਹੈ। ਗੋਲ ਅਕਾਰ ਦੇ ਇੱਕ ਛੋਟੇ ਜਿਹੇ ਕਮਰੇ ਨੂੰ ਚੱਕਰ ਕਿਹਾ ਜਾਂਦਾ ਹੈ। ਅੰਦਰ ਵੜਦੇ ਸਾਰ ਹੀ ਮੈਨੂੰ ਮੇਰੇ ਸ਼ਹਿਰ ਦੇ ਕੁਝ ਜਾਣੂ ਨੌਜਵਾਨ ਮਿਲੇ ਜਿਨ੍ਹਾਂ ਨੇ ਗਰਮਜੋਸ਼ੀ ਨਾਲ ਮੇਰਾ ਸਵਾਗਤ ਕੀਤਾ। ਉਨ੍ਹਾਂ ਵਿੱਚੋਂ ਇੱਕ ਨੇ ਦੱਸਿਆ ਕਿ ਰੋਜ਼ਾਨਾ ਅਖ਼ਬਾਰਾਂ ਤੋਂ ਤੇਰੇ 'ਤੇ ਪਰਚੇ ਦਾ ਪਤਾ ਚੱਲ ਗਿਆ ਸੀ ਅਤੇ ਨਾਲ ਹੀ ਤੇਰੇ ਪੁਲਿਸ ਰਿਮਾਂਡ ਦਾ ਵੀ ਜਿਸ ਤੋਂ ਸਾਨੂੰ ਅੰਦਾਜ਼ਾ ਸੀ ਕਿ ਤੂੰ ਅੱਜ ਸਾਡੇ ਕੋਲ ਪਹੁੰਚ ਜਾਂਵੇਗਾ। ਚਾਹ ਪਾਣੀ ਪਿਲਾਉਣ ਤੋਂ ਬਾਅਦ ਉਨ੍ਹਾਂ ਨੇ ਮੇਰੇ ਰਹਿਣ ਦਾ ਪ੍ਰਬੰਧ ਆਪਣੀ ਬੈਰਕ ਵਿੱਚ ਹੀ ਕਰਵਾ ਦਿੱਤਾ ਜਿੱਥੇ ਪਹਿਲਾਂ ਤੋਂ ਹੀ ਮੇਰੇ ਕੇਸ ਭਾਈਵਾਲ ਜਗਜੀਤ ਸਾਹੋਕੇ ਜੀ ਵੀ ਮੌਜੂਦ ਸਨ। ਮੈਂ ਆਪਣਾ ਖੱਡਾ ਉਨ੍ਹਾਂ ਦੇ ਨਾਲ ਹੀ ਲਗਾ ਲਿਆ।

ਮੇਰਾ ਸਾਰਾ ਪਰਿਵਾਰ ਹੀ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਹੈ, ਕੇਸ ਬਾਰੇ ਸਭ ਦੇ ਮਨ ਵਿੱਚ ਚਿੰਤਾ ਤਾਂ ਜ਼ਰੂਰ ਸੀ, ਪਰ ਨਾਲ ਹੀ ਸਾਰੇ ਇਸ ਨੂੰ ਪਾਰਟ ਆਫ਼ ਲਾਈਫ਼ ਹੀ ਮੰਨਦੇ ਹਨ। ਮੈਥੋਂ ਪਹਿਲਾਂ ਮੇਰੇ ਪਿਤਾ ਜੀ ਵੀ ਤਿੰਨ ਮਹੀਨੇ ਦੀ ਕੈਦ ਕਿਸੇ ਅੰਦੋਲਨ ਦੌਰਾਨ ਕੱਟ ਚੁੱਕੇ ਸਨ, ਪਰ ਦੂਜੇ ਪਾਸੇ ਮੇਰੇ ਸਹੁਰਾ ਪਰਿਵਾਰ ਜਾਂ ਹੋਰ ਨਜ਼ਦੀਕੀ ਰਿਸ਼ਤੇਦਾਰ ਇਸ ਗੱਲ ਨੂੰ ਲੈ ਕੇ ਬਹੁਤੇ ਚਿੰਤਤ ਸਨ। ਮੈਨੂੰ ਅੱਜ ਵੀ ਇਹ ਗੱਲ ਚੁਭਦੀ ਹੈ ਜਦੋਂ ਮੈਂ ਜੇਲੋਂ ਬਾਹਰ ਆਇਆ ਤਾਂ ਮੇਰੀ ਭੂਆ ਕਹਿਣ ਲੱਗੀ ਕਿ ਪੁੱਤ ਤੂੰ ਅਜਿਹੇ ਗਲਤ ਕੰਮ ਛੱਡ ਕਿਉਂ ਨੀਂ ਦਿੰਦਾ ਜੀਹਦੇ ਕਰਕੇ ਤੈਨੂੰ ਜੇਲ ਜਾਣਾ ਪਿਆ, ਭੂਆ ਨੂੰ ਕੀ ਕਹਾਂ ਮੈਨੂੰ ਸਮਝ ਨਹੀਂ ਆਇਆ।

ਪੁਲਿਸ ਹਿਰਾਸਤ ਤੋਂ ਜੇਲ ਜਾਂਦੇ ਹੀ ਅਗਲੇ ਦਿਨ ਮੇਰਾ ਮਿੱਤਰ ਨੀਲ ਕਮਲ ਮੈਨੂੰ ਮਿਲਣ ਆਇਆ ਕਹਿੰਦਾ ਮੈਂ ਪਟਿਆਲਾ ਰੇਂਜ ਦੇ ਆਈ. ਜੀ. ਨੂੰ ਮਿਲਣ ਗਿਆ ਜੋ ਕਿ ਉਸਦਾ ਵਧੀਆ ਮਿੱਤਰ ਸੀ। ਬੈਠਦੇ ਸਾਰ ਹੀ ਆਈ.ਜੀ. ਮੈਨੂੰ ਕਹਿਣ ਲੱਗਾ "ਨੀਲ ਮੈਨੂੰ ਪਤਾ ਹੈ ਤੂੰ ਕਿਸ ਕੰਮ ਆਇਆ ਹੈਂ। ਇਸ ਸਾਰੇ ਮਾਮਲੇ ਦੀ ਦੇਖ ਰੇਖ ਮੈਂ ਹੀ ਕਰ ਰਿਹਾ ਸੀ, ਮੈਨੂੰ 10 ਮਿੰਟ ਬਾਅਦ ਹੀ ਪਤਾ ਲੱਗ ਗਿਆ ਸੀ ਕਿ ਜਿਸ ਲੜਕੇ ਨੂੰ ਅਸੀਂ ਗ੍ਰਿਫ਼ਤਾਰ ਕੀਤਾ ਹੈ ਉਹ ਤੇਰਾ ਮਿੱਤਰ ਹੈ। ਪਰ ਚਾਹੁੰਦੇ ਹੋਏ ਵੀ ਮੈਂ ਇਸ ਮਾਮਲੇ ਵਿੱਚ ਤੇਰੀ ਕੋਈ ਸਹਾਇਤਾ ਨਹੀਂ ਕਰ ਸਕਦਾ ਸੀ, ਇਸ ਪੂਰੇ ਮਾਮਲੇ ਬਾਰੇ ਡੀ.ਜੀ.ਪੀ. ਦਫ਼ਤਰ ਦਾ ਮੇਰੇ 'ਤੇ ਬਹੁਤ ਪ੍ਰੈਸ਼ਰ ਸੀ। ਨੀਲ ਦੇ ਨਾਲ ਹੀ ਮੇਰਾ ਛੋਟਾ ਭਾਈ ਡਾਕਟਰ ਵਿਸ਼ਾਲ ਵੀ ਉਸ ਆਈ. ਜੀ. ਨੂੰ ਮਿਲਣ ਗਏ ਸਨ। ਜਿਉਂ ਹੀ ਉਹ ਵਾਪਸੀ ਲਈ ਬਾਹਰ ਨਿਕਲਣ ਲੱਗੇ ਤਾਂ ਆਈ. ਜੀ. ਹੱਸ ਕੇ ਨੀਲ ਨੂੰ ਕਹਿਣ ਲੱਗਾ ਕਿ ਯਾਰ ਇੱਕ ਗੱਲ ਦੱਸਾਂ ਤੇਰਾ ਉਹ ਮਿੱਤਰ ਕਹਿਣ ਨੂੰ ਤਰਕਸ਼ੀਲ ਹੈ ਪਰ ਹੈ ਕਿਸੇ ਹੋਰ ਵਿਚਾਰਧਾਰਾ ਦਾ ਹਾਮੀ। ਜਿਸ ਕਾਰਣ ਡੀਜੀਪੀ ਸਾਹਿਬ ਇਸ ਪੂਰੇ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ।" ਉਸਦੀਆਂ ਗੱਲਾਂ ਸੁਣਕੇ ਮੇਰੇ ਮਿੱਤਰ ਅਤੇ ਭਰਾ ਨੂੰ ਹੁਣ ਇਹ ਗੱਲ ਸਾਫ਼ ਹੋ ਚੁੱਕੀ ਸੀ ਕਿ ਸਰਕਾਰ ਜਾਣ ਬੁੱਝਕੇ ਮੈਨੂੰ ਮੇਰੀਆਂ ਛਾਪੀਆਂ ਅਗਾਂਹਵਧੂ ਜਾਂ ਖੱਬੇਪੱਖੀ ਸਾਹਿਤ ਕਾਰਨ ਨਿਸ਼ਾਨਾ ਬਣਾ ਰਹੀ ਹੈ।

ਆਪਣੇ ਮਿੱਤਰ ਦੀਆਂ ਗੱਲਾਂ ਸੁਣਕੇ ਮੇਰੇ ਮਨ ਨੂੰ ਧਰਵਾਸ ਹੋਇਆ ਕਿ ਚਲੋ ਗੱਲ ਸਾਫ ਤਾਂ ਹੋਈ। ਨਹੀਂ ਤਾਂ ਸਰਕਾਰ ਨੂੰ ਕੀ ਕਾਹਲੀ ਸੀ ਕਿ ਉਹ ਅਜਿਹੇ ਕਵੀ ਦੀਆਂ ਲਿਖਤਾਂ ਲਈ ਮੈਨੂੰ ਗ੍ਰਿਫਤਾਰ ਕਰੇ ਜਿਸ ਦੀਆਂ ਉਹ ਲਿਖਤਾਂ ਮੈਥੋਂ ਪਹਿਲਾਂ ਯੂਨੀਵਰਸਿਟੀਆਂ ਜਾਂ ਭਾਸ਼ਾ ਵਿਭਾਗ ਵੀ ਛਾਪ ਚੁੱਕਾ ਸੀ।

ਇਹ ਵੀ ਸਾਫ ਹੋ ਚੁੱਕਾ ਸੀ ਕਿ ਮੇਰੇ 'ਤੇ ਪਰਚਾ ਇੰਟੈਲੀਜੈਂਸ ਵਿਭਾਗ ਦੇ ਇੱਕ ਸਭ ਤੋਂ ਸੀਨੀਅਰ ਅਫ਼ਸਰ ਦੇ ਕਹਿਣ ਤੇ ਕੀਤਾ ਗਿਆ ਹੈ। ਮੇਰਾ ਛੋਟਾ ਭਾਈ ਵਿਸ਼ਵ ਅੰਗਰੇਜ਼ੀ ਅਖ਼ਬਾਰ ਦਾ ਪੱਤਰਕਾਰ ਹੈ ਸਮੇਂ-ਸਮੇਂ 'ਤੇ ਸਰਕਾਰਾਂ ਖਿਲਾਫ਼ ਵੀ ਲਿਖਦਾ ਰਹਿੰਦਾ ਹੈ। ਉਸਨੇ ਆਪਣੇ ਇੱਕ ਸਹਿਕਰਮੀ ਮਿੱਤਰ ਨਾਲ ਉਸ ਅਧਿਕਾਰੀ ਨੂੰ ਚੰਡੀਗੜ੍ਹ ਉਸਦੇ ਦਫ਼ਤਰ ਮਿਲਣ ਦਾ ਫੈਸਲਾ ਕੀਤਾ ਤਾਂ ਜੋ ਗੱਲਾਂ ਹੋਰ ਸਪਸ਼ਟ ਹੋ ਸਕਣ। ਉਸਦਾ ਉਹ ਸਹਿਕਰਮੀ ਇੰਟੈਲੀਜੈਂਸ ਦੇ ਉਸ ਅਫਸਰ ਦਾ ਵੀ ਮਿੱਤਰ ਸੀ ਜਿਸ ਦੀਆਂ ਹਦਾਇਤਾਂ ਉਤੇ ਇਹ ਕੇਸ ਦਰਜ ਕੀਤਾ ਗਿਆ ਸੀ। ਜਦ ਦੋਹੇਂ ਉਸਦੇ ਦਫ਼ਤਰ ਪਹੁੰਚੇ ਤਾਂ ਵਿਸ਼ਵ ਨੇ ਵੇਖਿਆ ਕਿ ਮੇਰੀ ਛਾਪੀ ਉਹੀ 'ਵਿਵਾਦਗ੍ਰਸਤ' ਕਿਤਾਬ ਅਧਿਕਾਰੀ ਦੇ ਮੇਜ 'ਤੇ ਪਈ ਸੀ। ਰੁਟੀਨ ਦੀਆਂ ਗੱਲਾਂ ਤੋਂ ਬਾਅਦ ਵਿਸ਼ਵ ਦਾ ਮਿੱਤਰ ਮੁੱਦੇ ਵੱਲ ਆਇਆ ਤਾਂ ਅਧਿਕਾਰੀ ਨਾਲ ਦੇ ਨਾਲ ਹੀ ਚੌਕੰਨਾ ਹੁੰਦਾ ਹੋਇਆ ਕਹਿਣ ਲੱਗਾ ਤੁਹਾਡਾ ਇਸ ਮਾਮਲੇ ਨਾਲ ਕੀ ਸੰਬੰਧ ? ਤਾਂ ਵਿਸ਼ਵ ਦੇ ਮਿੱਤਰ ਨੇ ਕਿਹਾ ਜਿਸ ਨੂੰ ਤੁਸੀਂ ਗ੍ਰਿਫਤਾਰ ਕਰਵਾਇਆ ਉਹ ਮੇਰੇ ਇਸ ਮਿੱਤਰ ਦਾ ਭਰਾ ਹੈ। ਇੰਟੈਲੀਜੈਂਸ ਅਧਿਕਾਰੀ ਝੱਟ ਹੀ ਵਿਸ਼ਵ ਨੂੰ ਸੰਬੋਧਿਤ ਹੁੰਦਾ ਬੋਲਿਆ ਅੱਛਾ-ਅੱਛਾ ਤੁਸੀਂ ਮੇਘ ਰਾਜ ਮਿੱਤਰ ਦੇ ਲੜਕੇ ਹੋ। ਬੜੀ ਸਾਫ਼ਗੋਈ ਨਾਲ ਕਹਿੰਦਾ ਯਾਰ ਇੱਕ ਗੱਲ ਕਹਾਂ ਜਿਹੋ ਜਿਹੀਆਂ ਕਿਤਾਬਾਂ ਤੇਰਾ ਭਰਾ ਛਾਪਦਾ ਹੈ ਉਨ੍ਹਾਂ ਨੂੰ ਪੜ੍ਹ-ਪੜ੍ਹ ਕੇ ਪੰਜਾਬ ਵਿੱਚ ਕਿਸਾਨ, ਮਜ਼ਦੂਰ ਜਾਂ ਵਿਦਿਆਰਥੀ ਸਾਡੇ ਖਿਲਾਫ਼ 'ਜਿੰਦਾਬਾਦ-ਮੁਰਦਾਬਾਦ' ਬਹੁਤ ਕਰਦੇ ਹਨ। ਉਸ ਅਧਿਕਾਰੀ ਦੀਆਂ ਗੱਲਾਂ ਨਾਲ ਇਹ ਸਥਿਤੀ ਚਿੱਟੇ ਦਿਨ ਵਾਂਗ ਸਾਫ਼ ਹੋ ਚੁੱਕੀ ਸੀ ਕਿ ਸਰਕਾਰ ਨੇ ਜਾਣ ਬੁੱਝਕੇ ਮੈਨੂੰ ਨਿਸ਼ਾਨਾ ਬਣਾਇਆ ਹੈ।

ਮੇਰੇ ਨਾਲ ਜੋ ਬੀਤੀ ਉਸਦਾ ਮੈਨੂੰ ਕੋਈ ਪਛਤਾਵਾ ਨਹੀਂ। 1970ਵਿਆਂ ਵਿੱਚ ਮਾਓ ਜੇ ਤੁੰਗ ਦੀ 'ਲਾਲ ਕਿਤਾਬ' ਕਾਰਣ ਬਹੁਤ ਸਾਰੇ ਨੌਜਵਾਨਾਂ ਨੂੰ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਸੀ। ਮੈਂ ਗ੍ਰਿਫਤਾਰੀ ਤੋਂ ਸਾਲ ਕੁ ਪਹਿਲਾਂ ਹੀ ਇਸ ਕਿਤਾਬ ਨੂੰ ਮੁੜ ਪ੍ਰਕਾਸ਼ਿਤ ਕੀਤਾ ਸੀ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਕਿਤਾਬਾਂ ਮੈਂ ਤਰਕ ਭਾਰਤੀ ਪ੍ਰਕਾਸ਼ਨ ਵੱਲੋਂ ਹੁਣ ਤੱਕ ਪ੍ਰਕਾਸ਼ਿਤ ਕਰ ਚੁੱਕਾ ਸੀ ਜੋ ਦੱਬੇ ਕੁਚਲੇ ਲੋਕਾਂ ਨੂੰ ਸੰਘਰਸ਼ ਲਈ ਪ੍ਰੇਰਿਤ ਕਰਦੀਆਂ ਹਨ।

ਉਪਰੋਕਤ ਦੋਹੇਂ ਗੱਲਾਂ ਤੋਂ ਇਹ ਗੱਲ ਸਾਫ਼ ਹੋ ਚੱਲੀ ਸੀ ਕਿ ਸਾਜ਼ਿਸ਼ ਤਹਿਤ ਸਰਕਾਰ ਅਤੇ ਪੁਲਿਸ ਨੇ ਮੈਨੂੰ ਨਿਸ਼ਾਨਾ ਬਣਾਇਆ ਹੈ, ਮੇਰੇ ਕਾਰਣ ਅਜਿਹਾ ਕੇਸ ਹੀ ਉਨ੍ਹਾਂ ਨੂੰ ਸੰਗਮ ਪ੍ਰਕਾਸ਼ਨ ਸਮਾਣਾ ਦੇ ਮਾਲਕ ਸ੍ਰੀ ਅਸ਼ੋਕ ਕੁਮਾਰ ਜੀ 'ਤੇ ਵੀ ਦਰਜ ਕਰਨਾ ਪਿਆ। ਜਿਉਂ ਹੀ ਸਾਡੀ ਗ੍ਰਿਫ਼ਤਾਰੀ ਹੋਈ ਤਾਂ ਇਸ ਦਾ ਵਿਰੋਧ ਵੀ ਹੋਣਾ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ਪੰਜਾਬ ਵਿੱਚ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਪਾਂਧੀ ਜੀ ਨੇ ਸਾਡੇ ਹੱਕ ਵਿੱਚ ਬਿਆਨ ਦਿੱਤਾ। ਪੁਲਿਸ ਨੇ ਕਾਹਲੀ ਵਿੱਚ ਮੇਰੇ ਨਾਲ ਹੀ ਮੇਰੇ ਸਾਥੀ ਜਗਜੀਤ ਸਾਹੋਕੇ ਜੀ ਤੇ ਵੀ ਐਸ.ਸੀ.ਐਸ. ਐਕਟ ਦੀਆਂ ਧਾਰਾਵਾਂ ਹੇਠ ਪਰਚਾ ਦਰਜ ਕਰ ਦਿੱਤਾ ਸੀ ਜੋ ਕਿ ਸਰਾਸਰ ਗਲਤ ਸੀ। ਸਾਹੋਕੇ ਜੀ ਖੁਦ ਉਸੇ ਭਾਈਚਾਰੇ ਵਿਚੋਂ ਸਨ, ਕਾਨੂੰਨ ਅਨੁਸਾਰ ਅਜਿਹਾ ਨਹੀਂ ਕੀਤਾ ਜਾ ਸਕਦਾ ਸੀ। ਸਾਡੇ ਸਭ ਤੇ ਜੋ ਮੁੱਖ ਧਾਰਾ ਸੀ ਉਹ ਇਹੀ ਸੀ, ਸਾਡੇ ਹੱਕ ਵਿੱਚ ਪਾਂਧੀ ਜੀ ਦਾ ਬਿਆਨ ਆਉਣ ਤੋਂ ਬਾਅਦ ਪੁਲਿਸ ਨੇ ਮਜਬੂਰੀ ਵਿੱਚ ਉਹ ਧਾਰਾ ਸਾਹੋਕੇ ਜੀ ਤੋਂ ਹਟਾ ਲਈ ਜਿਸ ਕਾਰਣ ਪੁਲਿਸ ਦਾ ਕੇਸ ਪਹਿਲੇ ਸੱਟੇ ਹੀ ਕਮਜ਼ੋਰ ਹੋ ਗਿਆ। ਜੇਲ ਵਿੱਚ ਜਦੋਂ ਸਾਨੂੰ ਇਸਦੀ ਸੂਚਨਾ ਮਿਲੀ ਤਾਂ ਸਾਨੂੰ ਕੁਝ ਧਰਵਾਸ ਮਿਲੀ ਕਿ ਸ਼ਾਇਦ ਹੁਣ ਸਾਡੀ ਜ਼ਮਾਨਤ ਕੁਝ ਜਲਦੀ ਹੋ ਜਾਵੇ। ਪਹਿਲਾਂ ਜੇਲ ਵਿੱਚ ਬੰਦ ਕੈਦਿਆਂ ਨੇ ਸਾਨੂੰ ਕਹਿ ਦਿੱਤਾ ਸੀ ਕਿ ਜਿਸ ਧਾਰਾ ਵਿੱਚ ਤੁਸੀਂ ਬੰਦ ਹੋ ਥੋਡੀ ਜ਼ਮਾਨਤ ਤਿੰਨ ਚਾਰ ਮਹੀਨੇ ਨਹੀਂ ਹੁੰਦੀ। ਅਜਿਹੀ ਹੀ ਸ਼ੰਕਾ ਮੇਰੇ ਸਤਿਕਾਰਯੋਗ ਪ੍ਰਸਿੱਧ ਲੇਖਕ ਮਾਲਵਿੰਦਰਜੀਤ ਸਿੰਘ ਵੜੈਚ ਜੀ ਵੀ ਮੇਰੀ ਪਤਨੀ ਨੀਲਮ ਨਾਲ ਫ਼ੋਨ 'ਤੇ ਪ੍ਰਗਟ ਕਰ ਚੁੱਕੇ ਸਨ। ਜਿਸ ਕਾਰਨ ਉਹ ਵਾਹਵਾ ਚਿੰਤਤ ਸੀ।

ਹੁਣ ਤੱਕ ਇਹ ਮਾਮਲਾ ਵਾਹਵਾ ਚਰਚਾ ਵਿੱਚ ਆ ਚੁੱਕਾ ਸੀ, ਖਾਸਕਰ ਅੰਗਰੇਜ਼ੀ ਮੀਡੀਏ ਨੇ ਉਸ ਮੌਕੇ ਇਸ ਨੂੰ ਖੂਬ ਤਵੱਜੋ ਦਿੱਤੀ। 'ਦਾ ਟ੍ਰਿਬਿਊਨ' ਨੇ ਸੰਪਾਦਕੀ ਲਿਖੀ, ਇੰਡੀਅਨ ਐਕਸਪ੍ਰੈਸ, ਟਾਈਮਜ਼ ਆਫ਼ ਇੰਡੀਆ ਨੇ ਕਈ ਵੱਡੀਆਂ ਵੱਡੀਆਂ ਖ਼ਬਰਾਂ ਲਾ ਦਿੱਤੀਆਂ ਸਨ। ਹਫ਼ਤੇ ਕੁ ਬਾਅਦ ਜੇਲ ਵਿੱਚ ਇੱਕ ਦਿਨ ਚੰਡੀਗੜ੍ਹ ਤੋਂ ਮੈਨੂੰ ਹਿੰਦੋਸਤਾਨ ਟਾਈਮਜ਼ ਦਾ ਪੱਤਰਕਾਰ ਅਰੀਸ਼ ਛਾਬੜਾ ਮਿਲਣ ਆਇਆ ਜੇਲ ਵਿੱਚ ਸੁਲਾਖਾਂ ਪਿੱਛੇ ਬੰਦ ਦੀ ਚੋਰੀ ਛਿਪੇ ਮੇਰੀ ਫੋਟੋ ਵੀ ਖਿੱਚੀ, ਇਹ ਫੋਟੋ ਮੇਰੇ ਕੋਲ ਹੁਣ ਵੀ ਸਾਂਭੀ ਹੋਈ ਹੈ। ਅਗਲੇ ਦਿਨ ਉਸਨੇ ਇੱਕ ਪੂਰਾ ਪੰਨਾ ਇਸ ਕੇਸ 'ਤੇ ਆਪਣੇ ਅਖ਼ਬਾਰ ਵਿੱਚ ਛਾਪਿਆ ਜਿਸ ਵਿੱਚ ਮੇਰੇ ਜੇਲ ਵਿੱਚ ਬੰਦ ਦੀ ਫੋਟੋ ਵੀ ਸੀ ਅਤੇ ਨਾਲ ਹੀ ਕੈਪਸ਼ਨ ਸੀ 'ਰਜਬ ਅਲੀ ਤਾਂ ਮਹਿਜ਼ ਬਹਾਨਾ ਹੈ ਮਾਮਲਾ ਕੁਝ ਹੋਰ ਹੈ'।

ਕਈ ਵੱਡੇ ਵੱਡੇ ਬੁੱਧਜੀਵੀ, ਜਮਹੂਰੀ ਸੰਸਥਾਵਾਂ ਦੇ ਆਗੂ ਸਾਡੇ ਹੱਕ ਵਿੱਚ ਬਿਆਨ ਦੇ ਰਹੇ ਸਨ, ਇਹਨਾਂ ਵਿੱਚ ਉਸ ਵੇਲੇ ਬਾਦਲ ਸਰਕਾਰ ਦੇ ਇੱਕ ਮੰਤਰੀ ਜੀ ਨੇ ਵੀ ਮੇਰੇ ਹੱਕ ਵਿੱਚ ਬਿਆਨ ਦੇ ਦਿੱਤਾ। ਇਹ ਮੰਤਰੀ ਕਾਫ਼ੀ ਬੁੱਧੀਜੀਵੀ ਸਨ, ਮੰਨਿਆ ਜਾਂਦਾ ਸੀ ਕਿ ਬਾਦਲ ਸਰਕਾਰ ਵੱਲੋਂ ਸ਼ੁਰੂ ਕੀਤੀ ਸੁਵਿਧਾ ਸੈਂਟਰ ਦੀ ਸਹੂਲਤ ਪਿੱਛੇ ਉਨਾਂ ਦਾ ਦਿਮਾਗ ਹੀ ਕੰਮ ਕਰਦਾ ਸੀ। ਬਿਆਨ ਛਪਦੇ ਹੀ ਮੌਕੇ ਦੇ ਡੀਜੀਪੀ ਨੇ ਮੰਤਰੀ ਜੀ ਨੂੰ ਫ਼ੋਨ ਕੀਤਾ ਅਤੇ ਬਿਆਨ ਵਾਪਸ ਲੈਣ ਲਈ ਦਬਾਅ ਬਣਾਉਣਾ ਸ਼ੁਰੂ ਕੀਤਾ। ਜਦੋਂ ਉਨ੍ਹਾਂ ਇਨਕਾਰ ਕਰ ਦਿੱਤਾ ਤਾਂ ਇੱਕ ਪੁਲਿਸ ਅਧਿਕਾਰੀ ਉਨ੍ਹਾਂ ਦੇ ਘਰ ਪਹੁੰਚ ਗਿਆ ਤੇ ਕਹਿਣ ਲੱਗਾ ਕਿ ਮੈਂ ਤਾਂ ਸਿਰਫ਼ ਤੁਹਾਡੀ ਲਾਇਬਰੇਰੀ ਵੇਖਣ ਆਇਆ ਸੀ, ਤੁਸੀਂ ਕਿਹੋ ਜਿਹੀਆਂ ਕਿਤਾਬਾਂ ਪੜਦੇ ਹੋ। ਪੁਲਿਸ ਖਿਲਾਫ਼ ਰੋਜ ਛਪ ਰਹੇ ਬਿਆਨਾਂ ਤੋਂ ਅੱਕ ਕੇ ਐਸ.ਐਸ.ਪੀ. ਬਰਨਾਲਾ ਨੇ ਨੀਲ ਕਮਲ ਨੂੰ ਕਿਹਾ ਕਿ ਉਹ ਇਹਨਾਂ ਖਬਰਾਂ ਨੂੰ ਰੁਕਵਾਵੇ, ਪਰ ਉਸਨੇ ਅਸਮਰਥਤਾ ਜਾਹਿਰ ਕਰ ਦਿੱਤੀ।

ਇਸ ਪੂਰੇ ਵਿਵਾਦ ਦੌਰਾਨ ਇਕ ਘਟਨਾ ਦਾ ਵਿਸ਼ੇਸ਼ ਰੂਪ ਵਿੱਚ ਜ਼ਿਕਰ ਕਰਨਾ ਚਾਹਾਂਗਾ ਜਿਨੀਂ ਦਿਨੀਂ ਮੈਂ ਜੇਲ ਵਿੱਚ ਬੰਦ ਸੀ। ਕਿਸਾਨਾਂ ਮਜ਼ਦੂਰਾਂ ਅਤੇ ਅਗਾਂਹਵਧੂ ਮੈਗਜ਼ੀਨਾਂ ਅਧਾਰਿਤ ਚਾਰ ਧਿਰਾਂ ਵੱਲੋਂ ਇੱਕ ਵੱਡਾ ਇਕੱਠ ਜਗਰਾਓ ਵਿੱਚ ਕੀਤਾ ਜਾ ਰਿਹਾ ਸੀ। ਪ੍ਰੋਗਰਾਮ ਤੋਂ ਤੁਰੰਤ ਪਹਿਲਾਂ ਮੇਰੀ ਰਿਹਾਈ ਲਈ ਮਤਾ ਪਾਸ ਕਰਨ ਜਾਂ ਨਾ ਕਰਨ ਬਾਰੇ ਚਰਚਾ ਪ੍ਰਬੰਧਕੀ ਧਿਰਾਂ ਵਿੱਚ ਹੋ ਰਹੀ ਸੀ। ਇੱਕ ਧਿਰ ਮੇਰੇ ਹੱਕ ਵਿੱਚ ਮਤਾ ਪਾਸ ਕਰਨ ਦੇ ਖਿਲਾਫ਼ ਸੀ। ਕਾਮਰੇਡਾਂ ਦੀ ਇਹ ਧਿਰ ਦਾ ਸਮਝਣਾਂ ਸੀ ਕਿ ਮੈਂ ਕਿਤਾਬ ਛਾਪਕੇ ਗਲਤ ਗੱਲ ਕੀਤੀ ਹੈ। ਇਹ ਦਲਿਤਾਂ ਪ੍ਰਤੀ ਮੇਰੇ ਨਜ਼ਰੀਏ ਨੂੰ ਦਰਸਾਉਂਦਾ ਹੈ। ਬਾਕੀ ਤਿੰਨ ਧਿਰਾਂ ਮਤੇ ਨੂੰ ਪਾਸ ਕਰਨ ਦੇ ਹੱਕ ਵਿੱਚ ਸਨ। ਅੰਤ ਨੂੰ ਮਤਾ ਪਾਸ ਕਰ ਦਿੱਤਾ ਗਿਆ। ਮੇਰਾ ਵਿਰੋਧ ਕਰਨ ਵਾਲੀ ਇਹ ਇਕੋ ਧਿਰ ਸੀ ਜਿਸ ਦਾ ਹਮਾਇਤੀ ਸਮਝਕੇ ਸਰਕਾਰ ਨੇ ਮੇਰੇ ਖਿਲਾਫ਼ ਇਹ ਪੂਰਾ ਕੇਸ ਤਿਆਰ ਕੀਤਾ ਸੀ।

ਪੰਦਰਵੇਂ ਦਿਨ ਮੈਂ ਜੇਲ ਵਿੱਚੋਂ ਰਿਹਾਅ ਹੋ ਕੇ ਘਰ ਪਹੁੰਚ ਗਿਆ। ਸੈਸ਼ਨ ਜੱਜ ਸਮਝਦਾਰ ਸਨ ਉਨਾਂ ਜ਼ਮਾਨਤ ਦਿੰਦਿਆਂ ਮੇਰੇ ਹੱਕ ਵਿੱਚ ਕਈ ਟਿੱਪਣੀਆਂ ਵੀ ਕੀਤੀਆਂ। ਤਿੰਨ ਕੁ ਮਹੀਨਿਆਂ ਬਾਅਦ ਇਸੇ ਸੈਸ਼ਨ ਜੱਜ ਸਾਹਿਬ ਨੇ ਮੈਨੂੰ ਕੇਸ ਵਿੱਚੋਂ ਬਾ-ਇੱਜਤ ਬਰੀ ਕਰ ਦਿੱਤਾ। ਪੁਲਿਸ ਮੇਰੇ ਖਿਲਾਫ਼ ਚਾਰਜ ਅਪਰੂਵ ਕਰਵਾਉਣ ਵਿੱਚ ਨਾਕਾਮਯਾਬ ਰਹੀਂ ਜਿਸ ਕਾਰਨ ਮੇਰਾ ਇਸ ਕੇਸ ਤੋਂ ਖਹਿੜਾ ਛੁੱਟ ਸਕਿਆ।

ਜੇਲੋਂ ਰਿਹਾਅ ਹੋਣ ਤੋਂ ਕੁਝ ਦਿਨਾਂ ਬਾਅਦ ਮਾਨਸਾ ਵਿਖੇ ਕਾਮਰੇਡ ਸੁਖ਼ਦਰਸ਼ਨ ਨੱਤ ਜੀ ਦੇ ਮੁੰਡੇ ਦੇ ਵਿਆਹ ਦੀ ਪਾਰਟੀ ਸੀ ਮੈਂ ਵੀ ਭੈਣ ਇਕਬਾਲ ਉਦਾਸੀ ਨਾਲ ਉਸ ਪ੍ਰੋਗਰਾਮ ਵਿੱਚ ਗਿਆ ਸੀ। ਵਿਆਹ ਵਿੱਚ ਆਏ ਬਹੁਤੇ ਮਿੱਤਰ ਅਜਿਹੇ ਸਨ ਜਿੰਨਾਂ ਉੱਤੇ ਮਜ਼ਦੂਰਾਂ ਕਿਸਾਨਾਂ ਦੇ ਅੰਦੋਲਨਾਂ ਦੌਰਾਨ ਕਈ-ਕਈ ਕੇਸ ਚੱਲ ਰਹੇ ਸਨ। ਜਿਨ੍ਹਾਂ ਵਿੱਚੋਂ ਬਹੁਤੇ ਕਈ ਕਈ ਮਹੀਨੇ ਜੇਲਾਂ ਵਿੱਚ ਵੀ ਕੱਟ ਆਏ ਸਨ। ਮੈਨੂੰ ਵੇਖਦੇ ਸਾਰ ਉਹ ਸਭ ਹੱਸਣ ਲੱਗੇ ਉਹਨਾਂ ਵਿੱਚੋਂ ਇੱਕ ਬੋਲਿਆ ਚੰਗਾ ਹੋਇਆ ਤੂੰ ਵੀ ਹੱਜ ਕੱਟ ਆਇਆ ਅੱਗੇ ਰੋਜ-ਰੋਜ ਸਾਥੋਂ ਜੇਲ ਦੇ ਕਿੱਸੇ ਸੁਣਦਾ ਤੰਗ ਕਰਦਾ ਸੀ। ਮੈਂ ਵੀ ਉਹਨਾਂ ਵੱਲ ਵੇਖਕੇ ਹੱਸਣ ਲੱਗਿਆ, ਹੁਣ ਮੈਨੂੰ ਭੂਆ ਦੇ ਕਹੇ ਦਾ ਕੋਈ ਅਫਸੋਸ ਨਹੀਂ ਸੀ...।



ਸੁਕੀਰਤ



# ਫ਼ਾਸ਼ੀਵਾਦ ਦੇ ਪਰਛਾਵੇਂ

ਸਵਾ ਕੁ ਸਾਲ ਪਹਿਲਾਂ ਦੀ ਗੱਲ ਹੈ, ਇਕ ਬਜ਼ੁਰਗ ਫਰਾਂਸੀਸੀ ਦੋਸਤ ਨੂੰ ਮਿਲਣ ਦਿੱਲੀ ਗਿਆ ਸਾਂ ਜੋ ਆਪਣੀ ਸਾਲਾਨਾ ਭਾਰਤ ਫੇਰੀ ਉਤੇ ਆਈ ਹੋਈ ਸੀ। ਭਾਰਤ ਵਿਚ ਕਈ ਲੋਕਾਰਥੀ ਕੰਮ ਵਿੱਢਣ ਵਾਲੀ ਇਕ ਸੰਸਥਾ ਨਾਲ ਜੁੜੀ ਇਹ ਬੀਬੀ ਨਾ ਸਿਰਫ਼ ਸਾਡੇ ਦੇਸ ਬਾਰੇ ਡੂੰਘਾ ਗਿਆਨ ਰੱਖਦੀ ਹੈ, ਬਹੁਤ ਸਾਰੇ ਸਰਕਰਦਾ ਭਾਰਤੀਆਂ ਨੂੰ ਨੇੜਿਓਂ ਵੀ ਜਾਣਦੀ ਹੈ। ਉਸਦੀ ਇਸ ਭਾਰਤ ਫੇਰੀ ਤੋਂ ਕੁਝ ਹੀ ਸਮਾਂ ਪਹਿਲਾਂ ਪਰਧਾਨ ਮੰਤਰੀ ਮੋਦੀ ਫਰਾਂਸ ਹੋ ਕੇ ਮੁੜਿਆ ਸੀ ਜਿਥੇ ਉਸਨੇ ਪੈਰਿਸ ਰਹਿੰਦੇ ਭਾਰਤੀਆਂ ਅਤੇ ਭਾਰਤ-ਹਿਤੈਸ਼ੀਆਂ ਨੂੰ ਵੀ ਸੰਬੋਧਨ ਕੀਤਾ ਸੀ। ਉਸ ਖਾਸ ਸਮਾਗਮ ਵਿਚ ਸ਼ਮੂਲੀਅਤ ਦਾ ਸੱਦਾ ਮੇਰੀ ਇਸ ਮਿਤਰ ਨੂੰ ਵੀ ਮਿਲਿਆ ਸੀ।

ਉਹ ਮੈਨੂੰ ਦਸ ਰਹੀ ਸੀ ਕਿ ਉਸ ਸਮਾਗਮ ਨੂੰ ਦੇਖਕੇ ਉਸਨੂੰ ਫਾਸ਼ਿਜ਼ਮ ਦੇ ਦਿਨ ਚੇਤੇ ਆ ਗਏ ਜਦੋਂ ਬੁਲਾਰਿਆਂ ਦੇ ਭਾਸ਼ਣਾਂ ਵਿਚ ਆਪਣੀ ਕੌਮ ਦੀ ਵਡਿਆਈ ਦੇ ਸ਼ਬਦਾਂ ਵਿਚ ਵਲੇਟ ਕੇ ਪਰੋਸੀ ਗਈ ਨਿਰੋਲ ਸਵੈ-ਪ੍ਰਸੰਸਾ ਹੁੰਦੀ ਸੀ, ਅਤੇ ਚੋਣਵੇਂ ਸਰੋਤਿਆਂ ਵੱਲੋਂ ਮਿਥੇ ਸਮੇਂ ਉਤੇ ਤਾੜੀਆਂ ਮਾਰਨ ਦਾ ਤਾਲਮੇਲ, ਜੋ ਬਾਕੀਆਂ ਨੂੰ ਗੂੰਜਵੀਆਂ ਤਾੜੀਆਂ ਮਾਰਨ ਲਈ ਉਕਸਾਉਂਦਾ ਜਾਂ ਇਸ਼ਾਰਾ ਕਰਦਾ ਸੀ। ਮੇਰੀ ਮਿੱਤਰ ਦਾ ਮੰਨਣਾ ਸੀ ਕਿ ਮੋਦੀ ਨੂੰ 'ਸੁਪਰੀਮ ਲੀਡਰ' ਵਜੋਂ ਸਥਾਪਤ ਕਰਨ ਦੇ ਉਪਰਾਲੇ ਹੋ ਰਹੇ ਹਨ ਜੋ ਭਾਰਤੀ ਸ਼ਹਿਰੀਆਂ ਨੂੰ ਅਜੇ ਨਾ ਵੀ ਦਿਸਦੇ ਹੋਣ, ਫਾਸ਼ੀਵਾਦ ਦੇ ਇਤਿਹਾਸ ਨਾਲ ਜੁੜੇ ਯੋਰਪੀਨ ਬਾਸ਼ਿੰਦਿਆਂ ਨੂੰ ਸਪਸ਼ਟ ਦਿਸਦੇ ਸਨ।

ਹੁਣ ਲੰਘੇ ਹਫ਼ਤੇ ਹਾਲੈਂਡ ਤੋਂ ਆਏ ਮਿਤਰ ਜੋਗਿੰਦਰ ਬਾਠ ਰਾਹੀਂ ਉਸਦੇ ਦੋ ਜਰਮਨ/ਡੱਚ ਸਾਥੀਆਂ ਨਾਲ ਮੁਲਾਕਾਤ ਹੋਈ। ਸੱਤਰਾਂ ਨੂੰ ਟੱਪ ਚੁੱਕੀ ਇਸ ਫਿਰੰਤੂ ਜੋੜੀ ਦਾ ਤਜਰਬਾ ਵੀ ਵਿਸ਼ਾਲ ਹੈ; ਬੜੀ ਦੁਨੀਆ ਉਨ੍ਹਾਂ ਨੇ ਗਾਹੀ ਹੋਈ ਹੈ। ਜਦੋਂ ਉਹ ਮੈਨੂੰ ਮਿਲੇ, ਵਾਹਗਾ ਬਾਰਡਰ ਦੀ ਝੰਡਾ ਰਸਮ ਦੇਖ ਕੇ ਮੁੜੇ ਸਨ ਅਤੇ ਬਹੁਤ ਪਸ਼ੇਮਾਨ ਸਨ। ਜਿਸ ਕਿਸਮ ਦਾ 'ਰਾਸ਼ਟਰਵਾਦੀ' ਉਭਾਰ, ਅਤੇ ਗੁਆਂਢੀ ਦੇਸ ਲਈ ਨਫ਼ਰਤ ਦਾ ਇਜ਼ਹਾਰ ਉਨ੍ਹਾਂ ਨੂੰ ਉਸ ਦਿਨ, ਇਸ ਰਸਮ ਦੇ ਪਰਥਾਏ ਦੇਖਣ ਨੂੰ ਮਿਲਿਆ, ਉਨ੍ਹਾਂ ਨੂੰ ਫਾਸ਼ਿਜ਼ਮ ਦੇ ਦਿਨਾਂ ਦੀ ਯਾਦ ਕਰਾਉਂਦਾ ਜਾਪਿਆ। ਇਹੋ ਜਿਹੀ ਹਿੰਸਾਤਮਕ ਮਾਨਸਕਤਾ ਕਿਸੇ ਵੀ ਦਿਨ ਸਚਮੁਚ ਦੀ ਹਿੰਸਾ ਵਿਚ ਤਬਦੀਲ ਹੋ ਸਕਦੀ ਹੈ... ਅਸੀ ਫ਼ਾਸ਼ਿਜ਼ਮ ਦੇਖਿਆ ਹੋਇਆ ਹੈ, ਤਹਾਨੂੰ ਲੋਕਾਂ ਨੂੰ ਇਸ ਖਤਰੇ ਬਾਰੇ ਸੁਚੇਤ ਹੋਣ ਦੀ ਲੋੜ ਹੈ,ਇਨ੍ਹਾਂ ਸੁਹਿਰਦ ਮਿਤਰਾਂ ਦੀ ਤੌਖਲੇ ਭਰਪੂਰ ਚੇਤਾਵਨੀ ਸੀ।

ਉਨ੍ਹਾਂ ਦੀ ਇਹ ਟਿਪਣੀ ਸੁਣ ਕੇ ਮੈਨੂੰ ਆਪਣੀ ਫਰਾਂਸੀਸੀ ਮਿਤਰ ਦੀ ਹੀ ਨਹੀਂ, ਕਨ੍ਹਈਆ ਕੁਮਾਰ ਦੀ ਕਹੀ ਇਕ ਗਲ ਵੀ ਚੇਤੇ ਆ ਗਈ। ਦੋ ਸਾਲ ਪਹਿਲਾਂ, ਜਦੋਂ ਉਸ ਦੀ ਗਿਰਫ਼ਤਾਰੀ ਅਤੇ ਉਸ ਉਪਰ ਅਦਾਲਤ ਵਿਚ ਹੋਏ ਹਮਲੇ ਤੋਂ ਬਾਅਦ ਮੈਂ ਉਸ ਨਾਲ ਮੁਲਾਕਾਤ ਕਰਨ ਗਿਆ ਸਾਂ ਤਾਂ ਉਸਨੇ ਕਿਹਾ ਸੀ, ਇਹ ਰਾਸ਼ਟਰਵਾਦ ਜਾਂ ਦੇਸ-ਪ੍ਰੇਮ ਨਹੀਂ, ਰਾਸ਼ਟਰਵਾਦ ਦੀ ਆੜ ਵਿਚ ਦੇਸ ਵਿਚ ਤਾਨਾਸ਼ਾਹੀ ਲਿਆਉਣ ਦਾ ਉਪਰਾਲਾ ਹੈ।

ਅੱਜ ਇਹ ਸਾਰੀਆਂ ਗੱਲਾਂ ਮੈਨੂੰ ਇਕੱਠੀਆਂ ਹੋ ਕੇ ਮੁੜ ਚੇਤੇ ਇਸ ਲਈ ਵੀ ਆ ਰਹੀਆਂ ਹਨ ਕਿਉਂਕਿ ਜਿਉਂ ਜਿਉਂ ਅਜੋਕੀ ਸਰਕਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਹੋਣ ਦੇ ਆਸਾਰ ਨਜ਼ਰ ਆਉਣੇ ਸ਼ੁਰੂ ਹੋਏ ਹਨ, ਰਾਜ ਕਰਨ ਵਾਲਿਆਂ ਵੱਲੋਂ ਆਪਣੇ ਪੈਰ ਪਟਕ ਪਟਕ ਕੇ ਜ਼ਮੀਨ ਵਿਚ ਧੱਸ ਕੇ ਰਖਣ ਦੇ ਉਪਰਾਲੇ ਹੋਰ ਤੇਜ਼ ਹੋਏ ਹਨ। ਗੁਜਰਾਤ ਅਤੇ ਰਾਜਸਥਾਨ ਤੋਂ ਆਏ ਚੋਣ ਨਤੀਜਿਆਂ ਨੇ ਹੁਣ ਉਨ੍ਹਾਂ ਨੂੰ ਆਪਣੇ ਭੱਥੇ ਵਿਚਲਾ ਹਰ ਤੀਰ, ਆਪਣੀ ਸੈਨਾ ਵਿਚਲੇ ਹਰ ਜਰਨੈਲ ਨੂੰ ਖੁਲ੍ਹ ਕੇ ਫ਼ਨਬਸਪ ; ਵਰਤਣ ਵਲ ਧਕਿਆ ਹੈ।

ਇਕ ਪਾਸੇ ਪਰਧਾਨ ਮੰਤਰੀ ਮੋਦੀ ਹੈ ਜੋ ਪਿਛਲੇ ਚਾਰ ਸਾਲਾਂ ਦੀ ਆਪਣੀ ਕਾਰਗੁਜ਼ਾਰੀ ਬਾਰੇ ਤਾਂ ਸਿਰਫ਼ ਭਰਮਾਊ ਦਮਗਜੇ ਹੀ ਮਾਰ ਸਕਦਾ ਹੈ, ਕਿਉਂਕਿ ਜ਼ਮੀਨੀ ਹਕੀਕਤਾਂ ਉਸ ਦਾ ਸਾਥ ਨਹੀਂ ਦੇ ਰਹੀਆਂ। ਇਸਲਈ ਉਹ ਆਪਣੇ ਰਾਜ-ਪਰਬੰਧ ਦੀ ਨੁਕਤਾਚੀਨੀ ਤੋਂ ਧਿਆਨ ਹਟਾਉਣ ਲਈ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਵਿਰੁਧ ਮੋਰਚਾ ਖੋਲ੍ਹ ਬੈਠਾ ਹੈ। ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਰਾਸ਼ਟਰਪਤੀ ਦੇ ਭਾਸ਼ਣ ਦੇ ਧਨਵਾਦ ਲਈ ਜਵਾਬੀ ਰਸਮੀ ਭਾਸ਼ਣ ਨੂੰ ਕਿਸੇ ਪਰਧਾਨ ਮੰਤਰੀ ਨੇ ਚੋਣ-ਰੈਲੀ ਦੇ ਬੇਮੁਹਾਰੇ ਬੱਕੜਵਾਹ ਵਾਂਗ ਵਰਤਿਆ ਹੈ। ਪਹਿਲੀ ਵਾਰ ਹੋਇਆ ਹੈ ਕਿ ਇਸ ਭਾਸ਼ਣ ਵਿਚ ਆਪਣੀ ਸਰਕਾਰ ਦੇ ਸਾਰਥਕ ਪਹਿਲੂ ਗਿਣਾਉਣ ਦੀ ਥਾਂ ਪਰਧਾਨ ਮੰਤਰੀ ਨੇ ਪੂਰਾ ਟਿਲ ਅੱਧੀ ਸਦੀ ਤੋਂ ਵੀ ਪਹਿਲਾਂ ਜਾ ਚੁਕੇ ਭਾਰਤ ਦੇ ਪਹਿਲੇ ਪਰਧਾਨ ਮੰਤਰੀ ਨੂੰ ਛੁਟਿਆਉਣ ਵਿਚ ਲਾ ਦਿਤਾ। ਅਨਿੰਨ੍ਹ ਭਗਤਾਂ ਨੂੰ ਇਹੋ ਜਿਹਾ ਭਾਸ਼ਣ ਭਾਵੇਂ ਮੰਤਰ-ਮੁਗਧ ਕਰਦਾ ਹੋਵੇ, ਹਰ ਸੋਚਵਾਨ ਭਾਰਤੀ ਨੂੰ ਇਹੋ ਜਿਹਾ ਭਾਸ਼ਣ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਹੀ ਛੁਟਿਆਉਂਦਾ ਜਾਪਿਆ ਹੈ ਅਤੇ ਇਸ ਦੀ ਕਰੜੀ ਆਲੋਚਨਾ ਹੋਈ ਹੈ। ਨਹਿਰੂ ਦਾ ਸਥਾਨ ਤਾਂ ਇਤਿਹਾਸ ਵਿਚ ਜੋ ਹੈ ਸੋ ਹੈ, ਅਜੋਕੇ ਪਰਧਾਨ ਮੰਤਰੀ ਨੇ ਇਕੇਰਾਂ ਫੇਰ ਆਪਣਾ ਕਦ ਹੋਰ ਘਟਾ ਲਿਆ ਹੈ। ਨਾਲ ਹੀ ਇਸ ਭਾਸ਼ਣ ਦੀ ਸੁਰ ਅਤੇ ਸੇਧ ਨੇ ਇਹ ਗਲ ਵੀ ਸਾਹਮਣੇ ਲੈ ਆਂਦੀ ਹੈ ਕਿ 2019 ਦੀਆਂ ਚੋਣਾਂ ਵੀ ਸੁਖਾਵੇਂ ਮਾਹੌਲ ਵਿਚ ਨਹੀਂ ਲੜੀਆਂ ਜਾਣਗੀਆਂ।

ਦੂਜੇ ਪਾਸੇ, ਰਾਸ਼ਟਰੀ ਸੋਇਮਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਮੁਜ਼ੱਫਰਪੁਰ ਵਿਚ ਇਹ ਬਿਆਨ ਦੇ ਮਾਰਿਆ ਕਿ ਦੇਸ ਨੂੰ ਲੋੜ ਪੈਣ ਦੀ ਹਾਲਤ ਵਿਚ ਆਰ.ਐਸ.ਐਸ. ਸਿਰਫ਼ ਤਿੰਨ ਦਿਨਾਂ ਵਿਚ ਆਪਣੀ 'ਸੈਨਾ ਖੜੀ ਕਰ ਸਕਦੀ ਹੈ, ਜਦਕਿ ਫੌਜ ਨੂੰ ਇਹੋ ਕੰਮ ਕਰਨ ਵਿਚ ਛੇ ਤੋਂ ਸਤ ਮਹੀਨੇ ਲਗ ਜਾਣਗੇ। ਜਦੋਂ ਫੌਜ ਨੂੰ ਛੁਟਿਆਉਂਦੇ ਜਾਪਦੇ ਇਸ ਬਿਆਨ ਦੀ ਤਿੱਖੀ ਆਲੋਚਨਾ ਹੋਈ ਤਾਂ ਇਹ ਸਪਸ਼ਟੀਕਰਨ ਵੀ ਨਾਲ ਹੀ ਆ ਗਿਆ ਕਿ ਮੋਹਨ ਭਾਗਵਤ ਦਾ ਕਹਿਣ ਤੋਂ ਭਾਵ ਇਹ ਸੀ ਕਿ ਫੌਜ ਨੂੰ ਆਮ ਲੋਕਾਂ ਨੂੰ ਟਰੇਨਿੰਗ ਦੇਣ ਵਿਚ ਏਨਾ ਸਮਾਂ ਲਗ ਜਾਵੇਗਾ ਜਦਕਿ ਆਰ. ਐਸ. ਐਸ. ਤਿੰਨ ਦਿਨਾਂ ਵਿਚ ਇਹ ਕੰਮ ਕਰਨ ਲਈ ਤਿਆਰ ਹੈ। ਜੇ ਪਹਿਲੀ ਨਜ਼ਰੇ ਇਸ ਬਿਆਨ ਵਿਚੋਂ ਫੌਜ ਦੇ ਮਹੱਤਵ ਨੂੰ ਘਟਾ ਕੇ ਪੇਸ਼ ਕਰਨ ਦੀ ਸੋਘ ਆਉਂਦੀ ਸੀ, ਤਾਂ ਇਸ ਸਪਸ਼ਟੀਕਰਨ ਵਿਚੋਂ ਸਗੋਂ ਸਿਧੇ ਫ਼ਾਸ਼ੀਵਾਦ ਦੀ ਧਮਕੀ ਨਜ਼ਰ ਆਉਂਦੀ ਹੈ। ਜਿਵੇਂ ਮੋਹਨ ਭਾਗਵਤ ਇਸ ਗਲ ਦਾ ਇੰਕਸ਼ਾਫ਼ ਕਰ ਰਿਹਾ ਹੋਵੇ ਕਿ 'ਲੋੜ ਪੈਣ ਤੇ' ਆਰ.ਐਸ.ਐਸ. ਸਿਰਫ਼ ਤਿੰਨ ਦਿਨਾਂ ਵਿਚ ਆਪਣੇ ਨੀਮ ਫੌਜੀ ਦਸਤੇ ਤਿਆਰ ਕਰਨ ਦੇ ਸਮਰੱਥ ਹੈ। ਜਿਸ ਪੱਖੋਂ ਵੀ ਵਿਚਾਰਿਆ ਜਾਵੇ, ਇਹ ਬਿਆਨ ਡਾਢਾ ਬੇਚੈਨੀ-ਉਪਜਾਊ ਹੈ। ਜੇ ਆਰ.ਐਸ.ਐਸ. ਸਿਰਫ਼ ਸਮਾਜਕ-ਸਭਿਆਚਾਰਕ ਸੰਸਥਾ ਹੈ, ਜਿਵੇਂ ਕਿ ਉਸਦਾ ਹਮੇਸ਼ਾ ਦਾਵਾ ਰਿਹਾ ਹੈ, ਤਾਂ ਮੋਹਨ ਭਾਗਵਤ ਦਾ ਇਹ ਬਿਆਨ ਅੰਦਰ-ਖਾਤੇ ਹੋਣ ਵਾਲੀਆਂ ਤਿਆਰੀਆਂ ਬਾਰੇ ਸੋਚ ਸਮਝ ਕੇ ਦਿੱਤਾ ਗਿਆ ਇਕਬਾਲੀਆ ਬਿਆਨ ਹੈ। ਅਤੇ ਜੇ ਇਹ ਅਣਭੋਲ ਮੂੰਹੋਂ ਕਿਰੀ ਸੂਚਨਾ ਹੈ, ਤਾਂ ਵੀ ਇਹ ਘਟ ਚਿੰਤਾ-ਕਰਾਊ ਨਹੀਂ। ਇਹ ਕੋਈ ਲੁਕੀ ਛੁਪੀ ਗਲ ਨਹੀਂ ਕਿ ਆਰ.ਐਸ.ਐਸ. ਨਾ ਸਿਰਫ਼ ਰਾਜ ਕਰ ਰਹੀ ਧਿਰ ਦੀ ਮਾਰਗ-ਦਰਸ਼ਕ ਵਿਚਾਰਧਾਰਾ ਹੈ, ਉਸਦੇ ਰਾਜ-ਪਾਟ ਦੀ ਅਸਲੀ ਤਾਕਤ ਵੀ ਹੈ। ਸਿਰਫ਼ ਸਰਕਾਰੇ ਦਰਬਾਰੇ ਹੀ ਉਸਦੀ ਪਹੁੰਚ ਨਹੀਂ, ਮੰਤਰੀ ਮੰਡਲ ਦੇ ਫੈਸਲਿਆਂ ਨੂੰ ਪ੍ਰਭਾਵਤ ਕਰਨ (ਬਲਕਿ ਉਲਟਾਉਣ ਤਕ ਦਾ ਵੀ) ਰਸੂਖ ਹੈ। ਬਹੁ-ਸ਼ਾਖਾਈ ਰਵਾਇਤੀ ਹਿੰਦੂ ਧਰਮ ਨੂੰ ਸੌੜੇ ਹਿੰਦੁਤਵ ਵਿਚ ਤਬਦੀਲ ਕਰਨ, ਅਤੇ ਸੈਕੂਲਰ ਦੇਸ-ਪ੍ਰੇਮ ਨੂੰ ਸੰਕੀਰਣ ਰਾਸ਼ਟਰਵਾਦ ਵਿਚ ਤਬਦੀਲ ਕਰਨ ਦੀ ਕੋਸ਼ਿਸ਼ ਕਰਨ ਵਿਚ ਇਹ ਸੰਸਥਾ ਮੋਹਰੀ ਰਹੀ ਹੈ। ਜਦੋਂ ਦੇਸ ਵਿਚ ਅਜਿਹੀ ਸੰਸਥਾ ਨੂੰ ਮੱਥਾ ਟੇਕਣ ਵਾਲੀ ਧਿਰ ਰਾਜ ਕਰ ਰਹੀ ਹੋਵੇ ਤਾਂ ਉਸ ਵੱਲੋਂ ਆਪਣੇ ਕੋਲ ਨੀਮ ਫੌਜੀ ਦਸਤਿਆਂ ਜਿਹੀ ਸਮਰੱਥਾ ਹੋਣ ਦਾ ਇੰਕਸ਼ਾਫ਼ ਕਰਨਾ ਧਮਕੀ ਨਹੀਂ ਤਾਂ ਹੋਰ ਕੀ ਸਮਝਿਆ ਜਾਵੇ।

ਇਹ ਗੱਲ ਹੁਣ ਕਿਸੇ ਕੋਲੋਂ ਵੀ ਲੁਕੀ ਨਹੀਂ ਕਿ ਹਰ ਮੰਤਰਾਲੇ ਵਿਚ ਆਰ.ਐਸ.ਐਸ. ਦੇ ਨੁਮਾਇੰਦੇ ਬਿਠਾਏ ਗਏ ਹਨ। ਭਾਜਪਾ ਦੇ ਰਾਜ ਵਾਲੇ ਸੂਬਿਆਂ ਵਿਚ ਮੁਖ ਮੰਤਰੀਆਂ ਦੀ ਚੋਣ ਸਮੇਂ ਪਹਿਲ ਆਰ.ਐਸ.ਐਸ. ਦੇ ਪਰਚਾਰਕਾਂ ਨੂੰ ਦਿਤੀ ਜਾਂਦੀ ਹੈ। ਖੁਦ ਪਰਧਾਨ ਮੰਤਰੀ ਤੋਂ ਲੈ ਕੇ ਲਾਗਲੇ ਸੂਬੇ ਹਰਿਆਣੇ ਦੇ ਮੁਖ ਮੰਤਰੀ ਖੱਟਰ ਤਕ ਸਭ ਏਸੇ ਤੰਤਰ-ਜਾਲ ਦੀਆਂ ਉਦਾਹਰਣਾਂ ਹਨ। ਹੁਣ ਰੈਲੀਆਂ ਵੀ ਮੋਟਰ ਸਾਈਕਲਾਂ ਉਤੇ ਕੀਤੀਆਂ ਜਾਂਦੀਆਂ ਹਨ। ਕਾਸਗੰਜ ਵਿਚ

(ਬਾਕੀ ਸਫ਼ਾ 37 'ਤੇ)












# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 8 ਮਾਰਚ ਨੂੰ 'ਕੌਮਾਂਤਰੀ ਔਰਤ ਦਿਵਸ' ਤੇ ਸਭਿਆਚਾਰਕ ਨਾਟਕ ਸਮਾਗਮ

ਕੈਲਗਰੀ (ਮਾ. ਭਜਨ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 8 ਮਾਰਚ ਨੂੰ 'ਕੌਮਾਂਤਰੀ ਔਰਤ ਦਿਵਸ' ਮੌਕੇ ਉਸਾਰੂ ਸਭਿਆਚਾਰਕ ਸਮਾਗਮ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰੀ ਦੂਜਾ ਸਲਾਨਾ ਸਮਾਗਮ ਵੀ ਜੈਨਸਿਸ ਸੈਂਟਰ ਨਾਰਥ ਈਸਟ ਕੈਲਗਰੀ ਦੇ ਐਂਟਰੀ ਗੇਟਾਂ 'ਤੇ ਗੋਲ ਸਰਕਲ ਵਿਚ ਠੀਕ ਸ਼ਾਮ 5 ਤੋਂ 7 ਵਜੇ ਤੱਕ ਹੋਵੇਗਾ।

ਔਰਤ ਦੀ ਸਮਾਜ ਵਿਚ ਤਰਾਸਦੀ ਨੂੰ ਬਿਆਨ ਕਰਦਾ ਨਾਟਕ **'ਸੁੱਕੀ ਕੁੱਖ'** ਪ੍ਰਸਿੱਧ ਨਾਟਕਕਾਰ ਪ੍ਰੋਫੈਸਰ ਅਜਮੇਰ ਔਲਖ ਦਾ ਲਿਖਿਆ ਖੇਡਿਆ ਜਾਵੇਗਾ। ਗੁਰਦਾਸ ਮਾਨ ਦੇ ਗਾਏ ਗੀਤ 'ਤੇ ਆਧਾਰਿਤ ਕੋਰੀਓਗਰਾਫੀ **'ਬਾਬਲ ਤੇਰੇ ਦਾ ਦਿਲ ਕਰੇ ਧੀਏ ਮੇਰੀਏ ਨੀ, ਡੋਲੀ ਤੈਨੂੰ ਕਦੇ ਨਾ ਬਿਠਾਵਾਂ'** ਕੈਲਗਰੀ ਦੇ ਜੰਮਪਲ ਬੱਚਿਆਂ ਵਲੋਂ ਪੇਸ਼ ਕੀਤੀ ਜਾਵੇਗੀ। ਨਛੱਤਰ ਗਿੱਲ ਦੇ ਗਾਏ ਗੀਤ **"ਸਹੁੰ ਰੱਬ ਦੀ ਬਿਸ਼ਨ ਕੁਰੇ, ਸਾਨੂੰ ਮਹਿੰਗਾ ਪਿਆ ਕੈਨੇਡਾ'** ਤੇ ਆਧਾਰਿਤ ਨੌਜਵਾਨ ਬੱਚੇ-ਬੱਚੀਆਂ ਵਲੋਂ ਭੰਗੜਾ ਪੇਸ਼ ਕੀਤਾ ਜਾਵੇਗਾ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਟੀਮ ਵਲੋਂ ਇਸ ਪ੍ਰੋਗਰਾਮ ਦੀ ਸਫ਼ਲਤਾ ਲਈ ਰਿਹਰਸਲਾਂ ਅਤੇ ਤਿਆਰੀਆਂ ਜ਼ੋਰ-ਸ਼ੋਰ ਨਾਲ ਆਰੰਭ ਦਿੱਤੀਆਂ ਗਈਆਂ ਹਨ। ਇਸ ਪ੍ਰੋਗਰਾਮ ਦੀ ਕੋਈ ਟਿਕਟ ਨਹੀਂ ਹੈ। ਸਾਰੇ ਕੈਲਗਰੀ ਵਾਸੀਆਂ ਨੂੰ ਪਰਿਵਾਰਾਂ ਸਮੇਤ ਸਮੇਂ ਸਿਰ ਪੁੱਜਣ ਦੀ ਅਪੀਲ ਕੀਤੀ ਜਾਂਦੀ ਹੈ।

ਇਸ ਮੌਕੇ 'ਤੇ ਵਿਸ਼ੇਸ਼ ਪ੍ਰਾਪਤੀਆਂ/ਸੰਕਟਮਈ ਜੀਵਨ ਬਤੀਤ ਕਰ ਰਹੀਆਂ ਔਰਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਯਾਦ ਰਹੇ ਕਿ ਪਿਛਲੇ ਸਾਲ ਉਨ੍ਹਾਂ ਤਿੰਨ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ ਸੀ ਜਿਨ੍ਹਾਂ ਨੇ ਦੋ ਲੜਕੀਆਂ ਤੋਂ ਬਾਅਦ ਮੁੰਡਾ ਪੈਦਾ ਕਰਨ ਦੀ ਲਾਲਸਾ ਤਿਆਗੀ ਸੀ। ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭਜਨ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੈਨਸਸ ਸੈਂਟਰ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਇਸ ਪ੍ਰੋਗਰਾਮ ਵਿਚ ਐਸੋਸੀਏਸ਼ਨ ਵਲੋਂ ਸਮਾਜ ਵਿਚ ਔਰਤ-ਬਰਾਬਰੀ ਦੇ ਸੰਕਲਪ ਨੂੰ ਮੁੜ ਦੁਹਰਾਇਆ ਜਾਵੇਗਾ। ਸਭ ਮੀਡੀਆ ਨੂੰ ਹਮੇਸ਼ਾ ਦੀ ਤਰ੍ਹਾਂ ਸਹਿਯੋਗ ਦੀ ਅਪੀਲ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਮਾ. ਭਜਨ ਨੂੰ 403-455-4220 'ਤੇ ਫੋਨ ਕਰ ਸਕਦੇ ਹੋ।

# ਕਿਤਾਬ 'ਬੇਇੱਜ਼ਤ' ਦੇ ਲੇਖਕਾ ਸਰਬਜੀਤ ਕੌਰ ਅਠਵਾਲ ਨਾਲ ਤਿੰਨ ਸ਼ਹਿਰਾਂ ਵਿਚ ਰੂਬਰੂ



'ਬੇਇੱਜ਼ਤ' ਸਰਬਜੀਤ ਕੌਰ ਅਠਵਾਲ ਅਤੇ ਜੈੱਫ ਹਡਸਨ ਵਲੋਂ ਅੰਗਰੇਜ਼ੀ 'ਚ ਲਿਖੀ ਕਿਤਾਬ ਸ਼ੇਮਡ ਦਾ ਪੰਜਾਬੀ ਅਨੁਵਾਦ ਹੈ। ਇਹ ਕਿਤਾਬ ਇੰਗਲੈਂਡ ਦੀ ਜੰਮਪਲ ਕੁੜੀ ਸੁਰਜੀਤ ਕੌਰ ਅਠਵਾਲ ਦੇ ਅਣਖ ਖਾਤਰ ਕੀਤੇ ਕਤਲ ਦੀ ਕਹਾਣੀ ਹੈ। ਸੁਰਜੀਤ ਅਠਵਾਲ ਦਸੰਬਰ 1998 ਵਿੱਚ ਆਪਣੀ ਸੱਸ ਨਾਲ ਇੰਡੀਆ ਗਈ ਅਤੇ ਉੱਥੇ ਉਸ ਨੂੰ ਕਤਲ ਕਰਵਾ ਦਿੱਤਾ ਗਿਆ ਸੀ ਕਿਉਂਕਿ ਅਠਵਾਲ ਪਰਿਵਾਰ ਨੂੰ ਸ਼ੱਕ ਸੀ ਕਿ ਸੁਰਜੀਤ ਆਪਣੇ ਪਤੀ ਤੋਂ ਤਲਾਕ ਲੈ ਲਵੇਗੀ ਅਤੇ ਪਰਿਵਾਰ ਦੀ ਬੇਇੱਜ਼ਤੀ ਕਰੇਗੀ। ਸੰਨ 2007 ਵਿੱਚ ਇਸ ਕਤਲ ਦੀ ਸਾਜ਼ਸ਼ ਕਰਨ ਲਈ ਸੁਰਜੀਤ ਦੀ ਸੱਸ ਬਚਨ ਕੌਰ ਅਠਵਾਲ ਅਤੇ ਪਤੀ ਸੁਖਦੇਵ ਸਿੰਘ ਅਠਵਾਲ ਅਦਾਲਤ ਨੇ ਦੋਸ਼ੀ ਪਾਇਆ ਅਤੇ ਕੈਦ ਦੀ ਸਜ਼ਾ ਸੁਣਾਈ।

ਸੁਰਜੀਤ ਨੂੰ ਕਤਲ ਕਰਨ ਦੀ ਸਾਜ਼ਸ਼ ਸੁਰਜੀਤ ਦੀ ਦਰਾਣੀ ਸਰਬਜੀਤ ਕੌਰ ਅਠਵਾਲ ਦੇ ਸਾਹਮਣੇ ਰਚੀ ਗਈ ਸੀ। ਇਸ ਲਈ ਬਚਨ ਕੌਰ ਅਠਵਾਲ ਅਤੇ ਸੁਖਦੇਵ ਸਿੰਘ ਅਠਵਾਲ ਨੂੰ ਸਜ਼ਾ ਦਿਵਾਉਣ ਵਿੱਚ ਸਰਬਜੀਤ ਕੌਰ ਅਠਵਾਲ ਦੀ ਗਵਾਹੀ ਦੀ ਬਹੁਤ ਵੱਡੀ ਭੂਮਿਕਾ ਸੀ। ਗਵਾਹੀ ਦੇਣ ਦੇ ਅਮਲ ਰਾਹੀਂ ਲੰਘਦਿਆਂ ਸਰਬਜੀਤ ਨੂੰ ਬਹੁਤ ਸਾਰੇ ਇਮਤਿਹਾਨਾਂ ਵਿੱਚੋਂ ਦੀ ਲੰਘਣਾ ਪਿਆ। ਉਸ ਦੇ ਸਿਰ 'ਤੇ ਹਮੇਸ਼ਾਂ ਇਸ ਗੱਲ ਦਾ ਖਤਰਾ ਮੰਡਰਾਉਂਦਾ ਰਹਿੰਦਾ ਕਿ ਜਿਹੜੇ ਲੋਕ ਸੁਰਜੀਤ ਅਠਵਾਲ ਦਾ ਕਤਲ ਕਰਵਾ ਚੁੱਕੇ ਸਨ, ਉਹ ਉਸ ਦਾ ਕਤਲ ਕਰਵਾਉਣੋਂ ਵੀ ਨਹੀਂ ਝਿਜਕਣਗੇ ਜੇ ਉਹਨਾਂ ਨੂੰ ਪਤਾ ਲੱਗ ਗਿਆ ਕਿ ਉਹ ਉਨ੍ਹਾਂ ਦੇ ਵਿਰੁੱਧ ਪੁਲੀਸ ਨੂੰ ਜਾਣਕਾਰੀ ਦੇ ਰਹੀ ਹੈ। ਉਸ ਦਾ ਪਤੀ ਸਾਥ ਦੇਣ ਦੀ ਥਾਂ ਸਦਾ ਉਸ ਉੱਪਰ ਚੁੱਪ ਰਹਿਣ ਲਈ ਦਬਾਅ ਪਾਉਂਦਾ ਰਿਹਾ। ਭਾਈਚਾਰੇ ਦੇ ਲੋਕਾਂ ਨੇ ਉਸ 'ਤੇ ਇਲਜ਼ਾਮ ਲਾਇਆ ਕਿ ਉਹ ਜਾਣਬੁੱਝ ਆਪਣੇ ਸਹੁਰੇ ਪਰਿਵਾਰ ਦਾ ਨਾਂ ਬਦਨਾਮ ਕਰ ਰਹੀ ਹੈ। ਇਨ੍ਹਾਂ ਸਾਰੀਆਂ ਔਖਿਆਈਆਂ ਨੂੰ ਉਸ ਨੇ ਕਿਵੇਂ ਪਾਰ ਕੀਤਾ,ਸ਼ੇਮਡ ਇਸ ਜੱਦੋਜਹਿਦ ਦੀ ਕਹਾਣੀ ਹੈ। ਇਸ ਦਾ ਪੰਜਾਬੀ ਅਨੁਵਾਦ ਸੁਖਵੰਤ ਹੁੰਦਲ, ਸਾਧੂ ਬਿਨਿੰਗ ਅਤੇ ਗੁਰਮੇਲ ਰਾਏ ਨੇ ਕੀਤਾ ਜੋ ਮਾਰਚ 2017 ਵਿੱਚ ਬੇਇੱਜ਼ਤ ਦੇ ਨਾਂ ਹੇਠ ਛਪਿਆ।

ਮਾਰਚ ਮਹੀਨੇ ਵਿੱਚ 'ਬੇਇੱਜ਼ਤ' ਦੇ ਰਿਲੀਜ਼ ਸਮਾਗਮ ਵੈਨਕੂਵਰ, ਵਿਨੀਪੈੱਗ ਅਤੇ ਕੈਲਗਰੀ ਵਿੱਚ ਹੋ ਰਹੇ ਹਨ। ਇਹਨਾਂ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਸਰਬਜੀਤ ਕੌਰ ਅਠਵਾਲ ਇੰਗਲੈਂਡ ਤੋਂ ਆ ਰਹੀ ਹੈ। ਇਹਨਾਂ ਸਮਾਗਮਾਂ ਦਾ ਵੇਰਵਾ ਇਸ ਪ੍ਰਕਾਰ ਹੈ: ਸਨਿੱਚਰਵਾਰ, 17 ਮਾਰਚ 2018, ਦੁਪਹਿਰ ਦੇ 1 ਵਜੇ, ਧਾਲੀਵਾਲ ਬੈਂਕੁਏਟ ਹਾਲ, '230-8166-128 ਸਟਰੀਟ ਸਰੀ ਜਾਣਕਾਰੀ ਲਈ ਫੋਨ ਸੁਖਵੰਤ ਹੁੰਦਲ-604-644-2470 ਸਨਿੱਚਰਵਾਰ, 24 ਮਾਰਚ 2018, ਦੁਪਹਿਰ ਦੇ 2 ਵਜੇ ਐਂਬਰ ਟ੍ਰੇਲ ਕਮਿਊਨਿਟੀ ਸਕੂਲ, 1575 ਟੈਂਪਲਟੈਨ, ਐਵੇਨਿਊ, ਵਿਨੀਪੈੱਗ ਜਾਣਕਾਰੀ ਲਈ ਫੋਨ ਹਰਨੇਕ ਧਾਲੀਵਾਲ-204-488-6960 ਅਤੇ ਮੰਗਤ ਸਿੰਘ ਸਹੋਤਾ-204-9140355 ਐਤਵਾਰ, 25 ਮਾਰਚ 2018, ਦੁਪਹਿਰ ਦੇ 2 ਵਜੇ ਐਕਸ ਸਰਵਿਸਮੈਨ ਸੁਸਾਇਟੀ, ਨਾਰਥ ਈਸਟ ਕੈਲਗਰੀ, ਰੈੱਡ ਐੱਫ ਐੱਮ ਦੇ ਦਫਤਰ ਦੇ ਸਾਹਮਣੇ ਜਾਣਕਾਰੀ ਲਈ ਫੋਨ ਹਰਚਰਨ ਪਰਹਾਰ-403-681-8689 ਅਤੇ ਮਾ. ਭਜਨ - 403-455-4220 ਇਹ ਪ੍ਰੋਗਰਾਮ ਵਤਨ ਆਨਲਾਈਨ ਮੈਗਜ਼ੀਨ, ਮਮਤਾ ਫਾਊਂਡੇਸ਼ਨ, ਸਿੱਖ ਵਿਰਸਾ (ਇੰਟਰਨੈਸ਼ਨਲ), ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਪੰਜਾਬੀ ਸਾਹਿਤ ਸਭਾ ਵਿਨੀਪੈੱਗ ਦੇ ਸਹਿਯੋਗ ਨਾਲ ਹੋ ਰਹੇ ਹਨ।

ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ)
416-817-7142



ਮਾਸਟਰ ਭਜਨ (ਕੈਲਗਰੀ)
403-455-4220



ਸੁਖਵੀਰ ਗਰੇਵਾਲ (ਵੈਨਕੂਵਰ)
403-402-0770

ਨੋਟ: ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਟੋਰਾਂਟੋ, ਐਡਮਿੰਟਨ, ਵਿੰਨੀਪੈਗ ਸ਼ਹਿਰਾਂ ਤੋਂ ਮਾਰਕੀਟਿੰਗ ਲਈ ਪ੍ਰਤੀਨਧਾਂ ਦੀ ਲੋੜ ਹੈ। ਵਾਜਬ ਕਮਿਸ਼ਨ ਦਿੱਤਾ ਜਾਵੇਗਾ। ਐਡਮਿੰਟਨ ਅਤੇ ਵਿੰਨੀਪੈਗ ਤੋਂ ਪੱਤਰਕਾਰਾਂ ਦੀ ਵੀ ਲੋੜ ਹੈ।







# ਪਿੰਡ ਭੈਣੀ ਬੜਿੰਗਾਂ ਵਿਖੇ 3 ਮਾਰਚ ਨੂੰ ਕਰਵਾਏ ਜਾਣਗੇ 13 ਲੋੜਵੰਦ ਲੜਕੀਆਂ ਦੇ ਅਨੰਦ-ਕਾਰਜ : ਪਾਲ ਸੇਖੋਂ



ਪਿੰਡ ਭੈਣੀ ਬੜਿੰਗਾਂ (ਲੁਧਿਆਣਾ) ਵਿਖੇ 3 ਮਾਰਚ 2018 ਨੂੰ 13 ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਜਾ ਰਹੇ ਹਨ, ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੈਲਗਰੀ ਦੇ ਸਮਾਜ ਸੇਵੀ ਪਾਲ ਸੇਖੋਂ ਨੇ ਦੱਸਿਆ ਕਿ ਆਨੰਦ ਕਾਰਜਾਂ ਦੀ ਰਸਮ ਅਦਾ ਕਰਨ ਲਈ ਭਾਈ ਲਖਵਿੰਦਰ ਸਿੰਘ ਅਜ਼ਨਾਲੇ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਪੰਥ ਪ੍ਰਸਿੱਧ ਢਾਡੀ ਭਾਈ ਰਛਪਾਲ ਸਿੰਘ ਪਮਾਲ ਦਾ ਜੱਥਾ ਵੀ 3 ਮਾਰਚ ਨੂੰ ਹੀ ਢਾਡੀ ਦਰਬਾਰ ਦੀ ਰੌਣਕ ਵਧਾਏਗਾ। 4 ਮਾਰਚ 2018 ਨੂੰ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ 'ਚ ਅੱਖਾਂ ਦਾ ਚੈੱਕਅੱਪ ਅਤੇ ਮੁਫ਼ਤ ਇਲਾਜ਼, ਦਿਲ ਦੀਆਂ ਬਿਮਾਰੀਆਂ ਦਾ ਚੈੱਕਅੱਪ, ਕਾਲੇ ਪੀਲੀਏ ਦਾ ਚੈੱਕਅੱਪ ਵੀ ਕੀਤਾ ਜਾਵੇਗਾ। ਇਸ ਕੈਂਪ 'ਚ ਗਲੋਬਲ ਹਾਰਟ ਹਸਪਤਾਲ ਲੁਧਿਆਣਾ ਦੇ ਮਾਹਿਰ ਡਾ. ਬ੍ਰਿਜੇਸ ਕੁਮਾਰ (ਐਮ. ਡੀ.) ਲਾਈਫ਼ ਕੇਅਰ ਹਸਪਤਾਲ ਰਾਏਕੋਟ ਦੇ ਮਾਹਰ ਡਾਕਟਰ ਵਿਕਾਸ ਮਹੰਤ (ਐਮ ਐਸ) ਆਰਥੋ, ਡਾ. ਦੀਪਕ ਬਾਂਸਲ ਐਮ.ਐਸ. ਆਰਥੋਂ, ਹਸਪਤਾਲ ਏ. ਐਮ. ਬੱਸੀ ਲੁਧਿਆਣਾ ਦੇ ਮਾਹਿਰ ਡਾ. ਰਾਜੀਵ ਗਰੋਵਰ (ਡੀ. ਐਮ.) ਗੈਸਟਰੋ ਅਤੇ ਲੀਵਰ ਦੇ ਮਾਹਰਾਂ ਤੋਂ ਇਲਾਵਾ ਡਾਕਟਰ ਸ਼ੈਲੀ ਜੈਨ (ਇਸਤਰੀ ਰੋਗਾਂ ਦੇ ਮਾਹਰ, ਯੂ. ਵੀ. ਸੀ. ਹਸਪਤਾਲ ਰਾਏਕੋਟ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਦੱਸਣਯੋਗ ਹੈ ਕਿ ਕੈਲਗਰੀ ਦੇ ਉੱਘੇ ਸਮਾਜ ਸੇਵੀ ਪਾਲ ਸੇਖੋਂ ਇਨੀਂ ਦਿਨੀਂ ਹਰ ਸਾਲ ਪੰਜਾਬ 'ਚ ਇਸ ਮਹਾਨ ਕਾਰਜ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ ਅਤੇ ਇਸ ਸਾਲ ਵੀ ਉਹ ਫਰਵਰੀ ਮਹੀਨੇ ਪੰਜਾਬ ਰਵਾਨਾ ਹੋ ਰਹੇ ਹਨ। ਆਪ ਸਭ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਕੈਨੇਡਾ ਤੋਂ ਪੰਜਾਬ ਗਏ ਹੋਏ ਪੰਜਾਬੀਆਂ ਨੂੰ ਪਿੰਡ ਭੈਣੀ ਬੜਿੰਗਾਂ (ਲੁਧਿਆਣਾ) ਪਹੁੰਚ ਕੇ ਰੌਣਕ ਦੀ ਬੇਨਤੀ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਲ ਸੇਖੋਂ ਨਾਲ (+91-9779430504), ਗੁਰੂਘਰ ਪ੍ਰਬੰਧਕ ਕਮੇਟੀ ਭੈਣੀ ਬੜਿੰਗਾਂ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਬੜਿੰਗ ਨਾਲ 94177-16570 ਅਤੇ ਡਾ. ਜਸਵੰਤ ਸਿੰਘ ਭੈਣੀ ਬੜਿੰਗਾਂ ਨਾਲ 89680-45610 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ
ਯੰਗਸਿਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਕੈਲਗਰੀ
ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿੱਚ ਲਗਾਈਆਂ ਜਾਂਦੀਆਂ ਹਨ।
ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਹਿਰ 12 ਵਜੇ ਤੱਕ
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਸੁਖਵੀਰ ਗਰੇਵਾਲ: 403-402-0770

## ਸਰਗਰਮੀਆਂ



ਸਰੀ:4 ਫਰਵਰੀ ਨੂੰ ਸਾਹਿੱਤ ਸਭਾ ਸਰੀ ਦੇ ਸਮਾਗਮ ਦੌਰਾਨ ਸ਼ਾਇਰ ਗੁਰਚਰਨ ਸਿੰਘ ਗਿੱਲ ਨੂੰ ਅਰਦਮਨ ਸਿੰਘ ਦਿਲਬਰ ਨੂਰਪੁਰੀ ਐਵਾਰਡ ਨਾਲ਼ ਨਿਵਾਜਿਆ ਗਿਆ ਪ੍ਰੋਗਰਾਮ ਦੇ ਦੂਜੇ ਹਿੱਸੇ ਵਿੱਚ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਜਿਹਨਾਂ ਵਿੱਚ ਧਨਵੰਤ ਸਿੰਘ ਗੁਰਾਇਆ ਦੀ 'ਖੁੱਲ੍ਹੀ ਖਿੜਕੀ ਵਿੱਚੋਂ' ਮਨਮੋਹਨ ਸਿੰਘ ਦੀ 'ਸਾਹਾਂ ਵਿੱਚ ਮੌਲਦੇ ਹਰਫ਼' ਸ਼ਾਮਿਲ ਸਨ।



ਸਰੀ : ਕਲਮੀਂ ਪਰਵਾਜ਼ ਮੰਚ ਦੀ ਮਹੀਨਾਵਾਰ ਮੀਟਿੰਗ ਪੰਜਾਬ ਭਵਨ ਸਰੀ ਵਿੱਚ ਹੋਈ ਜਿਸ ਵਿੱਚ ਸ਼ਾਮਿਲ ਹੋ ਕੇ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਹਾਜ਼ਰੀ ਲਵਾਈ।



ਕੈਲਗਰੀ: ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨੇ ਦੀ ਮੀਟਿੰਗ ਅੰਤਰਰਾਸ਼ਟਰੀ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਰਹੀ ਮੀਟਿੰਗ ਵਿੱਚ ਸ਼ਾਮਿਲ ਲੇਖਕਾਂ ਨੇ ਪੰਜਾਬੀ ਬੋਲੀ ਦੀ ਮਹੱਤਤਾ ਬਾਰੇ ਵਿਚਾਰ ਰੱਖੇ।

Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com

Avon Accounting & Tax Services
ਆਪਣੇ ਕੌਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਸ ਜਾਂ ਪਰਸਨਲ ਟੈਕਸ ਸੰਬੰਧੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
* Free no obligation evaluation
* Full time commitment
* Assistance to arrange best mortgage rates
urban
1A-4101 19 ST N.E. CALGARY, AB T2E 6X8
Ph: 403-590-2233 Fax: 403-776-1942

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

# ਬਾਪੂ ਜੀ ਦਾ ਜਨਮ ਦਿਨ ?? ਇੱਕ ਸੈਲਫੀ ਤਾਂ ਬਣਦੀ ਹੈ ! !

ਮੇਰੇ ਬਾਪੂ ਜੀ "ਲੋਕ ਕਵੀ ਮਿੰਦਰਪਾਲ ਭੱਠਲ" ਜਿਨ੍ਹਾਂ ਮੇਰੇ ਜਨਮ ਹੁੰਦਿਆਂ ਹੀ ਤੋਹਫੇ ਵਜੋਂ ਇਕ ਖ਼ੂਬਸੂਰਤ ਨਾਮ ਅੰਤਰਜੀਤ ਭੱਠਲ ਮੈਨੂੰ ਦੇ ਦਿੱਤਾ, ਮੇਰਾ ਉਹ ਬਾਪੂ ਜੀ ਜਿਸਨੇ ਗੁੜਤੀ ਦੇ ਰੂਪ ਵਿੱਚ ਸਾਹਿਤ ਦਿਤਾ, ਜਦੋਂ ਮੈਂ ਥੋੜੀ ਹੋਸ਼ ਸੰਭਾਲੀ ਤਾਂ ਖੇਡਾਂ ਦੀ ਥਾਂ ਘਰ 'ਚ ਇਕ ਕੋਨੇ 'ਚ ਪਈ ਕਿਤਾਬਾਂ ਦੀ ਅਧੂਰੀ ਅਲਮਾਰੀ ਦੇ ਸਾਹਮਣੇ ਲਿਆ ਕੇ ਮੈਨੂੰ ਖੜਾ ਕਰ ਦਿੱਤਾ। ਜਿਸਨੂੰ ਖੇਡ ਖੇਡ ਵਿੱਚ ਮੈਂ ਪੂਰਾ ਕਰ ਲਿਆਂ। ਅੱਜ ਵੀ ਓ ਅਲਮਾਰੀ ਮੈਨੂੰ ਸਭ ਤੋਂ ਅਜ਼ੀਜ਼ ਹੈ। ਅੱਜ ਮੇਰੇ ਉਹ ਬਾਪੂ ਜੀ ਦਾ ਜਨਮ ਦਿਵਸ ਹੈ। ਬਾਪੂ ਜੀ ਕਦੇ ਵੀ ਭੀੜ 'ਚ ਨਹੀ ਰਲਿਆ। ਉਹ ਆਪਣੀ ਤੋਰੇ ਤੁਰਿਆ। ਭਾਵੇਂ ਸੰਘਰਸ਼ ਦਾ ਰਾਹ ਹੋਵੇ ਜਾਂ ਫਿਰ ਸਫਲਤਾ ਦਾ, ਕਵੀ ਦਾ, ਨਾਟਕਕਾਰ ਦਾ, ਚਿੰਤਕ ਦਾ, ਡਾਕਟਰ ਦਾ, ਇਨਕਲਾਬੀ ਕਾਰਕੁੰਨ ਦਾ, ਉਹਨਾਂ ਹਮੇਸ਼ਾ ਆਪਣੇ ਪੈਰ ਧਰਤੀ 'ਤੇ ਟਿਕਾਕੇ ਰੱਖੇ ਤੇ ਧਰਤੀ 'ਤੇ ਖੜੇ ਖੜੇ ਨੇ ਹੀ ਸਫਲਤਾ ਦੇ ਆਸਮਾਨ ਨੂੰ ਹੱਥ ਲਾਇਆ। ਇਹ ਗੱਲਾਂ ਮੈਨੂੰ ਮੇਰੇ ਬਾਪੂ ਦੇ ਦੋਸਤਾਂ-ਮਿੱਤਰਾਂ ਤੇ ਜਾਣਕਾਰਾਂ ਤੋਂ ਸੁਣਨ ਨੂੰ ਮਿਲੀਆਂ। ਉਹਨਾਂ ਕਹਿਣਾ ਤੇਰੇ ਪਿਓ ਵਰਗਾ ਹੋਰ ਕੋਈ ਨੀ ਬਣ ਸਕਦਾ, ਸੱਚ ਮੁੱਚ ਮੇਰਾ ਕੱਦ ਉੱਚਾ ਹੋ ਜਾਂਦਾ ਤੇ ਛਾਤੀ ਫੁੱਲ ਜਾਂਦੀ ਹੈ। ਉਹਨਾਂ ਕਹਿਣਾ ਤੇਰਾ ਪਿਓ ਚਾਹੁੰਦਾ ਤਾਂ ਅੱਜ ਕੁਝ ਤੋਂ ਕੁਝ ਬਣ ਸਕਦਾ ਸੀ ਪਰ ਇਹ ਸਾਫ਼ ਦਿਲ ਯਾਰਾ ਦਾ ਯਾਰਾ ਹੈ। ਇਸ ਨੇ ਕਦੀ ਪਿੱਠ ਨੀ ਦਿਖਾਈ ਇਸ ਨੇ ਕਦੀ ਰਾਹ ਨੀ ਬਦਲਿਆਂ। ਸਾਨੂੰ ਸਾਡੇ ਯਾਰ ਤੇ ਮਾਣ ਹੈ।



**ਬਾਪੂ ਜੀ ਲਿਖਦੇ ਹਨ-**

**ਅਸੀਂ ਜ਼ਿੰਦਗੀ ਨੂੰ ਜੀਵਿਆ ਹੈ ਇਸ ਤਰ੍ਹਾਂ ਯਾਰ,**
**ਇਹਦੇ ਪਲ ਪਲ ਉਮਰਾਂ ਸਮਾਨ ਹੋਣਗੇ ।**

ਉਹਨਾਂ ਉਹ ਦਿਨ ਤੇ ਰਾਤਾਂ ਆਪਣੇ ਸਾਥੀਆਂ ਨਾਲ ਨਾਟਕ, ਗੀਤ, ਕਵਿਤਾ ਤੇ ਅਨੇਕਾਂ ਸਟੇਜਾਂ ਰਾਹੀਂ ਬਿਤਾਏ ਜਦੋ ਲੋਕ ਦਿਨ ਛਿਪਦੇ ਨਾਲ ਘਰਾਂ ਦੇ ਅੰਦਰ ਵੜ ਜਾਂਦੇ ਸਨ। ਨਾਟਕਕਾਰ ਗੁਰਸ਼ਰਨ ਸਿੰਘ ਜੀ ਨਾਲ ਬਹੁਤ ਕੰਮ ਕੀਤਾ। ਉਹਨਾਂ ਦੀਆਂ ਕਵਿਤਾਵਾਂ/ਗੀਤ/ਨਾਟਕ ਦੇਸ਼ਾਂ-ਵਿਦੇਸ਼ਾਂ ਵਿੱਚ ਪੜੇ ਤੇ ਸੁਣੇ ਜਾਂਦੇ ਹਨ। ਕਈ ਵਾਰ ਵਿਦੇਸ਼ਾਂ ਵਿਚੋਂ ਫ਼ੋਨ ਆਉਂਦਾ ਹੈ ਯਾਰਮਿੰਦਰ ਅੱਜ ਤੇਰੀ ਕਵਿਤਾ, ਗੀਤ ਸੁਣ ਕੇ ਸੁਆਦ ਆ ਗਿਆ।

ਉਹਨਾਂ ਨੂੰ ਬਹੁਤ ਯਾਦਗਾਰੀ ਸਨਮਾਨ ਮਿਲੇ ਹਨ। ਜਿਸ ਦੇ ਉਹ ਹੱਕਦਾਰ ਵੀ ਸਨ। ਬਹੁਤ ਵਾਰ ਉਹ ਸੱਦੇ ਨੂੰ ਇਹ ਕਹਿ ਕੇ ਨਾ ਕਾਬੂਲ ਕਰ ਦਿੰਦੇ ਹਨ ਕਿ ਨਵੇਂ ਬੱਚਿਆਂ ਨੂੰ ਮੌਕਾ ਦਿਓ, ਜੋ ਵਧੀਆ ਲਿਖਦੇ ਹਨ। ਇਹ ਸਬਰ ਸੰਤੋਖ ਹਰ ਮਨੁੱਖ ਵਿੱਚ ਨਹੀਂ ਮਿਲਦਾ। ਬਾਪੂ ਨੇ ਪੰਜਾਬੀ ਗੀਤਾਂ, ਕਵਿਤਾਵਾਂ, ਨਾਟਕਾਂ 'ਚ ਇਤਿਹਾਸ ਲਿਖਿਆ। ਬਾਪੂ ਦੇ ਲਿਖੇ ਗੀਤਾਂ 'ਚੋਂ ਗੀਤਕਾਰ ਸ੍ਰ. ਪ੍ਰਗਟ ਸਿੰਘ ਲਿੱਦੜਾਂ ਦੇ ਪਿਆਰ ਸਦਕਾ ਇੱਕ ਗੀਤ ਨੂੰ ਵੀਰ ਹਰਜੀਤ ਹਰਮਨ ਵਰਗੀ ਮਿੱਠੀ ਆਵਾਜ਼ ਮਿਲੀ। ਮਾਂ ਬੋਲੀ ਦੀ ਝੋਲੀ ਵਿੱਚ ਅਨਮੋਲ ਖਜ਼ਾਨਾ ਪਾਇਆ, ਜਿਸਨੇ 1980 ਦੇ ਦਹਾਕੇ ਵਿੱਚ ਲੋਟੂ ਟੋਲੇ ਨੂੰ ਵਕਤ ਪਾਇਆ। "ਦਿੱਲੀ ਦਾ ਰੰਗ" ਬਦਲਣ ਦੀ ਵੰਗਾਰ ਬਣਕੇ ਅੱਜ ਵੀ ਸਾਡੀ ਪ੍ਰੇਰਣਾ ਦਾ ਸ੍ਰੋਤ ਹੈ। ਉਹ "ਖੇਤਾਂ ਦੀ ਬੁੱਕਲ 'ਚੋਂ" "ਸਿਦਕ ਦੇ ਬੂਟੇ" ਦੀ ਰਖਵਾਲੀ ਦਾ ਅਹਿਦ ਕਰਦਿਆਂ "ਰਾਜ ਸਤਾ ਨੂੰ ਖਤ" ਲਿਖਦੇ ਹਨ। "ਜ਼ਜ਼ਬਾਤੀ ਪਲਾਂ 'ਚੋਂ" ਜਦੋਂ ਉਹ "ਪੰਜੋ ਰਫਿਊਜਣ" ਦੀ ਬਾਤ ਪਾਉਂਦੇ ਹਨ ਤਾਂ ਕਲੇਜਾ ਧੂਹਿਆ ਜਾਂਦਾ ਹੈ। ਉਹਨਾਂ ਘਾਸੇ ਪੈ ਕੇ ਰਵਾਂ ਹੋਏ "ਪੁਰਜ਼ਿਆ" ਨੂੰ "ਫਰਜ਼" ਦਾ "ਅਹਿਸਾਸ" ਕਰਵਾਇਆ ਹੈ। ਬਹੁਤ ਬੱਚੇ ਬਾਪੂ ਜੀ ਦੀ ਕਵਿਤਾ ਉਪਰ ਐਮਫਿਲ ਤੇ ਪੀ. ਐੱਚ.ਡੀ ਕਰ ਗਏ ਤੇ ਕੁਝ ਕਰ ਰਹੇ ਹੋਣਗੇ। ਆਪ ਜੀ ਦਾ ਲਿਖਿਆਂ ਗੀਤ "ਓ ਮੇਰੇ ਸੋਹਣਿਆਂ ਮੱਖਣਾ, ਓ ਮੇਰੇ ਸੋਹਣਿਆ ਯਾਰਾ" ਪੰਜਾਬੀ ਯੂਨੀਵਰਸਿਟੀ ਵੱਲੋਂ ਐਮ.ਏ ਦੇ ਸਿਲੇਬਸ ਵਿੱਚ ਲਾਇਆ ਹੈ ਜੋ ਇੱਕ ਮਾਣ ਦੀ ਗੱਲ ਹੈ। ਬਾਪੂ ਨੇ ਹਮੇਸ਼ਾਂ ਚੜ੍ਹਦੀ ਕਲਾ 'ਚ ਜ਼ਿੰਦਗੀ ਜਿਉਂਈ ਹੈ। ਉਹਨਾਂ ਰੱਜਕੇ ਇਮਾਨਦਾਰੀ ਨਾਲ ਸੰਘਰਸ਼ ਕੀਤਾ। ਮੈਂ ਆਪਣੇ ਬਾਪੂ ਨਾਲ ਹਰ ਵਿਸ਼ੇ 'ਤੇ ਵਿਚਾਰ ਚਰਚਾ ਕਰ ਲੈਂਦਾ ਹਾਂ। ਬੇਸ਼ੱਕ ਅੱਜ ਤੱਕ ਉਨ੍ਹਾਂ ਮੈਨੂੰ ਘੂਰਿਆ ਨਹੀਂ ਪਰ ਨਿੱਕੇ ਹੁੰਦਿਆਂ ਮੈਂ ਬੜਾ ਡਰਦਾ ਰਿਹਾ ਫੇਰ ਥੋੜ੍ਹਾ ਵੱਡਾ ਹੋਇਆ ਤਾਂ ਡਰ ਥੋੜ੍ਹਾ ਜਿਹਾ ਘੱਟ ਗਿਆ ਕਿਉਂਕਿ ਜਦੋਂ ਬੱਚਾ ਬਾਪ ਦੇ ਮੋਢਿਆਂ ਤੱਕ ਆਉਣ ਲੱਗ ਜਾਵੇ ਤਾਂ ਇੱਕ ਨਵਾਂ ਰਿਸ਼ਤਾ ਉਭਰ ਆਉਂਦਾ ਜਿਸਨੂੰ ਮਿੱਤਰਤਾ ਕਹਿ ਸਕਦੇ ਹਾਂ। ਮੈਂ ਜੋ ਲਿਖਦਾ ਹਾਂ ਬਹੁਤ ਘੱਟ ਉਹਨਾਂ ਨੂੰ ਦਿਖਾਉਂਦਾ ਹਾਂ ਕਿਉਂਕਿ ਮੈਂ ਕਦੀ ਉਨ੍ਹਾਂ ਦੇ ਹਾਣ ਦਾ ਨਹੀਂ ਹੋ ਸਕਦਾ ਇਹ ਡਰ ਹੁੰਦਾ ਕਿ ਓ ਕੀ ਸੋਚਣਗੇ, ਇਹ ਮੇਰਾ ਆਪਣਾ ਡਰ ਹੈ ਉਹਨਾਂ ਨੇ ਤਾਂ ਹਮੇਸ਼ਾ ਹੱਲਾਸ਼ੇਰੀ ਹੀ ਦਿੱਤੀ ਹੈ। ਬਾਪੂ ਨੇ ਲਿਖਣ ਲੱਗਿਆਂ ਕਿਸੇ ਕਿਸਮ ਦਾ ਸਮਝੌਤਾ ਨਹੀਂ ਕੀਤਾ। ਨਾ ਹੀ ਦੌਲਤ ਜਾਂ ਸ਼ੁਹਰਤ ਨੂੰ ਕਦੇ ਧਿਆਨ 'ਚ ਰੱਖ ਕੇ ਲਿਖਿਆ। ਨਾ ਹੀ ਨਾਂ ਪਿੱਛੇ ਜਾਂ ਪ੍ਰਸਿੱਧ ਹੋਣ ਲਈ ਲਿਖਿਆ। ਇਸ ਕਰਕੇ ਬਾਪੂ ਨੇ ਕਾਗਜ਼ ਕਾਲੇ ਕਰਨ ਨੂੰ ਬਹੁਤ ਮਹੱਤਤਾ ਨਹੀਂ ਦਿੱਤੀ ਜਿੰਨਾਂ ਲਿਖਿਆਂ ਵਾ-ਕਮਾਲ ਲਿਖਿਆ। ਬੜਾ ਸਹਿਜ ਸੁਭਾਅ ਵਾਲਾ ਬੰਦਾ ਹੈ। ਜੇ ਮੈਂ ਪਾਸ਼, ਉਦਾਸੀ, ਵਰਗਿਆਂ ਨੂੰ ਰੱਜਕੇ ਪੜ੍ਹਦਾ ਸੁਣਦਾ ਹਾਂ ਤਾਂ ਇਹਦਾ ਸਾਰਾ ਸਿਹਰਾ ਮੇਰੇ ਬਾਪੂ ਦੇ ਸਿਰ ਜਾਂਦਾ ਹੈ।

ਪਾਸ਼ ਤੋਂ ਗੱਲ ਯਾਦ ਆਈ ਇੱਕ ਵਾਰ ਆਪਣੀ ਇੰਟਰਵਿਊ ਵਿੱਚ ਪਾਸ਼ ਨੂੰ ਸਵਾਲ ਕੀਤਾ ਗਿਆ ਕਿ ਅੱਜ ਕੱਲ ਕੀ ਪੜ੍ਹਦਾ ਹੁੰਨਾ?

ਪਾਸ਼ ਦਾ ਜਵਾਬ ਸੀ-ਕਿ ਕੋਈ ਬਹੁਤਾ ਵਧੀਆ ਤਾਂ ਲਿਖਿਆ ਨੀ ਜਾ ਰਿਹਾ ਅੱਜ ਕੱਲ ਹਾਂ! "ਮਿੰਦਰਪਾਲ ਭੱਠਲ" ਨੂੰ ਜ਼ਰੂਰ ਪੜ੍ਹੀ ਦਾ ਬਹੁਤ ਵਧੀਆ ਲਿਖਦਾ ਹੈ।

ਹਾਲੇ ਮੈਂ ਆਪਣੇ ਬਾਪੂ ਨਾਲ ਰਲਕੇ ਬੜੀ ਦੂਰ ਜਾਣਾ ਹੈ, ਬਹੁਤ ਲੰਮਾ ਪੈਂਡਾ ਤੈਅ ਕਰਨਾ ਹੈ। ਕਿਉਂਕਿ ਬਾਪੂ ਨਾਲ ਸਫਰ ਕਰਦਿਆਂ ਮੈਨੂੰ ਜ਼ਿੰਦਗੀ ਭੋਰਾ ਵੀ ਅਕਾਊ ਨਹੀਂ ਲੱਗਦੀ। ਮੈਂ ਆਪਣੇ ਬਾਪੂ ਲਈ ਨਰੋਈ ਰਿਸ਼ਟ ਪੁਸ਼ਟ ਤੇ ਇਕ ਲੰਮੀ ਜ਼ਿੰਦਗੀ ਦੀ ਕਾਮਨਾ ਕਰਦਾ ਹਾਂ ਤਾਂ ਕਿ ਸਾਡੇ ਸੁਪਨਿਆਂ ਦੇ ਰੁੱਖ ਨੂੰ ਹਕੀਕਤ ਦਾ ਬੂਰ ਪੈ ਸਕੇ।

ਹਾਂ ਜੇ ਮੇਰੇ ਪਿਤਾ ਜੀ ਮਿੰਦਰਪਾਲ ਭੱਠਲ ਨਾ ਹੁੰਦੇ ਤਾਂ ਯਕੀਨਨ ਮੈਂ ਅੰਤਰਜੀਤ ਭੱਠਲ ਨਾ ਹੁੰਦਾ ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋਂ ਦੇ ਸਮਾਗਮ ਵਿਚ ਕੈਨੇਡਾ 'ਚ ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਤੇ ਇਸ ਦੇ ਭਵਿੱਖ ਬਾਰੇ ਵਿਚਾਰਾਂ ਹੋਈਆਂ



ਬਰੈਂਪਟਨ, (ਡਾ. ਝੰਡ) -'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਵੱਲੋਂ 18 ਫ਼ਰਵਰੀ ਦਿਨ ਐਤਵਾਰ ਨੂੰ ਮਾਂ-ਬੋਲੀ ਪੰਜਾਬੀ ਦੀ ਕੈਨੇਡਾ ਵਿਚ ਅਜੋਕੀ ਸਥਿਤੀ ਅਤੇ ਇਸ ਦੇ ਭਵਿੱਖ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਸਮਾਗ਼ਮ ਦੇ ਮੁੱਖ-ਬੁਲਾਰੇ ਬਲਰਾਜ ਚੀਮਾ ਸਨ ਅਤੇ ਪ੍ਰਧਾਨਗੀ-ਮੰਡਲ ਵਿਚ ਡਾ. ਪ੍ਰਗਟ ਸਿੰਘ ਬੱਗਾ, ਡਾ. ਅਮਰਜੀਤ ਸਿੰਘ ਬਨਵੈਤ ਅਤੇ ਪੱਛਮੀ ਪੰਜਾਬ ਦੇ ਕਵੀ ਜਨਾਬ ਮਕਸੂਦ ਚੌਧਰੀ ਸੁਸ਼ੋਭਿਤ ਸਨ।

ਮਲੂਕ ਸਿੰਘ ਕਾਹਲੋਂ ਵੱਲੋਂ ਆਏ ਮਹਿਮਾਨਾਂ ਦੇ ਸੁਆਗ਼ਤ ਤੋਂ ਬਾਅਦ ਮੰਚ ਸੰਚਾਲਕ ਤਲਵਿੰਦਰ ਮੰਡ ਵੱਲੋਂ ਮੁੱਖ ਬੁਲਾਰੇ ਬਲਰਾਜ ਚੀਮਾ ਜੀ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਸੰਬੋਧਨ ਵਿਚ ਸੱਤਵੀ-ਅੱਠਵੀਂ ਸਦੀ ਵਿਚ ਪੰਜਾਬੀ ਦੇ ਨਾਥਾਂ ਤੇ ਜੋਗੀਆਂ ਦੀ ਬੋਲ-ਚਾਲ ਦੀ ਭਾਸ਼ਾ ਹੋਣ ਅਤੇ ਬਾਰ੍ਹਵੀਂ ਸਦੀ ਵਿਚ ਬਾਬਾ ਫ਼ਰੀਦ ਅਤੇ ਪੰਦਰਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਇਸ ਵਿਚ ਪਾਏ ਗਏ ਵੱਡਮੁੱਲੇ ਯੋਗਦਾਨ ਦੀ ਗੱਲ ਕਰਦਿਆਂ ਵੀਹਵੀਂ ਸਦੀ ਵਿਚ ਭਾਈ ਵੀਰ ਸਿੰਘ ਜੀ, ਗੁਰਬਖ਼ਸ਼ ਸਿੰਘ ਪ੍ਰੀਤ ਲੜੀ, ਨਾਨਕ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ, ਗੁਰਚਰਨ ਰਾਮਪੁਰੀ, ਸੁਰਜੀਤ ਪਾਤਰ ਤੇ ਹੋਰ ਅਜੋਕੇ ਸਹਿਤਕਾਰਾਂ ਵੱਲੋਂ ਇਸ ਵਿਚ ਪਾਏ ਯੋਗਦਾਨ ਬਾਰੇ ਚਰਚਾ ਕੀਤੀ। ਉਨ੍ਹਾਂ ਵੈਨਕੂਵਰ (ਬੀ.ਸੀ.) ਵਿਚ 'ਪੰਜਾਬੀ ਲੈਂਗੂਏਜ ਲਰਨਿੰਗ ਐਂਡ ਐਜੂਕੇਸ਼ਨ ਐਸੋਸੀਏਸ਼ਨ' ('ਪਲੀ') ਵੱਲੋਂ ਵੱਡਾ ਹੰਭਲਾ ਮਾਰ ਕੇ ਇਸ ਨੂੰ ਸਕੂਲਾਂ ਦੇ ਸਿਲੇਬਸ ਵਿਚ ਸ਼ਾਮਲ ਕਰਵਾਉਣ ਅਤੇ ਇਸ ਨੂੰ ਸੂਬੇ ਵਿਚ ਦੂਸਰੀ ਭਾਸ਼ਾ ਦਾ ਦਰਜਾ ਦਿਵਾਉਣ ਦੀ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇੱਥੇ ਟੋਰਾਂਟੋ ਵਿਚ ਵੀ ਸਾਨੂੰ ਅਜਿਹੇ ਯਤਨਾਂ ਦੀ ਲੋੜ ਹੈ ਤਾਂ ਹੀ ਭਵਿੱਖ ਵਿਚ ਅਸੀਂ ਪੰਜਾਬੀ ਬੋਲੀ ਨੂੰ ਕੈਨੇਡਾ ਵਿਚ ਜੀਵਿਤ ਰੱਖ ਸਕਾਂਗੇ।

ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਹੋਇਆਂ ਸੁਖਦੇਵ ਸਿੰਘ ਝੰਡ ਨੇ ਬਰੈਂਪਟਨ ਅਤੇ ਇਸ ਦੇ ਆਸ-ਪਾਸ ਵਿਚਰ ਰਹੀਆਂ ਸਾਹਿਤ ਸਭਾਵਾਂ ਅਤੇ ਪੰਜਾਬੀ ਚਿੰਤਕਾਂ ਅਤੇ ਪੰਜਾਬੀ ਪ੍ਰੇਮੀਆਂ ਨੂੰ ਇਸ ਮੁੱਦੇ 'ਤੇ ਇਕੱਠੇ ਹੋ ਕੇ 'ਪਲੀ' ਸੰਸਥਾ ਵਾਂਗ ਹੰਭਲਾ ਮਾਰਨ ਲਈ ਕਿਹਾ ਅਤੇ ਪੰਜਾਬੀ ਮਾਪਿਆਂ ਨੂੰ ਬਰੈਂਪਟਨ ਦੇ ਕਈ ਸਕੂਲਾਂ ਵਿਚ ਚੱਲ ਰਹੀਆਂ ਪੰਜਾਬੀ ਕਲਾਸਾਂ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਬੱਚਿਆਂ ਨੂੰ ਭੇਜਣ ਲਈ ਬੇਨਤੀ ਕੀਤੀ। ਮਲੂਕ ਸਿੰਘ ਕਾਹਲੋਂ ਨੇ ਇੱਥੇ ਪੰਜਾਬੀ ਭਾਸ਼ਾ ਨੂੰ ਰੋਜ਼ਗਾਰ ਨਾਲ ਜੋੜਨ ਦੀ ਗੱਲ ਕੀਤੀ ਅਤੇ ਇਕ ਉੱਚ-ਪੱਧਰੀ ਕਮੇਟੀ ਬਣਾ ਕੇ ਸਾਂਝੇ ਯਤਨਾਂ ਨਾਲ ਇਸ ਦਿਸ਼ਾ ਵਿਚ ਅੱਗੇ ਵੱਧਣ ਲਈ ਕਿਹਾ। ਭੁਪਿੰਦਰ ਦੂਲੇ ਨੇ ਸਾਂਝੀ ਕਮੇਟੀ ਦੇ ਸੁਝਾਅ ਦਾ ਸੁਆਗ਼ਤ ਕਰਦਿਆਂ ਹੋਇਆਂ ਇਸ ਦੇ ਲਈ ਆਪਣੀਆਂ ਸੇਵਾਵਾਂ ਹਾਜ਼ਰ ਕੀਤੀਆਂ। ਪ੍ਰਧਾਨਗੀ ਮੰਡਲ ਵਿਚ ਸ਼ਾਮਲ ਡਾ. ਅਮਰਜੀਤ ਸਿੰਘ ਬਨਵੈਤ, ਡਾ. ਪ੍ਰਗਟ ਸਿੰਘ ਬੱਗਾ ਤੇ ਮਕਸੂਦ ਚੌਧਰੀ ਸਮੇਤ ਦਰਸ਼ਨ ਸਿੰਘ ਗਰੇਵਾਲ, ਸੁੰਦਰਪਾਲ ਰਾਜਾਸਾਂਸੀ ਤੇ ਅਮਰਜੀਤ ਪੰਛੀ ਨੇ ਵੀ ਇਸ ਵਿਚਾਰ-ਚਰਚਾ ਵਿਚ ਪੰਜਾਬੀ ਭਾਸ਼ਾ ਦੀ ਅਜੋਕੀ ਹਾਲਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਪਰਮਜੀਤ ਸਿੰਘ ਢਿੱਲੋਂ ਨੇ ਮੰਚ-ਸੰਚਾਲਨ ਦਾ ਕਾਰਜ ਸੰਭਾਲਦਿਆਂ ਹੋਇਆਂ ਸੱਭ ਤੋਂ ਪਹਿਲਾਂ ਇਕਬਾਲ ਬਰਾੜ ਨੂੰ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਆਪਣੀ ਸੁਰੀਲੀ ਆਵਾਜ਼ ਵਿਚ ਪੰਜਾਬੀ ਬੋਲੀ ਸਬੰਧੀ ਖ਼ੂਬਸੂਰਤ ਗੀਤ ਪੇਸ਼ ਕੀਤਾ। ਉਪਰੰਤ, ਭੁਪਿੰਦਰ ਦੂਲੇ, ਗਿਆਨ ਸਿੰਘ ਦਰਦੀ, ਪ੍ਰਗਟ ਸਿੰਘ ਬੱਗਾ, ਤਲਵਿੰਦਰ ਮੰਡ, ਸੁਖਦੇਵ ਝੰਡ, ਮਕਸੂਦ ਚੌਧਰੀ, ਸੁੰਦਰਪਾਲ ਰਾਜਾਸਾਂਸੀ, ਅਮਰਜੀਤ ਪੰਛੀ, ਹਰਜਸਪ੍ਰੀਤ ਗਿੱਲ, ਹਰਦਿਆਲ ਝੀਤਾ, ਹਰਜਿੰਦਰ ਸਿੰਘ ਨੇ ਆਪਣੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਪੇਸ਼ ਕੀਤੀਆਂ। ਇਨ੍ਹਾਂ ਤੋਂ ਇਲਾਵਾ ਪਿਆਰਾ ਸਿੰਘ ਤੂਰ ਅਤੇ ਬਲਦੇਵ ਦੂਹੜੇ ਨੇ ਵੀ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਉੱਘੇ ਗ਼ਜ਼ਲ-ਗਾਇਕ ਸੰਨੀ ਸ਼ਿਵਰਾਜ ਨੇ ਦੋ ਗ਼ਜ਼ਲਾਂ ਅਤੇ ਪਰਮਜੀਤ ਢਿੱਲੋਂ ਨੇ ਆਪਣੀ ਤਾਜ਼ਾਂ ਗ਼ਜ਼ਲ ਗਾ ਕੇ ਹਾਜ਼ਰੀਨ ਦਾ ਖ਼ੂਬ ਮਨੋਰੰਜਨ ਕੀਤਾ। ਅਖ਼ੀਰ ਵਿਚ ਸਭਾ ਦੇ ਚੇਅਰਪਰਸਨ ਬਲਰਾਜ ਚੀਮਾ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਹਾਜ਼ਰੀਨ ਨੇ ਪੰਜਾਬੀ ਭਾਸ਼ਾ ਬਾਰੇ ਖ਼ੁਸ਼ਕ ਵਿਚਾਰ-ਚਰਚਾ ਨੂੰ ਵੀ ਬੜੇ ਧਿਆਨ ਨਾਲ ਸੁਣਿਆ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸਭਾ ਅੱਗੋਂ ਵੀ ਅਜਿਹੇ ਗੰਭੀਰ ਮੁੱਦਿਆਂ 'ਤੇ ਚਰਚਾ ਕਰਵਾਉਂਦੀ ਰਹੇਗੀ।











# ਦੋਹਾਂ ਦਾਰਿਆਂ ਦੇ ਦਰਸ਼ਨ ਦੀਦਾਰੇ



ਪ੍ਰਿੰ. ਸਰਵਣ ਸਿੰਘ

ਸਵਾਲ ਹੈ ਕਿ ਦਾਰਾ ਪਹਿਲਵਾਨ ਇੱਕੋ ਸੀ ਜਾਂ ਦੋ? ਜੇ ਦੋ ਸੀ ਤਾਂ ਅਸਲੀ ਕਿਹੜਾ ਸੀ ਤੇ ਨਕਲੀ ਕਿਹੜਾ? ਜਵਾਬ ਹੈ ਕਿ ਦਾਰੇ ਪਹਿਲਵਾਨ ਦੋ ਹੋਏ ਹਨ। ਦੋਹੇਂ ਅਸਲੀ ਸਨ। ਇਕ ਦਾ ਪਹਿਲਾ ਨਾਂ ਹੀ ਦਾਰਾ ਸਿੰਘ ਸੀ ਜਦ ਕਿ ਦੂਜੇ ਦਾ ਪਹਿਲਾ ਨਾਂ ਦੀਦਾਰ ਸਿੰਘ ਸੀ। ਦਾਰਾ ਸਿੰਘ, ਦੀਦਾਰ ਸਿੰਘ ਤੋਂ ਦਸ ਸਾਲ ਵੱਡਾ ਸੀ। ਵੱਡੇ ਦਾਰੇ ਦੀ ਗੁੱਡੀ ਚੜ੍ਹੀ ਤਾਂ ਛੋਟੇ ਨੂੰ ਵੀ ਦਾਰਾ ਕਿਹਾ ਜਾਣ ਲੱਗਾ। ਦੋਹੇਂ ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਬਣੇ। ਦੋਵੇਂ ਮਝੈਲ ਸਨ ਤੇ ਦੋਹੇਂ ਜੱਟ ਸਿੱਖ। ਵੱਡਾ ਸਿੱਧੂ ਸੀ, ਛੋਟਾ ਰੰਧਾਵਾ। ਛੋਟੇ ਦਾਰੇ ਨੂੰ ਤਾਂ ਜੱਗ ਜਾਣਦੈ ਜਿਸ ਨੇ ਅਨੇਕਾਂ ਫਿਲਮਾਂ 'ਚ ਕੰਮ ਕੀਤਾ ਤੇ 'ਮੇਰੀ ਆਤਮ ਕਥਾ' ਪੁਸਤਕ ਵੀ ਲਿਖੀ। ਵੱਡੇ ਦਾਰੇ ਬਾਰੇ ਡਾ. ਬਲਵੰਤ ਸਿੰਘ ਸੰਧੂ ਨੇ 'ਗੁੰਮਨਾਮ ਚੈਂਪੀਅਨ' ਨਾਂ ਦਾ ਨਾਵਲ ਲਿਖਿਆ ਜੋ ਚੇਤਨਾ ਪ੍ਰਕਾਸ਼ਨ ਨੇ ਛਾਪਿਆ। ਜਿਨ੍ਹਾਂ ਨੇ ਦੋਹਾਂ ਦਾਰਿਆਂ ਬਾਰੇ ਵਿਸਥਾਰ ਨਾਲ ਜਾਨਣਾ ਹੋਵੇ ਉਹ ਇਹ ਪੁਸਤਕਾਂ ਪੜ੍ਹ ਸਕਦੇ ਹਨ।

ਦਾਰਾ ਸਿੰਘਾਂ ਦੀ ਵੱਖਰੀ ਪਛਾਣ ਦਾਰਾ ਦੁਲਚੀਪੁਰੀਆ ਤੇ ਦਾਰਾ ਧਰਮੂਚੱਕੀਆ ਕਰ ਕੇ ਹੈ। ਦੋਵੇਂ ਦਾਰੇ ਰੋਟੀ ਰੋਜ਼ੀ ਲਈ ਸਿੰਘਾਪੁਰ ਗਏ ਸਨ ਤੇ ਦੋਹਾਂ ਨੇ ਹੀ ਸਿੰਘਾਪੁਰੋਂ ਫਰੀ ਸਟਾਈਲ ਕੁਸ਼ਤੀ ਸਿੱਖੀ ਸੀ। ਉਥੇ ਉਹ ਭਾੜੇ ਦੀਆਂ ਕੁਸ਼ਤੀਆਂ ਲੜਦੇ ਰਹੇ ਤੇ ਆਪਸ ਵਿਚ ਮਿਲਦੇ ਵੀ ਰਹੇ। ਦੀਦਾਰ ਸਿੰਘ ਦਾ ਚਾਚਾ ਦਾਰਾ ਸਿੰਘ ਦਾ ਬੇਲੀ ਸੀ। ਉਹ 'ਕੱਠੇ ਖਾ ਪੀ ਲੈਂਦੇ ਸਨ। ਵੱਡੇ ਦਾਰੇ ਨੇ ਆਪਣੇ ਸਕੇ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਕੁਸ਼ਤੀਆਂ ਵਿਚੇ ਛੱਡ ਕੇ ਆਪਣੇ ਸ਼ਰੀਕ ਭਰਾ ਯਾਨੀ ਕਜ਼ਨ ਨੂੰ ਕਤਲ ਕਰ ਦਿੱਤਾ ਸੀ। ਕਤਲ ਕਰਨ ਵਾਲੇ ਦਿਨ ਦੀਦਾਰ ਸਿੰਘ ਦਾ ਚਾਚਾ ਵੀ ਦਾਰੇ ਦੇ ਨਾਲ ਸੀ। ਉਸ ਕਤਲ ਬਦਲੇ ਦਾਰੇ ਨੂੰ ਪਹਿਲਾਂ ਫਾਂਸੀ ਦੀ ਸਜ਼ਾ ਹੋਈ ਜੋ ਪਿੱਛੋਂ ਉਮਰ ਕੈਦ ਵਿਚ ਬਦਲ ਗਈ। ਉਹਦੀਆਂ ਕੁਸ਼ਤੀਆਂ ਵਿਖਾ ਕੇ ਲੋਕ ਭਲਾਈ ਫੰਡ 'ਕੱਠਾ ਕਰਨ ਲਈ ਉਸ ਨੂੰ ਫਿਰੋਜ਼ਪੁਰ ਜੇਲ੍ਹ ਵਿੱਚੋਂ ਹੱਥਕੜੀਆਂ ਲਾ ਕੇ ਰਿੰਗ ਵਿਚ ਲਿਜਾਇਆ ਜਾਂਦਾ ਸੀ। ਕੁਸ਼ਤੀ ਲੜਨ ਵੇਲੇ ਹੱਥਕੜੀ ਖੋਲ੍ਹ ਦਿੱਤੀ ਜਾਂਦੀ ਸੀ ਤੇ ਕੁਸ਼ਤੀ ਵਿਖਾਉਣ ਪਿੱਛੋਂ ਮੁੜ ਜੜ ਲਈ ਜਾਂਦੀ ਸੀ। 1957 ਵਿਚ ਉਹਦੀ ਇਕ ਕੁਸ਼ਤੀ ਫਾਜ਼ਿਲਕਾ ਦੇ ਗਊਸ਼ਾਲਾ ਮੈਦਾਨ ਵਿਚ ਮੈਂ ਆਪਣੀ ਅੱਖੀਂ ਵੇਖੀ ਸੀ। ਉਹਦਾ ਕੱਦ ਸੱਤ ਫੁੱਟ ਦੇ ਕਰੀਬ ਜਦ ਕਿ ਛੋਟੇ ਦਾਰੇ ਦਾ ਕੱਦ ਸਵਾ ਛੇ ਫੁੱਟ ਤੋਂ ਰਤਾ ਕੁ ਘੱਟ ਸੀ।

ਦਾਰੇ ਦੁਲਚੀਪੁਰੀਏ ਨੇ ਆਪਣੇ ਸ਼ਰੀਕ ਭਰਾ ਨੂੰ ਜਿਸ ਛੱਪੜ ਵਿਚ ਕੁਹਾੜੀ ਮਾਰ ਕੇ ਡੁਬੋ ਕੇ ਮਾਰਿਆ ਸੀ ਉਹ ਮੈਂ ਆਪਣੀ ਅੱਖੀਂ ਵੇਖ ਆਇਆਂ। ਦਾਰੇ ਦੇ ਦੋਵੇਂ ਪੋਤੇ ਮੇਰੇ ਨਾਲ ਸਨ। ਜਿਸ ਬੀਹੀ ਵਿਚ ਉਹਦੇ ਭਰਾ ਨੂੰ ਸ਼ਰੀਕਾਂ ਨੇ ਮਾਰਿਆ ਸੀ ਉਹ ਵੀ ਵੇਖ ਲਈ ਹੈ। ਦੁਲਚੀਪੁਰਾ ਖਡੂਰ ਸਾਹਿਬ ਲਾਗੇ ਛੋਟਾ ਜਿਹਾ ਪਿੰਡ ਹੈ ਜਿਥੇ ਮੇਰਾ ਭਤੀਜਾ ਬਲਵੰਤ ਵਿਆਹਿਆ ਹੋਇਐ। ਉਸ ਨੇ ਖੋਜ ਪੜਤਾਲ ਪਿੱਛੋਂ ਦਾਰੇ ਦੁਲਚੀਪੁਰੀਏ ਦੀ ਜੀਵਨ ਗਾਥਾ ਨਾਵਲੀ ਰੂਪ ਵਿਚ ਲਿਖੀ। ਹਕੀਕਤ ਨੂੰ ਗਲਪੀ ਰੰਗ ਦਿੱਤਾ। ਉਸ ਨੇ ਲਿਖਿਆ, ਜਦੋਂ ਦੁਲਚੀਪੁਰ ਜਾਣਾ ਤਾਂ ਪਿੰਡ ਵਿਚ ਵਿਚਰਦਿਆਂ ਬੜੀ ਖੁਸ਼ੀ ਤੇ ਮਾਣ ਮਹਿਸੂਸ ਹੋਣਾ ਕਿ ਕਿਸੇ ਸਮੇਂ ਇਸੇ ਪਿੰਡ ਵਿਚ, ਇਨ੍ਹਾਂ ਗਲੀਆਂ ਬੀਹੀਆਂ ਵਿਚ, ਭਲਵਾਨੀ ਵਿਚ ਧੁੰਮਾਂ ਪਾਉਣ ਵਾਲੇ ਦਾਰਾ ਸਿੰਘ ਨੇ ਪੈੜਾਂ ਪਾਈਆਂ ਹਨ। ਬਚਪਨ ਵਿਚ ਉਹ ਇਨ੍ਹਾਂ ਹੀ ਗਲੀਆਂ ਵਿਚ ਖੇਡਦਾ ਰਿਹਾ ਸੀ। ਏਸ ਪਿੰਡ ਦੀ ਫ਼ਿਜ਼ਾ ਵਿਚ ਸਾਹ ਲਏ ਸਨ ਅਤੇ ਦੋਸਤੀਆਂ ਤੇ ਦੁਸ਼ਮਣੀਆਂ ਪਾਲੀਆਂ ਸਨ। ਕਲਪਨਾ ਵਿਚ ਦਾਰਾ ਸਿੰਘ ਮੈਨੂੰ ਪਿੰਡ 'ਚ ਫਿਰਦਾ ਦਿਖਾਈ ਦਿੰਦਾ...।

ਦਾਰਾ ਸਿੰਘ ਦਾ ਪੁੱਤਰ ਜੋ ਉਸ ਦੀਆਂ ਪਿਛਲੇ ਪਹਿਰ ਦੀਆਂ ਕਈ ਕੁਸ਼ਤੀਆਂ ਦਾ ਚਸ਼ਮਦੀਦ ਗਵਾਹ ਸੀ ਦਾਰੇ ਤੋਂ ਬਾਅਦ ਭਰ ਜਵਾਨੀ ਵਿਚ ਹੀ ਵਿਛੋੜਾ ਦੇ ਗਿਆ ਸੀ। ਦਾਰਾ ਸਿੰਘ ਦੀ ਪਤਨੀ ਬਲਬੀਰ ਕੌਰ ਨਾਲ ਵੀ ਇਕ ਦੋ ਮੁਲਾਕਾਤਾਂ ਹੀ ਹੋ ਸਕੀਆਂ। ਇਸੇ ਦੌਰਾਨ ਉਹ ਵੀ ਸੰਸਾਰ ਨੂੰ ਅਲਵਿਦਾ ਕਹਿ ਗਈ। ਦਾਰਾ ਸਿੰਘ ਦੇ ਪੋਤਰਿਆਂ ਦੀ ਇਸ ਖੇਤਰ ਵਿਚ ਕੋਈ ਖ਼ਾਸ ਦਿਲਚਸਪੀ ਨਹੀਂ ਸੀ ਰਹੀ। ਪੋਤਰੇ ਰਘਬੀਰ ਨੇ ਬਾਬੇ ਦੀਆਂ ਪੈੜਾਂ 'ਤੇ ਚੱਲਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਜਲਦੀ ਹੀ ਵਾਪਸ ਮੁੜ ਗਿਆ। ਪਰ ਉਨ੍ਹਾਂ ਨੇ ਦਾਰਾ ਸਿੰਘ ਦੀਆਂ ਯਾਦਗਾਰੀ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਸਨ...।

ਦਾਰਾ ਦੁਲਚੀਪੁਰੀਆ 1988 ਵਿਚ



ਦਾਰਾ ਸਿੰਘ ਦੁਲਚੀਪੁਰ

ਮਰ ਗਿਆ ਸੀ। ਪਿੱਛੇ ਉਸ ਦੇ ਦੋ ਪੋਤੇ ਹਨ, ਇਕ ਪੜਪੋਤਾ ਤੇ ਇਕ ਪੜਪੋਤੀ ਹੈ। ਉਹ ਪਿੰਡੋਂ ਬਾਹਰ ਖੇਤ ਵਿਚ ਰਹਿੰਦੇ ਹਨ ਜਿਥੇ ਉਨ੍ਹਾਂ ਨੇ ਦਾਰੇ ਦੀ ਸੱਤ ਫੁੱਟੀ ਸਮਾਧੀ ਬਣਾਈ ਹੈ। ਉਹ ਸੱਤ ਫੁੱਟਾ ਪਹਿਲਵਾਨ ਸੀ। ਉਸ ਨੇ ਵਰਲਡ ਚੈਂਪੀਅਨ ਕਿੰਗਕਾਂਗ ਨੂੰ ਹਰਾ ਕੇ ਰੁਸਤਮੇ ਜ਼ਮਾਂ ਦਾ ਖ਼ਿਤਾਬ ਜਿੱਤਿਆ ਸੀ ਤੇ ਦੁਨੀਆ ਵਿਚ 'ਦਾਰਾ ਦਾਰਾ' ਕਰਵਾਈ ਸੀ। ਉਹ ਜੀਂਦੇ ਜੀਅ ਮਿੱਥ ਬਣ ਗਿਆ ਸੀ ਅਤੇ ਉਹਦੇ ਬਾਰੇ ਦੰਦ ਕਥਾਵਾਂ ਚੱਲ ਪਈਆਂ ਸਨ। ਇਕ ਦੰਦ ਕਥਾ ਸੀ ਕਿ ਉਸ ਨੇ ਦੋ ਜਣਿਆਂ ਨੂੰ ਧੌਣੋਂ ਫੜ ਕੇ ਆਪਸ ਵਿਚ ਭਿੜਾ ਕੇ ਛੱਪੜ ਵਿਚ ਡੋਬ ਦਿੱਤਾ ਸੀ। ਦੂਜੀ ਦੰਦ ਕਥਾ ਸੀ ਪਈ ਉਹਨੂੰ ਮਾਰਨਖੰਡਾ ਸਾਨ੍ਹ ਪੈ ਗਿਆ ਪਰ ਦਾਰੇ ਨੇ ਸਿੰਗ ਫੜ ਲਏ। ਫਿਰ ਦੋਵੇਂ ਧੱਕਮਧੱਕੀ ਹੋਣ ਲੱਗੇ। ਕਦੇ ਦਾਰਾ ਸਾਨ੍ਹ ਨੂੰ ਦਸ ਕਦਮ ਪਿੱਛੇ ਧੱਕ ਲਿਜਾਂਦਾ ਤੇ ਕਦੇ ਸਾਨ੍ਹ ਦਾਰੇ ਦੇ ਪੈਰ ਉਖਾੜ ਦਿੰਦਾ। ਆਖ਼ਰ ਦਾਰਾ ਸਿੰਘ ਦੀ ਮੋਕ ਵਗ ਗਈ ਤੇ ਸਿੰਗ ਛੁਟਦਿਆਂ ਸਾਰ ਸਾਨ੍ਹ ਅਜਿਹਾ ਭੱਜਿਆ ਕਿ ਮੁੜ ਉਸ ਪਿੰਡ ਦੀ ਜੂਹ ਵਿਚ ਨਾ ਵੜਿਆ।

ਦਾਰੇ ਦੁਲਚੀਪੁਰੀਏ ਦੇ ਜੀਵਨ ਵਿਚ ਬੜੇ ਉਤਰਾਅ ਚੜ੍ਹਾਅ ਆਏ। ਉਸ ਦੀ ਜ਼ਿੰਦਗੀ ਮਾਲ ਡੰਗਰ ਚਾਰਦਿਆਂ ਘੁਲਣ-ਘੁਲਾਈ ਤੋਂ ਸ਼ੁਰੂ ਹੋ ਕੇ ਖੇਤੀਬਾੜੀ ਕਰਨ, ਪਰਵਾਸੀ ਬਣਨ, ਕੁਸ਼ਤੀਆਂ ਲੜਨ, ਖ਼ੂੰਨ, ਸਜ਼ਾ, ਰੁਮਾਂਸ, ਸਰਪੰਚੀ, ਨਸ਼ੇ ਤੇ ਭਲਵਾਨੀ ਕਲਚਰ ਵਿਚ ਗੁੰਧੀ ਹੋਈ ਸੀ ਜਿਸ 'ਤੇ ਕਮਾਲ ਦੀ ਫਿਲਮ ਬਣ ਸਕਦੀ ਹੈ। ਨਾਵਲ 'ਗੁੰਮਨਾਮ ਚੈਂਪੀਅਨ' ਦਾਰੇ ਦੀ ਫਿਲਮ ਦਾ ਆਧਾਰ ਬਣ ਸਕਦੈ। ਦਾਰੇ ਨੇ ਆਪਣੀ ਪਤਨੀ ਦੇ ਹੁੰਦਿਆਂ ਇਕ ਉੱਚੀ ਲੰਮੀ ਸੁੰਦਰ ਬਾਹਮਣੀ ਨਾਲ ਇਸ਼ਕ ਵੀ ਕੀਤਾ। ਉਹ ਘਰ ਲਿਆ ਬਿਠਾਈ। ਉਹ ਯੱਕਾ ਜੋੜ ਕੇ ਤਰਨਤਾਰਨ ਸ਼ੌਕ ਦਾ ਗੇੜਾ ਕੱਢਣ ਜਾਂਦੇ। ਕਈਆਂ ਨੇ ਕਿਹਾ ਕਿ ਇਹ ਵਿਰੋਧੀ ਪਹਿਲਵਾਨਾਂ ਦੀ ਚਾਲ ਸੀ ਪਈ ਉਸ ਨੂੰ ਕੁਸ਼ਤੀਆਂ ਵੱਲੋਂ ਮੋੜ ਕੇ ਅਯਾਸ਼ੀ 'ਚ ਪਾਇਆ ਜਾਵੇ।

ਦਾਰੇ ਦਾ ਆਖ਼ਰੀ ਸਮਾਂ ਬੜਾ ਬੁਰਾ ਬੀਤਿਆ। ਉਹ ਸ਼ੂਗਰ, ਬਲੱਡ ਪ੍ਰੈਸ਼ਰ ਤੇ ਜੋੜਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਗਿਆ ਸੀ, ਪੈਰਾਂ ਦੇ ਅੰਗੂਠੇ ਕੱਟੇ ਗਏ ਸਨ ਤੇ ਚੂਲਾ ਟੁੱਟ ਗਿਆ ਸੀ। ਇਕ ਤਰ੍ਹਾਂ ਅਪਾਹਜ ਬਣ ਗਿਆ ਸੀ ਉਹ। ਉਸ ਦਾ ਜੁੱਸਾ ਸਵਾ ਕੁਇੰਟਲ ਤੋਂ ਘਟ ਕੇ ਸਿਰਫ਼ 70 ਕਿਲੋ ਦਾ ਰਹਿ ਗਿਆ ਸੀ ਤੇ ਉਹ 70ਵੇਂ ਸਾਲ ਦੀ ਉਮਰ 'ਚ ਗੁਜ਼ਰ ਗਿਆ।

ਨਾਵਲ 'ਗੁੰਮਨਾਮ ਚੈਂਪੀਅਨ' ਦੇ ਅੰਤਲੇ ਪੈਰੇ ਵਿਚ ਉਸ ਦੀ ਹਾਲਤ ਇੰਜ ਬਿਆਨੀ ਗਈ ਹੈ, ਆਪਣੇ ਅੰਤਲੇ ਦਿਨਾਂ ਵਿਚ ਸੱਤਰ ਸਾਲ ਦੇ ਦਾਰਾ ਸਿੰਘ ਦਾ ਵਜ਼ਨ ਸੱਤਰ ਕਿੱਲੋ ਤੋਂ ਵੀ ਘੱਟ ਰਹਿ ਗਿਆ ਸੀ। ਬਿਮਾਰੀ ਨੇ ਉਸ ਦੀ ਸਾਰੀ ਸੱਤਿਆ ਸੂਤ ਲਈ ਸੀ। ਕਦੇ ਲੋਕਾਂ ਤੋਂ ਸੁਣੀ ਗੱਲ ਕਿ ਕੰਜਰੀਆਂ ਤੇ ਭਲਵਾਨਾਂ ਦਾ ਬੁਢਾਪਾ ਮਾੜਾ ਹੀ ਬੀਤਦਾ ਹੈ ਉਹ ਹੱਡੀਂ ਹੰਢਾ ਰਿਹਾ ਸੀ। ਉਹ ਤੁਰਨੋਂ ਫਿਰਨੋਂ ਰਹਿ ਗਿਆ ਸੀ। ...ਉਸ ਨੂੰ ਦੁਬਾਰਾ ਅਧਰੰਗ ਦਾ ਦੌਰਾ ਪੈ ਗਿਆ। ਇਸ ਵਾਰ ਦਾ ਦੌਰਾ ਜਾਨ ਲੇਵਾ ਸਾਬਤ ਹੋਇਆ। ...ਤਰਨਤਾਰਨ ਦੇ ਡਾਕਟਰ ਨੇ ਭਲਵਾਨ ਜੀ ਦੇ ਪਰਿਵਾਰ ਨੂੰ ਘਰ ਲਿਜਾ ਕੇ ਸੇਵਾ ਕਰਨ ਦੀ ਸਲਾਹ ਦਿੱਤੀ ਪਰ ਘਰ ਵਾਲੇ ਉਸ ਨੂੰ ਇਸ ਹਾਲਤ ਵਿਚ ਘਰ ਲੈ ਜਾਣ ਲਈ ਸਹਿਮਤ ਨਾ ਹੋਏ। ...ਆਖ਼ਰ ਪੰਜੀ ਜੁਲਾਈ 1988 ਨੂੰ ਸਵੇਰੇ ਸਾਢੇ ਤਿੰਨ ਵਜੇ ਭਲਵਾਨ ਦਾਰਾ ਸਿੰਘ ਆਪਣੀ ਪਤਨੀ ਬਲਬੀਰ ਕੌਰ, ਪੁੱਤਰ ਹਰਬੰਸ ਸਿੰਘ ਤੇ ਪੋਤਰੇ ਰਣਜੀਤ ਸਿੰਘ ਦੀ ਹਾਜ਼ਰੀ ਵਿਚ ਇਸ ਫਾਨੀ ਜਗਤ ਨੂੰ ਅਲਵਿਦਾ ਕਹਿ ਗਿਆ।

ਦੂਜੇ ਦਾਰੇ ਪਹਿਲਵਾਨ ਨੂੰ ਸਭ ਜਾਣਦੇ ਹਨ ਜੀਹਨੇ ਕੁਸ਼ਤੀਆਂ ਤੋਂ ਬਿਨਾਂ ਫਿਲਮਾਂ ਵਿਚ ਵੀ ਨਾਮਣਾ ਖੱਟਿਆ। ਉਹ ਰਾਮਾਇਣ ਸੀਰੀਅਲ ਵਿਚ ਹਨੂੰਮਾਨ ਦਾ ਰੋਲ ਕਰ ਕੇ ਹੋਰ ਮਸ਼ਹੂਰ ਹੋਇਆ। ਉਸ ਨੇ ਮੁਹਾਲੀ ਵਿਚ ਦਾਰਾ ਸਟੂਡੀਓ ਬਣਾਇਆ ਤੇ ਰਾਜ ਸਭਾ ਦਾ ਮੈਂਬਰ ਰਿਹਾ। ਸਰਬ ਭਾਰਤੀ ਜੱਟ ਸਭਾ ਦਾ ਪ੍ਰਧਾਨ ਵੀ ਬਣਿਆ। 1978 ਵਿਚ ਜਸਵੰਤ ਸਿੰਘ ਕੰਵਲ ਨਾਲ ਜਲੰਧਰ ਜਾ ਕੇ ਮੈਂ ਉਹਦੇ ਨਾਲ ਖੁੱਲ੍ਹੀਆਂ ਗੱਲਾਂ ਕੀਤੀਆਂ ਸਨ। ਫਿਰ ਉਹਦੇ ਬਾਰੇ ਲੇਖ ਲਿਖਿਆ 'ਪਹਿਲਵਾਨਾਂ ਦਾ ਪਹਿਲਵਾਨ' ਜੋ ਨੈਸ਼ਨਲ ਬੁੱਕ ਟ੍ਰੱਸਟ ਵੱਲੋਂ ਛਾਪੀ ਪੁਸਤਕ 'ਪੰਜਾਬ ਦੇ ਚੋਣਵੇਂ ਖਿਡਾਰੀ' ਵਿਚ ਸ਼ਾਮਲ ਹੈ। ਦਾਰੇ ਨੂੰ ਪਹਿਲਵਾਨ ਤੇ ਫਿਲਮੀ ਐਕਟਰ ਵਜੋਂ ਤਾਂ ਜੱਗ ਜਾਣਦੈ ਪਰ ਕਈਆਂ ਨੂੰ ਇਹ ਨਹੀਂ ਪਤਾ ਕਿ ਉਹ ਲੇਖਕ ਵੀ ਸੀ। ਉਸ ਨੇ ਸਰਲ ਬੋਲੀ ਵਿਚ ਆਪਣੀ ਆਤਮ ਕਥਾ ਲਿਖੀ। ਪੇਸ਼ ਹੈ ਉਸ ਦੀ ਆਤਮ ਕਥਾ 'ਚੋਂ ਉਹਦੀ ਜਾਣ ਪਛਾਣ ਦੇ ਅੰਸ਼:

ਮੇਰਾ ਪਿੰਡ ਧਰਮੂਚੱਕ, ਅੰਮ੍ਰਿਤਸਰ ਸ਼ਹਿਰ ਤੋਂ ਬਾਈ ਮੀਲ ਦੂਰ ਹੈ। ਇਹ ਅੰਮ੍ਰਿਤਸਰ ਤੋਂ ਹਰਗੋਬਿੰਦਪੁਰ ਨੂੰ ਜਾਣ ਵਾਲੀ ਸੜਕ 'ਤੇ ਸਥਿਤ ਹੈ। ਵੱਡੀ ਸੜਕ ਤੋਂ ਉਤਰ ਕੇ ਪਿੰਡ ਜਾਣ ਲਈ ਦੋ ਕਿਲੋਮੀਟਰ ਦਾ ਪੱਕਾ ਟੋਟਾ ਹੈ। ਧਰਮੂਚੱਕ ਪਿੰਡ ਬੱਝੇ ਨੂੰ ਤਕਰੀਬਨ ਪੰਜ ਸੌ ਸਾਲ ਹੋ ਗਏ ਹੋਣਗੇ। ਸਾਡਾ ਵੱਡਾ ਵਡੇਰਾ ਜਿਸ ਦਾ ਨਾਂ ਧਰਮੂ ਸੀ, ਦੋ ਕੁ ਮੀਲ ਦੂਰ ਪਿੰਡ ਕੁਹਾਟਵਿੰਡ ਤੋਂ ਆਇਆ ਤੇ ਆ ਕੇ ਆਪਣਾ ਵੱਖਰਾ ਪਿੰਡ ਬਣਾ ਲਿਆ। ਪੰਜ ਸੌ ਸਾਲ ਪੁਰਾਣੇ ਪਿੰਡ ਦੀ ਸ਼ਹਾਦਤ ਹੈ ਧਰਮੂ ਰੰਧਾਵੇ ਦੀ ਔਲਾਦ, ਜਿਹੜੀ ਸਤਾਰਾਂ ਅਠਾਰਾਂ ਪੀੜ੍ਹੀਆਂ ਤੋਂ ਪਿੰਡ ਧਰਮੂਚੱਕ ਡੇਰੇ ਲਾਈ ਬੈਠੀ ਹੈ। ਧਰਮੂ ਦਾ ਪੁੱਤਰ ਚੜ੍ਹਤ ਤੇ ਚੜ੍ਹਤ ਦਾ ਖੋਖਰ, ਖੋਖਰ ਦਾ ਪਠਾਣ ਤੇ ਪਠਾਣ ਦਾ ਸਾਂਦਰਣ, ਸਾਂਦਰਣ ਦਾ ਢੀਂਗਾ ਤੇ ਢੀਂਗੇ ਦਾ ਨੰਦਾ, ਨੰਦੇ ਦਾ ਗੁਰਦਾਸ। ਗੁਰਦਾਸ ਦਾ ਪਲਾਤ ਤੇ ਪਲਾਤ ਦਾ ਦੇਵਾ, ਦੇਵੇ ਦਾ ਦਸੌਂਦਾ ਸਿੰਘ ਤੇ ਦਸੌਂਦਾ ਸਿੰਘ ਦਾ ਉੱਤਮ ਸਿੰਘ, ਉੱਤਮ ਸਿੰਘ ਦਾ ਰੂਪਾ ਸਿੰਘ, ਰੂਪਾ ਸਿੰਘ ਦਾ ਗੁਰਦਿੱਤ ਸਿੰਘ, ਗੁਰਦਿੱਤ ਸਿੰਘ ਦਾ ਬੂੜ ਸਿੰਘ, ਬੂੜ ਸਿੰਘ ਦਾ ਸੂਰਤ ਸਿੰਘ ਤੇ ਸੂਰਤ ਸਿੰਘ ਦਾ ਦਾਰਾ ਸਿੰਘ, ਯਾਨੀ ਬਕੱਲਮ ਖ਼ੁਦ...।

ਜ਼ਮੀਨ ਦੀ ਥੁੜ੍ਹ ਕਾਰਨ ਸਾਡੇ ਬਾਬੇ ਬੂੜ ਸਿੰਘ ਨੇ ਨਾਨਕੇ ਪਿੰਡ ਹਯਾਤੇਕੋਟ ਜਿਹੜਾ ਧਰਮੂਚੱਕ ਤੋਂ ਢਾਈ ਤਿੰਨ ਮੀਲ ਦੀ ਵਿੱਥ 'ਤੇ ਹੈ ਜਾ ਜ਼ਮੀਨ ਗਹਿਣੇ ਲਈ। ਬਾਬੇ ਹੋਰੀਂ ਚਾਰ ਭਰਾ ਸਨ, ਲਾਲ ਸਿੰਘ, ਬੱਗਾ ਸਿੰਘ, ਮੱਲਾ ਸਿੰਘ ਤੇ ਬੂੜ ਸਿੰਘ। ਉਹ ਰੋਜ਼ ਧਰਮੂਚੱਕੋਂ ਹਯਾਤੇਕੋਟ ਵਾਹੀ ਕਰਨ ਜਾਂਦੇ ਤੇ ਪਸ਼ੂਆਂ ਲਈ ਚਾਰਾ ਵਗੈਰਾ ਵੀ ਏਡੀ ਦੂਰੋਂ ਸਿਰਾਂ 'ਤੇ ਚੁੱਕ ਕੇ ਲਿਆਉਂਦੇ। ਛੇ ਵੀਹਾਂ ਵਿੱਘੇ ਜ਼ਮੀਨ ਜਿਹੜੀ ਛੇ ਵੀਹਾਂ ਰੁਪਏ ਦੇ ਕੇ ਗਹਿਣੇ ਲਈ ਸੀ ਉਸ ਦੀ ਕਮਾਈ ਨਾਲ ਕਈ ਸਾਲ ਆਪਣਾ ਪਰਿਵਾਰ ਪਾਲਿਆ। ਜਦੋਂ ਕਾਗਜ਼ਾਂ ਦੇ ਰੁਪਏ ਬਣਨੇ ਸ਼ੁਰੂ ਹੋ ਗਏ ਤੇ ਰੁਪਏ ਦਾ ਮੁੱਲ ਘਟ ਗਿਆ ਤਾਂ ਹਯਾਤੇਕੋਟੀਆਂ ਨੇ ਕਿਸੇ ਕੋਲੋਂ ਛੇ ਵੀਹਾਂ ਰੁਪਏ ਫੜ ਕੇ ਸਾਡੇ ਬਜ਼ੁਰਗਾਂ ਦੇ ਹੱਥ ਫੜਾਏ ਤੇ ਜ਼ਮੀਨ ਛੁਡਾ ਲਈ। ਪਿੰਡ ਦੀ ਜ਼ਮੀਨ ਵੰਡੀਂਦੀ-ਵੰਡੀਂਦੀ ਇੰਨੀ ਘਟ ਗਈ ਕਿ ਸਾਡੇ ਬਾਬੇ ਦੇ ਹਿੱਸੇ ਆਈ ਸਿਰਫ਼ ਪੰਜ ਵਿੱਘੇ ਜ਼ਮੀਨ ਤੇ ਪੰਜ ਪੁੱਤਰ ਜਿਹੜੇ ਬਾਬੇ ਨੂੰ ਤਗੜਾ ਹੋਣ ਦੇ ਬਾਵਜੂਦ ਮਾੜਾ ਬਣਾਈ ਜਾਣ।

ਉਸ ਜ਼ਮਾਨੇ ਵਿਚ ਪਰਿਵਾਰ ਘਟਾਓ ਦਾ ਨਾਅਰਾ ਵੀ ਕਿਸੇ ਨਹੀਂ ਸੀ ਲਾਇਆ। ਅੰਗਰੇਜ਼ ਹਕੂਮਤ ਤਾਂ ਜ਼ਿਆਦਾ ਬੱਚੇ ਜੰਮਣ ਵਾਲਿਆਂ ਨੂੰ ਇਨਾਮ ਵਗੈਰਾ ਵੀ ਦਿੰਦੀ ਸੀ। ਬਾਬੇ ਦੇ ਹਿੱਸੇ ਹਯਾਤੇਕੋਟ ਵਾਲੇ ਪੈਸਿਆਂ ਵਿਚੋਂ ਜੋ ਮਿਲੇ ਉਸ ਦੀ ਪਿੰਡ ਦੀ ਹੱਦ 'ਤੇ ਹੀ ਚੰਨਣਕਿਆਂ ਵਾਲਿਆਂ ਕੋਲੋਂ ਜ਼ਮੀਨ ਲੈ ਲਈ। ਮੁਸ਼ਕਲ ਨਾਲ ਤਿੰਨ ਵਿੱਘੇ ਜ਼ਮੀਨ ਹੋਵੇਗੀ। ਘਰ ਦੇ ਪੰਜ ਤੇ ਗਹਿਣੇ ਦੇ ਤਿੰਨ ਵਿੱਘੇ, ਬਾਬੇ ਹੋਰੀਂ ਔਖੇ ਸੌਖੇ ਹੋ ਕੇ ਲੱਗੇ ਗੁਜ਼ਾਰਾ ਕਰਨ। ਕਈ ਲੋਕ ਪਿੰਡ ਛਡ ਕੇ ਬਾਹਰ ਕਮਾਈ ਕਰਨ ਲਈ ਹੱਥ ਪੈਰ ਮਾਰਨ ਲੱਗੇ...। ਜੇ ਕਿਧਰੇ ਕਦੀ ਕਦਾਈਂ ਘੁੱਗੀ ਵਾਂਗੂ ਉਡਦਾ ਹਵਾਈ ਜਹਾਜ਼ ਉਤੋਂ ਦੀ ਲੰਘ ਜਾਂਦਾ ਤਾਂ ਸਾਰਾ ਪਿੰਡ ਇਕੱਠਾ ਹੋ ਜਾਂਦਾ। ਕੋਈ ਕਹਿੰਦਾ ਭਈ ਇਹ ਵੇਖਣ ਨੂੰ ਛੋਟਾ ਲੱਗਦਾ ਪਰ ਹੈ ਗੱਡੇ ਜਿੱਡਾ। ਜੇ ਬਹਿਸ ਵਧ ਜਾਵੇ ਤਾਂ ਫ਼ੌਜੀ ਚਾਚੇ ਕੋਲੋਂ ਜਾ ਕੇ, ਪੁੱਛ ਕੇ ਤਸੱਲੀ ਹੁੰਦੀ ਕਿ ਵਾਕਿਆ ਹੀ ਇਹ ਚੀਜ਼ ਗੱਡੇ ਜਿੱਡੀ ਹੋਣੀ ਹੈ। ਇਹ ਗੱਲ ਮੈਂ ਬਹੁਤ ਪੁਰਾਣੇ ਸਮੇਂ ਦੀ ਨਹੀਂ, ਆਪਣੇ ਬਚਪਨ ਵੇਲੇ ਦੀ ਦੱਸ ਰਿਹਾਂ। 19 ਨਵੰਬਰ 1928 ਦਾ ਮੇਰਾ ਜਨਮ ਹੈ। ਇਸ ਕਰਕੇ ਇਹ ਗੱਲ 1933 ਜਾਂ 1934 ਦੀ ਹੋਵੇਗੀ।

ਬਾਪ ਦੇ ਵਿਆਹ ਵੇਲੇ ਜ਼ਮੀਨ 'ਤੇ ਕਰਜ਼ਾ ਲੈਣ ਦਾ ਉਹਲਾ ਰੱਖ ਕੇ ਕਰਜ਼ਾ ਲਾਹੁਣ ਦਾ ਜ਼ਿਕਰ ਕਰਦਿਆਂ ਬਾਪੂ ਸੂਰਤ ਸਿੰਘ ਦੇ ਸਿੰਘਾਪੁਰ ਜਾਣ ਦੀ ਮਜਬੂਰੀ ਉਹ ਇੰਜ ਬਿਆਨ ਕਰਦਾ ਹੈ:

ਬਾਪੂ ਦੇ ਨਾਨਕਿਆਂ ਵਿਚੋਂ ਉਨ੍ਹਾਂ ਦਾ ਰਿਸ਼ਤੇਦਾਰ ਸਿੰਘਾਪੁਰ ਰਹਿੰਦਾ ਸੀ। ਉਸ ਨੂੰ ਫਰਮਾਇਸ਼ ਪਾ ਕੇ ਬਾਪੂ ਨੂੰ ਕਮਾਈ ਕਰਨ ਸਿੰਘਾਪੁਰ ਭੇਜਿਆ ਗਿਆ। ਉਥੇ ਜਾ ਕੇ ਬੜੇ ਕੰਮ ਕੀਤੇ। ਤਨਖਾਹ ਵਗੈਰਾ ਤਾਂ ਪਤਾ ਨਹੀਂ, ਉਹ ਤਾਂ ਰਿਸ਼ਤੇਦਾਰ ਹੀ ਜਾਣੇ, ਇਹ ਤਾਂ ਵਿਚਾਰੇ ਕੰਮ ਹੀ ਕਰਦੇ ਰਹੇ। ਆਖ਼ਿਰ ਦੁਖੀ ਹੋ ਕੇ ਬਾਬੇ ਨੇ ਇਨ੍ਹਾਂ ਨੂੰ ਵਾਪਿਸ ਬੁਲਾ ਲਿਆ। ਭਈ ਵਾਹੀ ਦਾ ਕੰਮ ਵੀ ਗਿਆ ਤੇ ਨੌਕਰੀ ਦਾ ਵੀ ਕੁਝ ਨਹੀਂ ਮਿਲਿਆ। ਪਿੰਡ ਆ ਕੇ ਚਿੰਤਾ ਜਿਉਂ ਦੀ ਤਿਉਂ ਰਹੀ। ਅੱਗੋਂ ਜਿਹੜੀ ਗੱਲ ਸਕੇ ਸੰਬੰਧੀਆਂ ਕੋਲੋਂ ਲੁਕੋ ਕੇ ਕੀਤੀ ਸੀ ਉਹ ਵੀ ਜ਼ਾਹਰ ਹੋ ਗਈ ਬਈ ਪੈਲੀ ਉਤੇ ਕਰਜ਼ਾ ਲੈ ਰੱਖਿਆ ਹੈ। ਬੜੀ ਨਮੋਸ਼ੀ ਵਾਲੀ ਗੱਲ ਹੋ ਗਈ। ਆਖ਼ਿਰ ਮਾਂ ਜੀ ਦੇ ਗਹਿਣੇ ਵੇਚ ਕੇ ਸ਼ਾਹੂਕਾਰ ਦਾ ਕਰਜ਼ਾ ਉਤਾਰਿਆ ਗਿਆ।

ਖ਼ੈਰ, ਜੋ ਹੋਇਆ ਸੋ ਹੋਇਆ, ਸਾਡੇ ਪਿਤਾ ਜੀ ਦੀ ਚਿੰਤਾ ਤਾਂ ਦੂਰ ਹੋਈ ਤੇ ਉਹ ਫਿਰ ਸਿੰਘਾਪੁਰ ਚਲੇ ਗਏ, ਬਲਕਿ ਆਪਣੇ ਛੋਟੇ ਭਰਾਵਾਂ ਨੂੰ ਵੀ ਨਾਲ ਲੈ ਗਏ। ਬਾਪੂ ਤੇ ਉਸ ਦੇ ਤਿੰਨ ਛੋਟੇ ਭਰਾ ਸਿੰਘਾਪੁਰ ਚਲੇ ਗਏ ਤੇ ਇਕ ਭਰਾ ਫੌਜ ਵਿਚ ਭਰਤੀ ਹੋ ਗਿਆ। ਵਾਹੀ ਕਰਨ ਲਈ ਬਾਬਾ ਇਕੱਲਾ ਹੀ ਬਹੁਤ ਸੀ। ਜਦੋਂ ਧਰਮੂ ਨੇ ਪਿੰਡ ਬੱਧਾ ਸੀ ਤਾਂ ਪਿੰਡ ਦੀ ਜ਼ਮੀਨ ਸੀ ਨੌਂ ਸੌ ਵਿੱਘੇ, ਤੇ ਜਦੋਂ ਸਾਡੇ ਪੜਦਾਦਿਆਂ ਦੀਆਂ ਔਲਾਦਾਂ ਨੇ ਜੰਮ ਕੇ ਇਸ ਰੰਗੀਲੀ ਦੁਨੀਆਂ ਨੂੰ ਚਾਰ ਚੰਨ ਲਾਏ ਤਾਂ ਜ਼ਮੀਨ ਘਟਦੀ ਘਟਦੀ ਘਰ ਪ੍ਰਤੀ ਪੰਜ ਜਾਂ ਦਸ ਵਿੱਘੇ ਹੀ ਰਹਿ ਗਈ। ਫਿਰ ਵਿਚਾਰੇ ਧਰਮੂਚੱਕੀਏ ਪਿੰਡ ਛੱਡ-ਛੱਡ ਲੱਗੇ ਦੂਰ ਦੁਰਾਡੇ ਵੱਸਣ। ਜਿਸ ਤਰ੍ਹਾਂ ਇਕ ਕਹਾਵਤ ਹੈ, ਜ਼ਰੂਰਤ ਈਜਾਦ ਦੀ ਮਾਂ ਹੈ। ਇਸ ਤਰ੍ਹਾਂ ਸਾਰਿਆਂ ਨੇ ਆਪਣੇ ਸੁਖੀ ਜੀਵਨ ਲਈ ਕੋਈ ਨਾ ਕੋਈ ਸਾਧਨ ਲੱਭ ਹੀ ਲਿਆ ਤੇ ਮਨੀ ਆਰਡਰ ਧਰਮੂਚੱਕ ਆਉਣ ਲੱਗ ਪਏ।

ਪਹਿਲਵਾਨ ਤੇ ਅਦਾਕਾਰ ਦਾਰਾ ਸਿੰਘ ਸਾਰੀ ਦੁਨੀਆ ਵਿਚ ਬੱਲੇ ਬੱਲੇ ਕਰਾ ਕੇ ਉਮਰ ਦੇ 84ਵੇਂ ਵਰ੍ਹੇ ਜਾਂਦੀ ਵਾਰ ਦੀ ਫਤਿਹ ਬੁਲਾ ਗਿਆ। ਉਸ ਦਾ ਅੰਤ 11 ਜੁਲਾਈ 2012 ਨੂੰ ਮੁੰਬਈ ਵਿਚ ਹੋਇਆ। ਤਦ ਉਹ ਕਰੋੜਪਤੀ ਸੀ ਤੇ ਕਰੋੜਾਂ ਲੋਕਾਂ ਨੇ ਉਹਦੀ ਮੌਤ ਦਾ ਸੋਗ ਮਨਾਇਆ। ਪਹਿਲਾਂ ਦਾਰਾ ਦੁਲਚੀਪੁਰੀਆ ਤਕੜਾ ਹੁੰਦਾ ਸੀ ਫਿਰ ਦਾਰਾ ਧਰਮੂਚੱਕੀਆ ਤਕੜਾ ਹੋ ਗਿਆ ਸੀ। ਦੀਦਾਰ ਸਿੰਘ ਉਰਫ਼ ਦਾਰਾ ਧਰਮੂਚੱਕੀਆ ਕੁਝ ਸਮਾਂ ਸਿੰਘਾਪੁਰ ਵਿਚ ਦਾਰੇ ਦੁਲਚੀਪੁਰੀਏ ਦੇ ਅੰਗ ਸੰਗ ਵੀ ਰਿਹਾ। ਦੁਲਚੀਪੁਰ ਦਾ ਦਾਰਾ 1918 'ਚ ਜੰਮਿਆ ਸੀ। ਦੋਹਾਂ ਦਾਰਿਆਂ ਨੇ ਫਰੀ ਸਟਾਈਲ ਕੁਸ਼ਤੀਆਂ ਵਿਚ ਨਾਮਣਾ ਖੱਟਿਆ ਜਦ ਕਿ ਦੇਸੀ ਕੁਸ਼ਤੀਆਂ ਹੇਠਲੇ ਪੱਧਰ 'ਤੇ ਹੀ ਲੜੀਆਂ।



ਦਾਰਾ ਧਰਮੂਚੱਕੀਆ

ਦਾਰਾ ਧਰਮੂਚੱਕੀਆ ਹਰਫ਼ਨਮੌਲਾ ਨਿਕਲਿਆ ਜਿਸ ਨੇ ਪਹਿਲਵਾਨੀ ਦੇ ਨਾਲ ਫਿਲਮਾਂ ਵਿਚ ਵੀ ਮੱਲਾਂ ਮਾਰੀਆਂ। ਦਾਰਾ ਦੁਲਚੀਪੁਰੀਆ ਕੇਵਲ ਇਕ ਦੋ ਫਿਲਮਾਂ ਵਿਚ ਹੀ ਆ ਸਕਿਆ। ਦਾਰੇ ਧਰਮੂਚੱਕੀਏ ਦੀਆਂ ਕੁਸ਼ਤੀਆਂ ਤਾਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਮੁਰਾਰ ਜੀ ਡਿਸਾਈ, ਚੌਧਰੀ ਚਰਨ ਸਿੰਘ, ਇੰਦਰਾ ਗਾਂਧੀ, ਚੰਦਰ ਸ਼ੇਖਰ, ਰਾਜੀਵ ਗਾਂਧੀ ਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਹੋਰੀਂ ਵੀ ਵੇਖਦੇ ਰਹੇ। ਉਹ ਰੁਸਤਮੇ ਪੰਜਾਬ, ਰੁਸਤਮੇ ਹਿੰਦ, ਕਾਮਨਵੈੱਲਥ ਚੈਂਪੀਅਨ ਤੇ ਰੁਸਤਮੇ ਜ਼ਮਾਂ ਬਣਦਾ ਰਿਹਾ।

ਉਸ ਨੇ ਪੰਜ ਸੌ ਤੋਂ ਵੱਧ ਕੁਸ਼ਤੀਆਂ ਘੁਲੀਆਂ ਤੇ ਸੌ ਤੋਂ ਵੱਧ ਫਿਲਮਾਂ ਵਿਚ ਰੋਲ ਅਦਾ ਕੀਤਾ। ਕਦੇ ਸੈਮਸਨ, ਕਦੇ ਹਰਕੁਲੀਸ, ਕਦੇ ਜੱਗਾ ਡਾਕੂ, ਕਦੇ ਭੀਮ, ਕਦੇ ਧਿਆਨੂੰ ਭਗਤ, ਕਦੇ ਸੂਰਮਾ ਸਿੰਘ ਤੇ ਕਦੇ ਹਨੂੰਮਾਨ ਬਣਦਾ ਰਿਹਾ। ਦੋਹਾਂ ਦਾਰਿਆਂ ਦੇ ਰੁਸਤਮ ਹੋਣ ਕਰਕੇ ਦਾਰਾ ਨਾਂ ਤਾਕਤ ਦਾ ਠੱਪਾ ਬਣ ਗਿਆ। ਇਸ਼ਤਿਹਾਰ ਦੇਣ ਵਾਲੇ ਘਿਓ ਦੇ ਡੱਬੇ ਵੇਚਣ ਲਈ ਦਾਰੇ ਦਾ ਨਾਂ ਵਰਤਦੇ ਰਹੇ। ਜੇ ਕਿਸੇ ਦਾ ਜ਼ੋਰ ਪਰਖਣਾ ਹੋਵੇ ਤਾਂ ਅਕਸਰ ਕਿਹਾ ਜਾਂਦੈ, ਤੂੰ ਕਿਹੜਾ ਦਾਰਾ ਭਲਵਾਨ ਐਂ!

ਵੱਡੇ ਦਾਰੇ ਦੀ ਛੋਟੀ ਉਮਰ ਤੇ ਛੋਟੇ ਦਾਰੇ ਦੀ ਵੱਡੀ ਉਮਰ ਦਾ ਹੋ ਕੇ ਮਰਨ ਦਾ ਰਾਜ਼ ਸੀ ਕਿ ਦਾਰਾ ਦੁਲਚੀਪੁਰੀਆ ਨਸ਼ਿਆਂ 'ਚ ਗ਼ਲਤਾਨ ਹੋ ਗਿਆ ਸੀ ਪਰ ਦਾਰਾ ਧਰਮੂਚੱਕੀਆ ਨਸ਼ਿਆਂ ਤੋਂ ਬਚਿਆ ਰਿਹਾ ਸੀ। ਉਸ ਨੇ ਆਪਣੀ ਆਤਮ ਕਥਾ ਦਾ ਨਿਚੋੜ ਇੰਜ ਪੇਸ਼ ਕੀਤਾ, ਚੰਗੀ ਸਿਹਤ ਲਈ ਜਿਥੇ ਨਰੋਲ ਤੇ ਲੋੜੀਂਦੀ ਖ਼ੁਰਾਕ ਦੀ ਲੋੜ ਹੈ ਓਥੇ ਪਰਹੇਜ਼ ਤੇ ਚੰਗੇ ਕਿਰਦਾਰ ਦੀ ਵੀ ਬਹੁਤ ਜ਼ਰੂਰਤ ਹੈ। ਕਿਸੇ ਵੀ ਨਸ਼ੀਲੀ ਚੀਜ਼ ਦਾ ਇਸਤੇਮਾਲ ਨਾ ਕਰਨਾ ਸਿਹਤ ਵਾਸਤੇ ਚੰਗੀ ਗੱਲ ਹੈ। ਖ਼ਾਸ ਕਰ ਕੇ ਸ਼ਰਾਬ, ਅਫ਼ੀਮ, ਸਿਗਰਟ, ਭੰਗ ਤੇ ਨਸ਼ੇ ਦੀਆਂ ਗੋਲੀਆਂ ਸਿਹਤ ਵਾਸਤੇ ਅਤੀ ਹਾਨੀਕਾਰਕ ਹਨ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਾਕ 'ਤੇ ਅਮਲ ਕੀਤਾ ਜਾਵੇ ਤਾਂ ਇੰਜ ਕਹਿਣਾ ਚਾਹੀਦਾ ਹੈ, ਸਿਹਤ ਖ਼ੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ। ਜਿਹੜੀ ਮੌਜ ਦਾ ਹਲੂਣਾ ਇਨਸਾਨ ਨੂੰ ਨਸ਼ੇ ਦਾ ਇਸਤੇਮਾਲ ਕਰ ਕੇ ਘੰਟਾ ਦੋ ਘੰਟੇ ਆਉਂਦਾ ਹੈ ਓਹੀ ਮੌਜ ਹਲੂਣਾ ਸਿਹਤਮੰਦ ਇਨਸਾਨ ਨੂੰ ਚਾਰ੍ਹੀ ਘੰਟੇ ਆਉਂਦਾ ਰਹਿੰਦਾ ਹੈ।

ਚੰਗੀ ਸਿਹਤ ਰੱਖਣ ਲਈ ਇਕ ਗੱਲ ਹੋਰ ਵੀ ਜ਼ਰੂਰੀ ਹੈ ਤੇ ਉਹ ਹੈ ਬੇਫ਼ਿਕਰੀ। ਬੇਫ਼ਿਕਰ ਰਹਿਣਾ ਹੈ ਤਾਂ ਜਿੱਥੋਂ ਤਕ ਹੋ ਸਕੇ ਸੱਚ ਬੋਲੋ, ਕਿਸੇ ਦੀ ਨਿੰਦਾ ਨਾ ਕਰੋ, ਕੋਈ ਵੀ ਐਸਾ ਕੰਮ ਨਾ ਕਰੋ ਜਿਸ ਨਾਲ ਤੁਹਾਡੀ ਅੰਤਰ ਆਤਮਾ ਨੂੰ ਡਰ ਮਹਿਸੂਸ ਹੁੰਦਾ ਹੋਵੇ। ਨੇਕੀ ਕਰ ਕੂੰਏਂ ਮੇਂ ਡਾਲ ਵਾਲੀ ਕਹਾਵਤ 'ਤੇ ਅਮਲ ਕਰਨ ਵਾਲਾ ਇਨਸਾਨ ਕਦੇ ਦੁਖੀ ਨਹੀਂ ਹੋ ਸਕਦਾ। ਅਸੀਂ ਸਾਰੇ ਦੁਨੀਆ ਦਾ ਮੌਜ ਮੇਲਾ ਵੇਖਣ ਆਏ ਹਾਂ, ਸਾਡੇ ਬਜ਼ੁਰਗ ਇਸ ਦੁਨੀਆ ਨੂੰ ਸਾਡੇ ਵਾਸਤੇ ਸੁਹਾਵਣੀ ਬਣਾ ਕੇ ਗਏ ਹਨ। ਇਸ ਦਾ ਆਪਾਂ ਸਵਾਦ ਲਈਏ ਤੇ ਆਉਣ ਵਾਲਿਆਂ ਲਈ ਇਸ ਦੁਨੀਆ ਨੂੰ ਬਜ਼ੁਰਗਾਂ ਨਾਲੋਂ ਵੀ ਸੋਹਣੀ ਬਣਾ ਕੇ ਛੱਡ ਜਾਈਏ। ਇਹੀ ਜ਼ਿੰਦਗੀ ਹੈ ਤੇ ਏਹੀਓ ਇਸ ਦੀ ਕਹਾਣੀ ਹੈ।

# ਗੁਰਦੇ ਦਾ ਕੈਂਸਰ : ਕਾਰਨ, ਲੱਛਣ, ਇਲਾਜ ਅਤੇ ਪ੍ਰਹੇਜ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301




ਪਿਸ਼ਾਬ ਦੇ ਬਲੈਡਰ ਤੇ ਗੁਰਦੇ ਦੇ ਕੈਂਸਰ ਦੇ ਕਾਰਨ ਅਤੇ ਲੱਛਣ ਇੱਕੋ ਜਿਹੇ ਹੁੰਦੇ ਹਨ। ਦੋਨਾਂ ਦਾ ਆਪਸੀ ਸਬੰਧ ਨੇੜਲਾ ਹੋਣ ਕਰਕੇ ਦੋਨਾਂ ਦਾ ਵੇਰਵਾ ਕੀਤੀ ਇਕੱਠਾ ਹੀ ਦਿੱਤਾ ਜਾ ਸਕਦਾ ਹੈ। ਗਰਭ ਕਾਲ 'ਚ ਕੁੱਖ ਅੰਦਰ ਜਦ ਬੱਚਾ ਵਧਦਾ ਫੁੱਲਦਾ ਤੇ ਵਿਕਾਸ ਕਰਦਾ ਹੈ ਤਾਂ ਉਦੋਂ ਉਸ ਦੇ ਸਰੀਰ ਚ ਗੁਰਦੇ ਹੀ ਵੀ ਬਣਨ ਲੱਗਦੇ ਹਨ। ਪਰ ਕਈ ਵਾਰ ਗੁਰਦਿਆਂ ਨੂੰ ਬਣਾਉਣ ਵਾਲੇ ਤੰਤੂਆਂ ਦਾ ਵਿਕਾਸ ਏਨੀ ਤੇਜ਼ ਰਫਤਾਰ ਨਾਲ ਹੋਣ ਲੱਗਦਾ ਹੈ ਅਤੇ ਉਸੇ ਅਨੁਪਾਤ 'ਚ ਉਹ ਦਾ ਵਾਧਾ ਇੰਨਾ ਹੁੰਦਾ ਹੈ ਕਿ ਉਹ ਕੈਂਸਰ ਵਰਗੇ ਭਿਅੰਕਰ ਰੋਗ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਹਾਲਤ ਵਿੱਚ ਜੋ ਕੈਂਸਰ ਹੁੰਦਾ ਹੈ ਉਸ ਨੂੰ ਵੇਲਸ ਟਿਊਮਰ ਕਿਹਾ ਜਾਂਦਾ ਹੈ। ਗੁਰਦੇ ਅੰਦਰ ਛੋਟੀਆ ਜਾਂ ਵੱਡੀਆ ਨਲਿਕਾਵਾਂ ਦੇ ਰਾਹੀਂ ਇਹ ਪੈਦਾ ਹੋ ਸਕਦਾ ਹੈ। ਫਿਰ ਵੀ ਇਹ ਵੇਖਿਆ ਗਿਆ ਹੈ ਕਿ ਜ਼ਿਆਦਾਤਰ ਛੋਟੀਆਂ ਨਿਲਕਾਵਾਂ ਰਾਹੀਂ ਹੀ ਇਸ ਦੀ ਉਤਪਤੀ ਹੁੰਦੀ ਹੈ। ਰੀਨਲ ਪੈਲਵਿਸ ਚ ਜਦ ਪੱਥਰੀ ਪੈ ਜਾਂਦੀ ਹੈ ਤਾਂ ਉਸ ਅਵਸਥਾ 'ਚ ਇਹੀ ਉਸ ਦੀ ਉਤਪਤੀ ਦਾ ਕਾਰਨ ਬਣ ਜਾਂਦਾ ਹੈ। ਪੱਥਰੀ ਕਾਰਨ ਰੀਨਲ ਪੈਲੇਸ 'ਚ ਇਨਫੈਕਸ਼ਨ ਵੀ ਹੋਣ ਲੱਗਦੀ ਹੈ ਅਤੇ ਇਸ ਪਿੱਛੋਂ ਕੈਂਸਰ ਵਿੱਚ ਤਬਦੀਲ ਹੋ ਜਾਂਦਾ ਹੈ। ਔਰਤ ਮਰਦ ਦੋਵਾਂ ਦੇ ਹੀ ਸਰੀਰ 'ਚ ਉਸ ਦੀ ਉਤਪਤੀ ਹੋ ਸਕਦੀ ਹੈ। ਫੇਫੜੇ ਜਾਂ ਕਿਸੇ ਹੋਰ ਥਾਂ ਦੇ ਕੈਂਸਰ ਵਿੱਚ ਜਿੱਥੇ ਔਰਤ ਮਰਦ ਦੀ ਔਸਤ 'ਚ ਫਰਕ ਹੁੰਦਾ ਹੈ ਗੁਰਦੇ ਦੇ ਕੈਂਸਰ 'ਚ ਇਹ ਕੋਈ ਔਸਤ ਨਹੀਂ ਹੈ। ਹਾਂ ਪਿਸ਼ਾਬ ਦੇ ਬਲੇਡ 'ਚ ਕਿਸੇ ਪ੍ਰਕਾਰ ਦੀ ਔਸਤ ਹੋ ਸਕਦੀ ਹੈ। ਇਹ ਕੈਂਸਰ ਔਰਤਾਂ 'ਚ ਵੱਡੀ ਗਿਣਤੀ 'ਚ ਤੇ ਮਰਦਾਂ 'ਚ ਘੱਟ ਪਾਇਆ ਜਾਂਦਾ ਹੈ। ਗੁਰਦੇ ਦਾ ਕੈਂਸਰ ਨਜ਼ਦੀਕੀ 'ਚ ਬੜੀ ਸ਼ਰਲਤਾ ਨਾਲ ਫੈਲ ਜਾਂਦਾ ਹੈ, ਪਸਰ ਜਾਂਦਾ ਹੈ ਅਤੇ ਲਸੀਕਾ ਪ੍ਰਣਾਲੀ ਦੀਆਂ ਵਹਿਣੀਆਂ ਰਾਹੀਂ ਪੇਟ ਦੀਆਂ ਲਸੀਕਾ ਗ੍ਰੰਥੀਆਂ 'ਚ ਵੀ ਫੈਲ ਸਕਦਾ ਹੈ ਅਤੇ ਜਦ ਲਸੀਕਾ ਗ੍ਰੰਥੀਆਂ ਅਸਰ ਅੰਦਾਜ਼ ਹੋ ਜਾਂਦੀਆਂ ਹਨ ਤਾਂ ਉਹ ਪਿਸ਼ਾਬ ਦੇ ਰਸਤਿਆਂ 'ਤੇ ਦਬਾਅ ਪਾਉਣ ਲੱਗਦੀਆਂ ਹਨ। ਸਿੱਟੇ ਵਜੋਂ ਗੁਰਦਾ ਕੰਮ ਕਰਨਾ ਬੰਦ ਕਰ ਦਿੰਦਾ ਹੈ। ਸਿੱਟੇ ਵਜੋਂ ਪਿਸ਼ਾਬ ਨਹੀਂ ਉਤਰਦਾ ਤੇ ਸੋਜ ਇਨਫੈਕਸ਼ਨ ਹੋਰ ਵੱਧ ਜਾਂਦੀ ਹੈ। ਇਹ ਕੈਂਸਰ ਖੂਨ ਦੀ ਸਪਲਾਈ 'ਚ ਪਹੁੰਚ ਜਾਵੇ ਤਾਂ ਜਿਗਰ ਅਤੇ ਫੇਫੜੇ ਵੀ ਉਸ ਦੀ ਮਾਰ ਹੇਠ ਆ ਜਾਂਦੇ ਹਨ। ਗੁਰਦੇ ਦੇ ਕੈਂਸਰ 'ਚ ਸ਼ੁਰੂਆਤੀ ਲੱਛਣ ਤਾਂ ਇਹੀ ਹਨ ਕਿ ਪਿਸ਼ਾਬ ਕਰਦੇ ਸਮੇਂ ਦਰਦ ਨਾ ਵੀ ਹੋਵੇ ਪਰ ਫਿਰ ਵੀ ਉਸ ਵਿੱਚ ਖੂਨ ਆਵੇ। ਇਸ ਨਾਲ ਪਿਸ਼ਾਬ ਲਾਲ ਹੋ ਜਾਂਦਾ ਹੈ ਅਤੇ ਹੌਲੀ ਹੌਲੀ ਕੈਂਸਰ ਦੀ ਗੰਢ ਵਧਣ ਲੱਗਦੀ ਹੈ। ਉਸ ਮੁਤਾਬਕ ਉਸ ਦੇ ਲੱਛਣ ਵੀ ਪ੍ਰਗਟ ਹੋਣ ਲੱਗਦੇ ਹਨ। ਇਸ ਨਾਲ ਗੰਢ ਦੇ ਦਬਾਅ ਕਾਰਨ ਅੰਤੜੀਆਂ ਦੀਆਂ ਆਮ ਆਦਤਾਂ 'ਚ ਤਬਦੀਲੀ ਹੋਣ ਲੱਗਦੀ ਹੈ। ਪੇਟ ਅੰਦਰ ਕਿਸੇ ਗੰਢ ਜਾਂ ਕਿਸੇ ਭਾਰੀ ਚੀਜ਼ ਦਾ ਅਨੁਭਵ ਹੋਣ ਲੱਗਦਾ ਹੈ। ਪੇਟ 'ਚ ਵੱਖ ਵੱਖ ਤਰ੍ਹਾਂ ਨਾਲ ਅਤੇ ਵੱਖ ਵੱਖ ਮੌਕਿਆਂ 'ਤੇ ਦਰਦ ਉੱਠਣ ਲੱਗਦਾ ਹੈ ਅਤੇ ਉੱਥੋਂ ਕੈਂਸਰ ਜਦ ਕਿਸੇ ਹੋਰ ਪਾਸੇ ਪਸਰਨ ਲਗਦਾ ਹੈ ਤਾਂ ਉਸ ਮੁਤਾਬਿਕ ਲੱਛਣ ਪੈਦਾ ਹੋਣ ਲੱਗਦੇ ਹਨ। ਇਹ ਰੋਗ ਭਾਵ ਕੈਂਸਰ ਦੀ ਪਹਿਚਾਣ ਕਰਨ ਦੇ ਲਈ ਹੋਰਨਾਂ ਜਾਂਚਾਂ ਤੋਂ ਇਲਾਵਾ ਪਿਸ਼ਾਬ ਦੇ ਟੈਸਟ ਐਕਸਰੇ, ਅਲਟਰਾਸਾਊਂਡ ਕੀਤੇ ਜਾਂਦੇ ਹਨ। ਰੰਗੀਨ ਐਕਸਰੇ ਇੰਟਰਾਵੀਨਸ ਪਾਇਲੋ ਗ੍ਰਾਫੀ (ਆਈ. ਵੀ. ਪੀ.) ਵੀ ਕਰਨੀ ਹੁੰਦੀ ਹੈ। ਕਦੀ ਕਦੀ ਸਿਟੀ ਸਕੈਨ ਜਾਂ ਐੱਮ.ਆਰ.ਆਈ. ਵੀ ਕਰਨੀ ਪੈਂਦੀ ਹੈ। ਫਿਰ ਵੀ ਜੇ ਬੀਮਾਰੀ ਦੀ ਸ਼ਨਾਖਤ ਨਾ ਹੋਵੇ ਤਾਂ ਬਾਇਪਸੀ ਕੀਤੀ ਜਾਂਦੀ ਹੈ। ਭਾਵ ਗੁਰਦੇ ਦੇ ਅੰਦਰੋਂ ਪੀਸ ਲੈ ਕੇ ਟੈਸਟ ਕੀਤਾ ਜਾਂਦਾ ਹੈ।

**ਗੁਰਦੇ ਦੇ ਕੈਂਸਰ ਦਾ ਇਲਾਜ:-** ਹੋਰਾਂ ਕੈਂਸਰਾਂ ਵਾਂਗੂੰ ਸ਼ੁਰੂ ਦੇ ਪੜਾਅ 'ਤੇ ਇਸ ਕੈਂਸਰ ਦਾ ਇਲਾਜ ਆਪ੍ਰੇਸ਼ਨ ਜ਼ਰੀਏ ਆਸਾਨੀ ਨਾਲ ਹੋ ਜਾਂਦਾ ਹੈ। ਕੈਂਸਰ ਦੀ ਗੰਢ ਨੂੰ ਚੰਗੀ ਤਰ੍ਹਾਂ ਪੂਰੇ ਦਾ ਪੂਰਾ ਕੱਢ ਕੇ ਜੜ੍ਹੋਂ ਖਤਮ ਕਰ ਦਿੱਤਾ ਜਾਂਦਾ ਹੈ। ਪਰ ਜੇ ਰੋਗ ਫੈਲ ਕੇ ਲਸੀਕਾ ਗ੍ਰੰਥੀਆਂ ਤੱਕ ਪਹੁੰਚ ਗਿਆ ਹੋਵੇ ਤਾਂ ਵਿਕਿਰਨ ਭਾਵ ਰੇਡੀਓਥੈਰੇਪੀ ਰਾਹੀਂ ਵੀ ਇਲਾਜ ਸੰਭਵ ਹੁੰਦਾ ਹੈ। ਅਪਰੇਸ਼ਨ ਕਈ ਵਾਰ ਸੰਭਵ ਨਹੀਂ ਹੁੰਦਾ। ਇਹ ਕੈਂਸਰ ਲਸੀਕਾ ਜਾਂ ਖ਼ੂਨ ਰਾਹੀਂ ਫੇਫੜਿਆਂ 'ਚ ਪਹੁੰਚ ਜਾਵੇ ਤਾਂ ਕੀਮੋਥੈਰੇਪੀ ਨਾਲ ਇਲਾਜ ਕੀਤਾ ਜਾਂਦਾ ਹੈ। ਅਜਿਹੀ ਹਾਲਤ ਵਿੱਚ ਰੋਗ ਦੇ ਠੀਕ ਹੋਣ ਦੀ ਗਰੰਟੀ ਕੋਈ ਨਹੀਂ ਹੁੰਦੀ। ਪਿਸ਼ਾਬ ਦੇ ਬਲੈਡਰ ਦਾ ਕੈਂਸਰ ਅਕਸਰ ਬਲੈਡਰ ਦੇ ਅੰਦਰ ਹੀ ਰਹਿ ਕੇ ਵਧਦਾ ਫੁੱਲਦਾ ਤੇ ਪਸਰਦਾ ਹੈ। ਪਰ ਫਿਰ ਵੀ ਪਿਸ਼ਾਬ ਰਾਹੀਂ ਕੈਂਸਰ ਸੈੱਲ ਫੈਲ ਜਾਣ ਪਿੱਛੋਂ ਮੂਤਰ ਪ੍ਰਣਾਲੀ ਦੇ ਹੋਰਨਾਂ ਹਿੱਸਿਆਂ ਨੂੰ ਅਸਰਅੰਦਾਜ਼ ਕਰਦੇ ਹਨ ਇਹ ਕਲੈਂਡਰ ਦੀਆਂ ਦੀਵਾਰਾਂ ਵਿੱਚ ਵੀ ਫੈਲ ਜਾਂਦਾ ਹੈ ਬਾਹਰੀ ਦੀਵਾਰ ਤੇ ਆਉਣ ਨਾਲ ਕੈਂਸਰ ਪੇਟ ਦੀ ਦਿਲੀ ਤੱਕ ਪਹੁੰਚ ਜਾਂਦਾ ਹੈ। ਔਰਤਾਂ 'ਚ ਕਦੀ ਕਦੀ ਬੱਚੇਦਾਨੀ ਤੱਕ ਪਹੁੰਚ ਜਾਂਦਾ ਹੈ। ਲਸੀਕਾ ਵਹਿਣੀਆਂ ਰਾਹੀਂ ਵੀ ਲਸੀਕਾ ਗ੍ਰੰਥੀਆਂ ਤੱਕ ਪਹੁੰਚ ਜਾਂਦਾ ਹੈ। ਇਸ ਦਾ ਪਸਾਰਾ ਰਕਤ ਧਾਰਾ ਵਿੱਚ ਵੀ ਹੋ ਸਕਦਾ ਹੈ। ਜਿਸ ਨਾਲ ਫਿਰ ਇਹ ਸਰੀਰ ਦੇ ਹੋਰਨਾਂ ਅੰਗਾਂ ਨੂੰ ਨਜ਼ਰ ਅੰਦਾਜ ਕਰ ਸਕਦਾ ਹੈ। ਪਰ ਇਸ ਤਰ੍ਹਾਂ ਬਹੁਤ ਘੱਟ ਲੋਕਾਂ ਨੂੰ ਹੁੰਦਾ ਹੈ। ਬਾਕੀ ਕੈਂਸਰਾਂ ਵਾਂਗੂੰ ਇਸ ਦਾ ਵੀ ਸ਼ੁਰੂਆਤੀ ਇਲਾਜ ਆਪ੍ਰੇਸ਼ਨ ਹੈ। ਇਸ ਦੇ ਨਾਲ ਹੀ ਰੇਡੀਓ ਥੈਰਪੀ ਦਿੱਤੀ ਜਾ ਸਕਦੀ ਹੈ। ਸਰਜਰੀ ਦੇ ਨਾਲ ਪੂਰੀ ਤਰ੍ਹਾਂ ਪੂਰੀ ਦੀ ਪੂਰੀ ਗੰਢ ਕੱਢ ਦਿੱਤੀ ਜਾਂਦੀ ਹੈ। ਉਸ ਪਿੱਛੋਂ ਬਾਕੀ ਦੇ ਕੈਂਸਰ ਸੈੱਲ ਵਕਿਰਨ ਭਾਵ ਰੇਡੀਓ ਥੈਰਪੀ ਰਾਹੀਂ ਨਸ਼ਟ ਕਰ ਦਿੱਤੇ ਜਾਂਦੇ ਹਨ। ਪਿਸ਼ਾਬ ਦੇ ਬਲੈਡਰ ਦੀਆਂ ਦੀਵਾਰਾਂ ਜਦੋਂ ਪ੍ਰਭਾਵਿਤ ਹੋਣ ਤਾਂ ਫਿਰ ਰੇਡੀਓ ਐਕਟਿਵ ਗੋਲਡ ਦੇ ਬੀਜਾਂ ਨੂੰ ਇਸ ਰੋਗ ਨੂੰ ਖਤਮ ਕਰਨ ਦੇ ਇਰਾਦੇ ਨਾਲ ਬਲੈਡਰ ਦੀਆਂ ਦੀਵਾਰਾਂ ਤੇ ਜੜ੍ਹ ਦਿੱਤਾ ਜਾਂਦਾ ਹੈ ਫਿਰ ਕੀਮੋਥੈਰਪੀ ਕੀਤੀ ਜਾਂਦੀ ਹੈ।

**ਕੈਂਸਰ ਤੋਂ ਬਚਣ ਦੇ ਉਪਾਅ :** ਰੋਗ ਦੀ ਪਹਿਚਾਣ ਤੇ ਮੌਕੇ ਸਿਰ ਇਲਾਜ ਦੀ ਬਜਾਏ, ਚੰਗਾ ਹੈ ਜੇ ਰੋਗ ਪੈਦਾ ਹੀ ਨਾ ਹੋਣ ਦਿੱਤਾ ਜਾਵੇ। ਜੇ ਪੈਦਾ ਹੋ ਜਾਵੇ ਤਾਂ ਉਸ ਨੂੰ ਵਧਣ ਤੋਂ ਰੋਕਿਆ ਜਾਵੇ। ਸਾਵਧਾਨੀ ਰੱਖਣ 'ਚ ਹੀ ਬਚਾਅ ਹੈ। ਜੇ ਪਿਸ਼ਾਬ 'ਚ ਖ਼ੂਨ ਆਵੇ ਤਾਂ ਤੁਰੰਤ ਰੰਗੀਨ ਐਕਸਰੇ ਕਰਾਓ। ਰੰਗ ਦੇ ਕਾਰਖਾਨੇ ਤੇ ਕੋਲੇ ਦੀਆਂ ਖਾਨਾਂ 'ਚ ਕੰਮ ਕਰਦੇ ਮਜ਼ਦੂਰਾਂ ਤੇ ਹੋਰਨਾਂ ਬੰਦਿਆਂ ਨੂੰ ਚਾਹੀਦਾ ਹੈ ਕਿ ਉਹ ਮੂੰਹ ਤੇ ਕੱਪੜਾ ਬੰਨ੍ਹ ਕੇ ਰੱਖਣ ਜਾਂ ਫਿਰ ਕੋਈ ਮਾਸਕ (ਨਕਾਬ) ਲਾ ਲੈਣ। ਜਿਸ ਨਾਲ ਧੂੜ ਦੇ ਕਣ, ਜਿਨ੍ਹਾਂ 'ਚ ਜ਼ਹਿਰੀਲੇ ਕਣ ਰਲੇ ਹੁੰਦੇ ਹਨ, ਉਹ ਸਰੀਰ ਅੰਦਰ ਦਾਖਲ ਨਾਂ ਹੋਣ। ਨੱਕ ਰਾਹੀਂ ਵੀ ਕਿਸੇ ਕਿਸਮ ਦਾ ਜ਼ਹਿਰੀਲਾ ਧੂੰਆਂ ਸਰੀਰ 'ਚ ਦਾਖਲ ਨਾ ਹੋਣ ਦਿੱਤਾ ਜਾਵੇ। ਲੋਕ ਜੇ ਪਿਸ਼ਾਬ ਦੀ ਪੱਥਰੀ ਹੋਵੇ ਜਾਂ ਹੋਰ ਕੋਈ ਰੋਗ ਹੋਵੇ ਤਾਂ ਲਾਪਰਵਾਹੀ ਵਰਤਦੇ ਹਨ, ਜਦੋਂ ਤੱਕ ਕਿ ਦਰਦ ਅਸਹਿ ਨਾ ਹੋ ਜਾਵੇ। ਇਲਾਜ ਖੁਣੋਂ ਰੋਗ ਵਧ ਜਾਂਦਾ ਹੈ ਤੇ ਵਿਗੜ ਕੇ ਭਿਅੰਕਰ ਰੂਪ ਧਾਰਨ ਕਰ ਲੈਂਦਾ ਹੈ ਤੇ ਫਿਰ ਕੈਂਸਰ 'ਚ ਤਬਦੀਲ ਹੋ ਜਾਂਦਾ ਹੈ ਪਿਸ਼ਾਬ ਦਾ ਰੰਗ ਲਾਲ ਹੋਵੇ ਤਾਂ ਕੁਝ ਦਵਾਈ ਲੈ ਲਈ ਜਾਂਦੀ ਹੈ। ਜਿਸ ਨਾਲ ਔੜ ਪੌੜ ਹੋ ਸਕਦਾ ਹੈ ਪਰ ਰੋਗ ਦੀ ਜੜ੍ਹ ਨਹੀਂ ਖਤਮ ਹੁੰਦੀ। ਭਰਮ 'ਚ ਰਹਿ ਕੇ ਪਿੱਛੋਂ ਪਛਤਾਉਣਾ ਪੈਂਦਾ ਹੈ। ਜੇ ਪਹਿਲਾਂ ਹੀ ਸਾਵਧਾਨੀ ਵਰਤੀ ਜਾਵੇ ਤਾਂ ਪਿਸ਼ਾਬ ਪ੍ਰਣਾਲੀ ਦੇ ਕੈਂਸਰ ਤੋਂ ਬਚਿਆ ਜਾ ਸਕਦਾ ਹੈ।

# ਜਮਹੂਰੀ ਅਧਿਕਾਰ ਸਭਾ ਵੱਲੋਂ ਕੌਮੀ ਮੈਡੀਕਲ ਕਮਿਸ਼ਨ ਲਿਆਉਣ ਦੀ ਜ਼ੋਰਦਾਰ ਨਿਖੇਧੀ

**ਡਾ ਅਜੀਤਪਾਲ ਸਿੰਘ ਐਮ ਡੀ**

ਜਮਹੂਰੀ ਅਧਿਕਾਰ ਸਭਾ ਵੱਲੋਂ ਕੌਮੀ ਮੈਡੀਕਲ ਮਿਸ਼ਨ ਬਿੱਲ ਲੋਕ ਸਭਾ ਵਿੱਚ ਲਿਆਉਣ ਦੀ ਨਿਖੇਧੀ। ਜੇ ਇਹ ਬਿੱਲ ਪਾਸ ਹੁੰਦਾ ਹੈ ਤਾਂ ਮੈਡੀਕਲ ਕਮਿਸ਼ਨ ਸਿਆਸੀ ਲੋਕਾਂ ਤੇ ਸਰਕਾਰ ਦਾ ਹੱਥ ਠੋਕਾ ਬਣ ਜਾਵੇਗਾ। ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ ਸਰਕਾਰ ਵੱਲੋਂ ਮੈਡੀਕਲ ਕੌਂਸਲ ਆਫ ਇੰਡੀਆ ਤੋੜ ਕੇ ਉਸ ਦੀ ਥਾਂ ਕੌਮੀ ਮੈਡੀਕਲ ਕਮਿਸ਼ਨ ਬਣਾਉਣ ਖਾਤਰ ਲੋਕ ਸਭਾ ਵਿੱਚ ਲਿਆਦੇ ਬਿੱਲ ਦੀ ਸਖ਼ਤ ਨਿਖੇਧੀ ਕੀਤੀ ਹੈ। ਸਭਾ ਦੀ ਤਰਫ਼ੋਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਡਾ ਅਜੀਤ ਪਾਲ ਸਿੰਘ ਪ੍ਰੈਸ ਸਕੱਤਰ ਨੇ ਕਿਹਾ ਹੈ ਕਿ ਮੈਡੀਕਲ ਕੌਂਸਲ ਇੰਡੀਆ ਦੀ ਥਾਂ ਨੈਸ਼ਨਲ ਮੈਡੀਕਲ ਕਮਿਸ਼ਨ (ਐੱਨ ਐੱਮ ਸੀ) ਲਿਆਉਣ ਦਾ ਮਤਲਬ ਹੈ ਕਿ ਕਿੱਤਾਕਾਰੀ ਲੋਕਾਂ ਭਾਵ ਡਾਕਟਰਾਂ ਵੱਲੋਂ ਚੁਣੀ ਜਾਂਦੀ ਸੰਸਥਾ ਮੈਡੀਕਲ ਕੌਂਸਲ ਆਫ ਇੰਡੀਆ( ਐਮ ਸੀ ਆਈ) ਨੂੰ ਤੋੜ ਕੇ ਇੱਕ ਅਜਿਹੀ ਸੰਸਥਾ ਬਣਾਉਣਾ ਚਾਹੁੰਦੀ ਹੈ ਜੋ ਕਿ ਕਾਰਪੋਰੇਟ ਹਿੱਤਾਂ ਦੀ ਰਾਖੀ ਕਰੇ।ਸਭਾ ਦੇ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਦਾ ਕਹਿਣਾ ਹੈ ਕਿ ਮੈਡੀਕਲ ਕੌਂਸਲ ਇੰਡੀਆ ਕਰੀਬ ਸੌ ਸਾਲ ਪੁਰਾਣੀ ਇੱਕ ਅਜਿਹੀ ਖੁਦਮੁਖਤਿਆਰ ਸੰਸਥਾ ਹੈ ਜੋ ਲਗਾਤਾਰ ਡਾਕਟਰੀ ਕਿੱਤੇ ਨੂੰ ਕੰਟਰੋਲ ਕਰਦੀ ਆ ਰਹੀ ਹੈ। ਐੱਮਸੀਆਈ ਚ ਦੇਸ਼ ਭਰ ਤੋਂ ਡੇਢ ਸੌ ਦੇ ਕਰੀਬ ਡਾਕਟਰ ਚੁਣ ਕੇ ਆਉਂਦੇ ਹਨ। ਹਦ ਕਿ ਕੋਈ ਪਚੱਤਰ ਦੇ ਕਰੀਬ ਡਾਕਟਰਾਂ ਨੂੰ ਸਰਕਾਰ ਵੱਲੋਂ ਨਾਮਜ਼ਦ ਕੀਤਾ ਜਾਂਦਾ ਹੈ। ਇਸ ਸੰਸਥਾ ਦਾ ਮਕਸਦ ਜਿੱਥੇ ਡਾਕਟਰੀ ਸੇਵਾਵਾਂ ਸਬੰਧੀ ਨਿਗਰਾਨੀ ਰੱਖਣੀ ਹੁੰਦੀ ਹੈ। ਉੱਥੇ ਡਾਕਟਰਾਂ ਨੂੰ ਸਮੇਂ ਦੇ ਹਾਣੀ ਬਣਾਉਣ ਚ ਵੀ ਅਹਿਮ ਰੋਲ ਨਿਭਾਉਂਣਾ ਹੁੰਦਾ ਹੈ। ਸੰਸਥਾ ਦੀਆਂ ਕੋਸਿਸ਼ਾਂ ਕਾਰਨ ਹੀ ਲੋਕ ਵਿਦੇਸ਼ਾਂ ਤੋਂ ਇੱਥੇ ਇਲਾਜ ਕਰਵਾਉਣ ਆਉਣ ਲੱਗੇ ਹਨ। ਸਰਕਾਰ ਮੈਡੀਕਲ ਕਮਿਸ਼ਨ ਬਣਾ ਕੇ ਡਾਕਟਰਾਂ ਨੂੰ ਗ਼ੈਰ-ਪੇਸ਼ੇਵਰ ਲੋਕਾਂ ਦੇ ਅਧੀਨ ਕਰਨਾ ਚਾਹੁੰਦੀ ਹੈ।ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਤਜਵੀਜ਼ ਕੀਤੇ ਇਸ ਕੌਮੀ ਮੈਡੀਕਲ ਕਮਿਸ਼ਨ ਦੇ ਪੱਚੀ ਨਾਮਜ਼ਦ ਮੈਂਬਰਾਂ ਚੋਂ ਵੀਹ ਦੇ ਕਰੀਬ ਗੈਰ ਡਾਕਟਰੀ ਪੇਸ਼ੇ ਨਾਲ ਸਬੰਧਤ ਹੋਣਗੇ ਜਿੰਨਾਂ ਨੂੰ ਡਾਕਟਰੀ ਖੇਤਰ ਬਾਰੇ ਕੋਈ ਜਾਣਕਾਰੀ ਨਹੀਂ ਹੋਵੇਗੀ। ਕਿਸੇ ਵੀ ਕਿੱਤੇ ਦੇ ਮਾਹਿਰਾਂ ਦੀਆਂ ਵੋਟਾਂ ਨਾਲ ਚੁਣ ਕੇ ਬਣੀ ਕਿਸੇ ਵੀ ਸੰਸਥਾ ਨੂੰ ਭੰਗ ਕਰਨਾ ਜਮ੍ਹੂਰੀ ਅਧਿਕਾਰ ਸਭਾ ਗਲਤ ਸਮਝਦੀ ਹੈ।ਡਾ ਅਜੀਤਪਾਲ ਸਿੰਘ ਐਮ ਡੀ ਨੇ ਅੱਗੇ ਕਿਹਾ ਕਿ ਮਿਆਰੀ ਮੈਡੀਕਲ ਸਿੱਖਿਆ ਦਾ ਸਟੈਂਡਰਡ ਨਿਰਧਾਰਤ ਕਰਨ ਲਈ ਮੈਡੀਕਲ ਕੌਂਸਲ ਆਫ਼ ਇੰਡੀਆ ਦੀ ਹੋਂਦ ਬਰਕਰਾਰ ਰੱਖਣੀ ਜ਼ਰੂਰੀ ਹੈ। ਕਿਉਂਕਿ ਇਹ ਡਾਕਟਰਾਂ ਵੱਲੋਂ ਚੁਣੀ ਹੋਈ ਸੰਸਥਾ ਹੁੰਦੀ ਹੈ ਅਤੇ ਡਾਕਟਰ ਹੀ ਮੈਡੀਕਲ ਕਿੱਤੇ ਦੀਆਂ ਮੁਸ਼ਕਲਾਂ ਜਾਣ ਸਕਦੇ ਹਨ।ਮੈਡੀਕਲ ਕੌਂਸਲ ਆਫ਼ ਇੰਡੀਆ ਤੋੜ ਕੇ ਉਸ ਦੀ ਥਾਂ ਆਪਣੀ ਹੱਥ ਠੋਕਾ ਸੰਸਥਾ ਮੈਡੀਕਲ ਕਮਿਸ਼ਨ ਲਿਆ ਕੇ ਸਰਕਾਰ ਮੈਡੀਕਲ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਤੇ ਵਾਧੂ ਫੀਸਾਂ ਦਾ ਬੋਝ ਪਾ ਸਕਦੀ ਹੈ। ਇਸ ਤਰ੍ਹਾਂ ਪ੍ਰੀਖਿਆਵਾਂ ਸਬੰਧੀ ਅਤੇ ਵਿਦੇਸ਼ਾਂ ਤੋਂ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਸਬੰਧੀ ਅਤੇ ਕੁਝ ਦਵਾਈਆਂ ਨਾਲ ਸਬੰਧਤ ਲੋਕ ਹਿੱਤ ਦੇ ਮਾਮਲੇ ਹਨ ਜੋ ਮੈਡੀਕਲ ਕਮਿਸ਼ਨ ਹੱਲ ਨਹੀਂ ਕਰ ਸਕੇਗਾ ਕਿਉਂਕਿ ਇਸ ਵਿੱਚ ਜ਼ਿਆਦਾਤਰ ਮੈਂਬਰ ਦੀ ਗਿਣਤੀ ਡਾਕਟਰੀ ਕਿੱਤੇ ਤੋਂ ਬਾਹਰਲੇ ਲੋਕਾਂ ਦੀ ਹੋਵੇਗੀ। ਜਿਨ੍ਹਾਂ ਨੂੰ ਮੈਡੀਕਲ ਕਿੱਤੇ ਬਾਰੇ ਭੋਰਾ ਵੀ ਗਿਆਨ ਨਹੀਂ ਹੋਵੇਗਾ। ਜਮਹੂਰੀ ਅਧਿਕਾਰ ਸਭਾ ਦੇ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਜਿਵੇਂ ਵਕੀਲਾਂ ਦੀ ਚੁਣੀ ਹੋਈ ਸੰਸਥਾ ਬਾਰ ਕੌਂਸਲ ਆਫ਼ ਇੰਡੀਆ ਹੈ, ਇਸੇ ਤਰ੍ਹਾਂ ਈ ਡਾਕਟਰਾਂ ਦੀ ਚੁਣੀ ਹੋਈ ਸੰਸਥਾ ਮੈਡੀਕਲ ਕੌਂਸਲ ਆਫ਼ ਇੰਡੀਆ ਹੈ ਜੋ ਕਿ ਡਾਕਟਰੀ ਕਿੱਤੇ ਨੂੰ ਬਿਹਤਰ ਬਣਾਉਣ ਲਈ ਪ੍ਰਤੀਬੱਧ ਹੁੰਦੀ ਹੈ। ਬਿਨਾਂ ਕਿਸੇ ਤਰਕ ਅਤੇ ਦਲੀਲ ਦੇ ਮੈਡੀਕਲ ਕੌਂਸਲ ਆਫ ਇੰਡੀਆ ਨੂੰ ਤੋੜ ਕੇ ਉਸ ਦੀ ਥਾਂ ਨੈਸ਼ਨਲ ਮੈਡੀਕਲ ਕਮਿਸ਼ਨ ਬਣਾਉਣ ਦੀ ਸਰਕਾਰ ਦੀ ਮਨਸ਼ਾ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਸਰਕਾਰ ਇੱਕ ਹੋਰ ਕਾਰਪੋਰੇਟ ਪੱਖੀ ਅਦਾਰਾ ਬਣਾਉਣ ਜਾ ਰਹੀ ਹੈ ਜਿਸ ਵਿੱਚ ਡਾਕਟਰਾਂ ਦੀ ਥਾਂ ਨੌਕਰਸ਼ਾਹਾਂ ਦਾ ਬੋਲਬਾਲਾ ਹੋਵੇਗਾ ਅਤੇ ਸਰਕਾਰ ਆਪਣੀ ਮਨਮਰਜ਼ੀ ਦੇ ਕਾਇਦੇ ਕਾਨੂੰਨ ਕਰ ਸਕੇਗੀ। ਡਾਕਟਰੀ ਕਿੱਤੇ ਨੂੰ ਮਨੁੱਖੀ ਕਦਰਾਂ ਕੀਮਤਾਂ ਨਾਲ ਜੋੜਨ ਦੀ ਲੋੜ ਲੋਕ ਮਹਿਸੂਸ ਕਰਦੇ ਸਨ ਕਿਉਂਕਿ ਪਿਛਲੇ ਸਮੇਂ ਦੌਰਾਨ ਇਧਰ ਵੀ ਨਿਘਾਰ ਆਇਆ ਹੈ। ਪਰ ਸਰਕਾਰ ਨੇ ਤਾਂ ਇਸ ਵਿੱਚ ਹੋਰ ਵਧੀਆ ਸੁਧਾਰ ਕਰਨ ਦੀ ਥਾਂ ਇਸ ਨੂੰ ਤੋੜ ਕੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਤੀ ਲਈ ਰਾਹ ਪੱਧਰਾ ਕਰ ਦਿੱਤਾ ਹੈ।ਜਮਹੂਰੀ ਅਧਿਕਾਰ ਸਭਾ ਇਹ ਵੀ ਸਮਝਦੀ ਹੈ ਕਿ ਇੰਡੀਅਨ ਮੈਡੀਕਲ ਕੌਂਸਲ ਨੂੰ ਭੰਗ ਕਰ ਕੇ ਸਰਕਾਰ ਆਪਣੀ ਸੋਚੀ ਸਮਝੀ ਸਾਜ਼ਿਸ਼ ਅਧੀਨ ਸਿਆਸੀ ਤੇ ਨੌਕਰਸ਼ਾਹੀ ਦਖਲ ਅੰਦਾਜ਼ੀ ਮੈਡੀਕਲ ਕਿੱਤੇ ਵਿੱਚ ਵਧਾਉਣਾ ਚਾਹੁੰਦੀ ਹੈ।ਜਮਹੂਰੀ ਅਧਿਕਾਰ ਸਭਾ ਸਰਕਾਰ ਤੋਂ ਮੰਗ ਕਰਦੀ ਹੈ ਕਿ ਡਾਕਟਰਾਂ ਦੀ ਚੁਣੀ ਹੋਈ ਸੰਸਥਾ ਇੰਡੀਅਨ ਮੈਡੀਕਲ ਕੌਂਸਲ ਨੂੰ ਨਾ ਤੋੜਿਆ ਜਾਵੇ ਅਤੇ ਉਸ ਦੀ ਥਾਂ ਕੌਮੀ ਮੈਡੀਕਲ ਕਮਿਸ਼ਨ ਬਣਾਉਣ ਵਾਲੇ ਬਿੱਲ ਨੂੰ ਵਾਪਸ ਲਿਆ ਜਾਵੇ।

# .ਫ਼ਾਸ਼ੀਵਾਦ ਦੇ ਪਰਛਾਵੇਂ (ਸ.ਫ਼ਾ 32 ਦੀ ਬਾਕੀ)

ਮੋਟਰ-ਸਾਈਕਲ ਸਵਾਰ ਰਾਸ਼ਟਰਵਾਦੀਆਂ ਦੀਆਂ ਟੋਲੀਆਂ ਕਾਰਨ ਵਾਪਰੀ ਹਿੰਸਾ ਦਾ ਅੰਜਾਮ ਅਸੀ ਦੇਖ ਚੁਕੇ ਹਾਂ; ਹੁਣ ਜੀਂਦ ਵਿਚ ਵਿਸ਼ਾਲ ਮੋਟਰਸਾਈਕਲ ਰੈਲੀ ਦੀਆਂ ਵਿਉਂਤਬੰਦੀਆਂ ਲਈ ਮੁਖ ਮੰਤਰੀ ਨੇ ਅੱਡੀ ਚੋਟੀ ਦਾ ਜ਼ੋਰ ਲਾ ਦਿਤਾ। ਇਕ ਲੱਖ ਮੋਟਰਸਾਈਕਲ ਸਵਾਰਾਂ ਨੂੰ ਇਕੱਤਰ ਕਰਕੇ ਕੀਤਾ ਜਾਣ ਵਾਲਾ ਇਹ ਸ਼ਕਤੀ ਪ੍ਰਦਰਸ਼ਨ ਕਿਸ ਵਾਸਤੇ ਲੋੜੀਂਦਾ ਸੀ? ਕਿਉਂ ਕੀਤਾ ਗਿਆ? ਆਮ ਲੋਕਾਂ ਨੂੰ ਇਹ ਕਿਸਮ ਦਾ ਸੁਨੇਹਾ ਹੈ? ਉਹ ਵੀ ਹਰਿਆਣਾ ਵਰਗੇ ਰਾਜ ਵਿਚ ਜਿਥੇ ਅਜੇ ਕੁਝ ਹੀ ਚਿਰ ਪਹਿਲਾਂ ਵੱਡੇ ਪੱਧਰ ਉਤੇ ਹਿੰਸਾ ਹੋਈ ਸੀ।

ਓਧਰ ਲੰਘੇ ਹਫ਼ਤੇ ਲਖਨਊ ਤੋਂ ਵਿਸ਼ਵ ਹਿੰਦੂ ਪਰੀਸ਼ਦ ਦੀ ਛਤਰ-ਛਾਇਆ ਹੇਠ ਰਾਮ ਰਾਜ ਰਥ ਯਾਤਰਾ ਸ਼ੁਰੂ ਕੀਤੀ ਗਈ ਹੈ । ਅਯੋਧਿਆ ਵਿਚ ਰਾਮ ਮੰਦਰ ਦੀ ਉਸਾਰੀ ਦਾ ਮੁੱਦਾ ਇਸ ਵੇਲੇ ਸੁਪ੍ਰੀਮ ਕੋਰਟ ਦੇ ਵਿਚਾਰਅਧੀਨ ਹੋਣ ਕਾਰਨ ਭਾਜਪਾ ਸਿਧੇ ਤੌਰ ਉਤੇ ਇਸਨੂੰ ਚੁਕਣ ਤੋਂ ਅਸਮਰਥ ਹੈ, ਪਰ ਵਿ.ਹ.ਪ. ਦੀ ਢਾਲ ਹੇਠ ਉਸਨੇ ਮੁੜ ਫਿਰਕੂ ਭਾਵਨਾਵਾਂ ਉਭਾਰਨ ਅਤੇ ਹਿੰਦੁਤਵ ਦੇ ਨਾਂਅ ਉਤੇ ਵੋਟਾਂ ਬਟੋਰਨ ਦਾ ਉਪਰਾਲਾ ਅਸਿਧੇ ਤੌਰ ਉਤੇ ਵਿੱਢ ਲਿਆ ਹੈ।

ਜੇ ਅਜੇ ਵੀ ਕੋਈ ਕਸਰ ਬਾਕੀ ਸੀ ਤਾਂ 'ਮਹਾਂਸ਼ਿਵਰਾਤਰੀ' ਦੇ ਮੌਕੇ ਉਤੇ ਦੇਸ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਰਾਜਧਾਨੀ ਵਿਚ ਇੰਡੀਆ ਗੇਟ ਤੋਂ 'ਜਲ ਮਿੱਟੀ ਰਥ ਯਾਤਰਾ' ਨੂੰ ਹਰੀ ਝੰਡੀ ਦਿਖਾਈ ਹੈ। ਇਹ ਯਾਤਰਾ ਦੇਸ ਦੇ ਵੱਖੋ-ਵਖ ਹਿਸਿਆਂ ਤੋਂ ਮਿਟੀ ਅਤੇ ਜਲ ਇਕੱਠਾ ਕਰੇਗੀ ਤਾਂ ਜੋ ਰਾਜਧਾਨੀ ਵਿਚ 'ਮਹਾਂਯੱਗ' ਲਈ 108 ਹਵਨ ਕੁੰਡ ਬਣਾਏ ਜਾ ਸਕਣ। ਭਾਜਪਾ ਸਾਂਸਦ ਮਹੇਸ਼ ਗਿਰੀ ਦੀ ਅਗਵਾਈ ਹੇਠ 18 ਤੋਂ 25 ਮਾਰਚ ਤਕ ਲਾਲ ਕਿਲੇ ਵਿਖੇ ਅਠ ਦਿਨਾ 'ਰਾਸ਼ਟਰ ਰਕਸ਼ਾ ਮਹਾਯੱਗ' ਕਰਾਇਆ ਜਾ ਰਿਹਾ ਹੈ ਜਿਸ ਲਈ ਇਹ ਸਭ ਹਵਨ ਕੁੰਡ ਲੋੜੀਂਦੇ ਹਨ। ਇਸ 'ਮਹਾਂਯਗ' ਵਿਚ ਪਹਿਲੀ ਆਹੂਤੀ ਦੇਸ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇਵੇਗਾ ਅਤੇ 51,000 ਪੁਰੋਹਿਤ ਇਸ ਵਿਚ ਹਿਸਾ ਲੈਣਗੇ। ਪਰਚਾਰਿਆ ਜਾ ਰਿਹਾ ਹੈ ਕਿ ਇਹ ਮਹਾਂਯਗ ਦੇਸ ਦੀ ਰਖਿਆ ਲਈ ਅਤੇ ਸਮਾਜ ਵਿਚ ਨਵੀਂ ਊਰਜਾ ਦੇ ਸੰਚਾਰ ਲਈ ਹੈ। ਸ਼ਾਇਦ ਆਰ.ਐਸ.ਐਸ. ਦੇ ਨੀਮ ਫੌਜੀ ਦਸਤੇ ( ਅਤੇ ਸਾਡੀਆਂ ਫੌਜਾਂ) ਦੇਸ ਦੀ ਸੁਰਖਿਆ ਲਈ ਕਾਫ਼ੀ ਨਹੀਂ ਹਨ, ਇਸਲਈ ਇਹ ਮਹਾਂਯਗ ਕਰਾਉਣਾ ਜ਼ਰੂਰੀ ਹੋ ਗਿਆ ਜਾਪਦਾ ਹੈ।'ਸਭ ਕੇ ਵਿਕਾਸ' ਦਾ ਦਾਅਵਾ ਖੋਖਲਾ ਪੈ ਗਿਆ ਹੋਣ ਕਾਰਨ ਇਸ ਮਹਾਂਯਗ ਰਾਹੀਂ ਨਵੀਂ ਊਰਜਾ ਦਾ ਸੰਚਾਰ ਕਰਨਾ ਪੈ ਰਿਹਾ ਹੈ।

ਕੁਝ ਦਿਨ ਪਹਿਲਾਂ ਸ਼ਤਰੂਘਨ ਸਿਨਹਾ ਨੇ ਆਪਣੇ ਤਨਜ਼ ਭਰਪੂਰ ਅੰਦਾਜ਼ ਵਿਚ ਭਾਜਪਾ ਨੂੰ 'ਇਕ ਆਦਮੀ ਦਾ ਸ਼ੋਅ' ਅਤੇ 'ਦੋ ਬੰਦਿਆਂ ਦੀ ਫੌਜ' ਵਾਲੀ ਪਾਰਟੀ ਗਰਦਾਨਿਆ ਸੀ। ਉਸਦੇ ਕਥਨ ਨਾਲ ਅਸਹਿਮਤੀ ਨਹੀਂ, ਪਰ ਇਸਤੋਂ ਵੀ ਖਤਰਨਾਕ ਗੱਲ ਇਹ ਹੈ ਕਿ ਇਸ 'ਵਨ ਮੈਨ ਸ਼ੋਅ' ਨੂੰ ਕਾਇਮ ਰੱਖਣ ਲਈ ਸਾਡੇ ਦੇਸ ਵਿਚ ਹੁਣ ਨਵੀਂ ਕਿਸਮ ਦਾ ਫ਼ਾਸ਼ੀਵਾਦ ਸਿਰਜਿਆ ਜਾ ਰਿਹਾ ਹੈ। ਹਿੰਦੁਤਵ ਅਧਾਰਤ ਰਾਸ਼ਟਰਵਾਦ ਅਤੇ ਸਮਾਜ ਦੇ ਫੌਜੀਕਰਣ ਦਾ ਸਹਾਰਾ ਲਿਆ ਜਾ ਰਿਹਾ ਹੈ। ਇਨ੍ਹਾਂ ਦੋ ਗੱਲਾਂ ਦਾ ਇਹੋ ਜਿਹਾ ਰਲੇਵਾਂ ਅੰਧਵਿਸ਼ਵਾਸਾਂ ਭਰਪੂਰ ਧਾਰਮਕਤਾ ਅਤੇ ਵਿਚਾਰਧਾਰਕ ਵਿਰੋਧੀਆਂ ਵਲ ਹਿੰਸਾਤਮਕ ਰੁਖ ਰਖਣ ਵਾਲੇ ਇਸ ਮਾਹੌਲ ਵਿਚ ਵਿਸਫੋਟਕ ਹੀ ਸਾਬਤ ਹੋਵੇਗਾ।







# ਤਸਵੀਰਾਂ ਬੋਲਦੀਆਂ

## (ਕਿਸ਼ਤ-ਤੀਜੀ)

ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਸ਼ੁਰੂ ਕੀਤੇ ਇਸ ਕਾਲਮ ਨੇ ਪਾਠਕਾਂ ਦੇ ਅੰਦਰਲੇ ਕਵੀ ਨੂੰ ਹਲੂਣਿਆ ਹੈ। ਇਸ ਕਾਲਮ ਵਿੱਚ ਪਿਛਲੇ ਅੰਕ ਦੀ ਤਸਵੀਰ ਅਤੇ ਪਾਠਕਾਂ ਦੁਆਰਾ ਭੇਜੇ ਕੈਪਸ਼ਨ ਛਾਪ ਰਹੇ ਹਾਂ। ਮਾਰਚ ਅੰਕ ਲਈ ਕੌਮਾਂਤਰੀ ਮਹਿਲਾ ਦਿਵਸ ਨੂੰ ਸਮਰਪਿਤ ਤਸਵੀਰ ਛਾਪ ਰਹੇ ਹਾਂ। ਇਸ ਤਸਵੀਰ ਲਈ ਸਤਰਾਂ 20 ਮਾਰਚ ਤੱਕ ppapmg@gmail.com ਜਾਂ sukhviryyc@gmail.com 'ਤੇ ਭੇਜੀਆਂ ਜਾ ਸਕਦੀਆਂ ਹਨ। ਪਾਠਕਾਂ ਦੀ ਸਹੂਲਤ ਲਈ ਇਸ ਤਸਵੀਰ ਲਈ ਕੁਝ ਸਤਰਾਂ ਲਿਖ ਰਹੇ ਹਾਂ।



**ਹੱਕ ਬਰਾਬਰੀ ਦਾ ਲੈਣ ਲਈ, ਜਦੋਂ ਬਣ ਜਾਏ ਗੰਭੀਰ ਮਸਲਾ।**
**ਕੱਲਿਆਂ ਲੜ ਕੇ ਗੱਲ ਬਣੇ ਨਾ, ਆਓ ਮਿਲ ਕੇ ਮਾਰੀਏ ਹੰਭਲ਼ਾ।**

---

**ਕੈਪਸ਼ਨ ਮੁਕਾਬਲਾ-2**



**ਪਿਛਲੇ ਅੰਕ ਦੇ ਹੁੰਗਾਰੇ:**

1. ਰਿਸ਼ਵਤਖੋਰੀ, ਗੁੰਡਾਗਰਦੀ ਤੇ ਬੇਈਮਾਨੀ,
ਜੇ ਵਿਸ਼ੇਸ਼ਣ ਨੇ ਸਰਕਾਰਾਂ ਦੇ।
ਫਿਰ ਅਸੀਂ ਵੀ ਵਾਰਿਸ ਭਗਤ ਸਿੰਘ ਦੇ,
ਜਾਣਦੇ ਕੰਨ ਖੋਲ੍ਹਣੇ ਬਦਕਾਰਾਂ ਦੇ।
ਸਦਾ ਹੱਕ ਲਈ ਕੁਰਬਾਨ ਹੋਣਾ,
ਸਾਨੂੰ ਵਿਰਸੇ ਦੇ ਵਿੱਚ ਮਿਲਿਆ ਏ।
ਜੀਹਨੇ ਨਾਲ਼ ਮੁਲਾਜ਼ਮਾਂ ਮੱਥਾ ਡਾਹਿਆ,
ਉਹ ਸਦਾ ਮਿੱਟੀ ਵਿੱਚ ਰਲ਼ਿਆ ਏ।
– ਮਾਸਟਰ ਰਵਿੰਦਰ ਸਿੰਘ (ਚੰਡੀਗੜ੍ਹ)
ਸ.ਮਿ.ਸ.ਸੀਹੋਂ ਮਾਜਰਾ (ਰੋਪੜ)

2. ਜੋੜ ਪਾਈ-ਪਾਈ ਕੀਤੀ
ਹੱਡ ਭੰਨਵੀਂ ਕਮਾਈ।
ਬੈਕਾਂ ਤੇ ਵੀ ਭਰੋਸਾ ਹੁਣ
ਰਿਹਾ ਨਾ ਭੋਰਾ ਭਾਈ।
ਡਾਕੂਆਂ ਰੰਗ ਰੂਪ ਬਦਲੇ,
ਨਾਲੇ ਬਦਲੇ ਨੇ ਚੋਲ਼ੇ।
ਚੌਕੀਂਦਾਰ ਸਣੇ ਮੀਡੀਆ
ਹੋਏ ਨੇ ਸਭ ਬੋਲ਼ੇ।
ਜਦੋਂ ਲੰਘ ਜਾਵੇ ਪਾਣੀ
ਸਿਰੋਂ ਉਤਾਂਹ ਕਰਕੇ।
ਤੇਰੇ ਪੁਤਲੇ ਜਲਾਉਂਣੇ
ਪੈਂਦੇ ਬਸ ਤਾਂ ਕਰਕੇ।
–ਮਾਸਟਰ ਸੁਰਿੰਦਰ ਸਿੰਘ ਡਾਬਾ (ਲੁਧਿਆਣਾ)
ਸ.ਮਿ.ਸ.ਖੇੜਾ(ਲੁਧਿਆਣਾ)

3. ਮਜ਼ਦੂਰਾਂ ਅਤੇ ਕਿਸਾਨਾਂ ਦੇ,
ਅਸੀਂ ਹੱਕ ਵਿੱਚ ਸਦਾ ਖੜ ਜਾਵਾਂਗੇ।
ਜਿਹੜੀ ਅੰਦਰ ਧੁਖਦੀ ਅੱਗ ਹੈ,
ਉਹਦੇ ਨਾਲ਼ ਹੀ ਲਾਂਬੂ ਲਾਵਾਂਗੇ।
ਫਿਰ ਉਸ ਹੀ ਬਲ਼ਦੇ ਭਾਂਬੜ ਨਾਲ਼,
ਹਾਕਮਾਂ ਦੀ ਚਿਤਾ ਜਲਾਵਾਂਗੇ।
–ਰੁਪਿੰਦਰਪਾਲ ਪੰਧੇਰ (ਕੈਲਗਰੀ)

4. ਜਦੋਂ ਅੰਨਪੜ੍ਹ ਨੇਤਾ ਦੇਸ਼ ਚਲਾਉਂਦੇ।
ਪੜ੍ਹੇ ਲਿਖੇ ਅਫਸਰ ਇਹਨਾਂ ਦੇ ਪੈਰੀਂ ਹੱਥ ਲਾਉਂਦੇ।
ਜਦੋਂ ਲੋੜ ਪਵੇ ਸਰਕਾਰ ਜਗਾਉਣ ਦੀ,
ਤਾਂ ਲੋਕ ਸਰਕਾਰ ਦੇ ਪੁਤਲੇ ਜਲਾਉਂਦੇ
–ਨਰਿੰਦਰਪਾਲ ਸਿੰਘ ਔਜਲਾ(ਕੈਲਗਰੀ)

5. ਲੋੜ ਹੈ ਇਨਸਾਨੀਅਤ ਨੂੰ ਜਗਾਉਣ ਦੀ।
ਆਪਣੇ ਹੱਕ ਲਈ ਆਵਾਜ਼ ਉਠਾਉਣ ਦੀ।
ਰੌਸ਼ਨ ਭਵਿੱਖ ਨੂੰ ਰੁਸ਼ਨਾਉਣ ਦੀ।
ਸੁੱਤੀ ਸਰਕਾਰ ਨੂੰ ਜਗਾਉਣ ਦੀ।
ਅੱਜ ਲੋੜ ਹੈ ਪੁਤਲੇ ਜਲਾਉਣ ਦੀ।
–ਕਮਲਜੀਤ ਗਿੱਲ(ਡੇਹਲੋਂ-ਲੁਧਿਆਣਾ)

6. ਸਰਕਾਰੇ ਤੇਰੇ ਲਾਰਿਆਂ ਨੇ
ਤੰਗ ਸਾਨੂੰ ਬੜਾ ਕੀਤਾ।
ਇਸੇ ਲਈ ਤੇਰਾ ਪੁਤਲਾ
ਚੋਰਾਹੇ ਅੱਜ ਖੜਾ ਕੀਤਾ।
–ਗੁਰਪ੍ਰੀਤ ਸੇਖੋਂ (ਸਰੀ-ਵੈਨਕੂਵਰ)







HomeLife SilverCity
Realty Inc., Brokerage
EACH OFFICE INDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com
"All agents are Salespersons/Brokers Unless otherwise stated. Not intended to solicit salespersons/brokers under contract. Some conditions apply"

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ
ਵਲੋਂ

# ਕੌਮਾਂਤਰੀ ਔਰਤ ਦਿਵਸ

ਮਨਾਇਆ ਜਾ ਰਿਹਾ ਹੈ।




ਤਾਰੀਖ਼: 8 ਮਾਰਚ, 2018 ਸਮਾਂ: ਸ਼ਾਮੀਂ 5 ਵਜੇ ਤੋਂ 7 ਵਜੇ ਤੱਕ

**ਸਥਾਨ: ਜੈਨਸਿਸ ਸੈਂਟਰ ਦਾ ਕੌਮਨ ਪਲੇਸ (ਗੋਲ਼ ਸਰਕਲ)**

-ਪੇਸ਼ਕਾਰੀਆਂ-

ਨਾਟਕ : ਸੁੱਕੀ ਕੁੱਖ (ਲੇਖਕ ਅਜਮੇਰ ਔਲਖ)

ਕੋਰੀਓਗਰਾਫੀ : ਬਾਬਲ ਤੇਰੇ ਦਾ ਦਿਲ ਕਰੇ ਧੀਏ ਮੇਰੀਏ (ਗੁਰਦਾਸ ਮਾਨ)

ਭੰਗੜਾ : ਸਾਨੂੰ ਮਹਿੰਗਾ ਪਿਆ ਕੈਨੇਡਾ (ਨਛੱਤਰ ਗਿੱਲ)

ਵਿਸ਼ੇਸ਼ : ਸੰਘਰਸ਼ਮਈ ਔਰਤਾਂ ਦਾ ਸਨਮਾਨ


ਹੋਰ ਜਾਣਕਾਰੀ ਲਈ ਸੰਪਰਕ

**ਮਾਸਟਰ ਭਜਨ 403-455-4220**

ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ

# ਬੇਇੱਜ਼ਤ

ਦੇ ਰਿਲੀਜ਼ ਸਮਾਗਮ ਅਤੇ ਲੇਖਕਾ ਸਰਬਜੀਤ ਕੌਰ ਅਠਵਾਲ ਨਾਲ ਰੂਬਰੂ



ਇਹਨਾਂ ਸਮਾਗਮਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਸਨਿੱਚਰਵਾਰ, 17 ਮਾਰਚ 2018, ਦੁਪਹਿਰ ਦੇ 1 ਵਜੇ

**ਧਾਲੀਵਾਲ ਬੈਂਕੁਏਟ ਹਾਲ, 230-8166-128 ਸਟਰੀਟ ਸਰੀ**

ਜਾਣਕਾਰੀ ਲਈ ਫੋਨ ਸੁਖਵੰਤ ਹੁੰਦਲ- 604-644-2470

ਸਨਿੱਚਰਵਾਰ, 24 ਮਾਰਚ 2018, ਦੁਪਹਿਰ ਦੇ 2 ਵਜੇ

**ਐਂਬਰ ਟ੍ਰੇਲ ਕਮਿਊਨਿਟੀ ਸਕੂਲ, 1575 ਟੈਂਪਲਟੈਨ, ਐਵੇਨਿਊ, ਵਿਨੀਪੈੱਗ**

ਜਾਣਕਾਰੀ ਲਈ ਫੋਨ ਹਰਨੇਕ ਧਾਲੀਵਾਲ-204-488-6960

ਅਤੇ ਮੰਗਤ ਸਿੰਘ ਸਹੋਤਾ-204-9140355

ਐਤਵਾਰ, 25 ਮਾਰਚ 2018, ਦੁਪਹਿਰ ਦੇ 2 ਵਜੇ

**ਐਕਸ ਸਰਵਿਸਮੈਨ ਸੁਸਾਇਟੀ, ਨਾਰਥ ਈਸਟ ਕੈਲਗਰੀ,<br>ਰੈੱਡ ਐੱਫ ਐੱਮ ਦੇ ਦਫਤਰ ਦੇ ਸਾਹਮਣੇ**

ਜਾਣਕਾਰੀ ਲਈ ਫੋਨ ਹਰਚਰਨ ਪਰਹਾਰ-403-681-8689

ਅਤੇ ਮਾ. ਭਜਨ - 403-455-4220

ਇਹ ਪ੍ਰੋਗਰਾਮ ਵਤਨ ਆਨਲਾਈਨ ਮੈਗਜ਼ੀਨ, ਮਮਤਾ ਫਾਊਂਡੇਸ਼ਨ, ਸਿੱਖ ਵਿਰਸਾ (ਇੰਟਰਨੈਸ਼ਨਲ), ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਪੰਜਾਬੀ ਸਾਹਿਤ ਸਭਾ ਵਿਨੀਪੈੱਗ ਦੇ ਸਹਿਯੋਗ ਨਾਲ ਹੋ ਰਹੇ ਹਨ।


Electrical Contractor Registration Agency of the Electrical Safety Authority

RP ELECTRIC
2090114 Ontario Inc.
Fully Licensed & Insured Electrical Contractor
ECRA/ESA Licence #7012619
Call Duggal 416-806-4104 (24 Hrs)
umakant_duggal@hotmail.com


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

SHAAN CONSTRUCTION LTD.



- General Contracting
- Quality Custom Homes
- Quality Framing
- 2-5-10 Year Warranty



25+ years of experience
Call for a Free Estimate
MALKIT SWAICH
778.889.9526

FIVE STAR INSURANCE
Save up to 51%
• Auto • Home • Business
Get the best rates with us!
FIVE STAR
We work with 15 major insurance companies & can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555